ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free




23 ਮਈ 1914 : 376 ਭਾਰਤੀ ਮੁਸਾਫਰਾਂ ਸਮੇਤ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਉੱਤੇ ਪਹੁੰਚਿਆ।


ਸਾਲ : 9 ਅੰਕ : 5 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਮਈ (May) 2018




ਸੜਕ 'ਤੇ ਉਤਾਰਿਆ ਜਹਾਜ਼ ਪੰਨਾ-3



ਜਨਾਬ ਕਦੇ ਕਦੇ ਇਨਸਾਫ਼ ਵੀ ਕਰਨਾ ਪੈਂਦੈ ਪੰਨਾ-7



ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ ਨਿਰੂਪਮਾ ਦੱਤ ਪੰਨਾ-27



ਵਿਰੋਧੀ ਧਿਰ ਕੋਲ ਰਾਹੁਲ ਗਾਂਧੀ ਦਾ ਬਦਲ ਕੀ ਹੈ? ਪੰਨਾ-46

## ਟਰੂਡੋ ਐਡਮਿੰਟਨ ਗੁਰੂ ਘਰ ਵਿਚ ਹੋਏ ਨਤਮਸਤਕ

### ਟਰਾਂਸ ਪਾਈਪਲਾਈਨ ਬਾਰੇ ਧਾਰੀ ਚੁੱਪ

ਐਡਮਿੰਟਨ (ਨਦਬ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਉਨਾਂ ਦਾ ਇਹ ਦੌਰਾ ਠੀਕ ਉਸ ਤੋਂ ਪਹਿਲਾਂ ਹੋਇਆ ਜਦੋਂ ਟਰਾਂਸ ਮਾਉਂਨਟੇਨ ਪਾਈਪਲਾਈਨ ਦਾ ਮੁੱਦਾ ਭਖਿਆ ਹੋਇਆ ਹੈ। ਕਿੰਡਰ ਮੋਰਗਨ ਦੇ ਸ਼ੇਅਰਾਂ ਨੂੰ ਲੈ ਕੇ ਫੈਸਲਾ ਜਲਦੀ ਹੀ ਹੋਣ ਵਾਲਾ ਹੈ। ਐਲਬਰਟਾ ਦੇ ਵਿਰੋਧੀ ਧਿਰ ਦੇ ਆਗੂ ਜੈਸਨ ਕੈਨੀ ਨੇ ਟਰੂਡੋ ਦੇ ਦੌਰੇ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਟਰਾਂਸ ਮਾਉਂਨਟੇਨ ਪਾਈਪਲਾਈਨ ਦੇ ਰੱਦ ਹੋਣ ਵਿਚ ਮਹਿਜ਼ 17 ਦਿਨ ਬਾਕੀ ਰਹਿ ਗਏ ਹਨ। ਸੂਬੇ ਦੇ ਪ੍ਰੀਮੀਅਰ ਨੂੰ ਟਰੂਡੋ ਨਾਲ ਮੁਲਾਕਾਤ ਕਰਨ ਦਾ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ਅਤੇ ਉਨਾਂ ਤੋਂ ਟਰਾਂਸ ਮਾਉਂਨਟੇਨ ਬਾਰੇ ਕੋਈ ਫੈਸਲਾ ਲੈਣ ਦੀ ਮੰਗ ਕਰਨੀ ਚਾਹੀਦੀ ਹੈ।



ਗੁਰਦੁਆਰਾ ਸਾਹਿਬ ਵਿਚ ਟਰੂਡੋ ਸਿੱਖ ਭਾਈਚਾਰੇ ਨੂੰ ਖੁਲਦਿਲੀ ਨਾਲ ਮਿਲੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਨਾਂ ਨੂੰ ਸਨਮਾਨਤ ਕੀਤਾ ਗਿਆ। ਇਥੇ ਸੈਂਕੜੇ ਲੋਕਾਂ ਨੇ ਉਨਾਂ ਨਾਲ ਯਾਦਗਾਰੀ ਤਸਵੀਰਾਂ ਖਿਚਵਾਈਆਂ। ਟਰੂਡੋ ਨੇ ਐਡਮਿੰਟਨ ਦੇ ਫੂਡ ਬੈਂਕ ਲਈ ਮਾਲੀ ਮੱਦਦ ਦਿੱਤੀ ਅਤੇ ਲੰਗਰ ਦੀ ਸੇਵਾ ਵੀ ਨਿਭਾਈ। ਰਾਮਗੜ੍ਹੀਆ ਗੁਰਸਿੱਖ ਸੁਸਾਇਟੀ ਆਫ਼ ਐਡਮਿੰਟਨ ਦੇ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਮਠਾੜੂ ਨੇ ਕਿਹਾ ਕਿ ਟਰੂਡੋ ਦਾ ਗੁਰੂ ਘਰ ਦੇ ਦਰਸ਼ਨਾਂ ਲਈ ਆਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਟਰੂਡੋ ਦੇ ਨਾਲ ਐਡਮਿੰਟਨ ਮਿਲ ਵੁੱਡਜ਼ ਦੇ ਲਿਬਰਲ ਐਮ.ਪੀ. ਅਮਰਜੀਤ ਸੋਹੀ ਵੀ ਹਾਜ਼ਰ ਸਨ।

## ਬਨਾਰਸ 'ਚ ਉਸਾਰੀ ਅਧੀਨ ਪੁਲ ਡਿੱਗਿਆ, 18 ਮੌਤਾਂ

ਬਨਾਰਸ (ਨਦਬ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੋਕ ਸਭਾ ਹਲਕੇ ਬਨਾਰਸ ਵਿਚ ਮੰਗਲਵਾਰ ਸ਼ਾਮ ਵੱਡਾ ਹਾਦਸਾ ਹੋਇਆ। ਕੈਂਟ ਰੇਲਵੇ ਸਟੇਸ਼ਨ ਕੋਲ ਉਸਾਰੀ ਅਧੀਨ ਇਕ ਪੁਲ ਦੀਆਂ ਦੋ ਬੀਮਾਂ ਅਚਾਨਕ ਸੜਕ 'ਤੇ ਆ ਡਿੱਗੀਆਂ। ਇਨ੍ਹਾਂ ਹੇਠਾਂ ਇਕ ਬੱਸ ਸਣੇ ਕੋਈ ਇਕ ਦਰਜਨ ਵਾਹਨ ਦੱਬੇ ਗਏ। ਹੁਣ ਤਕ ਮਿਲੀਆਂ ਖ਼ਬਰਾਂ ਮੁਤਾਬਕ 18 ਲੋਕਾਂ ਦੀ ਮੌਤ ਹੋ ਗਈ ਹੈ ਅਤੇ 30 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਹਨ। ਬੀਮਾਂ ਹੇਠਾਂ ਦੱਬੇ ਵਾਹਨਾਂ ਨੂੰ ਗੈਸ ਕਟਰ ਨਾਲ ਕੱਟ ਕੇ ਫ਼ੌਜ ਦੇ ਜਵਾਨ ਮ੍ਰਿਤਕ ਦੇਹਾਂ ਅਤੇ ਜ਼ਖ਼ਮੀਆਂ ਨੂੰ ਬਾਹਰ ਕੱਢ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੀੜਤ ਪਰਵਾਰ ਨੂੰ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ ਹੈ।

## ਕਰਨਾਟਕ 'ਚ ਲਟਕਵੀਂ ਵਿਧਾਨ ਸਭਾ, ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦੀ ਸੰਭਾਵਨਾ

ਬੈਂਗਲੂਰ (ਨਦਬ) : ਕਰਨਾਟਕ ਵਿਧਾਨ ਸਭਾ ਚੋਣ 'ਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲ ਸਕਿਆ ਭਾਵੇਂ ਭਾਜਪਾ 104 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਪਰ ਉਹ ਬਹੁਮਤ ਲਈ ਜ਼ਰੂਰੀ 112 ਸੀਟਾਂ ਦੇ ਅੰਕੜੇ ਨੂੰ ਪਾਰ ਨਹੀਂ ਕਰ ਸਕੀ। ਕਾਂਗਰਸ ਪਾਰਟੀ ਨੂੰ 78 ਸੀਟਾਂ 'ਤੇ ਹੀ ਸਬਰ ਕਰਨਾ ਪਿਆ ਹੈ ਜਦਕਿ ਜਨਤਾ ਦਲ ਸੈਕੂਲਰ 38 ਸੀਟਾਂ ਨਾਲ ਤੀਜੇ ਨੰਬਰ 'ਤੇ ਰਹੀ ਹੈ। ਨਤੀਜੇ ਆਉਣ ਤੋਂ ਬਾਅਦ ਮੁੱਖ ਮੰਤਰੀ ਸਿਧਾਰਮੱਈਆ ਨੇ ਅਸਤੀਫ਼ਾ ਦੇ ਦਿੱਤਾ ਹੈ। ਕਿਸੇ ਵੀ ਪਾਰਟੀ ਕੋਲ ਬਹੁਮਤ ਦਾ ਅੰਕੜਾ ਨਾ ਹੋਣ ਕਰ ਕੇ ਗੇਂਦ ਹੁਣ ਰਾਜਪਾਲ ਵਜੂਭਾਈ ਬਾਲਾ ਦੇ ਕੋਲ ਹੈ। ਭਾਜਪਾ ਦੇ ਮੁੱਖ ਮੰਤਰੀ ਦੇ ਉਮੀਦਵਾਰ ਬੀ.ਐਸ. ਯੇਦੀਯੁਰੱਪਾ ਨੇ ਰਾਜਪਾਲ ਨਾਲ ਮੁਲਾਕਾਤ ਕਰ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ ਹੈ। ਉਨ੍ਹਾਂ ਤੋਂ ਤੁਰੰਤ ਬਾਅਦ ਕਾਂਗਰਸ ਪਾਰਟੀ ਅਤੇ ਜਨਤਾ ਦਲ ਸੈਕੂਲਰ ਵਲੋਂ ਕੁਮਾਰ ਸਵਾਮੀ ਨੇ ਆਪਣਾ ਦਾਅਵਾ ਪੇਸ਼ ਕੀਤਾ। ਕਾਂਗਰਸ ਪਾਰਟੀ ਨੇ ਜਨਤਾ ਦਲ ਸੈਕੂਲਰ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਹੈ।

☛ ਬਾਕੀ ਸਫ਼ਾ 41 'ਤੇ


ਕਿਸੇ ਪ੍ਰਕਾਰ ਦਾ ਨਵਾਂ ਜਾਂ ਪੁਰਾਣਾ ਘਰ ਖ਼ਰੀਦਣ ਜਾਂ ਵੇਚਣ ਲਈ ਭਰੋਸੇਯੋਗ ਅਤੇ ਇਮਾਨਦਾਰ ਸੇਵਾਵਾਂ ਲਈ ਸੰਪਰਕ ਕਰੋ
CONTACT TRUSTFUL REALTOR FOR PURCHASE OR SALE OF ANY RESIDENTIAL PROPERTY
DARSHAN SINGH GILL REALTOR
PH: 780 708 3150

Roof Trusses
Floor Systems
Lumber
Stairs
Tall Wall
Wall Panel
Floor Panel
ZyTech BUILDING SYSTEMS
Employment opportunities for : Forklift Operator, Lumber Stackers, Truss Builders and General Helpers.
ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼
ਰਘੁਬੀਰ ਸਿੰਘ ਭੰਡਾਲ : 780-980-9192
ਜਸਪਾਲ ਸਿੰਘ ਭੰਡਾਲ :403-912-3232
Balzac (Calgary) | Springbrook (Red Deer) | Leduc (Edmonton) | Saskatoon

Excellent Drywall Ltd.
Residential & Commercial
Best Service & Quality
Free Estimates for :
• Boarding • Taping
• Textured Spray • Knock Down
ਡਰਾਈਵਾਲ ਦਾ ਵਧੀਆ ਕੰਮ ਵਾਜਬ ਕੀਮਤਾਂ 'ਤੇ ਕਰਵਾਉਣ ਲਈ ਕੁਲਵਿੰਦਰ ਨਾਲ ਸੰਪਰਕ ਕਰੋ
Email : excellentdrywall@yahoo.ca
780-729-3344, 780-902-2221

Chanprit S. Baweja (Prince)
Ask about : Personal Services
Best Rates
First Time Homebuyers
Pre Approvals
New to Canada
Self Employed
Construction Mortgage
Home Financing expertise available at your convernience
780-862-7717
chanprit.baweja@bmo.com

Super Visa Insurance
Life, Critical Illness, Accident & Sickness and Health product
Serving community for 18 years
ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਜਸਵੀਰ ਦਿਉਲ ਨੂੰ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
JASVIR DEOL
780-906-4497
jdeol@deolinsurance.com

3rd in CANADA for Century 21-2005
Century 21 Canada Masters Hall of fame inductee
Sweg Deol
"Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell : (780) 951-9873 Bus: (780) 434-4700

CIBC For what matters
Jassie Pandher
Mortgage Advisor & Builder Specialist
Cell: 780 729-0086
Tel: 1 888 335-3198
Fax: 780 465-8068
jaskiran.pandher@cibc.com
Language(s) Spoken: English, Hindi, Punjabi and Urdu

• CRIMINAL LAW
• REAL ESTATE LAW
• IMMIGRATION LAW
• FAMILY LAW
• BUSINESS LAW
• WILLS AND ESTATES
• CIVIL LAW
• BUILDER'S LIEN
VLG Lawyers*
Barristers, Solicitors & Notaries
Gurpreet Singh Gill*
Kevin E Moore*
Taranjeet K Virdee*
If arrested do not giveup your rights unless you speak to us. We will fight tough for your rights.
Phone: 780-469-0045/46; Fax: 780-469-0096
Contact our team: #207, 9252 - 34 Ave. Edmonton, AB. T6E 5P2
* An Association Of Independent Lawyers
FOR URGENT BAIL AND DEPORTATION MATTERS CALL US @ 780-982-6806 OR 780-288-1864

ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



Super Visa Insurance

Life, Critical Illness, Accident & Sickness and Health product
Serving community for 18 years

ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਜਸਵੀਰ ਦਿਉਲ ਨੂੰ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ



JASVIR DEOL
780-906-4497
jdeol@deolinsurance.com



A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੇਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ







ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%

Payment Options available

Edmonton : 780-465-6900
Calgary : 403-775-2100



GROVER PROFESSIONAL ACCOUNTING & TAX SERVICES

*Neha Grover*



*Neha Grover*

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com



Insurance Advisor

- Super Visa Insurance
- LIfe/Mortgage Insurance
- Disability/Critical Illness Insurance
- Visitors and Travel Insurance
- Dental & Drug plans
- RESP

Varindere Nijjar
780-667-3015
varinder.nijjar@dfsin.ca





Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆਂ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche





ALPHA Tent Rentals
All Events Big or Small
We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354





# ਐਡਮਿੰਟਨ ਦੇ 659 ਕਰਾਸਵਾਕਜ਼ ਅਸੁਰੱਖਿਅਤ

**ਐਡਮਿੰਟਨ (ਨਦਬ) :** ਸ਼ਹਿਰ ਦੇ ਅਧਿਕਾਰੀਆਂ ਵੱਲੋਂ 659 ਅਜਿਹੇ ਕਰਾਸਵਾਕਜ਼ ਦੀ ਪਹਿਚਾਣ ਕੀਤੀ ਗਈ ਹੈ ਜਿੱਥੇ ਪੈਦਲ ਤੁਰਨ ਵਾਲੇ ਸੁਰੱਖਿਅਤ ਨਹੀਂ ਹਨ। ਇਹ ਅਜਿਹੇ ਕਰਾਸਵਾਕਜ਼ ਹਨ ਜਿੱਥੇ ਆਵਾਜਾਈ ਦੇ ਸਾਧਨ ਤੇਜ਼ ਰਫ਼ਤਾਰ ਨਾਲ ਗੁਜ਼ਰਦੇ ਹਨ। ਇਨ੍ਹਾਂ ਥਾਂਵਾਂ 'ਤੇ ਅਕਸਰ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਇਹ ਨਹੀਂ ਕਿ ਪ੍ਰਸਾਸ਼ਨ ਦਾ ਇਹਨਾਂ ਵੱਲ ਕੋਈ ਧਿਆਨ ਨਹੀਂ ਹੈ ਅਸਲ ਗੱਲ ਇਹ ਹੈ ਕਿ ਪ੍ਰਸਾਸ਼ਨ ਇਸ ਮਾਮਲੇ ਵਿੱਚ ਲੋੜੀਂਦਾ ਨਿਵੇਸ਼ ਨਹੀਂ ਕਰ ਰਿਹਾ। ਸਮੱਸਿਆ ਦੇ ਹੱਲ ਲਈ ਇਸ ਸਮੇਂ ਇੱਕ ਸਾਲ ਵਿੱਚ ਦੋ ਡਾਲਰ ਮਿਲੀਅਨ ਖਰਚ ਕੀਤੇ ਜਾਂਦੇ ਹਨ ਤੇ ਖਰਚ ਦੀ ਇਸ ਰਫ਼ਤਾਰ ਨਾਲ ਸਮੱਸਿਆ ਨਾਲ ਅਗਲੇ 29 ਸਾਲਾਂ ਤੱਕ ਸ਼ਹਿਰ ਨੂੰ ਜੂਝਣਾ ਪਵੇਗਾ।




ਜ਼ਿਕਰਯੋਗ ਹੈ ਕਿ ਟਰੈਫ਼ਿਕ ਸੁਰੱਖਿਆ ਨੂੰ ਹਾਦਸਿਆਂ ਦੀ ਗਿਣਤੀ, ਜਾਨੀ ਨੁਕਸਾਨ, ਆਵਾਜਾਈ ਦੇ ਸਾਧਨਾਂ ਦੀ ਰਫ਼ਤਾਰ ਤੇ ਸਾਧਨਾਂ ਵਿਚਕਾਰ ਦੂਰੀ ਤੋਂ ਪਰਖਿਆ ਜਾਂਦਾ ਹੈ। ਜਿਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸ਼ਹਿਰ ਦੇ ਕਰਾਸਵਾਕਜ਼ ਸੁਰੱਖਿਅਤ ਨਹੀਂ ਹਨ ਜਾਂ ਨਹੀਂ।

ਰਿਪੋਰਟਾਂ ਮੁਤਾਬਿਕ ਪਿਛਲੇ ਸਾਲ ਐਡਮਿੰਟਨ ਦੀਆਂ ਸੜਕਾਂ ਨੂੰ ਪਾਰ ਕਰਦਿਆਂ ਨੌਂ ਵਿਅਕਤੀਆਂ ਦੀਆਂ ਜਾਨਾਂ ਗਈਆਂ ਸਨ ਤੇ 275 ਜਖ਼ਮੀ ਹੋਏ ਸਨ। 2016 ਵਿੱਚ 10 ਵਿਅਕਤੀਆਂ ਦੀ ਮੌਤ ਹੋਈ ਸੀ ਤੇ 307 ਜਖ਼ਮੀ ਹੋਏ ਸਨ। ਐਡਮਿੰਟਨ ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਜਿਸ ਵਿੱਚ ਅਜਿਹਾ ਜਿਤਾਇਆ ਗਿਆ ਹੈ ਕਿ 2032 ਕਰਾਸਵਾਕਜ਼ ਬਿਲਕੁਲ ਸੁਰੱਖਿਅਤ ਹੋ ਜਾਣਗੇ।

# ਸੜਕ 'ਤੇ ਉਤਾਰਿਆ ਜਹਾਜ਼




**ਕੈਲਗਰੀ (ਨਦਬ) :** ਲੋਕ ਉਦੋਂ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਇੱਕ ਜਹਾਜ਼ ਨੂੰ ਕੈਲਗਰੀ ਦੀ ਸੜਕ 'ਤੇ ਉਤਰਦਾ ਦੇਖਿਆ। ਸਵੇਰੇ ਛੇ ਵਜੇ, ਪਾਈਪਰ ਪੀ ਏ-31 ਨਵਾਜੋ ਦੋ ਇੰਜਣਾਂ ਵਾਲਾ ਜਹਾਜ਼ ਨਾਟਕੀ ਢੰਗ ਨਾਲ ਸੋਲ੍ਹਾਂ ਐਵਿਨਿਊ ਐਨ ਈ ਦੀ ਗਲੀ ਨੰਬਰ 36 'ਤੇ ਇੰਜਣ ਦੀ ਪਾਵਰ ਖ਼ਤਮ ਹੋਣ ਕਾਰਣ ਮਜ਼ਬੂਰੀਵਸ ਉਤਾਰਨਾ ਪਿਆ।

ਇਸ ਜਹਾਜ਼ ਵਿੱਚ ਛੇ ਮੁਸਾਫ਼ਿਰ ਸਵਾਰ ਸਨ ਤੇ ਇਹਨਾਂ ਨੂੰ ਲੈਂਡਿੰਗ ਤੋਂ ਬਾਅਦ ਸੁਰੱਖਿਅਤ ਕੈਲਗਰੀ ਅੰਤਰਾਸ਼ਟਰੀ ਏਅਰਪੋਰਟ 'ਤੇ ਪਹੁੰਚਾ ਦਿੱਤਾ ਗਿਆ। ਲੈਂਡਿੰਗ ਤੋਂ ਤੁਰੰਤ ਬਾਅਦ ਘਟਨਾ ਵਾਲੀ ਥਾਂ 'ਤੇ ਪੁਲਿਸ ਪਹੁੰਚ ਗਈ ਸੀ ਤੇ ਟਰਾਂਸਪੋਰਟੇਸ਼ਨ ਸੇਫ਼ਟੀ ਬੋਰਡ ਦੇ ਇੰਸਪੈਕਟਰਾਂ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ।

ਜਾਂਚ ਅਧਿਕਾਰੀ ਮਾਈਕ ਐਡਮ ਨੇ ਦੱਸਿਆ ਕਿ ਜਹਾਜ਼ ਨੂੰ ਇੰਜਣ ਦੀ ਪਾਵਰ ਖਤਮ ਹੋਣ ਕਾਰਣ ਉਤਾਰਨਾ ਪਿਆ ਪਰ ਇਸ ਦਰਮਿਆਨ ਜਹਾਜ਼ ਦਾ ਕੋਈ ਨੁਕਸਾਨ ਨਹੀਂ ਹੋਇਆ ਤੇ ਨਾ ਹੀ ਕਿਸੇ ਮੁਸਾਫ਼ਿਰ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਪਾਇਲਟ, ਮੁਸਾਫ਼ਿਰਾਂ ਅਤੇ ਇਸ ਸਾਰੀ ਕਾਰਵਾਈ ਨੂੰ ਅੱਖੀਂ ਦੇਖਣ ਵਾਲਿਆਂ ਨਾਲ ਗੱਲਬਾਤ ਕਰਾਂਗੇ ਤੇ ਨਾਲ ਹੀ ਜਹਾਜ਼ ਸਬੰਧੀ ਹੋਰ ਵੇਰਵਿਆਂ ਦੀ ਪੜਤਾਲ ਕਰਾਂਗੇ ਤਾਂ ਜੋ ਅਸੀਂ ਸਹੀ ਨਤੀਜਿਆਂ 'ਤੇ ਪਹੁੰਚ ਸਕੀਏ।

# ਭੰਗ ਦੀ ਵਿਕਰੀ ਨੂੰ ਕਾਨੂੰਨੀ ਰੂਪ ਦੇਣ ਤੋਂ ਬਾਅਦ ਸਾਹਮਣੇ ਆਉਣਗੇ ਕਈ ਨਾਕਾਰਾਤਮਕ ਰੁਝਾਨ

**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਆਈਪੀਸੀ (ਦੀ ਇੰਜ਼ਰੀ ਪ੍ਰਵੈਨਸ਼ਨ ਸੈਂਟਰ) ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਜਿਸ ਵਿੱਚ ਕਿਹਾ ਗਿਆ ਹੈ ਕਿ ਸ਼ਾਇਦ ਅਲਬਰਟਾ ਵਾਸੀਆਂ ਨੂੰ ਭੰਗ ਦੀ ਕਾਨੂੰਨੀ ਵਿਕਰੀ ਕਾਰਣ ਇਸ ਨਾਲ ਜੁੜੇ ਨਾਕਾਰਾਤਮਕ ਰੁਝਾਨਾਂ ਦਾ ਵੱਧ ਸਾਹਮਣਾ ਕਰਨਾ ਪਵੇਗਾ। ਆਈਪੀਸੀ ਨੇ ਸੁਚੇਤ ਕੀਤਾ ਹੈ ਕਿ ਭੰਗ ਨਾਲ ਟਰੈਫ਼ਿਕ, ਅੱਗ ਅਤੇ ਬੱਚਿਆਂ ਨਾਲ ਜੁੜੀਆਂ ਘਟਨਾਵਾਂ ਤੇ ਹੋਰ ਆਮ ਘਟਨਾਵਾਂ ਸ਼ਾਮਿਲ ਹਨ, ਨੂੰ ਲੈ ਕੇ ਸਾਨੂੰ ਪਹਿਲਾਂ ਤੋਂ ਹੀ ਹੁਸ਼ਿਆਰ ਹੋਣ ਦੀ ਜਰੂਰਤ ਹੈ। ਰਿਪੋਰਟ ਵਿਚ ਅਮਰੀਕਾ ਦੇ ਪ੍ਰਾਂਤ ਵਾਸ਼ਿੰਗਟਨ ਅਤੇ ਕਲੋਰੈਡੋ ਦਾ ਹਵਾਲਾ ਦਿੱਤਾ ਗਿਆ ਹੈ। ਜਿੱਥੇ 2012 ਵਿੱਚ ਭੰਗ ਦੀ ਵਿਕਰੀ ਨੂੰ ਕਾਨੂੰਨੀ ਰੂਪ ਦਿੱਤਾ ਗਿਆ ਸੀ।

ਡਰਾਇਵਿੰਗ ਦੇ ਖੇਤਰ ਵਿਚ ਕਲੋਰੈਡੋ ਅਤੇ ਵਸ਼ਿੰਗਟਨ ਵਿੱਚ ਭੰਗ ਦੀ ਵਿਕਰੀ ਨੂੰ ਕਾਨੂੰਨੀ ਰੂਪ ਦੇਣ ਤੋਂ ਬਾਅਦ ਦੁਰਘਟਨਾਵਾਂ ਵਿੱਚ ਵਾਧਾ ਹੋਇਆ ਹੈ। ਕਲੋਰੈਡੋ ਵਿੱਚ 2015 ਵਿੱਚ 94 ਦੁਰਘਟਨਾਵਾਂ ਹੋਈਆਂ ਜਦੋਂਕਿ 2010 ਵਿੱਚ ਇਹ ਗਿਣਤੀ 49 ਸੀ। ਇਸ ਤਰ੍ਹਾਂ ਹੀ ਵਸ਼ਿੰਗਟਨ ਵਿੱਚ 2015 ਵਿੱਚ 85 ਦੁਰਘਟਨਾਵਾਂ ਹੋਈਆਂ ਜਦੋਂਕਿ 2010 ਵਿੱਚ ਇਹ ਗਿਣਤੀ 40 ਦੀ ਸੀ।

ਇਸ ਤਰ੍ਹਾਂ ਹੀ ਬੱਚਿਆਂ ਵਿੱਚ ਜ਼ਹਿਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। (ਜੀਰੋ ਤੋਂ ਨੌਂ ਤੱਕ ਦੀ ਉਮਰ) ਬੱਚਿਆਂ ਦੇ ਅਜਿਹੇ ਕੇਸ 2005 ਵਿੱਚ 5 ਸਾਹਮਣੇ ਆਏ ਸਨ, ਜਦੋਂਕਿ 2015 ਵਿੱਚ 47 ਕੇਸ ਸਾਹਮਣੇ ਆਏ ਹਨ। ਇਹ ਜ਼ਹਿਰ ਬੱਚਿਆਂ ਅੰਦਰ ਬਿਸਕੁਟਾਂ, ਕੇਕ ਜਾਂ ਦੂਜੀਆਂ ਚੀਜ਼ਾਂ ਰਾਹੀਂ ਅੰਦਰ ਜਾਂਦਾ ਹੈ ਕਿਉਂਕਿ ਇਹ ਚੀਜ਼ਾਂ ਭੰਗ ਵਾਲੇ ਹੱਥਾਂ ਜਾਂ ਭੰਗ ਦੇ ਸੰਪਰਕ ਵਿੱਚ ਆ ਜਾਂਦੀਆਂ ਹਨ।

ਕਲੋਰੈਡੋ ਵਿੱਚ ਭੰਗ ਦੀ ਕਾਨੂੰਨੀ ਵਿਕਰੀ ਸ਼ੁਰੂ ਹੋਣ ਤੋਂ ਬਾਅਦ ਇਸਦੇ ਤੇਲ ਨਾਲ ਹਾਈਡ੍ਰੋਕਾਰਬਨ ਬਰਨਜ਼ ਦੀ ਸਮੱਸਿਆ ਪੈਦਾ ਹੁੰਦੀ ਹੈ। 1 ਜਨਵਰੀ 2008 ਤੋਂ 31 ਦਸੰਬਰ 2013 ਤੱਕ ਇਸ ਸਮੱਸਿਆ ਨਾਲ ਜੁੜੇ 19 ਕੇਸ ਸਾਹਮਣੇ ਆਏ ਹਨ। 2014 ਦੇ ਪਹਿਲੇ ਅੱਠ ਮਹੀਨਿਆਂ ਵਿੱਚ ਅਜਿਹੇ 12 ਕੇਸ ਸਾਹਮਣੇ ਆਏ ਸਨ।

ਇਸ ਤਰ੍ਹਾਂ ਸਿੱਧ ਹੁੰਦਾ ਹੈ ਕਿ ਭੰਗ ਦੇ ਬਹੁਤ ਸਾਰੇ ਅਜਿਹੇ ਅਦਿੱਖ ਨੁਕਸਾਨ ਹਨ ਜਿਨ੍ਹਾਂ ਬਾਰੇ ਨਾਗਰਿਕਾਂ ਨੂੰ ਬਿਲਕੁਲ ਵੀ ਜਾਣਕਾਰੀ ਨਹੀਂ ਹੈ। ਸਰਕਾਰਾਂ ਇਸ ਬਾਰੇ ਜਾਣਦੀਆਂ ਹਨ ਪਰ ਉਹ ਇਸ ਮਾਮਲੇ ਵਿੱਚ ਮੁਨਾਫ਼ੇ ਨੂੰ ਸਾਹਮਣੇ ਰੱਖ ਕੇ ਫੈਸਲੇ ਲੈਂਦੀਆਂ ਹਨ।

ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ !

EmbroidMe®

your promotional marketing partner




- sports team apparel
- business and corporate branding
- promotional products
- thousands of products available

ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ

780.328.2020 | 5017-52 Ave, Beaumont EmbroidMe-EdmontonSE.com more than just embroidery

Services Provided

We also do Braces

Cosmetic and Preventive Dentistry including:

> Check Ups and Cleanings
> Fillings
> TMJ
> Implants
> Teeth Whitening
> Teeth Straightening-Invisalign
> Sports and Night Gaurds
> Crowns and Bridges
> Partial and Full Dentures
> Wisdom Teeth Extractions
> Root Canal Therapy

Open 7 days a week including evenings and weekends !

Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTALCLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Dr. Amritpal Singh

Accepting New Patients

Appointments @

780-440-5001

4444-36 Ave NW Edmonton, AB T6L 3S1



Dr. Sandeep Dhaliwal

# ਨਵੇਂ ਯੰਤਰ ਨਾਲ ਮਾਪਿਆ ਜਾ ਸਕੇਗਾ ਭਵਿੱਖ ਦਾ ਮੌਸਮ

**ਐਡਮਿੰਟਨ (ਨਦਬ)** : ਵਿਨੀਪੈਗ ਯੂਨੀਵਰਸਿਟੀ ਦੇ ਪੈਰੀ ਕਲਾਈਮੇਟ ਸੈਂਟਰ ਵੱਲੋਂ ਇੱਕ ਕਲਾਈਮੇਟ ਐਟਲਸ ਜਾਰੀ ਕੀਤਾ ਗਿਆ ਹੈ ਜਿਸ ਰਾਹੀਂ ਨਾਗਰਿਕ ਆਉਣ ਵਾਲੇ ਦਹਾਕਿਆਂ ਵਿੱਚ ਗਲੋਬਲ ਵਾਰਮਿੰਗ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਦੇਖ ਸਕਣਗੇ ਤੇ ਇਹ ਜਾਣਕਾਰੀ ਹਾਸਲ ਕਰ ਸਕਣਗੇ ਕਿ ਭਵਿੱਖ ਵਿੱਚ ਉਹਨਾਂ ਦੇ ਸ਼ਹਿਰ ਦਾ ਮੌਸਮ ਕਿਸ ਤਰ੍ਹਾਂ ਦਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੈਰੀ ਕਲਾਈਮੇਟ ਸੈਂਟਰ ਦੇ ਸਹਾਇਕ ਨਿਰਦੇਸ਼ਕ ਅਤੇ ਵਾਤਾਵਰਣ ਵਿਗਿਆਨੀ ਈਅਨ ਮੌਰੂ ਦਾ ਕਹਿਣਾ ਹੈ ਕਿ ਅਸੀਂ ਕਲਾਈਮੇਟ ਡਾਟਾ ਮਾਡਲ ਲਿਆ ਹੈ ਤੇ ਇਸਦੀ ਸਹਾਇਤਾ ਨਾਲ ਅਸੀਂ ਭਵਿੱਖ ਦੇ ਮੌਸਮ ਵਿੱਚ ਨਾਟਕੀ ਬਦਲਾਅ ਦੇਖ ਸਕਾਂਗਾ। ਉੱਤਰੀ ਕਨੇਡਾ ਭੂਗੋਲਿਕ ਤੌਰ ’ਤੇ ਠੰਡਾ ਹੈ ਪਰ ਕੁੱਝ ਦਹਾਕਿਆਂ ਬਾਅਦ ਇੱਥੋਂ ਦੇ ਮੌਸਮ ਵਿੱਚ ਕਾਫ਼ੀ ਗਰਮੀ ਹੋਵੇਗੀ। ਇਸ ਤਰ੍ਹਾਂ ਦੇ ਨਤੀਜੇ ਹੀ ਦੱਖਣ ਵਿੱਚ ਸਾਡੇ ਸਾਹਮਣੇ ਆਉਣਗੇ। ਮੌਰੂ ਨੇ ਕਿਹਾ ਕਿ ਉਸਨੂੰ ਉਮੀਦ ਹੈ ਕਿ ਇਹ ਕਲਾਈਮੇਟ ਐਟਲਸ ਜਿੱਥੇ ਲੋਕਾਂ ਨੂੰ ਮੌਸਮ ਵਿੱਚ ਬਦਲਾਅ ਦੇ ਕਾਰਨਾਂ ਲਈ ਸੋਚਣ ਵਾਸਤੇ ਮਜਬੂਰ ਕਰੇਗਾ ਉੱਥੇ ਹੀ ਭਵਿੱਖੀ ਮੌਸਮ ਦਾ ਸਾਹਮਣਾ ਕਰਨ ਲਈ ਲੋਕਾਂ ਨੂੰ ਤਿਆਰ ਵੀ ਕਰੇਗਾ।

ਜ਼ਿਕਰਯੋਗ ਹੈ ਕਿ ਯੰਤਰ ਨੂੰ ਤਿਆਰ ਕਰਨ ਵਾਲੀ ਟੀਮ ਵੱਲੋਂ 1976 ਤੋਂ ਲੈ ਕੇ 2005 ਤੱਕ ਦਾ ਇਤਿਹਾਸਕ ਕਲਾਈਮੇਟ ਡਾਟਾ ਲਿਆ ਗਿਆ ਤੇ ਇਸ ਆਧਾਰ ’ਤੇ 2051 ਤੋਂ ਲੈ ਕੇ 2080 ਤੱਕ ਦਾ ਭਵਿੱਖੀ ਮੌਸਮ ਵੇਖਿਆ ਜਾਂ ਮਾਪਿਆ ਜਾ ਸਕੇਗਾ। ਭਾਵੇਂ ਅਸੀਂ ਭਵਿੱਖ ਦਾ ਕਲਾਈਮੇਟ ਐਟਲਸ ਤਿਆਰ ਕਰ ਲਿਆ ਹੈ ਪਰ ਸਵਾਲ ਸਾਡੇ ਸਾਹਮਣੇ ਇਹ ਹੈ ਕਿ ਮੌਸਮ ਨੂੰ ਸਥਿਰ ਕਿਵੇਂ ਰੱਖਿਆ ਜਾਵੇ। ਕੁਦਰਤ ਨੂੰ ਬਚਾਉਣ ਭਾਵ ਜਿਉਂ ਦੀ ਤਿਉਂ ਰੱਖਣ ਲਈ ਅਸੀਂ ਅਮਲੀ ਤੌਰ ’ਤੇ ਕੀ ਕਰ ਰਹੇ ਹਾਂ। ਹੁਣ ਕਲਾਈਮੇਟ ਐਟਲਸ ਦੇ ਭਾਵੇਂ ਸਾਨੂੰ ਕਈ ਫਾਇਦੇ ਹੋਣਗੇ ਪਰ ਇਹ ਸਾਡੇ ਸਾਹਮਣੇ ਨਵੀਂ ਚੁਣੌਤੀ ਵੀ ਪੇਸ਼ ਕਰ ਰਿਹਾ ਹੈ।

# ਯੂਨੀਵਰਸਿਟੀ ਆਫ਼ ਅਲਬਰਟਾ ਵਲੋਂ ਡਾ. ਰਾਜ ਪੰਨੂੰ ਹੋਣਗੇ ਸਨਮਾਨਤ

**ਅਲਬਰਟਾ (ਨਦਬ)** : ਯੂਨੀਵਰਸਿਟੀ ਆਫ਼ ਅਲਬਰਟਾ ਵਲੋਂ ਜਾਰੀ ਕੀਤੀ ਸੂਚੀ ਅਨੁਸਾਰ ਡਾ. ਰਾਜ ਪੰਨੂੰ ਨੂੰ ਆਨਰੇਰੀ ਡਿਗਰੀ ਡਾਕਟਰੇਟ ਆਫ਼ ਲਾਅ ਦੇ ਕੇ ਸਨਮਾਨਤ ਕੀਤਾ ਜਾਵੇਗਾ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਪ੍ਰੋਫੈਸਰ ਰਹੇ ਪੰਨੂੰ ਹੋਰਾਂ ਦੇ ਵਿਚਾਰ ਹਨ ਕਿ ਯੂਨੀਵਰਸਿਟੀ ਸਿਖਿਆ ਲੋਕਾਂ ਦੀ ਬਿਹਤਰੀ ਲਈ ਵਰਤੀ ਜਾਣੀ ਚਾਹੀਦੀ ਹੈ। ਯੂਨੀਵਰਸਿਟੀ ਆਫ਼ ਅਲਬਰਟਾ ਵਿਚ 27 ਸਾਲ ਅਧਿਆਪਕ ਵਜੋਂ ਉਨ੍ਹਾਂ ਵਿਦਿਅਕ ਅਧਿਐਨ ਅਤੇ ਸਮਾਜ ਸ਼ਾਸਤਰ ਵਿਸ਼ਿਆਂ ’ਤੇ ਪੜ੍ਹਾਇਆ। 1997 ਤੋਂ 2008 ਤਕ ਉਹ ਐਮ.ਐਲ.ਏ. ਰਹੇ ਅਤੇ ਇਸੇ ਦੌਰਾਨ 2000-2004 ਤਕ ਐਨ.ਡੀ.ਪੀ. ਪਾਰਟੀ ਦੇ ਪ੍ਰਾਵਿੰਸ਼ੀਅਲ ਆਗੂ ਰਹੇ। ਉਹ ਕੈਨੇਡਾ ਵਿਚ ਕਿਸੇ ਪ੍ਰਮੁੱਖ ਰਾਜਸੀ ਪਾਰਟੀ ਦੇ ਨੇਤਾ ਬਣਨ ਵਾਲੇ ਪਹਿਲੇ ਸਾਊਥ ਏਸ਼ੀਅਨ ਸਨ। ਉਨ੍ਹਾਂ ਨੂੰ ਜਮੀਨੀ ਪੱਧਰ ’ਤੇ ਰਾਜਨੀਤਕ ਸੱਭਿਆਚਾਰ ਨੂੰ ਬਦਲਣ ਅਤੇ ਨਵੀਂ ਪੀੜ੍ਹੀ ਨੂੰ ਰਾਜਸੀ ਸਰਗਰਮੀਆਂ ’ਚ ਭਾਗ ਲੈਣ ਲਈ ਉਤਸਾਹਤ ਕਰਨ ਵਿਚ ਮਦਦ ਕਰਨ ਲਈ ਜਾਣਿਆ ਜਾਂਦਾ ਹੈ। ਯੂਨੀਵਰਸਿਟੀ ਆਫ਼ ਅਲਬਰਟਾ ਦੇ ਵਾਈਸ ਚਾਂਸਲਰ ਡਗਲਸ ਸਟਾਲਰੀ ਨੇ 2018 ਵਿਚ ਆਨਰੇਰੀ ਡਿਗਰੀ ਪ੍ਰਾਪਤ ਕਰਨ ਵਾਲੇ ਨਾਵਾਂ ਦੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਵਲੋਂ ਇਹ ਸਨਮਾਨ ਵਿਗਿਆਨ, ਸਿਖਿਆ, ਸਿਹਤ ਅਤੇ ਸਮਾਜਿਕ ਕੰਮਾਂ ਵਿਚ ਗਿਣਨਯੋਗ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਦਿਤਾ ਜਾਂਦਾ ਹੈ। ਡਾ. ਰਾਜ ਪੰਨੂੰ ਆਨਰੇਰੀ ਡਾਕਟਰ ਆਫ਼ ਲਾਅ ਦੀ ਡਿਗਰੀ 12 ਜੂਨ 2018 ਨੂੰ ਪ੍ਰਾਪਤ ਕਰਨਗੇ। ਆਨਰੇਰੀ ਡਿਗਰੀ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ’ਚ ਨਿਊਜ਼ੀਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਹੈਲਨ ਕਲਾਰਕ ਅਤੇ ਵਾਤਾਵਰਣ ਮਾਹਿਰ ਡੇਵਿਡ ਸਜੂਕੀ ਤੋਂ ਇਲਾਵਾ ਨੈਟੀ ਵੀਵ, ਲੂਈਸ ਬਰੈਡਲੀ, ਫਰਾਂਸ ਲੈਵਾਸਰ ਓਮਿਟ, ਮਾਰਕ ਹੈਨਰੀ ਰੋਜ਼ਵੈਲ, ਬਰਾਇਨ ਕੋਕਸ, ਡੇਵਿਡ ਨੇਇਲਰ, ਡੇਵਿਡ ਮਟਾਸ, ਰਾਲ਼ਫ ਰਾਸ, ਸਟੀਫ਼ਨ ਕਾਕਫਵੀ ਅਤੇ ਨਾਹਲਾ ਅਈਦ ਸ਼ਾਮਲ ਹਨ।



# ਅਲਬਰਟਾ ਵਾਸੀਆਂ ਨੂੰ ਗੋਡੇ ਅਤੇ ਕੂਲੇ ਦੇ ਅਪਰੇਸ਼ਨ ਲਈ ਕਰਨੀ ਪੈਂਦੀ ਹੈ ਲੰਮੀ ਉਡੀਕ



**ਐਡਮਿੰਟਨ (ਨਦਬ)** : ਪਿਛਲੇ ਦਿਨੀਂ ਕਨੇਡੀਅਨ ਇੰਸਟੀਟਿਊਟ ਆਫ਼ ਹੈਲਥ ਇਨਫਰਮੇਸ਼ਨ ਸਟੱਡੀ ਵੱਲੋਂ ਸਾਲਾਨਾ ਅਧਿਐਨ ਅਧਾਰਿਤ ਤੁਲਨਾਤਮਕ ਤੱਥ ਜਾਰੀ ਕੀਤੇ ਗਏ ਹਨ ਜਿਸ ਵਿੱਚ ਸਾਹਮਣੇ ਆਇਆ ਕਿ 2017 ਵਿੱਚ ਅਲਬਰਟਾ ਉਹਨਾਂ ਪ੍ਰਾਂਤਾਂ ਵਿੱਚੋਂ ਇੱਕ ਹੈ ਜਿੱਥੇ ਸਿਹਤ ਸੇਵਾਵਾਂ ਵਧੀਆਂ ਹਨ। ਪਰ ਇਸਦੇ ਨਾਲ ਹੀ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕੁੱਝ ਖੇਤਰ ਅਜਿਹੇ ਹਨ ਜਿੱਥੇ ਅਲਬਰਟਾ ਦੂਜੇ ਪ੍ਰਾਂਤਾਂ ਤੋਂ ਕਾਫ਼ਥੀ ਪਛੜਿਆ ਹੋਇਆ ਹੈ। ਇਸਦੇ ਬਾਵਜੂਦ ਰਿਪੋਰਟ ਮੁਤਾਬਿਕ ਅਲਬਰਟਾ ਸਿਹਤ ਸੇਵਾਵਾਂ ਨੂੰ ਲੈ ਕੇ ਪ੍ਰਤੀ ਵਿਅਕਤੀ ਸਭ ਤੋਂ ਵੱਧ ਖਰਚ ਕਰਨ ਵਾਲਾ ਸੂਬਾ ਹੈ। 2018-19 ਦੇ ਵਿੱਤੀ ਵਰ੍ਹੇ ਲਈ ਸੂਬੇ ਦੇ ਸਿਹਤ ਸੇਵਾਵਾਂ ਦੇ ਬਜਟ ਵਿੱਚ 22 ਬਿਲੀਅਨ ਡਾਲਰ ਦਾ ਵਾਧਾ ਕੀਤਾ ਗਿਆ ਹੈ।

ਪਰ ਇਸਦੇ ਬਾਵਜੂਦ ਅਲਬਰਟਾ ਵਾਸੀਆਂ ਨੂੰ ਕੂਲੇ ਅਤੇ ਗੋਡੇ ਦੇ ਅਪਰੇਸ਼ਨ ਕਰਵਾਉਣ ਲਈ ਪਿਛਲੇ ਸਾਲ ਘੱਟੋ ਘੱਟ ਕਈ ਮਹੀਨੇ ਤਕ ਦਾ ਇੰਤਜ਼ਾਰ ਕਰਨਾ ਪਿਆ। 2016 ਵਿੱਚ ਗੋਡੇ ਦਾ ਅਪਰੇਸ਼ਨ ਕਰਵਾਉਣ ਲਈ 113 ਦਿਨ ਲੱਗਦੇ ਸਨ ਜਦੋਂਕਿ 2017 ਦੌਰਾਨ ਇਹ ਵਧ ਕੇ 143 ਹੋ ਗਏ। ਇਸ ਤਰ੍ਹਾਂ ਹੀ ਕੂਲੇ ਦੇ ਮਾਮਲੇ 2016 ਦੌਰਾਨ ਇਹ ਪ੍ਰਕਿਰਿਆ 91 ਦਿਨਾਂ ਦੀ ਸੀ ਜਦੋਂਕਿ 2017 ਵਿੱਚ ਇਹ 121 ਦਿਨਾਂ ਦੀ ਹੋ ਗਈ। ਇਹ ਅਜਿਹੇ ਖੇਤਰ ਹਨ ਜਿੱਥੇ ਸੂਬੇ ਨੂੰ ਧਿਆਨ ਦੇਣ ਦੀ ਜ਼ਿਆਦਾ ਜਰੂਰਤ ਹੈ।

ਇਸ ਮਾਮਲੇ ਵਿੱਚ ਅਲਬਰਟਾ ਹੈਲਥ ਸਰਵਿਸ ਦਾ ਕਹਿਣਾ ਹੈ ਕਿ ਉਹ ਪਹਿਲ ਦੇ ਆਧਾਰ ‘ਤੇ ਮਰੀਜ਼ਾਂ ਨੂੰ ਤਰਜੀਹ ਦਿੰਦੇ ਹਨ। ਦੂਜੀ ਦਲੀਲ ਏਐਚਐਸ ਵੱਲੋਂ ਮਰੀਜ਼ਾਂ ਦੀ ਗਿਣਤੀ ਵਿੱਚ ਹੋਏ ਵਾਧੇ ਦੀ ਦਿੱਤੀ ਗਈ ਹੈ।

ਦੂਜੇ ਪਾਸੇ ਰਿਪੋਰਟ ਵਿੱਚ ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਬਾਈਪਾਸ ਸਰਜਰੀ ਲਈ ਵੀ ਮਰੀਜ਼ਾਂ ਨੂੰ ਇੰਤਜ਼ਾਰ ਕਰਨਾ ਪੈਂਦਾ ਹੈ ਜਦੋਂਕਿ ਅਜਿਹੇ ਮਰੀਜ਼ਾਂ ਲਈ ਇਲਾਜ਼ ਪ੍ਰਕਿਰਿਆ ਤੁਰੰਤ ਸ਼ੁਰੂ ਹੋਣੀ ਲਾਜ਼ਮੀ ਹੈ।

ਇਸ ਤੋਂ ਇਲਾਵਾ ਸੀਟੀ ਸਕੈਨ ਅਤੇ ਐਮਆਰਆਈ ਦੇ ਲਿਹਾਜ਼ ਨਾਲ 2017 ਵੀ ਪਹਿਲਾਂ ਵਰਗਾ ਹੀ ਰਿਹਾ ਹੈ। ਕੈਂਸਰ ਦੇ ਮਾਮਲੇ ਵਿੱਚ ਸਥਿਤੀ ਜਿਉਂ ਦੀ ਤਿਉਂ ਹੈ।

ਅਲਬਰਟਾ ਹੈਲਥ ਸਰਵਿਸ ਦੇ ਚੀਫ਼ ਮੈਡੀਕਲ ਅਫ਼ਸਰ ਦਾ ਕਹਿਣਾ ਹੈ ਕਿ ਅਸੀਂ ਕੁੱਝ ਖੇਤਰਾਂ ਵਿੱਚ ਬਹੁਤ ਵਧੀਆ ਕਰ ਰਹੇ ਹਾਂ ਪਰ ਇਹ ਸਾਫ਼ ਹੈ ਕਿ ਸਾਨੂੰ ਅਜੇ ਬਹੁਤ ਕੁੱਝ ਕਰਨ ਦੀ ਜਰੂਰਤ ਹੈ।




# ਟ੍ਰਾਂਜ਼ਿਟ ਸਿਸਟਮ ਐਡਵਾਇਜ਼ਰੀ ਬੋਰਡ ਵੱਲੋਂ ਗਡੌਂਲਾ ਯੋਜਨਾ ਮਨਜ਼ੂਰ

**ਐਡਮਿੰਟਨ (ਨਦਬ) :** ਅਮਰੀਕਾ ਅਤੇ ਯੂਰਪ ਵਿੱਚ ਗਡੌਂਲਾ ਜਿੱਥੇ ਆਵਾਜਾਈ ਦਾ ਵੱਡਾ ਸਾਧਨ ਹੋ ਗਿਆ ਹੈ ਉੱਥੇ ਹੀ ਇਹ ਮੁਨਾਫ਼ੇ ਵਾਲਾ ਧੰਦਾ ਵੀ ਸਿੱਧ ਹੋਇਆ ਹੈ। ਇਸ ਸਫ਼ਲਤਾ ਨੂੰ ਦੇਖਦਿਆਂ ਹੁਣ ਦੂਜੇ ਦੇਸ਼ਾਂ ਵਿੱਚ ਵੀ ਇਸਨੂੰ ਆਵਾਜਾਈ ਦੇ ਸਾਧਨ ਦੇ ਰੂਪ ਵਿੱਚ ਸੰਭਾਵਨਾਵਾਂ ਭਰਪੂਰ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ।

ਪਿਛਲੇ ਦਿਨੀਂ ਐਡਮਿੰਟਨ ਦੇ ਟਰਾਂਜਿਟ ਰਾਈਡਰ ਦੇ ਪੈਨਲ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਨਾਰਥ ਸਸਕੈਚਵਨ ਦਰਿਆ ਨੂੰ ਪਾਰ ਕਰਨ ਲਈ ਵੀ ਗਡੌਂਲਾ ਸਰਵਿਸ ਸਥਾਪਿਤ ਕਰਨੀ ਚਾਹੀਦੀ ਹੈ। ਗਡੌਂਲਾ ਪ੍ਰੋਜੈਕਟ ਨੂੰ ਲੈ ਕੇ ਤੱਥਾਂ ਦੀ ਪੜਤਾਲ ਕਰਨ ਤੋਂ ਬਾਅਦ ਸਬਕਮੇਟੀ ਵੱਲੋਂ ਪੜਤਾਲਤ ਤੱਥਾਂ ਦੀ ਜਾਣਕਾਰੀ ਟ੍ਰਾਂਜ਼ਿਟ ਸਿਸਟਮ ਐਡਵਾਇਜ਼ਰੀ ਬੋਰਡ ਕੋਲ ਭੇਜ ਦਿੱਤੀ ਗਈ ਹੈ ਤੇ ਬੋਰਡ ਵੱਲੋਂ ਇਸਨੂੰ ਸਵੀਕਾਰ ਕਰ ਲਿਆ ਗਿਆ ਹੈ ਅਤੇ ਇਹ ਆਉਣ ਵਾਲੀਆਂ ਗਰਮੀਆਂ ਵਿਚ ਸਿਟੀ ਕੌਂਸਲ ਦੀ ਅਰਬਨ ਪਲਾਨਿੰਗ ਕਮੇਟੀ ਕੋਲ ਜਾ ਸਕਦਾ ਹੈ।

ਐਡਮਿੰਟਨ ਪ੍ਰੋਜੈਕਟ ਦੇ ਸੰਸਥਾਪਕ ਜੈਫ਼ਰੀ ਹੈਨਸਨ ਕਾਰਲਸਨ ਨੇ ਐਡਵਾਇਜ਼ਰੀ ਬੋਰਡ ਅੱਗੇ ਤੱਥ ਪੇਸ਼ ਕਰਦਿਆਂ ਕਿਹਾ ਕਿ ਪੜਤਾਲ ਦਰਮਿਆਨ ਮੈਨੂੰ ਸਭ ਤੋਂ ਹੈਰਾਨੀਜਨਕ ਇਹ ਲੱਗਿਆ ਕਿ ਦੁਨੀਆ ਵਿੱਚ 75 ਪ੍ਰਤੀਸ਼ਤ ਗਡੌਂਲਾ ਸਰਵਿਸ ਪ੍ਰਾਈਵੇਟ ਹੈ ਤੇ ਮੁਨਾਫ਼ੇ ਵਾਲਾ ਧੰਦਾ ਹੈ। ਟ੍ਰਾਂਜਿਟ ਸਿਸਟਮ ਐਡਵਾਇਜ਼ਰੀ ਬੋਰਡ ਦੇ ਮੈਂਬਰ ਅਤੇ ਸਬ-ਕਮੇਟੀ ਦੇ ਚੇਅਰਮੈਨ ਵਲਾਡ ਸਲਾਵੋਵ ਦਾ ਕਹਿਣਾ ਹੈ ਕਿ ਗਡੌਂਲਾ ਰਾਹੀਂ ਇੱਕ ਘੰਟੇ ਵਿੱਚ ਛੇ ਹਜ਼ਾਰ ਮੁਸਾਫ਼ਿਰ ਇੱਕ ਤੋਂ ਦੂਜੀ ਥਾਂ ਪਹੁੰਚਾਏ ਜਾ ਸਕਦੇ ਹਨ। ਇਹ ਇੱਕ ਐਲਆਰਟੀ ਲਈਨ ਅਤੇ ਸੌ ਬੱਸਾਂ ਦੇ ਬਰਾਬਰ ਦੀ ਸਮਰੱਥਾ ਹੈ। ਉਹਨਾਂ ਕਿਹਾ ਕਿ ਅਧਿਐਨ ਤੋਂ ਸਾਹਮਣੇ ਆਇਆ ਕਿ ਮੁਨਾਫ਼ੇ ਦੇ ਨਜ਼ਰੀਏ ਤੋਂ ਵੀ ਇਹ ਕਾਫ਼ੀ ਮਹੱਤਵਪੂਰਨ ਹੈ।

ਇੱਥੇ ਵਿਸ਼ੇਸ਼ ਤੌਰ ਜ਼ਿਕਰਯੋਗ ਹੈ ਕਿ ਹੁਣ ਇਸ ਯੋਜਨਾ ਨੂੰ ਲੈ ਕੇ ਮਾਡਲ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਇਸ ਯੋਜਨਾ ਲਈ 100 ਮਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ। ਇਸ ਵਿੱਚ ਤਿੰਨ ਸਟੇਸ਼ਨ ਅਤੇ ਲਾਈਨ ਅਤੇ ਕਾਰਾਂ ਹੋਣਗੀਆਂ। ਨਿਵੇਸ਼ ਲਈ ਅਜੇ ਤੱਕ ਪ੍ਰਾਈਵੇਟ ਅਤੇ ਪਬਲਿਕ ਦੋਵੇਂ ਬਦਲ ਖੁੱਲ੍ਹੇ ਹਨ। ਦੂਜੇ ਪਾਸੇ ਐਡਵਾਇਜ਼ਰੀ ਬੋਰਡ ਦੇ ਸਾਬਕਾ ਚੇਅਰਮੈਨ ਇਜ਼ਾਕ ਰੌਕਸ ਦਾ ਕਹਿਣਾ ਹੈ ਕਿ ਤੱਥ ਵਿਸ਼ਵਾਸਯੋਗ ਨਹੀਂ ਹਨ ਕਿਉਂਕਿ ਆਮ ਤੌਰ ’ਤੇ ਟਿਕਟਾਂ ਨਾਲ ਲਾਗਤ ਦਾ 40 ਪ੍ਰਤੀਸ਼ਤ ਹੀ ਪੂਰਾ ਹੁੰਦਾ ਹੈ।

# ਐਡਮਿੰਟਨ ਕੰਪੋਸਟਰ ਦੀ ਹਾਲਤ ਖਸਤਾ

## ਗਰਮੀਆਂ ਤੋਂ ਬਾਅਦ ਕਰਨੀ ਪਏਗੀ ਨਸ਼ਟ



**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਐਡਮਿੰਟਨ ਸਿਟੀ ਵੱਲੋਂ ਅਕਤੂਬਰ ਤੋਂ ਬੰਦ ਪਏ ਕੰਪੋਸਟਰ (ਕੂੜਾ ਘਰ) ਨੂੰ ਲੈ ਕੇ ਤਾਜ਼ਾ ਜਾਣਕਾਰੀ ਨਸ਼ਰ ਕੀਤੀ ਗਈ ਜਿਸ ਵਿੱਚ ਸਾਹਮਣੇ ਆਇਆ ਹੈ ਕਿ ਕੰਪੋਸਟਰ ਦੀ ਛੱਤ ਬੁਰੀ ਤਰ੍ਹਾਂ ਖਸਤਾ ਹਾਲ ਹੈ।

ਰੀਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਨੂੰ ਜ਼ਿਆਦਾ ਤੋਂ ਜ਼ਿਆਦਾ ਗਰਮੀਆਂ ਤੱਕ ਵਰਤਿਆ ਜਾ ਸਕਦਾ ਹੈ ਉਸ ਤੋਂ ਬਾਅਦ ਨਸ਼ਟ ਕਰਨਾ ਪਵੇਗਾ। ਰਿਪੋਰਟ ਵਿੱਚ ਸਾਫ਼ ਤੌਰ ’ਤੇ ਕਿਹਾ ਗਿਆ ਹੈ ਕਿ ਹੁਣ ਇਸ ਛੱਤ ਦੀ ਕੋਈ ਸਾਰਥਿਕਤਾ ਨਹੀਂ ਹੈ ਪੁਰਾਣਾ ਸਿਸਟਮ ਪੂਰੀ ਤਰ੍ਹਾਂ ਢਹਿ ਢੇਰੀ ਹੋ ਚੁੱਕਿਆ ਹੈ।

ਦੱਸਣਾ ਬਣਦਾ ਹੈ ਕਿ ਕੰਪੋਸਟਰ 1990 ਵਿੱਚ ਟ੍ਰਾਂਸ ਅਲਟਾ ਦੁਆਰਾ ਤਿਆਰ ਕੀਤਾ ਗਿਆ ਸੀ। ਇਸ ਵੇਲੇ ਇਹ ਉੱਤਰੀ ਅਮਰੀਕਾ ਦੇ ਮੋਹਰੀ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਇਸਦਾ ਆਕਾਰ ਫੁੱਟਬਾਲ ਦੇ ਅੱਠ ਮੈਦਾਨਾਂ ਜਿੰਨਾ ਵੱਡਾ ਹੈ। ਇਸਦੀ ਵਰਤੋਂ 2000 ਵਿੱਚ ਸ਼ੁਰੂ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇੱਥੇ ਹਰ ਤਰ੍ਹਾਂ ਦਾ ਕੂੜਾ ਅੰਦਰ ਲਿਆਂਦਾ ਜਾਂਦਾ ਹੈ ਪਰ ਇਸ ਲਿਆਂਦੇ ਕੂੜੇ ਵਿੱਚੋਂ ਨਾ ਸੜਣ ਵਾਲੀਆਂ ਚੀਜ਼ਾਂ ਨੂੰ ਕੱਢ ਦਿੱਤਾ ਜਾਂਦਾ ਹੈ ਅਤੇ ਓਰਗੈਨਿਕ ਕੂੜੇ ਨੂੰ ਇੱਕ ਖ਼ਾਸ ਤਰ੍ਹਾਂ ਦੇ ਵਾਤਾਵਰਣ ਵਿੱਚ ਰੱਖ ਕੇ ਖ਼ਾਦ ਤਿਆਰ ਕਰ ਲਈ ਜਾਂਦੀ ਹੈ।

ਵਾਰਡ ਨੰਬਰ ਅੱਠ ਦੇ ਕੌਂਸਲਰ ਅਤੇ ਕਾਊਂਸਲ ਕਮੇਟੀ ਮੈਂਬਰ ਬੇਨ ਹੈਂਡਰਸਨ ਨੇ ਕਿਹਾ ਕਿ ਸਾਡੇ ਕੋਲ ਸਿਰਫ਼ ਇੱਕ ਹੀ ਚੋਣ ਗਰਮੀਆਂ ਤੱਕ ਛੱਤ ਨੂੰ ਵਰਤਣ ਦੀ ਹੈ। ਉਹਨਾਂ ਦੱਸਿਆ ਕਿ ਇਹ ਅਤਿ ਅਧੁਨਿਕ ਕੰਪੋਸਟਰ ਹੈ ਤੇ ਅਸੀਂ ਉਹਨਾਂ ਵਿੱਚ ਸ਼ਾਮਿਲ ਹਾਂ ਜਿਨ੍ਹਾਂ ਨੇ ਇਸ ਤਕਨੀਕ ਨੂੰ ਸਭ ਤੋਂ ਪਹਿਲਾਂ ਸਥਾਪਿਤ ਕੀਤਾ ਹੈ।

# ਹਾਊਸਿੰਗ ਮਾਰਕੀਟ ਵਿਚ ਮੰਦਵਾੜਾ, ਵਿਕਰੀ ਵਿਚ ਆਈ ਕਮੀ

## ਰਿਪੋਰਟ ਮੁਤਾਬਕ ਚਿੰਤਾ ਦੀ ਜਰੂਰਤ ਨਹੀਂ

**ਐਡਮਿੰਟਨ (ਨਦਬ) :** ਖੋਜ ਸੰਸਥਾ ਅਰਬਨ ਅਨੈਲਟਿਕਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਿਕ 2018 ਦੀ ਪਹਿਲੀ ਤਿਮਾਹੀ ਵਿੱਚ ਐਡਮਿੰਟਨ ਦੀ ਘਰਾਂ ਦੀ ਮਾਰਕਿਟ ਬਰਫ਼ਬਾਰੀ ਦੀ ਲਪੇਟ ਵਿੱਚ ਰਹੀ ਅਤੇ ਘਰਾਂ ਦੀ ਵਿਕਰੀ ਵਿੱਚ 28 ਪ੍ਰਤੀਸ਼ਤ ਦੀ ਕਮੀ ਦੇਖਣ ਨੂੰ ਮਿਲੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਵਿੱਖ ਨੂੰ ਲੈ ਕੇ ਬਹੁਤ ਜ਼ਿਆਦਾ ਚਿੰਤਾ ਦੀ ਜਰੂਰਤ ਨਹੀਂ ਹੈ ਕਿਉਂਕਿ ਤੱਥਾਂ ਮੁਤਾਬਿਕ ਪਿਛਲੇ ਸਾਲ ਇਹਨਾਂ ਹੀ ਦਿਨਾਂ ਦੇ ਮੁਕਾਬਲੇ ਵਿੱਚ ਘਰਾਂ ਦੀ ਵਿਕਰੀ ਵਿੱਚ 16 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਜਿਸ ਤੋਂ ਸਾਫ਼ ਹੁੰਦਾ ਸੀ ਕਿ ਐਡਮਿੰਟਨ ਦੀ ਆਰਥਿਕਤਾ ਮਜ਼ਬੂਤ ਹੋ ਰਹੀ ਹੈ। ਵਿਕਰੀ ਘੱਟ ਹੋਣ ਦੇ ਜਿਹੜੇ ਮੁੱਖ ਕਾਰਣ ਦੱਸੇ ਗਏ ਹਨ ਉਹਨਾਂ ਵਿੱਚ ਮੁੱਖ ਤੌਰ ’ਤੇ ਖਰਾਬ ਮੌਸਮ ਅਤੇ ਮੌਰਗੇਜ਼ ਦੇ ਸਖ਼ਤ ਨਿਯਮ ਹਨ। ਕੰਪਨੀ ਦੇ ਮਾਹਿਰ ਦਾ ਕਹਿਣਾ ਹੈ ਕਿ ਸਾਨੂੰ ਉਮੀਦ ਹੈ ਕਿ ਇਸ ਸਾਲ ਦੀ ਦੂਜੀ ਤਿਮਾਹੀ ਘਰਾਂ ਦੀ ਵਿਕਰੀ ਵਿੱਚ ਕਮੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਡਵੈਪਲਰ ਵਿਕਰੀ ਨੂੰ ਵਧਾਉਣ ਲਈ ਕਈ ਤਰ੍ਹਾਂ ਦੇ ਹਰ ਇਕ ਕੋਸ਼ਿਸ਼ ਕਰ ਰਹੇ ਹਨ ਤੇ ਲੁਭਾਵਣੀਆਂ ਛੋਟਾਂ ਦੇ ਰਹੇ ਹਨ। ਇਸ ਤੋਂ ਇਲਾਵਾ ਕੀਮਤਾਂ ਦੀ ਸੂਚੀ ਵਿੱਚ ਵੀ ਥੋੜਾ ਬਹੁਤ ਫੇਰ ਬਦਲ ਕੀਤਾ ਗਿਆ ਹੈ। ਇਸਦੇ ਉਲਟ ਆਫ਼ਿਸ ਮਾਰਕੀਟਿੰਗ ਵਿੱਚ ਉਮੀਦ ਤੋਂ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। 2017 ਦੇ ਸ਼ੁਰੂ ਤੋਂ ਆਏ ਮੰਦਵਾੜੇ ਤੋਂ ਬਾਅਦ ਆਫ਼ਿਸ ਮਾਰਕੀਟ ਲਗਾਤਾਰ ਉੱਪਰ ਉੱਠਦੀ ਜਾ ਰਹੀ ਹੈ।

ਵਿਸ਼ਵ ਪੁਸਤਕ ਦਿਵਸ ’ਤੇ ਵਿਸ਼ੇਸ਼

# ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕੈਲਗਰੀ ਨੇ 6ਵਾਂ ਦੋ ਦਿਨਾ ਪੁਸਤਕ ਮੇਲਾ ਲਗਾਇਆ

**ਕੈਲਗਰੀ (ਨਦਬ) :** ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ 6ਵਾਂ ਦੋ ਦਿਨਾ ਪੁਸਤਕ ਮੇਲਾ ਸਫ਼ਲਤਾਪੂਰਵਕ ਸੰਪੰਨ ਹੋਇਆ। ਇਥੇ ਦੇ ਭੁੱਲਰ ਪਲਾਜ਼ਾ (ਗ੍ਰੀਨ ਪਲਾਜ਼ਾ) ਬੈਲ ਕਨੈਕਸ਼ਨ ਦੇ ਅੱਗੇ ਬਰਾਂਡੇ ’ਚ ਲਵਲੀ ਸਵੀਟਸ ਅਤੇ ਢਿਲੋਂ ਫੈਸ਼ਨ ਦੇ ਗੁਆਂਢ ’ਚ 21 ਅਤੇ 22 ਅਪ੍ਰੈਲ ਨੂੰ ਦੋ ਦਿਨਾ ਪੁਸਤਕ ਮੇਲਾ ਲਾਇਆ ਗਿਆ।

ਪਹਿਲੇ ਦਿਨ ਸਵੇਰੇ 10:30 ਵਜੇ ਨੌਜਵਾਨ ਰੁਪਿੰਦਰਪਾਲ ਪੰਧੇਰ, ਜੋ ਪੁਸਤਕਾਂ ਨਾਲ ਡੂੰਘੀ ਤਰ੍ਹਾ ਜੁੜ ਚੁਕੇ ਹਨ, ਨੇ ਰਸਮੀ ਉਦਘਾਟਨ ਕਰ ਕੇ ਪੁਸਤਕ ਮੇਲੇ ਦੀ ਸ਼ੁਰੂਆਤ ਕੀਤੀ। ਮਰਦਾਂ, ਔਰਤਾਂ ਅਤੇ ਨੌਜਵਾਨ ਬੱਚੇ-ਬੱਚੀਆਂ ਨੂੰ ਸੰਬੋਧਨ ਕਰਦਿਆਂ ਲਾਇਬ੍ਰੇਰੀ ਦੇ ਸੰਚਾਲਕ ਮਾ. ਭਜਨ ਨੇ ਘਰ-ਘਰ ਵਿਚ ਲਾਇਬ੍ਰੇਰੀ ਖੋਲ੍ਹਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇ ਬੱਚਿਆਂ ਨੂੰ ਨਸ਼ਿਆਂ ਆਦਿ ਦੀਆਂ ਅਲਾਮਤਾਂ ਤੋਂ ਬਚਾਉਣਾ ਹੈ ਤਾਂ ਚੰਗੀਆਂ ਕਿਤਾਬਾਂ ਨਾਲ ਜੋੜਨਾ ਬਹੁਤ ਹੀ ਜ਼ਰੂਰੀ ਹੈ।

ਇਸ ਮੇਲੇ ਦੀ ਸਭ ਤੋਂ ਤਸੱਲੀ ਵਾਲੀ ਗੱਲ ਇਹ ਰਹੀ ਕਿ ਪੁਸਤਕ ਪ੍ਰੇਮੀਆਂ ਨੇ ਪਹਿਲਾਂ ਦੇ ਮੁਕਾਬਲੇ ਵਧੇਰੇ ਦਿਲਚਸਪੀ ਵਿਖਾਈ। ਇਸ ਵਾਰੀ ਬਹੁਤ ਸਾਰੇ ਨਵੇਂ ਨੌਜਵਾਨ ਬੱਚੇ-ਬੱਚੀਆਂ ਨੇ ਵੀ ਕਿਤਾਬਾਂ ਖਰੀਦੀਆਂ। ਉਸਾਰੂ ਸਾਹਿਤ ਅਤੇ ਇਨਕਲਾਬੀ ਕਿਤਾਬਾਂ ਵਿਚ ਪਾਠਕਾਂ ਨੇ ਵਧੇਰੇ ਦਿਲਚਸਪੀ ਵਿਖਾਈ। ਹਮੇਸ਼ਾ ਦੀ ਤਰ੍ਹਾਂ ਮੀਡੀਆ ਨੇ ਵੀ ਕਾਫੀ ਸਹਿਯੋਗ ਦਿਤਾ। ਸ਼ਹੀਦ ਭਗਤ ਸਿੰਘ ਲਾਈਬ੍ਰੇਰੀ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਅਗਲਾ ਸਤਵਾਂ ਪੁਸਤਕ ਮੇਲਾ ਜੁਲਾਈ ’ਚ ਲਾਇਆ ਜਾਵੇਗਾ।

Emergency Service 24x7
Free Estimate with Treatment
GOLDEN ARROW PEST CONTROL INC.



CALL @ 780-462-6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com



Sweet and Sassy
Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments ravpreetsandhu@gmail.com

ਨਵੀਂ ਦੁਨੀਆ

# ਪਵਿੱਤਰ ਧਾਲੀਵਾਲ ਦੀ ਪੁਸਤਕ 'ਸਮੇਂ ਦਾ ਰਾਗ' ਲੋਕ ਅਰਪਣ

**ਐਡਮਿੰਟਨ (ਨਦਬ) :** ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਵਲੋਂ ਕਵੀ ਪਵਿੱਤਰ ਧਾਲੀਵਾਲ ਦੀ ਪੁਸਤਕ 'ਸਮੇਂ ਦਾ ਰਾਗ' ਇਥੇ ਪੀ.ਸੀ.ਏ. ਹਾਲ ਵਿਚ ਆਯੋਜਿਤ ਪ੍ਰੋਗਰਾਮ ਦੌਰਾਨ ਐਡਮਿੰਟਨ ਵਾਸੀਆਂ ਦੀ ਭਰਵੀਂ ਸ਼ਮੂਲੀਅਤ ਦੌਰਾਨ ਲੋਕ ਅਰਪਣ ਕੀਤੀ ਗਈ।

ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਪ੍ਰਿਥਵੀਰਾਜ ਕਾਲੀਆ, ਡਾ. ਰਾਜ ਪੰਨੂੰ, ਪਵਿੱਤਰ ਧਾਲੀਵਾਲ ਨੇ ਸਾਂਝੇ ਰੂਪ ਵਿਚ ਕੀਤੀ ਅਤੇ ਕੇਂਦਰੀ ਲਿਖਾਰੀ ਸਭਾ ਸਰੀ ਦੇ ਸਕੱਤਰ ਪ੍ਰਿਤਪਾਲ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਚਰਚਾ ਵਿਚ ਹਿੱਸਾ ਲੈਂਦਿਆਂ ਪਰਮਿੰਦਰ ਧਾਲੀਵਾਲ, ਨਵਤੇਜ ਬੈਂਸ, ਪਰਮਜੀਤ ਗਿੱਲ, ਲਾਟ ਭਿੰਡਰ, ਹਰਜੀਤ ਸੰਧੂ, ਪਰਮਜੀਤ ਗਿੱਲ, ਜਗਵਿੰਦਰ ਸਿੱਧੂ, ਉਪਿੰਦਰ ਮਠਾਰੂ, ਸਤਿੰਦਰ ਕਲਸ ਨੇ ਪਵਿੱਤਰ ਧਾਲੀਵਾਲ ਨਾਲ ਆਪਣੀਆਂ ਨਿੱਜੀ ਸਾਂਝਾ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਕਿਤਾਬ ਵਿਚ ਵੱਖ-ਵੱਖ ਸਮਾਜਿਕ ਸਰੋਕਾਰਾਂ ਨੂੰ ਸੰਬੋਧਨ ਕਵਿਤਾਵਾਂ ਹਨ।



ਡਾ. ਪ੍ਰਿਥਵੀਰਾਜ ਕਾਲੀਆ ਨੇ ਕਿਹਾ ਕਿ ਪਵਿੱਤਰ ਧਾਲੀਵਾਲ ਸਾਡਾ ਸੰਸਥਾ ਦਾ ਮੁਢਲਾ ਮੈਂਬਰ ਹੈ ਅਤੇ ਸਾਨੂੰ ਉਸ ਦੀ ਇਸ ਕਿਤਾਬ ਦੀ ਆਮਦ 'ਤੇ ਬਹੁਤ ਹੀ ਖੁਸ਼ੀ ਹੈ। ਉਨ੍ਹਾਂ ਕਿਹਾ ਕਿ ਪਵਿੱਤਰ ਧਾਲੀਵਾਲ ਇਕ ਸੰਭਾਵਨਾ ਭਰਪੂਰ ਕਵੀ ਹੈ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਰਾਜ ਪੰਨੂੰ ਨੇ ਪਵਿੱਤਰ ਧਾਲੀਵਾਲ ਨੂੰ ਉਨ੍ਹਾਂ ਪਲੇਠੀ ਕਿਤਾਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਨਵੀਂ ਪੀੜੀ ਦੇ ਸ਼ਾਇਰਾਂ ਨੂੰ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਨੌਜਵਾਨ ਸ਼ਾਇਰਾ ਰੂਪੀ ਕੌਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਨੇ ਕਵਿਤਾ ਦੇ ਜ਼ਰੀਏ ਕੈਨੇਡੀਅਨ ਸਾਹਿਤਕ ਖੇਤਰ ਵਿਚ ਵਿਸ਼ੇਸ਼ ਥਾਂ ਬਣਾਈ ਹੈ।

ਪ੍ਰੋਗਰਾਮ 'ਚ ਪਹੁੰਚੇ ਲੋਕਾਂ ਦਾ ਧੰਨਵਾਦ ਕਰਦਿਆਂ ਪਵਿੱਤਰ ਧਾਲੀਵਾਲ ਨੇ ਕਿਤਾਬ ਵਿਚੋਂ ਕੁੱਝ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰੋਗਰਾਮ ਦੌਰਾਨ ਲਾਡੀ ਮੁਸਾਵਾਲਾ, ਬੀਬੀ ਜਰਨੈਲ ਕੌਰ ਧਾਲੀਵਾਲ, ਪ੍ਰਿਤਪਾਲ ਗਿੱਲ, ਲਾਟ ਭਿੰਡਰ, ਮਹਿੰਦਰ ਸਿੰਘ ਭੁੱਲਰ, ਭੁਪਿੰਦਰ ਸਿੰਘ ਰੰਧਾਵਾ, ਦਰਸ਼ਲ ਭੰਡਾਲ, ਪਰਮਿੰਦਰ ਧਾਲੀਵਾਲ, ਵੀਨਾ ਸ਼ਰਮਾ, ਗੁਰਤੇਜ ਅਤੇ ਡਾ. ਪ੍ਰਿਥਵੀਰਾਜ ਕਾਲੀਆ ਨੇ ਆਪਣੀਆਂ ਕਵਿਤਾਵਾਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਵਾਹ-ਵਾਹੀ ਖੱਟੀ।

ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੇ ਫਰਜ ਮੇਪਲ ਲੀਫ ਰਾਈਟਰਜ਼ ਫਾਊਂਡੇਸ਼ਨ ਦੇ ਸਕੱਤਰ ਦਲਵੀਰ ਸਿੰਘ ਸਾਂਗਿਆਣ ਨੇ ਬਾਖੂਬੀ ਨਿਭਾਏ। ਕਿਤਾਬ 'ਸਮੇਂ ਦਾ ਰਾਗ' 'ਨਵੀਂ ਦੁਨੀਆ' ਪ੍ਰਕਾਸ਼ਨ ਵਲੋਂ ਪ੍ਰਕਾਸ਼ਤ 10ਵੀਂ ਕਿਤਾਬ ਹੈ।

# ਕਨੇਡਾ ਉਤਰੀ ਕੋਰੀਆ ਉਪਰ ਪਾਬੰਦੀਆਂ ਦੀ ਰਾਖੀ ਕਰੇਗਾ

**ਓਟਵਾ (ਨਦਬ) :** ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ਵਲੋਂ ਉੱਤਰੀ ਕੋਰੀਆ ਉਪਰ ਪਾਬੰਦੀਆਂ ਨੂੰ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਚ ਹੁਣ ਅਮਰੀਕਾ, ਯੂਨਾਈਟਿਡ ਕਿੰਗਡਮ ਤੇ ਆਸਟਰੇਲੀਆ ਦੇ ਨਾਲ ਨਾਲ ਹੁਣ ਕੈਨੇਡਾ ਵੀ ਸ਼ਾਮਲ ਹੋਵੇਗਾ।

ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਜਾਰੀ ਬਿਆਨ ਵਿੱਚ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਇਹ ਤਹੱਈਆ ਪ੍ਰਗਟਾਇਆ ਕਿ ਕੈਨੇਡਾ ਉੱਤਰੀ ਕੋਰੀਆ ਖਿਲਾਫ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ਵੱਲੋਂ ਲਾਈਆਂ ਪਾਬੰਦੀਆਂ ਦੀ ਹਮਾਇਤ ਕਰਦਾ ਹੈ। ਬਿਆਨ ਅਨੁਸਾਰ ਇਸ ਸਮਰਥਨ ਵਿੱਚ ਮੈਰੀਟਾਈਮ ਪੈਟਰੋਲ ਏਅਰਕ੍ਰਾਫਟ ਮੁਹੱਈਆ ਕਰਵਾਉਣਾ ਤੇ ਅੰਦਾਜ਼ਨ 40 ਕਰਮਚਾਰੀ ਮਦਦ ਲਈ ਇਲਾਕੇ ਵਿੱਚ ਦੇਣਾ ਤੈਅ ਹੋਇਆ ਤਾਂ ਕਿ ਉੱਤਰੀ ਕੋਰੀਆ ਉੱਤੇ ਯੂਐਨਐਸਸੀ ਪਾਬੰਦੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਵਾਇਆ ਜਾ ਸਕੇ।




ਕੈਨੇਡੀਅਨ ਆਰਮਡ ਫੋਰਸਿਜ਼ ਕ੍ਰਾਫਟ, ਜਿਹੜਾ ਜਪਾਨ ਵਿੱਚ ਫੌਜ ਦੇ ਕੈਡੇਨਾ ਹਵਾਈ ਟਿਕਾਣੇ ਉਤੇ ਰਹੇਗਾ, ਵੀ ਅਮਰੀਕੀ, ਜਪਾਨੀ ਤੇ ਬ੍ਰਿਟਿਸ਼ ਹਵਾਈ ਤੇ ਸਮੁੰਦਰੀ ਕ੍ਰਾਫਟਸ ਸੈਨਾਂ ਵਿੱਚ ਸ਼ਾਮਲ ਹੋ ਗਿਆ ਹੈ।

ਸਾਲ 2006 ਤੋਂ ਹੀ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ, ਉੱਤਰੀ ਕੋਰੀਆ ਦੇ ਪ੍ਰਮਾਣੂ ਪ੍ਰੋਗਰਾਮ ਰੋਕਣ ਲਈ ਉਸ ਉਪਰ ਸਖਤ ਪਾਬੰਦੀਆਂ ਲਾਉਂਦਾ ਆ ਰਿਹਾ ਹੈ।

# ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੀ ਨਵੀਂ ਕਾਰਜਕਾਰਨੀ ਦੀ ਸਰਬਸੰਮਤੀ ਨਾਲ ਹੋਈ ਚੋਣ



## ਡਾ. ਪ੍ਰਿਥਵੀਰਾਜ ਕਾਲੀਆ ਪ੍ਰਧਾਨ ਅਤੇ ਕਿਰਤਮੀਤ ਕੁਹਾੜ ਮੁੱਖ ਸਕੱਤਰ ਬਣੇ

**ਐਡਮਿੰਟਨ (ਨਦਬ) :** ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੀ ਜਨਰਲ ਮੀਟਿੰਗ ਡਾ. ਪ੍ਰਿਥਵੀ ਰਾਜ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਦੇ ਫ਼ੈਸਲੇ ਪ੍ਰੈੱਸ ਨੂੰ ਸਾਂਝੇ ਕਰਦਿਆਂ ਫਾਊਂਡੇਸ਼ਨ ਦੇ ਸਕੱਤਰ ਕਿਰਤਮੀਤ ਸਿੰਘ ਕੋਹਾੜ ਨੇ ਦਸਿਆ ਕਿ ਮੀਟਿੰਗ ਦੌਰਾਨ ਪਿਛਲੇ ਦੋ ਸਾਲਾਂ ਦੇ ਕੰਮਾਂ ਉੱਪਰ ਤਸੱਲੀ ਪ੍ਰਗਟ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਵਿਚ ਮਹਾਨ ਫਿਲਾਸਫ਼ਰ ਕਾਰਲ ਮਾਰਕਸ ਦੇ 200ਵੇਂ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ ਅਤੇ ਉੱਘੇ ਪ੍ਰਗਤੀਸ਼ੀਲ ਸ਼ਾਇਰ ਬਾਬਾ ਨਜ਼ਮੀ ਦਾ ਪ੍ਰੋਗਰਾਮ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੌਰਾਨ ਫਾਊਂਡੇਸ਼ਨ ਦੀ ਅਗਲੇ ਦੋ ਸਾਲਾਂ ਲਈ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ 'ਚ ਪ੍ਰਧਾਨ ਡਾ. ਪ੍ਰਿਥਵੀਰਾਜ ਕਾਲੀਆ, ਮੀਤ ਪ੍ਰਧਾਨ ਬਖਸ਼ ਸੰਘਾ, ਮਹਿੰਦਰ ਸਿੰਘ ਸੰਧੂ, ਜਨਰਲ ਸਕੱਤਰ ਕਿਰਤਮੀਤ ਕੋਹਾੜ, ਸਕੱਤਰ ਸੁਰਿੰਦਰ ਦਿਉਲ, ਖ਼ਜ਼ਾਨਚੀ ਜੋਗਿੰਦਰ ਰੰਧਾਵਾ ਅਤੇ ਡਾਇਰੈਕਟਰ ਦਲਬੀਰ ਸਾਂਗਿਆਣ, ਕਸ਼ਮੀਰਾ ਬਦੇਸ਼ਾ, ਨਵਤੇਜ ਬੈਂਸ, ਗੁਰਚਨ ਬਰਾੜ, ਹਰਚੰਦ ਗਰੇਵਾਲ, ਰਵਿੰਦਰ ਸਰਾ ਅਤੇ ਜਸਵੀਰ ਦਿਉਲ ਚੁਣੇ ਗਏ।

# ਪ੍ਰੀਮੀਅਰ ਰੇਚਲ ਨੋਟਲੇ ਵਲੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ

**ਐਡਮਿੰਟਨ (ਨਦਬ) :** ਪ੍ਰੀਮੀਅਰ ਰੇਚਲ ਨੋਟਲੇ ਵਲੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮਿਲਣੀ ਦਾ ਆਯੋਜਨ ਗਵਰਨਮੈਂਟ ਹਾਊਸ ਐਡਮਿੰਟਨ ਵਿਖੇ ਕੀਤਾ ਗਿਆ। ਇਸ 'ਚ ਗੁਰੂਘਰ ਕਮੇਟੀਆਂ, ਸਿੱਖ ਸੰਸਥਾਵਾਂ, ਮਿਲਵੁਡਜ਼ ਸੀਨੀਅਰ ਸੁਸਾਇਟੀ ਦੇ ਪ੍ਰਤੀਨਿਧਾਂ ਸਮੇਤ ਸਿੱਖ ਭਾਈਚਾਰਿਆਂ ਦੇ ਮੈਂਬਰਾਂ ਨੇ ਹਿੱਸਾ ਲਿਆ।

ਮੀਟਿੰਗ 'ਚ ਬੁਲਾਰਿਆਂ ਨੇ ਸਿੱਖ ਭਾਈਚਾਰੇ ਵਲੋਂ ਸਮਾਜਿਕ ਕੰਮਾਂ 'ਚ ਪਾਏ ਜਾ ਰਹੇ ਯੋਗਦਾਨ ਅਤੇ ਘੱਟਗਿਣਤੀ ਭਾਈਚਾਰੇ ਨਾਲ ਸਬੰਧਤ ਸਮੱਸਿਆਵਾਂ ਦੀ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਨੋਟਲੇ ਨੇ ਕਿਹਾ ਕਿ ਅਲਬਰਟਾ ਦੀ ਐਨ.ਡੀ.ਪੀ. ਸਰਕਾਰ ਨਸਲੀ ਵਿਤਕਰੇ ਦੀ ਸਖ਼ਤ ਵਿਰੋਧੀ ਹੈ ਅਤੇ ਅਸੀ ਸੂਬੇ ਦੀ ਵਿਭਿੰਨਤਾ ਅਤੇ ਖੁਸ਼ਹਾਲੀ ਲਈ ਲਗਾਤਾਰ ਕੰਮ ਕਰਦੇ ਰਹਾਂਗੇ।

ਉਨ੍ਹਾਂ ਸਿੱਖ ਭਾਈਚਾਰੇ ਵਲੋਂ ਸਮਾਜ ਵਿਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਲਬਰਟਾ ਸਰਕਾਰ ਟਰਾਂਸਮਾਊਂਟਨ ਪਾਈਪਲਾਈਨ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਭਾਈਚਾਰੇ ਨੂੰ ਅਲਬਰਟਾ ਕੈਨੇਡਾ ਦੀ



ਆਰਥਿਕਤਾ ਮਜ਼ਬੂਤ ਬਣਾਉਣ ਲਈ ਕੈਨੇਡਾ ਵਿਚ ਵਸਦੇ ਆਪਣੇ ਸੰਗੀਆਂ ਅਤੇ ਰਿਸ਼ਤੇਦਾਰਾਂ ਨਾਲ ਪਾਈਪਲਾਈਨ ਦੇ ਨਾਲ ਹੋਣ ਵਾਲੇ ਫ਼ਾਇਦਿਆਂ ਨੂੰ ਸਾਂਝੇ ਕਰਨ ਅਤੇ ਪ੍ਰਾਜੈਕਟ ਲਈ ਮਦਦ ਜੁਟਾਉਣ ਦੀ ਅਪੀਲ ਕੀਤੀ।

ਇਸ ਸਮੇਂ ਪ੍ਰੀਮੀਅਰ ਰੇਚਲ ਨੋਟਲੇ ਨਾਲ ਵਿਧਾਇਕ ਰੋਡ ਲੋਇਲਾ, ਕ੍ਰਿਸਟੀਨਾ ਗਰੇਅ, ਡਿਨੀਸ ਵੂਲਰਡ, ਹੈਦਰ ਸਵੀਟ ਅਤੇ ਕਰਿਸ ਨੀਲਸਨ ਆਦਿ ਮੌਜੂਦ ਸਨ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਮਨਪ੍ਰੀਤ ਤੇ ਸਿੱਧੂ ਦਾ ਜਵਾਬ ਬਿਕਰਮ ਦਊਗਾ...



ਅਕਾਲੀ ਆਗੂਆਂ ਦੇ ਮਨ 'ਚ ਕਾਂਗਰਸੀ ਆਗੂਆਂ ਪ੍ਰਤੀ ਖਟਾਸ ਕੁੱਟ-ਕੁੱਟ ਕੇ ਭਰੀ ਹੈ। ਖਾਸ ਕਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸੈਰ-ਸਪਾਟਾ ਮੰਤਰੀ ਨਵਜੋਤ ਸਿੰਘ ਲਈ। ਇਥੇ ਤੱਕ ਕਿ ਹੁਣ ਪ੍ਰੈਸ ਕਾਨਫ਼ਰੰਸਾਂ 'ਚ ਗੱਲਬਾਤ ਦੌਰਾਨ ਅਕਾਲੀ ਨੇਤਾ ਕਿਸੇ ਨਾ ਕਿਸੇ ਗੱਲ 'ਤੇ ਇਨ੍ਹਾਂ ਕਾਂਗਰਸੀ ਆਗੂਆਂ 'ਤੇ ਨਿਸ਼ਾਨਾ ਸਾਧਦੇ ਰਹਿੰਦੇ ਹਨ। ਪਿਛਲੇ ਦਿਨੀਂ ਐਜੂਕੇਸ਼ਨ ਬੋਰਡ ਦੀ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਤੋਂ ਸਿੱਖ ਇਤਿਹਾਸ 'ਤੇ ਛਿੜੇ ਵਿਵਾਦ ਲਈ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰੈਸ ਕਾਨਫ਼ਰੰਸ ਕੀਤੀ ਤਾਂ ਕਿਤਾਬਾਂ 'ਚ ਅਬਦਾਲੀ ਦੀ ਤਸਵੀਰ ਲਗਾਉਣ ਦੇ ਮਾਮਲੇ 'ਤੇ ਪਿੱਛੇ ਬੈਠੇ ਅਕਾਲੀ ਆਗੂ ਬੋਲੇ ਕਿ ਇਹ ਮਨਪ੍ਰੀਤ ਨੇ ਲਗਵਾਈ ਹੋਵੇਗੀ। ਇਸੇ ਦੌਰਾਨ ਜਦੋਂ ਨਵਜੋਤ ਸਿੰਘ ਸਿੱਧੂ ਬਾਰੇ ਕੋਈ ਗੱਲ ਹੋਈ ਤਾਂ ਸੁਖਬੀਰ ਦੂਜੇ ਅਕਾਲੀ ਆਗੂਆਂ ਨੂੰ ਹੱਸ ਕੇ ਬੋਲ ਪਏ ਕਿ ਮਨਪ੍ਰੀਤ ਅਤੇ ਸਿੱਧੂ ਦਾ ਜਵਾਬ ਬਿਕਰਮ ਦਊਗਾ...।

### ਐਸ.ਐਚ.ਓ. ਵਿਰੁੱਧ ਅਫ਼ਸਰਾਂ ਨੇ ਚੁੱਪੀ ਧਾਰੀ

ਸ਼ਾਹਕੋਟ ਉਪ ਚੋਣ 'ਚ ਕਾਂਗਰਸ ਦੇ ਉਮੀਦਵਾਰ ਲਾਡੀ ਵਿਰੁੱਧ ਨਾਜਾਇਜ਼ ਮਾਈਨਿੰਗ ਦਾ ਮਾਮਲਾ ਦਰਜ ਕਰਨ ਵਾਲੇ ਐਸ.ਐਚ.ਓ. ਪਰਮਿੰਦਰ ਸਿੰਘ ਬਾਜਵਾ ਵਿਰੁੱਧ ਵੱਡੇ ਪੁਲਿਸ ਅਧਿਕਾਰੀ ਚਾਹ ਕੇ ਵੀ ਕੁੱਝ ਬੋਲ ਨਹੀਂ ਰਹੇ। ਇਥੇ ਤੱਕ ਕਿ ਬਾਜਵਾ ਦਾ ਅਸਤੀਫ਼ਾ ਤਕ ਮਨਜ਼ੂਰ ਨਹੀਂ ਕੀਤਾ ਗਿਆ। ਹਾਲਾਂਕਿ ਉਨ੍ਹਾਂ ਨੂੰ ਲੰਮੀ ਛੁੱਟੀ 'ਤੇ ਭੇਜ ਦਿਤਾ ਗਿਆ ਹੈ। ਇਹ ਸਭ ਇਸ ਲਈ ਕਿਉਂਕਿ ਇਕ ਤਾਂ ਬਾਜਵਾ ਦੀ ਤੈਨਾਤੀ ਚੋਣ ਕਮਿਸ਼ਨ ਨੇ ਕੀਤੀ ਹੈ ਅਤੇ ਕਮਿਸ਼ਨ ਨੇ ਹੀ ਇਸ ਮਾਮਲੇ 'ਚ 24 ਘੰਟੇ ਵਿਚ ਜਾਂਚ ਕਰ ਕੇ ਰੀਪੋਰਟ ਦੇਣ ਦੇ ਹੁਕਮ ਜਾਰੀ ਕੀਤੇ ਸਨ। ਦੂਜਾ ਇਹ ਮਾਮਲਾ ਪੁਲਿਸ ਵਲੋਂ ਹੀ ਦਰਜ ਕੀਤਾ ਗਿਆ ਹੈ। ਅਜਿਹੇ 'ਚ ਪੁਲਿਸ ਅਧਿਕਾਰੀ ਨਹੀਂ ਕਹਿ ਸਕਦੇ ਕਿ ਪੁਲਿਸ ਨੇ ਝੂਠਾ ਮਾਮਲਾ ਦਰਜ ਕੀਤਾ। ਇਸੇ ਲਈ ਐਫ.ਆਈ.ਆਰ. ਰੱਦ ਕਰਨ ਦੇ ਰਾਜਨੀਤਕ ਦਬਾਅ ਦੇ ਬਾਵਜੂਦ ਪੁਲਿਸ ਅਧਿਕਾਰੀ ਸਿਰਫ਼ ਜਾਂਚ ਕਰਨ ਦੀ ਗੱਲ ਕਹਿ ਕੇ ਪੱਲਾ ਝਾੜ ਰਹੇ ਹਨ।



### 'ਆਪ' ਨੇ ਭਗਵੰਤ ਮਾਨ ਨੂੰ ਬਣਾਇਆ ਜ਼ਬਰਦਸਤੀ ਦਾ ਪ੍ਰਧਾਨ



'ਆਪ' ਦੇ ਸੁਪ੍ਰੀਮੋ ਅਰਵਿੰਦ ਕੇਜਰੀਵਾਲ ਵਲੋਂ ਮਾਣਹਾਨੀ ਮਾਮਲੇ 'ਚ ਬਿਕਰਮ ਮਜੀਠੀਆ ਤੋਂ ਮਾਫ਼ੀ ਮੰਗਣ ਤੋਂ ਨਾਰਾਜ਼ ਭਗਵੰਤ ਮਾਨ ਨੂੰ ਪਾਰਟੀ ਨੇ ਜ਼ਬਰਦਸਤੀ ਦਾ ਪੰਜਾਬ ਪ੍ਰਧਾਨ ਬਣਾ ਦਿਤਾ ਹੈ। ਹਾਲਾਂਕਿ ਮਾਨ ਅਸਤੀਫ਼ਾ ਦੇ ਚੁੱਕੇ ਹਨ, ਪਰ ਪਿਛਲੇ ਦਿਨੀਂ ਪੰਜਾਬ ਆਏ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਨਹੀਂ ਕੀਤਾ ਗਿਆ ਹੈ ਅਤੇ ਭਗਵੰਤ ਮਾਨ ਹੀ ਪਾਰਟੀ ਦੇ ਪੰਜਾਬ ਪ੍ਰਧਾਨ ਹਨ। ਅਸਲ 'ਚ ਪਾਰਟੀ ਨੂੰ ਭਗਵੰਤ ਮਾਨ ਦੇ ਬਰਾਬਰ ਦਾ ਕੋਈ ਹੋਰ ਆਗੂ ਨਹੀਂ ਮਿਲਿਆ, ਜਿਸ ਨੂੰ ਪਾਰਟੀ ਦਾ ਪੰਜਾਬ ਪ੍ਰਧਾਨ ਬਣਾਇਆ ਜਾ ਸਕੇ। ਅਜਿਹੇ 'ਚ ਸ਼ਾਹਕੋਟ ਉਹ ਚੋਣਾਂ ਕਾਰਨ ਪਾਰਟੀ ਭਗਵੰਤ ਮਾਨ ਨੂੰ ਲਗਭਗ ਡੇਢ ਮਹੀਨੇ ਦੀ ਛੁੱਟੀ 'ਤੇ ਭੇਜ ਕੇ ਪੰਜਾਬ ਪ੍ਰਧਾਨ ਵਜੋਂ ਉਨ੍ਹਾਂ ਦੇ ਨਾਂ ਦੀ ਵਰਤੋਂ ਕਰ ਰਹੀ ਹੈ। ਇਸ ਬਾਰੇ ਭਗਵੰਤ ਮਾਨ ਨੇ ਚੁੱਪੀ ਸਾਧੀ ਹੋਈ ਹੈ।

### ਪਸੰਦੀਦਾ ਮੰਤਰੀ ਨਾਲ ਕੰਮ ਕਰਨ ਦੀ ਭੱਜਦੌੜ

ਮੰਤਰੀ ਮੰਡਲ ਵਿਸਤਾਰ ਤੋਂ ਬਾਅਦ ਜਿਥੇ ਪੰਜਾਬ ਸਰਕਾਰ ਨੇ 9 ਨਵੇਂ ਮੰਤਰੀ ਬਣਾਏ ਹਨ, ਉਥੇ ਹੀ ਇਨ੍ਹਾਂ ਮੰਤਰੀਆਂ ਨਾਲ ਜੁੜਨ ਲਈ ਮਿਨਿਸਟ੍ਰੀਅਲ ਸਟਾਫ਼ 'ਚ ਵੀ ਭੱਜਦੌੜ ਸ਼ੁਰੂ ਹੋ ਗਈ ਹੈ। ਮਿਨਿਸਟ੍ਰੀਅਲ ਸਟਾਫ਼ ਦੇ ਮੈਂਬਰ ਅਪਣੇ ਮਨਪਸੰਦ ਦੇ ਮੰਤਰੀ ਨਾਲ ਜੁੜਨ ਲਈ ਸਿਫ਼ਾਰਸ਼ਾਂ ਲਗਾਉਣ 'ਚ ਜੁੱਟ ਗਏ ਹਨ। ਇਨ੍ਹਾਂ 'ਚ ਕਈ ਸਟਾਫ਼ ਮੈਂਬਰ ਅਪਣੇ ਪਸੰਦੀਦਾ ਵਿਭਾਗ ਕਾਰਨ ਉਸ ਵਿਭਾਗ ਦੇ ਮੰਤਰੀ ਨਾਲ ਕੰਮ ਕਰਨਾ ਚਾਹੁੰਦੇ ਹਨ। ਕਈ ਵਿਭਾਗ ਅਜਿਹੇ ਹਨ, ਜੋ ਵੱਡੇ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਵਿਭਾਗਾਂ ਦੇ ਮੰਤਰੀਆਂ ਨਾਲ ਕੰਮ ਕਰਨ ਵਾਲਾ ਮਿਨਿਸਟ੍ਰੀਅਲ ਸਟਾਫ਼ ਵੀ ਮਾਣ ਮਹਿਸੂਸ ਕਰਦਾ ਹੈ। ਇਸ ਤੋਂ ਇਲਾਵਾ ਅਜਿਹੇ ਵਿਭਾਗਾਂ ਦੇ ਮੰਤਰੀਆਂ ਨਾਲ ਕੰਮ ਕਰਨ ਵਾਲੇ ਸਟਾਫ਼ ਦੀ ਪੁੱਛ ਵੀ ਵੱਧ ਹੁੰਦੀ ਹੈ। ਇਸੇ ਕਾਰਨ ਮਿਨਿਸਟ੍ਰੀਅਲ ਸਟਾਫ਼ ਦੇ ਮੈਂਬਰ ਪਸੰਦੀਦਾ ਮੰਤਰੀ ਨਾਲ ਕੰਮ ਕਰਨ ਦੀ ਕੋਸ਼ਿਸ਼ 'ਚ ਜੁਟੇ ਹੋਏ ਹਨ।

### ਜਨਾਬ ਕਦੇ ਕਦੇ ਇਨਸਾਫ਼ ਵੀ ਕਰਨਾ ਪੈਂਦੈ

ਪੰਜਾਬ ਪੁਲੀਸ ਵੱਲੋਂ ਕਾਂਗਰਸ ਦੇ ਇੱਕ ਪ੍ਰਭਾਵਸ਼ਾਲੀ ਨੇਤਾ ਦੇ ਪਰਿਵਾਰਕ ਮੈਂਬਰ ਦੀ ਗ੍ਰਿਫ਼ਤਾਰੀ ਨੇ ਇਨਸਾਫ਼ ਦੇ ਤਕਾਜ਼ੇ ਦਾ ਨਵਾਂ ਰੰਗ ਸਾਹਮਣੇ ਲਿਆਂਦਾ ਹੈ। ਪੰਜਾਬ ਦੇ ਜਿਸ ਜ਼ਿਲ੍ਹੇ ਦੀ ਪੁਲੀਸ ਨੇ ਇਸ ਕਾਂਗਰਸੀ ਨੇਤਾ ਦੇ ਪਰਿਵਾਰਕ ਮੈਂਬਰ ਨੂੰ ਸਲਾਖਾਂ ਪਿੱਛੇ ਧੱਕਿਆ ਹੈ, ਉੱਥੋਂ ਦਾ ਐੱਸਐੱਸਪੀ ਆਪਣੇ ਕੁਝ ਕਾਰਿਆਂ ਕਾਰਨ ਕਾਫ਼ੀ ਖੁਨਾਮੀ ਖੱਟ ਚੁੱਕਾ ਹੈ। ਇਹ ਪੁਲੀਸ ਅਫ਼ਸਰ ਆਪਣਾ ਨਾਮ ਧਨਵਾਨ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਕਰਾਉਣ ਲਈ ਹਰ ਹਰਬਾ ਵਰਤਣ ਵਾਸਤੇ ਜਾਣਿਆ ਜਾਂਦਾ ਹੈ। ਉਸ ਦੇ ਇਸੇ ਰਿਕਾਰਡ ਦੇ ਮੱਦੇਨਜ਼ਰ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਇਸ ਜ਼ਿਲ੍ਹਾ ਪੁਲੀਸ ਮੁਖੀ ਨੂੰ ਸਿੱਧਾ ਸਵਾਲ ਕੀਤਾ, "ਤੇਰੇ 'ਚ ਏਨੀ ਹਿੰਮਤ ਕਿਵੇਂ ਆ ਗਈ ਕਿ ਹਾਕਮ ਪਾਰਟੀ ਦੇ ਬੰਦੇ ਨੂੰ ਅੰਦਰ ਕਰ ਦੇਵੇਂ? ਇਸ ਦਾ ਰਾਜ਼ ਕੀ ਹੈ?" ਇਸ 'ਤੇ ਜ਼ਿਲ੍ਹਾ ਪੁਲੀਸ ਮੁਖੀ ਨੇ ਝੱਟ ਜਵਾਬ ਦਿੱਤਾ, "ਜਨਾਬ, ਕਾਰਨਾਮਿਆਂ 'ਤੇ ਪਰਦਾ ਪਾਉਣ ਲਈ ਕਈ ਵਾਰੀ ਇਨਸਾਫ਼ ਵੀ ਕਰਨਾ ਪੈਂਦਾ ਹੈ। ਜੇਕਰ ਕਿਸੇ ਵੱਡੇ ਬੰਦੇ ਨੂੰ ਫੜ ਕੇ ਅੰਦਰ ਦੇ ਦੇਈਏ ਤਾਂ ਕਈ ਮਾਮਲੇ ਦੱਬੇ ਹੀ ਰਹਿ ਜਾਂਦੇ ਹਨ।" ਇਹ ਜਵਾਬ ਸੁਣ ਕੇ ਸੀਨੀਅਰ ਅਧਿਕਾਰੀ ਦਾ ਦੰਗ ਰਹਿ ਜਾਣਾ ਸੁਭਾਵਿਕ ਹੀ ਸੀ।



### ਰੰਧਾਵਾ ਨੇ ਪੜ੍ਹਾਇਆ ਸ਼ਿਸ਼ਟਾਚਾਰ ਦਾ ਪਾਠ

ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਭਾਗ ਦੇ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਕਰਦਿਆਂ ਅਜਿਹੇ ਤਿੱਖੇ ਤੇਵਰ ਦਿਖਾਏ ਕਿ ਬਹੁਤੇ ਅਧਿਕਾਰੀ ਦੰਗ ਰਹਿ ਗਏ। ਹੋਇਆ ਇੰਜ ਕਿ ਜਿਵੇਂ ਹੀ ਮੀਟਿੰਗ ਦੀ ਸ਼ੁਰੂਆਤ ਹੋਈ ਤਾਂ ਸਾਰੇ ਅਫ਼ਸਰਾਂ ਨੇ ਆਪਣਾ ਤੁਆਰਫ਼ ਕਰਾਉਣਾ ਸ਼ੁਰੂ ਕਰ ਦਿੱਤਾ। ਇਸ ਸਿਲਸਿਲੇ ਵਿੱਚ ਜਿਵੇਂ ਹੀ ਇਕ ਐਮ.ਡੀ. ਦੀ ਵਾਰੀ ਆਈ ਤਾਂ ਮੰਤਰੀ ਦਾ ਰੁਖ਼ ਸਖ਼ਤ ਹੋ ਗਿਆ ਅਤੇ ਮੀਟਿੰਗ 'ਚ ਖ਼ਾਮੋਸ਼ੀ ਛਾ ਗਈ। ਮੰਤਰੀ ਨੇ ਇਸ ਆਈ.ਏ.ਐਸ. ਅਫ਼ਸਰ ਨੂੰ ਮੀਟਿੰਗ ਵਿੱਚੋਂ ਬਾਹਰ ਜਾਣ ਤੱਕ ਦਾ ਹੁਕਮ ਦੇ ਦਿੱਤਾ। ਸ੍ਰੀ ਰੰਧਾਵਾ ਨੇ ਕਿਹਾ ਕਿ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਵਿਭਾਗ ਦੇ ਸਾਰੇ ਅਧਿਕਾਰੀ ਉਨ੍ਹਾਂ ਕੋਲ ਸ਼ਿਸ਼ਟਾਚਾਰ ਵਜੋਂ ਮੁਲਾਕਾਤ ਕਰਨ ਆਏ, ਪਰ ਇਹ ਐਮ.ਡੀ. ਨਹੀਂ ਆਇਆ। ਉਨ੍ਹਾਂ ਨੇ ਇਸ ਦਾ ਕਾਰਨ ਪੁੱਛਿਆ। ਅਫ਼ਸਰ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇ ਸਕਿਆ। ਉਸ ਨੇ ਮੁਆਫ਼ੀ ਮੰਗ ਕੇ ਮਾਮਲਾ ਠੰਢਾ ਕਰਨ ਦਾ ਯਤਨ ਕੀਤਾ, ਪਰ ਮੰਤਰੀ ਨੇ ਉਸ ਨੂੰ ਬਾਹਰ ਜਾਣ ਦਾ ਹੁਕਮ ਦੇ ਦਿੱਤਾ।



### ਜਦੋਂ ਹੋਈ ਨੋਟਾਂ ਦੀ ਬਰਸਾਤ



ਪੰਜਾਬ ਦੇ ਨਵੇਂ ਸਿੱਖਿਆ ਮੰਤਰੀ ਓਮ ਪ੍ਰਕਾਸ਼ ਸੋਨੀ ਉੱਤੇ ਅੰਮ੍ਰਿਤਸਰ ਵਿੱਚ ਨੋਟਾਂ ਦੀ ਬਰਸਾਤ ਹੋਣ ਨਾਲ ਸਬੰਧਤ ਇੱਕ ਵੀਡੀਉ ਵਾਇਰਲ ਹੋਣ ਕਰਕੇ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਇਰਲ ਹੋਈ ਵੀਡੀਉ ਮੁਤਾਬਿਕ ਮੰਤਰੀ ਇੱਕ ਖੁੱਲ੍ਹੀ ਗੱਡੀ ਵਿੱਚ ਸਵਾਰ ਹਨ ਤੇ ਹਮਾਇਤੀਆਂ ਵੱਲੋਂ ਸ੍ਰੀ ਸੋਨੀ 'ਤੇ ਰੁਪਈਆਂ ਵਾਲੇ ਹਾਰਾਂ ਦਾ ਇੱਕ ਤਰ੍ਹਾਂ ਨਾਲ ਮੀਂਹ ਹੀ ਵਰ੍ਹਾ ਦਿੱਤਾ ਗਿਆ। ਵੀਡੀਉ ਵਿੱਚ ਗੱਡੀ ਨੂੰ ਲੱਕੜ ਦੀ ਇੱਕ ਪੌੜੀ ਵੀ ਬੰਨ੍ਹੀ ਹੋਈ ਦਿਖਾਈ ਦੇ ਰਹੀ ਹੈ। ਇੰਜ ਜਾਪ ਰਿਹਾ ਹੈ ਜਿਵੇਂ ਪੌੜੀ ਇਸ ਲਈ ਬੰਨ੍ਹੀ ਗਈ ਤਾਂ ਜੋ ਨੋਟਾਂ ਵਾਲੇ ਹਾਰ ਮੰਤਰੀ ਤੱਕ ਪਹੁੰਚਾਉਣ ਵਿੱਚ ਕੋਈ ਸਮੱਸਿਆ ਪੇਸ਼ ਨਾ ਆਵੇ। ਇੱਕ ਵਿਅਕਤੀ ਵਿਸ਼ੇਸ਼ ਤੌਰ 'ਤੇ ਨੋਟਾਂ ਵਾਲੇ ਹਾਰ ਮੰਤਰੀ ਦੇ ਗਲ ਵਿੱਚ ਪਾਉਂਦਾ ਦਿਖਾਈ ਦਿੰਦਾ ਹੈ। ਇਹ ਵੀਡੀਓ ਕਈ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਤੱਕ ਵੀ ਪਹੁੰਚ ਗਈ ਹੈ। ਇੱਕ ਮੰਤਰੀ ਨੇ ਵੀਡੀਓ 'ਤੇ ਟਿੱਪਣੀ ਕਰਦਿਆਂ ਕਿਹਾ, "ਅਜਿਹੀਆਂ ਗਤੀਵਿਧੀਆਂ ਹੀ ਤਾਂ ਸਰਕਾਰ ਦੇ ਅਕਸ ਨੂੰ ਢਾਹ ਲਾ ਰਹੀਆਂ ਹਨ।" ਇੱਕ ਹੋਰ ਮੰਤਰੀ ਦੀ ਟਿੱਪਣੀ ਸੀ, "ਸੋਨੀ ਨੂੰ ਇਹ ਸਾਰੇ ਹਾਰ ਸਰਕਾਰੀ ਖ਼ਜ਼ਾਨੇ 'ਚ ਜਮ੍ਹਾਂ ਕਰਵਾ ਦੇਣੇ ਚਾਹੀਦੇ ਹਨ। ਉਹਦੀ ਭੱਲ ਬਣ ਜਾਊ ਤੇ ਸਰਕਾਰ ਦਾ ਇੱਕ ਦਿਨ ਦਾ ਖਰਚਾ ਚੱਲ ਜਾਊ।"

### ਚਟੋਪਾਧਿਆਇ ਦੀ ਮੌਜੂਦਗੀ ਦਾ ਅਸਰ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ, ਸੀਨੀਅਰ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀਆਂ ਨੂੰ ਰਾਤਰੀ ਭੋਜ 'ਤੇ ਬੁਲਾਇਆ ਤਾਂ ਇਸ ਮੌਕੇ ਡੀ.ਜੀ.ਪੀ. ਰੈਂਕ ਦੇ ਪੁਲੀਸ ਅਧਿਕਾਰੀ ਸਿਧਾਰਥ ਚਟੋਪਾਧਿਆਇ ਦੀ ਮੌਜੂਦਗੀ ਨੇ ਕਈਆਂ ਨੂੰ ਹੈਰਾਨ ਕਰ ਦਿੱਤਾ। ਚਟੋਪਾਧਿਆਇ ਹਾਈਕੋਰਟ ਵਿੱਚ ਕਥਿਤ ਤੌਰ 'ਤੇ ਸਰਕਾਰ ਦੇ ਖ਼ਿਲਾਫ਼ ਭੁਗਤੇ ਹਨ, ਫਿਰ ਵੀ ਮੁੱਖ ਮੰਤਰੀ ਦੇ ਡਿਨਰ ਵਿੱਚ ਉਨ੍ਹਾਂ ਦੀ ਹਾਜ਼ਰੀ ਨੇ ਤਰ੍ਹਾਂ-ਤਰ੍ਹਾਂ ਦੀਆਂ ਅਟਕਲਾਂ ਨੂੰ ਜਨਮ ਦੇ ਦਿਤਾ। ਸਭ ਤੋਂ ਵੱਧ ਪਿਸੂ ਉਨ੍ਹਾਂ ਪੁਲੀਸ ਅਫ਼ਸਰਾਂ ਨੂੰ ਪਏ ਦੱਸੇ ਜਾਂਦੇ ਹਨ ਜੋ ਮੁੱਖ ਮੰਤਰੀ ਦੇ ਦਰਬਾਰ ਵਿੱਚ ਚਟੋਪਾਧਿਆਇ ਦੇ ਖ਼ਿਲਾਫ਼ ਲੂਣ-ਮਿਰਚਾਂ ਲਾਉਂਦੇ ਰਹੇ ਹਨ।

### ਪੀ.ਪੀ.ਐਸ.ਸੀ. ਨੇ 67 ਅਸਾਮੀਆਂ ਦੀ ਫੀਸ ਤੋਂ ਕਮਾਏ ਪੌਣੇ ਛੇ ਕਰੋੜ

ਪੰਜਾਬ ਸਰਕਾਰ ਨੇ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਭਰੀਆਂ ਜਾਣ ਵਾਲੀਆਂ ਪੀ.ਸੀ.ਐਸ. ਤੇ ਅਲਾਈਡ ਸੇਵਾਵਾਂ ਦੀਆਂ ਮਹਿਜ਼ 67 ਅਸਾਮੀਆਂ ਦੀਆਂ ਫੀਸਾਂ ਤੋਂ ਕਮਿਸ਼ਨ ਨੇ ਅੰਦਾਜ਼ਨ ਪੌਣੇ ਛੇ ਕਰੋੜ ਰੁਪਏ ਕਮਾ ਲਏ ਹਨ। ਇਨ੍ਹਾਂ ਅਸਾਮੀਆਂ ਲਈ ਕਰੀਬ 22 ਹਜ਼ਾਰ ਉਮੀਦਵਾਰਾਂ ਨੇ ਅਪਲਾਈ ਕੀਤਾ ਹੈ। ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਪੰਜਾਬ ਸਟੇਟ ਸਿਵਲ ਸਰਵਿਸਿਜ਼ ਕੰਬਾਈਂਡ ਕੰਪੀਟੇਟਿਵ ਪ੍ਰੀਖਿਆ ਵਾਸਤੇ ਮਾਰਚ ਵਿੱਚ 67 ਅਸਾਮੀਆਂ ਵਾਸਤੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਸ ਸਾਂਝੇ ਮੁਕਾਬਲੇ ਦੀ ਪ੍ਰੀਖਿਆ ਵਾਸਤੇ 22 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੇ ਅਪਲਾਈ ਕੀਤਾ ਹੈ। ਕਮਿਸ਼ਨ ਵੱਲੋਂ ਜਨਰਲ ਵਰਗ ਦੇ ਉਮੀਦਵਾਰਾਂ ਤੋਂ 3 ਹਜ਼ਾਰ ਰੁਪਏ ਫੀਸ ਵਸੂਲੀ ਜਾਂਦੀ ਹੈ ਅਤੇ ਦੂਜੀਆਂ ਸ਼੍ਰੇਣੀਆਂ ਤੋਂ ਕੁਝ ਘੱਟ। ਅਜਿਹੇ ਵਿੱਚ ਕਮਿਸ਼ਨ ਦੇ ਖ਼ਜ਼ਾਨੇ ਵਿੱਚ ਅੰਦਾਜ਼ਨ ਪੌਣੇ ਛੇ ਕਰੋੜ ਰੁਪਏ ਗਏ ਹਨ। ਇਸ ਸਾਂਝੇ ਮੁਕਾਬਲੇ ਦੀ ਪ੍ਰੀਖਿਆ ਦੇ ਚਾਹਵਾਨ ਜਿਹੜੇ ਉਮੀਦਵਾਰਾਂ ਨੇ ਦਸਵੀਂ ਵਿੱਚ ਪੰਜਾਬੀ ਨਾ ਪੜ੍ਹੀ ਹੋਣ ਕਾਰਨ ਪੰਜਾਬੀ ਪ੍ਰਬੋਧ ਦੀ ਪ੍ਰੀਖਿਆ ਦਿੱਤੀ ਹੈ, ਉਨ੍ਹਾਂ ਤੋਂ ਵੱਖਰੀ ਫੀਸ ਲਈ ਹੈ। ਇਸ ਸਾਂਝੀ ਪ੍ਰੀਖਿਆ ਲਈ ਪੰਜਾਬੀ ਪ੍ਰਬੋਧ ਦੀ ਵਿਸ਼ੇਸ਼ ਪ੍ਰੀਖਿਆ ਭਾਸ਼ਾ ਵਿਭਾਗ ਵਲੋਂ 15 ਅਪ੍ਰੈਲ ਨੂੰ ਲਈ ਗਈ ਸੀ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਤੀ ਉਮੀਦਵਾਰ 2 ਹਜ਼ਾਰ ਰੁਪਏ ਲਏ ਗਏ ਹਨ। ਭਾਸ਼ਾ ਵਿਭਾਗ ਤੋਂ ਜਾਣਕਾਰੀ ਮੁਤਾਬਕ ਪੰਜਾਬੀ ਪ੍ਰਬੋਧ ਦੀ ਇਸ ਵਿਸ਼ੇਸ਼ ਪ੍ਰੀਖਿਆ ਲਈ 202 ਉਮੀਦਵਾਰਾਂ ਨੇ ਫਾਰਮ ਭਰੇ ਸਨ।

# ਆਸਾ ਰਾਮ ਦੀ ਟੁੱਟੀ ਆਸ, ਤਾਉਮਰ ਕੈਦ



- ਪਹਿਲਾਂ ਪਰਮਾਤਮਾ ਨੂੰ ਕਰਦਾ ਰਿਹਾ ਯਾਦ ਫਿਰ ਭੁੱਬਾਂ ਮਾਰ ਕੇ ਰੋਇਆ ਢੌਂਗੀ ਸਾਧ, ਛਾਤੀ 'ਚ ਦਰਦ ਦੀ ਕੀਤੀ ਸ਼ਿਕਾਇਤ
- ਨਾਬਾਲਿਗਾ ਨਾਲ ਜਬਰ ਜਨਾਹ ਦੇ ਦੋਸ਼ 'ਚ ਸੁਣਾਈ ਗਈ ਸਜ਼ਾ, ਸਹਿ-ਦੋਸ਼ੀ ਸ਼ਿਲਪੀ ਤੇ ਸ਼ਰਦ ਨੂੰ ਵੀ 20-20 ਸਾਲ ਕੈਦ

**ਜੈਪੁਰ (ਨਦਬ) :** ਨਾਬਾਲਿਗ ਨਾਲ ਜਬਰ ਜਨਾਹ ਦੇ ਦੋਸ਼ 'ਚ ਕਥਾਵਾਚਕ ਆਸਾ ਰਾਮ ਉਰਫ਼ ਆਸੂਮਲ ਸਿਰੁਮਲਾਨੀ ਹਰਪਲਾਨੀ ਨੂੰ ਜੋਧਪੁਰ ਐੱਸਸੀ/ਐੱਸਟੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਹੁਣ ਉਸ ਨੂੰ ਬਾਕੀ ਜੀਵਨ ਜੇਲ੍ਹ 'ਚ ਹੀ ਕੱਟਣਾ ਹੋਵੇਗਾ।

ਜੇਲ੍ਹ 'ਚ ਹੀ ਬਣਾਈ ਗਈ ਅਦਾਲਤ 'ਚ ਸਜ਼ਾ ਸੁਣਦੇ ਹੀ 77 ਸਾਲਾ ਆਸਾ ਰਾਮ ਸਿਰ ਫੜ ਕੇ ਰੋਣ ਲੱਗਾ ਅਤੇ ਹੱਥ ਜੋੜ ਕੇ ਜੱਜ ਤੋਂ ਉਮਰ ਦਾ ਲਿਹਾਜ਼ ਰੱਖਦੇ ਹੋਏ ਸਜ਼ਾ 'ਚ ਰਿਆਇਤ ਦੀਆਂ ਮਿੰਨਤਾਂ ਕੀਤੀਆਂ। ਜੱਜ ਮਧੂਸੂਦਨ ਸ਼ਰਮਾ ਨੇ ਸਹਿ-ਦੋਸ਼ੀ ਛਿੰਦਵਾੜਾ ਸਥਿਤ ਆਸ਼ਰਮ ਦੀ ਵਾਰਡਨ ਸ਼ਿਲਪੀ ਅਤੇ ਸੇਵਾਦਾਰ ਸ਼ਰਦ ਨੂੰ 20-20 ਸਾਲ ਕੈਦ ਦੀ ਸਜ਼ਾ ਸੁਣਾਈ।

ਇਸ ਮਾਮਲੇ 'ਚ ਦੋ ਜਣਿਆਂ ਸ਼ਿਵਾ ਅਤੇ ਪ੍ਰਕਾਸ਼ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਅਦਾਲਤ ਨੇ ਆਸਾ ਰਾਮ ਸਹਿਤ ਤਿੰਨਾਂ ਦੋਸ਼ੀਆਂ 'ਤੇ ਇਕ-ਇਕ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। 56 ਮਹੀਨੇ ਪੁਰਾਣੇ ਮਾਮਲੇ 'ਚ ਆਸਾ ਰਾਮ ਨੂੰ ਸਜ਼ਾ ਸੁਣਾਉਣ ਲਈ ਪੁਲਿਸ ਦੀ ਅਪੀਲ 'ਤੇ ਜੋਧਪੁਰ ਸੈਂਟਰਲ ਜੇਲ੍ਹ 'ਚ ਬੈਰਕ ਨੰਬਰ ਦੋ ਨੇੜੇ ਹੀ ਵਿਸ਼ੇਸ਼ ਅਦਾਲਤ ਲਗਾਈ ਗਈ ਸੀ। ਜੇਲ੍ਹ 'ਚ ਅਦਾਲਤ ਦਾ ਸਟਾਫ, ਆਸਾ ਰਾਮ ਦੇ 14 ਵਕੀਲਾਂ ਅਤੇ ਦੋ ਸਰਕਾਰੀ ਵਕੀਲਾਂ ਸਹਿਤ 30 ਲੋਕਾਂ ਨੂੰ ਹੀ ਜਾਣ ਦੀ ਇਜਾਜ਼ਤ ਸੀ। ਜੱਜ ਨੇ ਪਹਿਲਾਂ ਆਸਾ ਰਾਮ ਅਤੇ ਦੋ ਸਹਿ-ਦੋਸ਼ੀਆਂ ਸ਼ਿਲਪੀ ਅਤੇ ਸ਼ਰਦ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਦੋ ਹੋਰ ਪ੍ਰਕਾਸ਼ ਅਤੇ ਸ਼ਿਵਾ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰਨ ਦਾ ਫ਼ੈਸਲਾ ਸੁਣਾਇਆ। ਇਸ ਪਿੱਛੋਂ ਜੱਜ ਨੇ ਆਸਾ ਰਾਮ, ਸ਼ਿਲਪੀ ਅਤੇ ਸ਼ਰਦ ਦਾ ਫ਼ੈਸਲਾ ਲਿਖਵਾਇਆ। ਇਸ ਦੌਰਾਨ ਲਗਪਗ ਤਿੰਨ ਘੰਟੇ ਤਕ ਆਸਾ ਰਾਮ ਸਿਰ ਫੜ ਕੇ ਬੈਠਾ ਰਿਹਾ।

**12 ਦਿਨਾਂ 'ਚ ਲਿਖਵਾਇਆ 453 ਸਫ਼ਿਆਂ ਦਾ ਫ਼ੈਸਲਾ :** ਜੱਜ ਨੇ ਇਸ ਮਾਮਲੇ ਦਾ ਫ਼ੈਸਲਾ ਲਿਖਵਾਉਣ ਲਈ 12 ਦਿਨਾਂ ਦੀ ਛੁੱਟੀ ਲਈ। ਉਨ੍ਹਾਂ ਦੇ ਸਟੈਨੋ ਨੇ ਵੀ 12 ਦਿਨਾਂ ਦੀ ਛੁੱਟੀ ਲਈ। ਇਹ ਫ਼ੈਸਲਾ 453 ਸਫ਼ਿਆਂ ਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਦੌਰਾਨ ਆਸਾ ਰਾਮ ਦੇ ਕੁਝ ਸਮੱਰਥਕ ਸਟੈਨੋ ਦਾ ਪਿੱਛਾ ਕਰਦੇ ਹੋਏ ਜੱਜ ਦੇ ਘਰ ਤਕ ਪੁੱਜ ਗਏ ਅਤੇ ਉੱਥੇ ਧਮਕੀ ਵੀ ਦਿੱਤੀ। ਇਸ ਦੌਰਾਨ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਮਿਲਾ ਕੇ ਪੰਜ ਲੱਖ ਰੁਪਏ ਪੀੜਤਾ ਨੂੰ ਅਦਾ ਕਰਨ ਦੇ ਨਿਰਦੇਸ਼ ਦਿੱਤੇ।

**ਡੱਟ ਕੇ ਢਾਹਿਆ ਪਾਪ ਦਾ ਸਾਮਰਾਜ :** ਪੀੜਤਾ ਨੇ ਡੱਟ ਕੇ ਆਸਾ ਰਾਮ ਦਾ ਸਾਮਰਾਜ ਢਾਹਿਆ। ਉਸ ਦਾ ਸਾਮਰਾਜ ਦੇਸ਼-ਵਿਦੇਸ਼ 'ਚ ਫ਼ੈਲਿਆ ਸੀ। ਲੱਖਾਂ ਕਰੋੜਾਂ ਭਗਤ। ਵਕੀਲਾਂ ਦੀ ਵੱਡੀ ਫ਼ੌਜ। ਇਸ ਮਾਮਲੇ 'ਚ ਹੋਏ ਤਿੰਨ ਗਵਾਹਾਂ ਦੇ ਕਤਲ ਤੇ ਦੋ ਲੋਕਾਂ ਦੇ ਗੰਭੀਰ ਜ਼ਖ਼ਮੀ ਹੋਣ ਦੇ ਬਾਵਜੂਦ ਉਹ ਡਰੀ ਨਹੀਂ ਤੇ ਆਸਾ ਰਾਮ ਨੂੰ ਸਜ਼ਾ ਦਿਵਾਉਣ ਲਈ ਡਟੀ ਰਹੀ। ਚਾਰ ਸਾਲ ਅੱਠ ਮਹੀਨੇ ਅਤੇ ਛੇ ਦਿਨ ਦੀ ਲੜਾਈ ਪਿੱਛੋਂ ਅਖੀਰ ਉਸ ਨੂੰ ਇਨਸਾਫ਼ ਨਸੀਬ ਹੋਇਆ। ਉਸ ਨੇ ਆਸਾ ਰਾਮ ਦੇ ਬੇਟੇ ਨਾਰਾਇਣ ਸਾਈਂ ਦਾ ਚੱਕਰਵਿਊ ਵੀ ਬਹਾਦਰੀ ਨਾਲ ਤੋੜਿਆ। ਇਕ ਸਮੇਂ ਉਸ ਦੇ ਪਿਤਾ ਨੇ ਵੀ ਹੌਂਸਲਾ ਛੱਡ ਦਿੱਤਾ ਪ੍ਰੰਤੂ ਉਹ ਆਪਣੇ ਮਕਸਦ ਲਈ ਲੜਦੀ ਰਹੀ।

**ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਦਾ ਸੀ ਆਸਾਰਾਮ :** ਆਸਾਰਾਮ ਨੇ ਸ਼ੁਰੂਆਤ ਵਿਚ ਨਾਜਾਇਜ਼ ਸ਼ਰਾਬ ਦਾ ਧੰਦਾ ਕੀਤਾ। ਫਿਰ ਹੱਤਿਆ ਦੇ ਮਾਮਲੇ ਵਿਚ ਜੇਲ ਗਿਆ। ਉਸ ਤੋਂ ਬਾਅਦ ਅਜਮੇਰ ਵਿਚ ਤਾਂਗਾ ਚਲਾਇਆ। ਗੁਰੂ ਲੀਲਾ ਸ਼ਾਹ ਦੀ ਸ਼ਰਨ ਵਿਚ ਜਾਣ ਤੋਂ ਬਾਅਦ ਕਿਸਮਤ ਪਲਟੀ ਅਤੇ ਲੱਖਾਂ ਲੋਕ ਉਸ ਦੇ ਭਗਤ ਬਣ ਗਏ। ਆਸਾਰਾਮ ਕੋਲ 10 ਹਜ਼ਾਰ ਕਰੋੜ ਤੋਂ ਵੱਧ ਦੀ ਜਾਇਦਾਦ ਹੈ। ਆਸਾਰਾਮ ਅਤੇ ਉਨ੍ਹਾਂ ਦੇ ਚੇਲਿਆਂ ਨੇ 1991-92 ਤੋਂ ਪੂਰੇ ਭਾਰਤ 'ਚ 1400 ਲੋਕਾਂ ਨੂੰ ਕਰਜ਼ੇ ਦੇ ਤੌਰ 'ਤੇ 3800 ਕਰੋੜ ਰੁਪਏ ਦਿੱਤੇ ਹੋਏ ਸਨ।

### ਜਬਰ-ਜਨਾਹ ਮਾਮਲੇ 'ਚ ਕਿਸ 'ਤੇ ਕੀ ਸਨ ਦੋਸ਼

- ਵਾਰਡਨ ਸ਼ਿਲਪੀ 'ਤੇ ਦੋਸ਼ ਹੈ ਕਿ ਉਸ ਨੇ ਭੂਤ ਪ੍ਰੇਤ ਦਾ ਡਰ ਵਿਖਾ ਕੇ ਲੜਕੀ ਨੂੰ ਆਸਾ ਰਾਮ ਕੋਲ ਭੇਜਿਆ।
- ਸ਼ਰਦ ਨੇ ਲੜਕੀ ਦੇ ਮਾਪਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਸ ਦਾ ਇਲਾਜ ਆਸਾ ਰਾਮ ਹੀ ਕਰ ਸਕਦਾ ਹੈ।
- ਸ਼ਿਵਾ ਆਸਾ ਰਾਮ ਦਾ ਸੇਵਾਦਾਰ ਹੈ ਅਤੇ ਉਸ ਨੇ ਪੀੜਤਾ ਨੂੰ ਸ਼ਾਹਜਹਾਂਪੁਰ ਤੋਂ ਜੋਧਪੁਰ ਬੁਲਾਉਣ ਅਤੇ ਉੱਥੇ ਆਸਾ ਰਾਮ ਨਾਲ ਮਿਲਾਉਣ ਦਾ ਪ੍ਰਬੰਧ ਕੀਤਾ।
- ਪ੍ਰਕਾਸ਼ ਆਸਾ ਰਾਮ ਦਾ ਰਸੋਈਆ ਹੈ ਅਤੇ ਦੋਸ਼ ਹੈ ਕਿ ਵਿਚੋਲਾ ਬਣ ਕੇ ਲੜਕੀ ਨੂੰ ਉੱਥੇ ਇਕੱਲੀ ਰੱਖਣ ਦੇ ਉਸ ਨੇ ਹਾਲਾਤ ਪੈਦਾ ਕੀਤੇ।

### ਗੁਜਰਾਤ 'ਚ ਵੀ ਦਰਜ ਹੈ ਸਰੀਰਕ ਸ਼ੋਸ਼ਣ ਦਾ ਮਾਮਲਾ

ਆਸਾ ਰਾਮ ਬਾਪੂ ਖ਼ਿਲਾਫ਼ ਗੁਜਰਾਤ 'ਚ ਵੀ ਸਰੀਰਕ ਸ਼ੋਸ਼ਣ ਦਾ ਮਾਮਲਾ ਵਿਚਾਰ ਅਧੀਨ ਹੈ। ਸੂਰਤ ਦੀਆਂ ਦੋ ਭੈਣਾਂ ਦੇ ਸਰੀਰਕ ਸ਼ੋਸ਼ਣ ਮਾਮਲੇ 'ਚ ਉਸ ਦਾ ਬੇਟਾ ਨਾਰਾਇਣ ਸਾਈਂ ਵੀ ਮੁਲਜ਼ਮ ਹੈ। ਆਸਾ ਰਾਮ ਨੂੰ ਗੁਜਰਾਤ ਲਿਆਉਣ ਲਈ ਪੁਲਿਸ ਜੋਧਪੁਰ ਪਹੁੰਚ ਗਈ ਹੈ। ਜਲਦ ਹੀ ਉਸ ਨੂੰ ਅਹਿਮਦਾਬਾਦ ਲਿਆ ਕੇ ਮਾਮਲੇ ਦੀ ਸੁਣਵਾਈ ਸ਼ੁਰੂ ਕੀਤੀ ਜਾਵੇਗੀ। ਇਹ ਮਾਮਲਾ ਗਾਂਧੀ ਨਗਰ ਦੀ ਸਥਾਨਕ ਅਦਾਲਤ 'ਚ ਵਿਚਾਰ ਅਧੀਨ ਹੈ। ਛੇ ਅਕਤੂਬਰ 2013 ਨੂੰ ਸੂਰਤ ਪੁਲਿਸ ਨੇ ਇਹ ਮਾਮਲਾ ਦਰਜ ਕੀਤਾ ਸੀ।

### ਜਾਪਾਨੀ ਬੱਸ ਡਰਾਈਵਰਾਂ ਨੇ ਕੀਤੀ ਫ੍ਰੀ ਰਾਈਡ ਸਟ੍ਰਾਈਕ

# ਅਨੋਖੀ ਹੜਤਾਲ : ਇਕ ਵੀ ਬੱਸ ਖੜ੍ਹੀ ਨਹੀਂ ਹੋਈ, ਸਗੋਂ ਲੋਕਾਂ ਨੂੰ ਮੁਫ਼ਤ 'ਚ ਸਫ਼ਰ ਕਰਵਾ ਕੇ ਵਿਰੋਧ ਪ੍ਰਗਟਾਇਆ




**ਟੋਕਿਉ (ਨਦਬ) :** ਜਾਪਾਨ 'ਚ ਬੱਸ ਡਰਾਈਵਰ ਹੜਤਾਲ 'ਤੇ ਚਲੇ ਗਏ ਹਨ, ਪਰ ਹੜਤਾਲ ਦਾ ਤਰੀਕਾ ਅਨੋਖਾ ਹੈ। ਇਸ ਹੜਤਾਲ 'ਚ ਨਾ ਤਾਂ ਚੱਕਾ ਜਾਮ ਕੀਤਾ ਗਿਆ, ਨਾ ਹੀ ਇਕ ਵੀ ਬੱਸ ਰੋਕੀ ਗਈ। ਸਗੋਂ ਹੜਤਾਲ ਤਹਿਤ ਸਾਰੀਆਂ ਬਸਾਂ ਮੁਫ਼ਤ 'ਚ ਚਲਾਈਆਂ ਜਾ ਰਹੀਆਂ ਹਨ।

ਬੱਸ 'ਚ ਸਫ਼ਰ ਕਰਨ ਵਾਲੇ ਕਿਸੇ ਵੀ ਮੁਸਾਫ਼ਰ ਤੋਂ ਪੈਸਾ ਨਹੀਂ ਲਿਆ ਜਾ ਰਿਹਾ। ਬੱਸ ਤੋਂ ਸਫ਼ਰ ਕਰਨ ਵਾਲੇ ਜ਼ਿਆਦਾਤਰ ਰੋਜ਼ਾਨਾ ਆਉਣ-ਜਾਣ ਲਈ ਇਸ 'ਤੇ ਨਿਰਭਰ ਹਨ। ਉਨ੍ਹਾਂ ਨੂੰ ਪ੍ਰੇਸ਼ਾਨੀ ਨਾ ਹੋਵੇ, ਇਸ ਲਈ ਅਜਿਹਾ ਫ਼ੈਸਲਾ ਹੋਇਆ ਕਿ ਕਿਸੇ ਵੀ ਮੁਸਾਫ਼ਰ ਤੋਂ ਪੈਸਾ ਨਹੀਂ ਲਿਆ ਜਾਵੇਗਾ। ਇਸ ਤੋਂ ਵੀ ਪ੍ਰਸ਼ਾਸਨ ਦਾ ਹੀ ਨੁਕਸਾਨ ਹੈ।

ਡਰਾਈਵਰਾਂ ਦਾ ਕਹਿਣਾ ਹੈ ਕਿ "ਇਹ ਇਕ ਵੱਖਰੀ ਤਰ੍ਹਾਂ ਦੀ ਹੜਤਾਲ ਹੈ। ਜੇ ਅਸੀਂ ਬੱਸਾਂ ਨਾ ਚਲਾਉਣ ਦਾ ਫ਼ੈਸਲਾ ਲੈਂਦੇ ਤਾਂ ਨੁਕਸਾਨ ਲੋਕਾਂ ਦਾ ਹੁੰਦਾ। ਅਸੀਂ ਜਿਨ੍ਹਾਂ ਦਾ ਵਿਰੋਧ ਕਰ ਰਹੇ ਹਾਂ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਮੈਨੇਜਮੈਂਟ ਇਹ ਵੀ ਕਹਿ ਸਕਦਾ ਸੀ ਕਿ ਡਰਾਈਵਰਾਂ ਨੂੰ ਆਮ ਲੋਕਾਂ ਦੀ ਨਹੀਂ, ਸਿਰਫ਼ ਆਪਣੀ ਚਿੰਤਾ ਹੈ। ਇਸ ਕਾਰਨ ਅਸੀਂ ਬੱਸਾਂ 'ਚ ਮੁਸਾਫ਼ਰਾਂ ਤੋਂ ਪੈਸੇ ਨਾ ਲੈਣ ਦਾ ਫ਼ੈਸਲਾ ਕੀਤਾ ਹੈ। ਹੜਤਾਲ ਦੇ ਇਸ ਤਰੀਕੇ ਨੂੰ 'ਫ੍ਰੀ ਰਾਈਡ ਸਟ੍ਰਾਈਕ' ਨਾਂ ਦਿਤਾ ਗਿਆ ਹੈ।

ਫ੍ਰੀ ਰਾਈਡ ਸਟ੍ਰਾਈਕ ਜਾਪਾਨ ਦੀ ਪਬਲਿਕ ਟਰਾਂਸਪੋਰਟ ਸੈਕਟਰ ਦੀ ਵੱਡੀ ਕੰਪਨੀ ਰਯੋਬੀ ਬੱਸ ਸਰਵਿਸ ਨੇ ਕੀਤੀ ਹੈ। ਇਕ ਮਹੀਨੇ ਪਹਿਲਾਂ ਰਯੋਬੀ ਬੱਸ ਸਰਵਿਸ ਦੇ ਹੀ ਰੂਟ 'ਤੇ ਪ੍ਰਸ਼ਾਸਨ ਨੇ ਦੂਜੀ ਬੱਸ ਸਰਵਿਸ ਮੇਗੁਰਿਨ ਨੂੰ ਵੀ ਬੱਸਾਂ ਚਲਾਉਣ ਦਾ ਲਾਈਸੈਂਸ ਦੇ ਦਿੱਤਾ ਸੀ। ਰਯੋਬੀ ਨੇ ਬੱਸ ਮੈਨੇਜਮੈਂਟ ਐਡਮਿਨਿਸਟ੍ਰੇਸ਼ਨ ਨੂੰ ਮੇਗੁਰਿਨ ਦਾ ਰੂਟ ਬਦਲਣ ਦੀ ਮੰਗ ਕੀਤੀ ਸੀ, ਪਰ ਕੋਈ ਸੁਣਵਾਈ ਨਹੀਂ ਹੋਈ। ਅਜਿਹੇ 'ਚ ਰਯੋਬੀ ਦੀਆਂ ਬੱਸਾਂ ਹੜਤਾਲ 'ਤੇ ਚਲੀਆਂ ਗਈਆਂ। ਰਯੋਬੀ ਦਾ ਕਹਿਣਾ ਹੈ ਕਿ ਸਾਡੇ ਡਰਾਈਵਰ ਡਰੇ ਹੋਏ ਹਨ। ਉਨ੍ਹਾਂ ਨੇ ਮੈਨੇਜਮੈਂਟ ਤੋਂ ਉਨ੍ਹਾਂ ਦੀ ਜੌਬ ਸਕਿਊਰਿਟੀ ਲਈ ਪੁਖਤਾ ਪ੍ਰਬੰਧ ਕਰਨ ਲਈ ਕਿਹਾ ਸੀ, ਪਰ ਹਾਲੇ ਤਕ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ ਹੈ।

## ਗ਼ਦਰੀ ਸ਼ਹੀਦਾਂ ਦੀ ਯਾਦ 'ਚ ਹੋਵੇਗਾ ਸਮਾਗਮ

ਢੁਡੀਕੇ : ਗ਼ਦਰ ਯਾਦਗਾਰੀ ਲੋਕ ਸੇਵਾ ਚੈਰੀਟੇਬਲ ਟਰੱਸਟ ਦੀ ਕਾਰਜਕਾਰੀ ਕਮੇਟੀ ਦੀ ਇਕ ਜ਼ਰੂਰੀ ਇਕੱਤਰਤਾ ਟਰੱਸਟ ਦੇ ਪ੍ਰਧਾਨ ਅਮਰਜੀਤ ਸਿੰਘ ਢੁੱਡੀਕੇ ਦੀ ਪ੍ਰਧਾਨਗੀ ਹੇਠ ਹੋਈ।

ਇਸ 'ਚ ਹਿੰਦ-ਪਾਕਿ ਰੰਗਮੰਚ ਦੀ ਉੱਘੀ ਸ਼ਖ਼ਸੀਅਤ ਮਰਹੂਮ ਮਦੀਰਾ ਗੌਹਰ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਵਲੋਂ ਦੋਹਾਂ ਪੰਜਾਬਾਂ ਵਿਚਕਾਰ ਸਾਂਝ ਵਧਾਉਣ ਲਈ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਮੀਟਿੰਗ ਵਿਚ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ 18 ਜੂਨ ਨੂੰ ਕਰਵਾਏ ਜਾਣ ਵਾਲੇ ਵਿਸ਼ੇਸ਼ ਪ੍ਰੋਗਰਾਮ ਦੀ ਰੂਪਰੇਖਾ ਉਲੀਕੀ ਗਈ।

ਇਸ ਵਾਰ ਗ਼ਦਰ ਲਹਿਰ ਸਬੰਧੀ ਵਿਸ਼ੇਸ਼ ਭਾਸ਼ਨ ਉੱਘੇ ਪੰਜਾਬੀ ਕਵੀ ਅਤੇ ਚਿੰਤਕ ਪ੍ਰੋ. ਸੁਰਜੀਤ ਜੱਜ ਦੇਣਗੇ। ਪਿੰਡ ਢੁੱਡੀਕੇ ਅਤੇ ਇਸ ਇਲਾਕੇ ਦੇ ਹੋਰ ਗ਼ਦਰੀ ਬਾਬਿਆਂ ਦੇ ਵਾਰਸਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਨਕਲਾਬੀ ਢਾਡੀ ਜੱਥਾ ਰਸੂਲਪੁਰ ਮੱਲਾਂ ਵਲੋਂ ਸ਼ਹੀਦਾਂ ਦੀਆਂ ਵਾਰਾਂ ਦਾ ਗਾਇਨ ਵੀ ਕੀਤਾ ਜਾਵੇਗਾ। ਇਹ ਵਿਸ਼ੇਸ਼ ਸਮਾਗਮ ਹਰ ਸਾਲ ਦੀ ਤਰ੍ਹਾਂ ਪਿੰਡ ਢੁਡੀਕੇ ਵਿਚ ਸਥਾਪਤ ਬਾਬਾ ਈਸ਼ਰ ਸਿੰਘ ਦੇ ਯਾਦਗਾਰੀ ਸਥਾਨ ਉੱਪਰ ਕਰਵਾਇਆ ਜਾਵੇਗਾ। ਮੀਟਿੰਗ ਵਿਚ ਪ੍ਰੋ. ਰਾਕੇਸ਼ ਰਮਨ, ਹਰਪਾਲ ਸਿੰਘ, ਜੈਕਬ, ਬੂਟਾ ਸਿੰਘ, ਨਿਰਭੈ ਸਿੰਘ ਅਤੇ ਮਿਹਰ ਸਿੰਘ ਨੇ ਭਾਗ ਲਿਆ।

# ਦੁਨੀਆ ਭਰ ਵਿਚ ਮਨਾਇਆ ਗਿਆ ਕਾਰਲ ਮਾਰਕਸ ਦਾ ਜਨਮ ਦਿਹਾੜਾ



**ਟਰਾਇਰ, ਜਰਮਨੀ (ਨਦਬ) :** ਉੱਘੇ ਸੰਸਾਰ ਚਿੰਤਕ ਤੇ ਕ੍ਰਾਂਤੀਕਾਰੀ ਕਾਰਲ ਮਾਰਕਸ ਦਾ ਇੱਥੇ ਜਨਮ ਦਿਹਾੜਾ ਮਨਾਇਆ ਗਿਆ। ਕਰੀਬ ਦੋ ਸਦੀਆਂ ਪਹਿਲਾਂ ਆਪਣਾ ਸਫ਼ਰ ਇਸ ਸ਼ਹਿਰ ਤੋਂ ਸ਼ੁਰੂ ਕਰਨ ਵਾਲੇ ਕਾਰਲ ਮਾਰਕਸ ਦੀ ਯਾਦ ਵਿਚ 18 ਫੁੱਟ ਉੱਚੀ ਮੂਰਤੀ ਸਥਾਪਤ ਕੀਤੀ ਗਈ। ਮੂਰਤੀ ਦੀ ਘੁੰਡ ਚੁਕਾਈ ਮੌਕੇ ਹਾਜ਼ਰ ਸੈਲਾਨੀਆਂ ਨੇ ਜਿੱਥੇ ਮਾਰਕਸ ਦੀ ਦੇਣ ਬਾਰੇ ਦਿੱਤੇ ਭਾਸ਼ਣਾਂ ਨੂੰ ਸੁਣਿਆ, ਉਥੇ ਉਸ ਦੇ ਜੱਦੀ ਘਰ ਦਾ ਦੌਰਾ ਵੀ ਕੀਤਾ ਤੇ ਮਾਰਕਸ ਦੀਆਂ ਨਿਸ਼ਾਨੀਆਂ ਵੀ ਖ਼ਰੀਦੀਆਂ। ਕਾਰਲ ਮਾਰਕਸ ਦੀ 2 ਟਨ ਵਜਨੀ ਇਹ ਮੂਰਤੀ ਚੀਨ ਵਲੋਂ ਦਿੱਤੇ ਫੰਡ ਨਾਲ ਤਿਆਰ ਹੋਈ ਹੈ। ਇਸ ਮੂਰਤੀ ਸਥਾਪਨਾ ਨੇ ਲੋਕ ਮਨਾਂ ਵਿਚ ਕਈ ਤਰ੍ਹਾਂ ਦੇ ਸਵਾਲ ਵੀ ਖੜ੍ਹੇ ਕਰ ਦਿੱਤੇ ਹਨ। ਇਸ ਦੇ ਹੱਕ ਅਤੇ ਵਿਰੋਧ ਵਿਚ ਨਾ ਸਿਰਫ਼ ਬਹਿਸ ਸ਼ੁਰੂ ਹੋ ਗਈ ਹੈ, ਸਗੋਂ ਲੋਕਾਂ ਨੇ ਸੜਕਾਂ ’ਤੇ ਆ ਕੇ ਰੋਸ ਵਿਖਾਵੇ ਵੀ ਕੀਤੇ ਹਨ।

ਉਂਜ ਪੂਰਬੀ ਜਰਮਨੀ ਅਤੇ ਇਥੋਂ ਤੱਕ ਕਿ ਪੱਛਮੀ ਜਰਮਨੀ ਦੇ ਵੀ ਕੁਝ ਹਿੱਸਿਆਂ ਵਿਚ ਕਾਰਲ ਮਾਰਕਸ ਦੇ ਨਾਂ ’ਤੇ ਮੂਰਤੀਆਂ, ਗਲੀਆਂ, ਚੌਕਾਂ ਅਤੇ ਸਕੂਲਾਂ ਦੇ ਨਾਂ ਰੱਖੇ ਗਏ ਹਨ। ਪਰ ਜਿਸ ਤਰ੍ਹਾਂ ਚੀਨ ਵਲੋਂ ਦਿੱਤੇ ਫੰਡਾਂ ਨਾਲ ਇਹ ਮੂਰਤੀ ਤਿਆਰ ਕੀਤੀ ਗਈ ਹੈ, ਉਸ ਨੇ ਜਰਮਨ ਵਰਗੇ ਜਮਹੂਰੀ ਮੁਲਕ ਦੇ ਇਸ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਇਸ ਮੂਰਤੀ ਦੀ ਘੁੰਡ ਚੁਕਾਈ ਮੌਕੇ ਸ਼ਾਮਲ ਹੋਣ ਆਏ ਕਾਮਰੇਡ ਵੁਲਫਗੈਂਗ ਬਰਗਮੈਨ ਨੇ ਕਿਹਾ ਕਿ ਨਾ ਸਿਰਫ਼ ਜਰਮਨ, ਸਗੋਂ ਅਮਰੀਕਾ ਤੇ ਹੋਰਨਾਂ ਸ਼ਹਿਰਾਂ ਵਿਚ ਅਮੀਰ-ਗ਼ਰੀਬ ਵਿਚਾਲੇ ਪਾੜਾ ਲਗਾਤਾਰ ਹੋਰ ਡੂੰਘਾ ਜਾ ਰਿਹਾ ਹੈ। ਅੰਬੈਸਡਰ ਸ਼ੀ ਮਿੰਗਡੇ ਦਾ ਕਹਿਣਾ ਸੀ ਕਿ ਚੀਨ ਨੇ ਮਾਰਕਸ ਦੀ ਥਿਊਰੀ ਨੂੰ ‘ਆਧੁਨਿਕ’ ਬਣਾ ਦਿੱਤਾ ਹੈ। ਪਰੋਲੇਤਾਰੀ ਵਰਗ ਇਨ੍ਹਾਂ ਜਸ਼ਨਾਂ ਤੋਂ ਉਤਸ਼ਾਹਤ ਹੋ ਸਕਦਾ ਹੈ।

ਜਰਮਨ ਦੇ ਰਾਸ਼ਟਰਪਤੀ ਫਰੈਂਕ ਵਾਲਟਰ ਸਟੈਨਮਾਇਰ ਨੇ ਇਸ ਮੌਕੇ ਘੱਟ ਹੀ ਰੂਚੀ ਦਿਖਾਈ।

**ਬੀਜਿੰਗ :** ਚੀਨ ਨੇ ਪਹਿਲਾਂ ਤੋਂ ਹੀ ਇਸ ਦਿਹਾੜੇ ਦੇ ਸਬੰਧ ਵਿਚ ਸਮਾਗਮ ਰੱਖੇ ਹੋਏ ਸਨ। ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਥੋਂ ਦੇ ਗਰੇਟ ਹਾੱਲ ਵਿਚ ਮਾਰਕਸ ਨੂੰ ਆਧੁਨਿਕ ਸਮੇਂ ਦਾ ਸਭ ਤੋਂ ਵੱਡਾ ਵਿਚਾਰਕ ਦੱਸਿਆ। ਹਾਲ ਹੀ ’ਚ ਸੰਵਿਧਾਨਕ ਤਬਦੀਲੀਆਂ ਨਾਲ ਸਭ ਨੂੰ ਹੈਰਾਨ ਕਰਨ ਵਾਲੇ ਜਿਨਪਿੰਗ ਨੇ ਸਾਰੀਆਂ ਕਮਿਊਨਿਸਟ ਪਾਰਟੀਆਂ ਦੇ ਮੈਂਬਰਾਂ ਨੂੰ ਮਾਰਕਸ ਪੜ੍ਹਨ ਅਤੇ ਉਸ ਦੇ ਸਿਧਾਂਤਾਂ ਨੂੰ ‘ਜੀਵਨ ਦੇ ਇਕ ਤਰੀਕੇ’ ਵਜੋਂ ਗ੍ਰਹਿਣ ਕਰਨ ਦੀ ਅਪੀਲ ਕੀਤੀ।

**ਬਰਲਿਨ :** ਯੂਰਪੀ ਕਮਿਸ਼ਨ ਦੇ ਰਾਸ਼ਟਰਪਤੀ ਜੀਨ ਕਲਾਉਡ ਜੁਨੇਕਰ ਦਾ ਕਹਿਣਾ ਸੀ ਕਿ ਜਰਮਨ ਦਾਰਸ਼ਨਿਕ ਕਾਰਲ ਮਾਰਕਸ ਨੂੰ ਉਨ੍ਹਾਂ ਦੇ ਸਮਰਥਕਾਂ ਵਲੋਂ ਉਨ੍ਹਾਂ ਦੀ ਮੌਤ ਤੋਂ ਬਾਅਦ ਕੀਤੇ ਗਏ ਅਪਰਾਧਾਂ ਨਾਲ ਨਹੀਂ ਪਰਖਣਾ ਚਾਹੀਦਾ। ਜੁਨੇਕਰ ਨੇ ਕਿਹਾ, ‘ਮਾਰਕਸ ਉਨ੍ਹਾਂ ਸਾਰੇ ਅਤਿਆਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜਿਨ੍ਹਾਂ ਦਾ ਕਥਿਤ ਵਾਰਿਸਾਂ ਨੇ ਜਵਾਬ ਦੇਣਾ ਹੈ।

**ਲੰਡਨ :** ਇਥੋਂ ਦੀ ਸੋਸ ਯੂਨੀਵਰਸਿਟੀ ਵਿਚ ਮਾਰਕਸ ਮੈਮੋਰੀਅਲ ਲਾਇਬਰੇਰੀ ਵਲੋਂ ਮਾਰਕਸ ਦੇ ਜਨਮ ਦਿਹਾੜੇ ’ਤੇ ਵੱਡਾ ਸੰਮੇਲਨ ਕਰਵਾਇਆ ਗਿਆ। ਖੱਬੇ ਪੱਖੀ ਪਰਿਵਾਰਾਂ ਵਲੋਂ ਸੈਮੀਨਾਰ ਕਰਵਾਏ ਗਏ। ਇਸ ਮੌਕੇ ‘ਇਨ ਟੂ ਦੀ ਟਵੰਟੀ ਫਸਟ ਸੈਂਚਰੀ : ਮਾਰਕਸਿਜ਼ਮ ਐਜ਼ ਅ ਫੋਰਸ ਫਾਰ ਚੇਂਜ ਟੂਡੇ’ ਵਿਸ਼ੇ ’ਤੇ ਚਾਂਸਲਰ ਜੋਹਨ ਮੈਕਡੋਨੇਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਭਾਰਤ ਤੋਂ ਸੀ.ਪੀ.ਐਮ. ਆਗੂ ਸੀਤਾਰਾਮ ਯੈਚੁਰੀ, ਚਾਇਨੀਜ਼ ਅਕੈਡਮੀ ਆਫ਼ ਸੋਸ਼ਲ ਸਾਇੰਸਜ਼ ਤੋਂ ਪ੍ਰੋਫੈਸਰ ਲੂ ਵੈਨਡੋਂਗ ਨੇ ਵੀ ਸ਼ਿਰਕਤ ਕੀਤੀ।

**ਇੰਫਾਲ, ਭਾਰਤ :** ਮਣੀਪੁਰ ਰਾਜ ਪ੍ਰੀਸ਼ੱਦ ਕਮਿਊਨਿਸਟ ਪਾਰਟੀ ਆਫ ਇੰਡੀਆ ਨੇ ਇਰਾਵਤ ਭਵਨ ਵਿਚ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾਇਆ। ਐਮ.ਐਸ.ਸੀ./ਸੀ.ਪੀ.ਆਈ. ਦੇ ਸਕੱਤਰ ਐਲ. ਸੈਟਿਨਕੁਮਾਰ ਸਿੰਘ, ਐਮ.ਐਸ.ਸੀ./ਸੀ.ਪੀ.ਆਈ. ਦੇ ਸਾਬਕਾ ਸਕੱਤਰ ਡਾ. ਐਮ. ਨਾਰਾ ਸਿੰਘ, ਐਮ.ਐਸ.ਸੀ, ਸਕੱਤਰੇਤ ਮੈਂਬਰ ਇਬਾਇਮਾ ਸਿੰਘ ਅਤੇ ਸਕੱਤਰੇਤ ਮੈਂਬਰ ਏ. ਲਾਲਾ ਸਿੰਘ ਨੇ ਵੀ ਹਿੱਸਾ ਲਿਆ। ਕੇਰਲ ਦੇ ਬਜ਼ੁਰਗ ਆਗੂ ਕੋਡਿਆਰੀ ਬਾਲਕ੍ਰਿਸ਼ਨ ਨੇ ਕਿਹਾ ਕਿ ਮਾਰਕਸ ਅੱਜ ਵੀ ਪ੍ਰਸੰਗਿਕ ਹੈ।

**ਐਡਮਿੰਟਨ :** ਇੱਥੋਂ ਦੇ ਯੂਕਰੇਨੀਅਨ ਸੈਂਟਰ ਵਿਖੇ ‘ਪੀਪਲਜ਼ ਵਾਇਸ ਫੰਡਰੇਜ਼ਰ ਬੈਂਕੁਇਟ’ ਵਿਚ ਸਮਾਗਮ ਕਰਵਾਇਆ ਗਿਆ, ਜਿਸ ਵਿਚ ਕਾਰਲ ਮਾਰਕਸ ਦੇ 200ਵੇਂ ਜਨਮ ਦਿਹਾੜੇ ’ਤੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਮੁੱਖ ਭਾਸ਼ਣ ਦਿੰਦਿਆਂ ਕਮਿਊਨਿਸਟ ਪਾਰਟੀ ਦੇ ਆਗੂ ਲਿਜ਼ ਰੌਅਲੀ ਨੇ ਕਿਹਾ ਕਿ ਮਾਰਕਸ ਨੇ ਸਾਮਵਾਦ ਦੀ ਨੀਂਹ ਰੱਖੀ, ਇਕ ਅਜਿਹੀ ਵਿਚਾਰਧਾਰਾ ਜਿਸ ਦਾ ਉਦੇਸ਼ ਉਤਪਾਦਨ ਦੇ ਸਾਧਨਾਂ ਅਤੇ ਸਮਾਜਕ ਵਰਗਾਂ ਨੂੰ ਬਰਾਬਰੀ ਦੇ ਹੱਕ ਦਵਾਉਣਾ ਸੀ। ਮਾਰਕਸ ਦੇ ਆਰਥਿਕਤਾ ਅਤੇ ਸਿਆਸਤ ਉਪਰਲੇ ਸਿਧਾਂਤਾਂ ਨੂੰ ਹੀ ਮਾਰਕਸਵਾਦ ਕਿਹਾ ਜਾਂਦਾ ਹੈ।



ਲਿਜ਼ ਨੇ ਕਿਹਾ ਕਿ ਮਾਰਕਸ ਨੇ ਆਪਣੇ ਲੇਖਾਂ ਵਿਚ ਤਰਕ ਦਿੱਤਾ ਹੈ ਕਿ ਪੂੰਜੀਵਾਦੀ ਵਿਵਸਥਾ ਵਿਚ ਮੁਨਾਫ਼ੇ ਲਈ ਉਦਯੋਗਪਤੀ ਆਪਣੇ ਕਾਰਖ਼ਾਨਿਆਂ ਦਾ ਤੇਜ਼ੀ ਨਾਲ ਮਸ਼ੀਨੀਕਰਨ ਕਰਨਗੇ ਅਤੇ ਕਾਮਿਆਂ ਦਾ ਮਿਹਨਤਾਨਾ ਲਗਾਤਾਰ ਘਟਾਇਆ ਜਾਵੇਗਾ। ਮਾਰਕਸ ਨੇ ਚਿਤਾਵਨੀ ਦਿੱਤੀ ਸੀ ਕਿ ਉਤਪਾਦਾਂ ਦੀਆਂ ਉਚ ਕੀਮਤਾਂ ’ਤੇ ਧਿਆਨ ਕੇਂਦਰਤ ਕਰਨ ਦੀ ਪੂੰਜੀਵਾਦ ਦੀ ਮਨਮਾਨੀ ਨਾਲ ਗੈਰ-ਮਨੁੱਖੀ, ਗੈਰ ਕੁਦਰਤੀ ਵਰਤਾਰੇ ਦੇ ਨਾਲ ਨਾਲ ਅਣਕਿਆਸੀ ਭੁੱਖ ਵਧੇਗੀ। ਲਿਜ਼ ਤੋਂ ਇਲਾਵਾ ਹੋਰਨਾਂ ਸ਼ਖ਼ਸੀਅਤਾਂ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਜਿੱਥੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਉਥੇ ਰਾਤ ਦੇ ਖਾਣੇ ਦਾ ਵੀ ਪ੍ਰਬੰਧ ਸੀ।


## THE SIKH PARADE/PROCESSION

### CELEBRATING ANNIVERSARY THE CREATION OF KHALSA

Sunday, May 20, 2018 - 20th Vaisakhi Nagar Kirtan

Continuing the tradition of the previous years, the Sikhs of Edmonton shall hold the Nagar Kirtan on Sunday, May 20, 2018, in dedication to the Creation of the Khalsa on Vaisakhi Day of 1699CE. The procession led by the Panj Piyaray (Five Beloved Ones) escorting the palanquin of Holy Siri Guru Granth Sahib will start from Gurdwara Millwoods , 2606 Gurdwara Road (Mill Woods Road East) Edmonton after saying prayers at 12:00 pm. It will reach Gurdwara Siri Guru Singh Sabha, 4504 Gurdwara Road (Mill Woods Road South), Edmonton by 2:00 pm.

There will be a stop-over of one and a half hour at Gurdwara Siri Guru Singh Sabha, during which dignitaries and representatives from the Gurdwaras will deliver their messages and greetings to the Sikh Community. Dhadhi Jathas (Bards) shall be singing Vars from the glorious Sikh history. Then the Nagar Kirtan shall commence its 2nd leg of journey to reach back at Gurdwara Millwoods by 5:00 pm. We humbly request all of you to participate in the Nagar Kirtan with your family, relatives and friends, and add to the hustle and bustle of the event and receive Guru's blessings. We further request you to wear saffron-color turban (males) and saffron-colour dupatta – a long headscarf (females) for the event.






Food from Guru's Langar will be continuously served during the event in both the Gurdwaras.

ATTENTION - PLEASE NOTE

- Nagar Kirtan shall start immediately after saying 'Ardaas'- prayers at 12:30 pm.
- Nagar Kirtan is a pilgrimage. All pilgrims are requested to walk behind the palanquin of Siri Guru Granth Sahib, not at sides, nor in front.
- It is unlawful to park vehicles on the route of the Nagar Kirtan and other designated areas where 'No Parking' signs are displayed. Parked vehicles may be ticketed and towed. There are special instructions from the authorities regarding this.
- Respect the property of other people along the route. Do not trespass on the front yards of the houses. Please do not use washrooms of businesses and residences on the route.
- For your convenience, portable washrooms will be placed in the compounds of both the Gurdwaras and on the Nagar Kirtan route near T.D.Baker School and Pollard Meadows School. Please use these washrooms if you need.
- Take special care of cleanliness. Please help the organizers by picking up any garbage lying on the road and putting it in the bags, and depositing it in the garbage bins.
- We are thankful to all those families who serve free refreshments from the stalls set up on the route. We request them to make extra effort for cleanliness.
- Take special care of your children; you are responsible for your children. Please look after their safety and yours as well. You are responsible for what you or your children eat from stalls in the Gurdwaras or on the route.
- The Vaisakhi Nagar Kirtan Committee shall not be responsible for any flyers distributed without the committee's permission. The views expressed by the flyers do not necessarily reflect the views of the committee.
- Keeping security and safety of all in mind be very vigilant. If you notice any suspicious activity, bring it to the notice of any member of the committee or member of the police team on duty. Do not handle any unattended bag.

We request all to share in the voluntary work for this Nagar Kirtan. Please contact any of the following organizers to participate in the *sewa* (voluntary work) or for further information.

| Gurdwara Millwoods 780-450-3844 | Siri Guru Nanak Sikh Gurdwara 780-451-4519 | Gurdwara Siri Guru Singh Sabha 780-462-7454 |
|---|---|---|
| S. Karnail Singh Bhamra 780-990-6166 | S. Pal Singh Purewal 780-729-0877 | S. Gurcharn Singh Sangha 780-660-9961 |
| S.Surinder Singh Hoonjan 780-777-3653 | S. Skattar Singh 780-975-3595 | S. Harpreet Singh Gill 780-884-3551 |

nagarkirtanedmonton@gmail.com

VAISAKHI NAGAR KIRTAN COMMITTEE, EDMONTON



## ਐਡਮਿੰਟਨ ਵਿਖੇ ਖ਼ਾਲਸੇ ਦੇ ਸਾਜਨਾ ਦਿਵਸ

### ਵਿਸਾਖੀ ਨੂੰ ਸਮਰਪਿਤ ਵੀਹਵਾਂ ਮਹਾਨ ਨਗਰ ਕੀਰਤਨ

20 ਮਈ, 2018, ਐਤਵਾਰ, ਵਿਕਟੋਰੀਆ ਡੇ ਲੌਂਗ ਵੀਕਐਂਡ ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 20 ਮਈ, 2018 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਐਂਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:00 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦਵਾਰਾ ਮਿਲਵੁਡਜ਼ ਤੋਂ ਅਰੰਭ ਹੋਵੇਗਾ ਅਤੇ 2:00 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਪੁਜੇਗਾ। ਇਥੇ ਪਹੁੰਚਣ ਤੇ ਇਕ ਘੰਟਾ 30 ਮਿੰਟ ਲਈ ਸਟੇਜ ਸਜੇਗੀ ਜਿਸ ਵਿਚ ਕਵੀਸ਼ਰੀ, ਢਾਡੀ, ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਗੁਰਦਵਾਰਾ ਸਿਰੀ ਗੁਰੂ ਸਿੰਘ ਸਭਾ ਤੋਂ ਨਗਰ ਕੀਰਤਨ 3:30 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਮਿਲਵੁਡਜ਼ ਵਾਪਸ ਪਹੁੰਚੇਗਾ। ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।






ਗੁਰਦਵਾਰਾ ਮਿਲਵੁਡਜ਼ ਅਤੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

ਧਿਆਨ ਰੱਖਣਯੋਗ - ਜ਼ਰੂਰੀ ਗੱਲਾਂ

- ਨਗਰ ਕੀਰਤਨ ਠੀਕ 12:00 ਵਜੇ ਅਰਦਾਸ ਕਰਨ ਦੁਪਹਿਰ ਚਾਲੇ ਪਾਵੇਗਾ।
- ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ।
- ਅਸੀਂ ਉਨਾਂ ਸਾਰੇ ਪਰਿਵਾਰਾਂ ਦੇ ਬਹੁਤ ਧੰਨਵਾਦੀ ਹਾਂ ਜੋ ਰਸਤੇ ਵਿਚ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁਦ ਜੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜੁੰਮੇਵਾਰੀ ਤੇ ਲੈਕੇ ਖਾਣਾ ਹੈ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜੁੰਮੇਵਾਰੀ ਨਹੀਂ ਹੈ।
- ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੁਚੇਤ ਰਹੋ। ਜੇ ਕੋਈ ਸ਼ੱਕੀ ਚੀਜ਼ ਦਿਸੇ, ਤਾਂ ਉਸ ਨੂੰ ਹੱਥ ਨਾਂਹ ਲਾਓ, ਸਗੋਂ ਪੁਲੀਸ ਨੂੰ ਰੀਪੋਰਟ ਕਰੋ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ। ਸੇਵਾ ਵਿਚ ਹਿੱਸਾ ਜਾਂ ਹੋਰ ਸੂਚਨਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਸੰਪਰਕ ਕਰੋ ਜੀ।

| ਗੁਰਦਵਾਰਾ ਮਿਲਵੁਡਜ਼ 780-450-3844 | ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 | ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454 |
|---|---|---|
| ਸ. ਕਰਨੈਲ ਸਿੰਘ ਭੰਮਰਾ 780-990-6166 | ਸ: ਪਾਲ ਸਿੰਘ ਪੁਰੇਵਾਲ 780-729-0877 | ਸ: ਗੁਰਚਰਨ ਸਿੰਘ ਸੰਘਾ 780-660-9961 |
| ਸ. ਸੁਰਿੰਦਰ ਸਿੰਘ ਹੁੰਜਣ 780-777-3653 | ਸ: ਸਕੱਤਰ ਸਿੰਘ ਸੰਧੂ 780-975-3595 | ਸ: ਹਰਪ੍ਰੀਤ ਸਿੰਘ ਗਿੱਲ 780-884-3551 |

nagarkirtanedmonton@gmail.com

ਸੰਗਤਾਂ ਦੇ ਦਾਸ :-ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ।

Yes! Immigration Consultancy Services

iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

www.yesimmigration.ca

OUR SERVICES

Student Visa
Express Entry-Jan 2015
Canadian Experience Class
Federal Skilled Worker
LMIA/Work Permits
Citizenship Services
P.R. Card Services
Canadain Experience Class
Federal Skilled Worker
Business Immigration
Family Sponsorship
Affidavits

Live in Caregiver
Change of Employer
Change of Conditions
Case History From CIC
Name Change
Travel Documents
Dual Citizenship
US Visa, UK Visa, Australia Visa
Provincial Nominee Programs
Spousal Sponsorship
Sponsorship Appeals
Visitor Visa/Super Visa

ALBERTA OFFICE :
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com

TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279



RIPTAAPAN SINGH (RIP)
Branch Manager (B.Sc)

SUPER VISA INSURANCE




CREATIVE SOLUTIONS UNLIMITED
Strategy Planning & Public Relations

Grant Compilation
Board Development
Event Management & Promotions

Commissioner of Oaths
Power of Attorney/ Life Certificate
Letter Drafting
Translation
Affidavit



9245-35 Avenue Edmonton, AB T6E 5Y1
780-469-4009
info@creativesui.com

SOHAIL QUADRI

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60% Payment Options available

**Western Canada's**

Biggest Brokers Team, designed to serve Canadian's with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND
100 YEAR & BEYOND
SMI
SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ



For all your Real Estate needs

BUY OR SELL

NIRMAL (SONY) GILL

Century 21 A.L.L. Stars Realty Ltd MLS REALTOR

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ

780-937-9067

Office: 780-434-4700
Email : nirmalgill@live.com


3229 22 st. Edmonton


13039 165 Ave. Edmonton


16520 131 st. Edmonton




*In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.*

Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

G DRIVING SCHOOL LTD.
Authorised teach Certification Course

EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu


Gurcharan Singh Garcha (M.Sc. M.Ed.)



Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

Do it Once Do it Right !!!
UniTech CONSTRUCTION

ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ

780.860.1975
bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.


Harinder Dhaliwal

All kind of Stucco
Acrylic & Rain Screen (780) 297-9165

EconoLodge BY CHOICE HOTELS

Red Deer Econo Lodge Inn & Suites
www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca


Varinder Sidhu
President

37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਕੈਨੇਡਾ ਦੇ ਮਸ਼ਹੂਰ ਬ੍ਰਾਂਡ ਸਟਾਰਬਕਸ ਦੇ ਪਖਾਨੇ 'ਚੋਂ ਮਿਲਿਆ ਗੁਪਤ ਕੈਮਰਾ

**ਟੋਰਾਂਟੋ (ਨਦਬ) :** ਕੈਨੇਡਾ ਦੇ ਮਸ਼ਹੂਰ ਕੌਫੀ ਬ੍ਰਾਂਡ ਸਟਾਰਬਕਸ ਦੇ ਇਕ ਕੈਫੇ ਦੇ ਬਾਥਰੂਮ 'ਚੋਂ ਗੁਪਤ ਕੈਮਰਾ ਮਿਲਣ ਤੋਂ ਬਾਅਦ ਟੋਰਾਂਟੋ ਦੀ ਪੁਲਿਸ ਮਾਮਲੇ ਦੀ ਜਾਂਚ ਵਿਚ ਲੱਗ ਗਈ ਹੈ। ਇਹ ਕੈਫੇ ਟੋਰਾਂਟੋ ਦੇ ਡਾਊਨਟਾਊਨ 'ਚ ਸਥਿਤ ਹੈ। ਟੋਰਾਂਟੋ ਪੁਲਸ ਦੇ ਬੁਲਾਰੇ ਗੈਰੀ ਲੋਂਗ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਯੋਂਗ ਸਟ੍ਰੀਟ ਦੇ ਨੇੜੇ 4 ਕਿੰਗ ਸਟ੍ਰੀਟ ਪੱਛਮ 'ਚ ਸਥਿਤ ਸਟਾਰਬਕਸ ਦੇ ਕੈਫੇ ਤੋਂ ਇਕ ਕੈਮਾਰਾ ਬਰਾਮਦ ਕੀਤਾ ਗਿਆ ਹੈ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਲੋਂਗ ਨੇ ਦਸਿਆ ਕਿ ਕੈਫੇ ਦੇ ਸਟਾਫ ਨੇ ਪੁਲਿਸ ਨੂੰ ਦੱਸਿਆ ਕਿ ਗੁਪਤ ਕੈਮਰਾ ਪਖਾਨੇ 'ਚ ਸਿੰਕ ਵਾਲੀ ਕੰਧ 'ਤੇ ਟਾਇਲਟ ਵੱਲ ਨੂੰ ਲੱਗਿਆ ਹੋਇਆ ਸੀ। ਹਾਲਾਂਕਿ ਲੋਂਗ ਨੇ ਇਹ ਨਹੀਂ ਦੱਸਿਆ ਕਿ ਕੈਮਰਾ ਕਿੰਨੀ ਦੇਰ ਤੋਂ ਵਾਸ਼ਰੂਮ 'ਚ ਲੱਗਾ ਸੀ। ਪੁਲਸ ਨੇ ਅਜੇ ਇਸ ਮਾਮਲੇ 'ਚ ਕਿਸੇ ਸ਼ੱਕੀ ਦਾ ਜ਼ਿਕਰ ਨਹੀਂ ਕੀਤਾ ਤੇ ਘਟਨਾ ਦੇ ਸਬੰਧ ਅਜੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

ਸਟਾਰਬਕਸ ਕੈਨੇਡਾ ਦੇ ਐਕਟਰਨਲ ਕਮਨੀਕੇਸ਼ਨ ਦੇ ਸੀਨੀਅਰ ਮੈਨੇਜਰ ਟਿਮ ਗੈਲੇਂਟ ਨੇ ਇਕ ਲਿਖਤੀ ਬਿਆਨ 'ਚ ਕਿਹਾ ਕਿ ਕੈਫੇ ਦੇ ਕਰਮਚਾਰੀਆਂ ਨੂੰ ਬੀਤੇ ਦਿਨ ਇਸ ਗੁਪਤ ਕੈਮਰੇ ਬਾਰੇ ਪਤਾ ਲੱਗਿਆ ਅਤੇ ਉਨ੍ਹਾਂ ਨੇ ਇਸ ਸਾਰੀ ਘਟਨਾ ਬਾਰੇ ਪੁਲਸ ਨੂੰ ਜਾਣਕਾਰੀ ਦੇ ਦਿੱਤੀ ਹੈ।

# ਕੈਨੇਡੀਅਨ ਮੰਤਰੀ ਨਵਦੀਪ ਬੈਂਸ ਨੂੰ ਪੱਗ ਉਤਾਰਨ ਲਈ ਮਜਬੂਰ ਕਰਨ ਵਾਲਿਆਂ ਨੇ ਮੰਗੀ ਮੁਆਫੀ

**ਟੋਰਾਂਟੋ (ਨਦਬ) :** ਕੈਨੇਡਾ ਦੇ ਕਾਢ, ਵਿਗਿਆਨ ਅਤੇ ਆਰਥਿਕ ਮਾਮਲਿਆਂ ਦੇ ਮੰਤਰੀ ਨਵਦੀਪ ਬੈਂਸ ਦਾ ਕਹਿਣਾ ਹੈ ਕਿ ਪਿਛਲੇ ਸਾਲ ਅਮਰੀਕਾ 'ਚ ਡਿਟਰੋਇਟ ਸ਼ਹਿਰ ਦੀ ਏਅਰਪੋਰਟ ਸਕਿਊਰਿਟੀ ਵੱਲੋਂ ਉਨ੍ਹਾਂ ਨੂੰ ਪੱਗ ਉਤਾਰਨ ਲਈ ਕਿਹਾ ਗਿਆ ਸੀ ਅਤੇ ਇਹ ਸਭ ਉਨ੍ਹਾਂ ਨੂੰ ਬਹੁਤ ਬੁਰਾ ਲੱਗਾ ਸੀ। ਇਸ ਮਾਮਲੇ ਵਿੱਚ ਅਮਰੀਕੀ ਅਧਿਕਾਰੀਆਂ ਵੱਲੋਂ ਮੁਆਫੀ ਮੰਗੀ ਗਈ, ਜੋ ਨਵਦੀਪ ਨੇ ਮਨਜ਼ੂਰ ਕਰ ਲਈ ਹੈ।

ਬੈਂਸ ਨੇ ਕਿਹਾ ਕਿ ਸਿੱਖ ਹੋਣ ਨਾਤੇ ਪੱਗ ਬੰਨ੍ਹਣਾ ਸਾਡਾ ਫਰਜ਼ ਹੈ ਅਤੇ ਜਦ ਉਨ੍ਹਾਂ ਨੂੰ ਪੱਗ ਉਤਾਰਨ ਲਈ ਕਿਹਾ ਗਿਆ ਤਾਂ ਇਹ ਬਹੁਤ ਹੀ ਖਿਝਾਉਣ ਵਾਲਾ ਤੇ ਬੁਰਾ ਤਜ਼ਰਬਾ ਰਿਹਾ। ਵੀਰਵਾਰ ਨੂੰ ਟੋਰਾਂਟੋ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਪ੍ਰੈਲ 2017 ਵਿੱਚ ਉਹ ਜਹਾਜ਼ ਚੜ੍ਹਨ ਲਈ ਗੇਟ ਉੱਤੇ ਪਹੁੰਚੇ ਹੀ ਸਨ ਕਿ ਉਨ੍ਹਾਂ ਨੂੰ ਪੱਗ ਉਤਾਰਨ ਲਈ ਕਿਹਾ ਗਿਆ। ਬੈਂਸ ਨੇ ਦਸਿਆ ਕਿ ਉਹ ਪਹਿਲਾਂ ਹੀ ਸਕਿਊਰਿਟੀ ਸਕਰੀਨ ਰਾਹੀਂ ਲੰਘ ਚੁੱਕੇ ਸਨ ਪਰ ਫਿਰ ਵੀ ਉਨ੍ਹਾਂ ਨੂੰ ਅਜਿਹਾ ਕਿਹਾ ਗਿਆ। ਅਮਰੀਕਾ ਦੀ ਇਸ ਨੀਤੀ ਤਹਿਤ ਏਅਰਪੋਰਟ ਚੈੱਕਸ ਵਿੱਚੋਂ ਲੰਘਦੇ ਸਮੇਂ ਸਿੱਖ ਆਪਣੀਆਂ ਪੱਗਾਂ ਪਾ ਕੇ ਲੰਘ ਸਕਦੇ ਹਨ। ਨਵਦੀਪ ਨੇ ਦਸਿਆ ਕਿ ਉੱਥੇ ਮਸ਼ੀਨ 'ਚ ਖਰਾਬੀ



ਹੋਣ ਕਾਰਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਹ ਹੁਕਮ ਦਿੱਤਾ ਸੀ।

ਬੈਂਸ ਨੇ ਆਖਿਆ ਕਿ ਜਦੋਂ ਅਧਿਕਾਰੀਆਂ ਨੂੰ ਇਹ ਪਤਾ ਲੱਗਾ ਕਿ ਉਹ ਕੌਣ ਹਨ ਤਾਂ ਉਨ੍ਹਾਂ ਨੂੰ ਉਡਾਨ ਭਰਨ ਦਿੱਤੀ ਗਈ ਪਰ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਬਹੁਤ ਬੁਰਾ ਮਹਿਸੂਸ ਹੋਇਆ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਇਹ ਪੱਖਪਾਤ ਦਾ ਮੁੱਦਾ ਹੈ ਤੇ ਪੱਖਪਾਤ ਕਈ ਲੋਕਾਂ ਨਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਸਕਿਊਰਿਟੀ ਕਿੰਨੀ ਜ਼ਰੂਰੀ ਹੈ ਪਰ ਇਸ ਲਈ ਸਹੀ ਪ੍ਰਕਿਰਿਆ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਅਤੇ ਕੌਮਾਂਤਰੀ ਪੱਧਰ ਉੱਤੇ ਪਹਿਲਾਂ ਵੀ ਕਈ ਥਾਂਵਾਂ ਉੱਤੇ ਜਾ ਚੁੱਕੇ ਹਨ ਪਰ ਪੱਗ ਉਤਾਰਨ ਲਈ ਉਨ੍ਹਾਂ ਨੂੰ ਕਦੇ ਨਹੀਂ ਆਖਿਆ ਗਿਆ।

ਸੰਘੀ ਕੈਬਨਿਟ ਮੰਤਰੀ ਹੋਣ ਨਾਤੇ ਬੈਂਸ ਕੋਲ ਸਪੈਸ਼ਲ ਡਿਪਲੋਮੈਟਿਕ ਪਾਸਪੋਰਟ ਹੈ ਤੇ ਉਨ੍ਹਾਂ ਦੇ ਦਫਤਰ ਨੇ ਦੱਸਿਆ ਕਿ ਜਦੋਂ ਤੱਕ ਉਨ੍ਹਾਂ ਨੂੰ ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਨਹੀਂ ਕਿਹਾ ਗਿਆ, ਉਨ੍ਹਾਂ ਨੇ ਆਪਣਾ ਇਹ ਖਾਸ ਪਾਸਪੋਰਟ ਵਿਖਾ ਕੇ ਕੋਈ ਰੋਅਬ ਨਹੀਂ ਪਾਇਆ। ਇਸ ਘਟਨਾ ਤੋਂ ਬਾਅਦ ਵਿਦੇਸ਼ ਮੰਤਰਾਲੇ ਵਲੋਂ ਅਮਰੀਕਾ ਦੇ ਹੋਮਲੈਂਡ ਸਕਿਊਰਿਟੀ ਵਿਭਾਗ ਅਤੇ ਟਰਾਂਸਪੋਰਟੇਸ਼ਨ ਸਕਿਊਰਿਟੀ ਐਡਮਨਿਸਟ੍ਰੇਸ਼ਨ ਨਾਲ ਗੱਲ ਕੀਤੀ ਗਈ ਤਾਂ ਅਮਰੀਕੀ ਅਧਿਕਾਰੀਆਂ ਨੇ ਬੈਂਸ ਤੋਂ ਮੁਆਫੀ ਮੰਗੀ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਕੈਬਨਿਟ ਮੰਤਰੀ ਬੈਂਸ ਅਤੇ ਹਰਜੀਤ ਸਿੰਘ ਸੱਜਣ ਜੋ ਅਮ੍ਰਿਤਧਾਰੀ ਹਨ, ਅਮਰੀਕਾ ਆਉਂਦੇ-ਜਾਂਦੇ ਹਨ ਅਤੇ ਅਜਿਹੀਆਂ ਘਟਨਾਵਾਂ ਕਰ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਹੋਣਾ ਪੈਂਦਾ ਹੈ।

# ਸਵੱਛ ਭਾਰਤ ਮੁਹਿੰਮ ਸਬੰਧੀ ਸਮਾਗਮ

ਜਗਰਾਉਂ (ਨਦਬ) : ਸਥਾਨਕ ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ ਜਗਰਾਉਂ ਵਿਚ ਪ੍ਰੋ. ਨਿਰਮਲ ਸਿੰਘ ਅਤੇ ਪ੍ਰੋ. ਨਿਧੀ ਮਹਾਜਨ ਦੀ ਅਗਵਾਈ ਵਿਚ "ਸਵੱਛਤਤਾ ਲਹਿਰ" ਸਬੰਧੀ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਕਾਲਜ ਦੇ ਸਾਬਕਾ ਡਾਇਰੈਕਟਰ ਪ੍ਰੋ. ਮਹਿੰਦਰ ਸਿੰਘ ਜੱਸਲ ਬਤੌਰ ਮੁਖ ਮਹਿਮਾਨ ਸ਼ਾਮਲ ਹੋਏ। ਸਮਾਗਮ




ਦਾ ਆਗਾਜ਼ ਕਰਦਿਆਂ ਪ੍ਰੋ. ਰਾਕੇਸ਼ ਰਮਨ ਨੇ ਦੇਸ਼ ਵਿਚ ਸਵੱਛਤਾ ਦੀ ਸਥਿਤੀ ਅਤੇ ਲੋੜ ਉੱਪਰ ਰੌਸ਼ਨੀ ਪਾਈ। ਪ੍ਰੋ. ਨਿਧੀ ਮਹਾਜਨ ਨੇ ਸਵੱਛਤਾ ਲਹਿਰ ਅਧੀਨ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਕਿਵੇਂ ਸਵੱਛਤਾ ਲਈ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਸਰਟੀਫਿਕੇਟ, ਇਨਾਮ ਅਤੇ ਮਾਣਭੱਤਾ ਵੀ ਦਿੱਤਾ ਜਾਵੇਗਾ। ਸਮਾਗਮ ਵਿਚ ਜਗਰਾਉਂ ਵਿਚ ਸਫਾਈ ਦੀ ਸਥਿਤੀ ਬਾਰੇ ਪ੍ਰੋ. ਨਿਧੀ ਦਵਾਰਾ ਸਲਾਈਡ ਸ਼ੋਅ ਵੀ ਕੀਤਾ ਗਿਆ। ਪ੍ਰੋ. ਮਹਿੰਦਰ ਸਿੰਘ ਜੱਸਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੱਛਮੀ ਦੇਸ਼ਾਂ ਵਿਚ ਸਵੱਛਤਾ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ। ਉਹਨਾਂ ਨੇ ਕਾਲਜ ਨੂੰ ਸਾਫ-ਸੁਥਰਾ ਬਣਾਉਣ ਹਿੱਤ ਇੱਕੀ ਹਜਾਰ ਰੁਪਏ ਦਾ ਚੈਕ ਵੀ ਭੇਂਟ ਕੀਤਾ। ਪ੍ਰਧਾਨਗੀ ਭਾਸ਼ਣ ਦਿੰਦਿਆਂ ਕਾਲਜ ਡਾਇਰੈਕਟਰ ਪ੍ਰੋ. ਗੁਰਚਰਨ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਦੇਸ਼ ਦੀ ਤੁਲਨਾ ਪੱਛਮੀ ਦੇਸ਼ਾਂ ਨਾਲ ਹਾਂ ਪੱਖੀ ਭਾਵਨਾ ਨਾਲ ਕਰਨੀ ਹੈ ਤੇ ਇਹ ਨਿਸ਼ਚਾ ਕਰਨਾ ਚਾਹੀਦਾ ਹੈ ਕਿ ਅਸੀ ਵੀ ਜੇਕਰ ਯਤਨ ਕਰੀਏ ਤਾਂ ਭਾਰਤ ਨੂੰ ਉਹਨਾਂ ਦੇਸ਼ਾਂ ਵਰਗਾ ਬਣਾ ਸਕਦੇ ਹਾਂ।

# ਰੇਚਲ ਨੋਟਲੇ ਵਲੋਂ ਟ੍ਰਾਂਸ ਮਾਊਨਟੇਨ ਪਾਈਪਲਾਈਨ ਪ੍ਰੋਜੈਕਟ ਦੇ ਪ੍ਰਚਾਰ ਲਈ 1.2 ਮਿਲੀਅਨ ਡਾਲਰ ਦੀ ਯੋਜਨਾ ਐਲਾਨ

ਐਡਮਿੰਟਨ (ਨਦਬ) : ਟ੍ਰਾਂਸ ਮਾਊਨਟੇਨ ਪਾਈਪਲਾਈਨ ਪ੍ਰੋਜੈਕਟ ਆਪਣੇ ਹੋਂਦ ਵਿੱਚ ਆਉਣ ਤੋਂ ਹੀ ਵਿਵਾਦਾਂ ਚ ਘਿਰਿਆ ਹੋਇਆ ਹੈ। ਪਰ ਸਾਰੀਆਂ ਅੜਚਣਾਂ ਦੇ ਬਾਵਜੂਦ ਅਲਬਰਟਾ ਦੀ ਪ੍ਰੀਮੀਅਰ ਰੈਚਲ ਨੋਟਲੇ ਪ੍ਰੋਜੈਕਟ ਨੂੰ ਨੇਪਰੇ ਚਾੜਣ ਲਈ ਦ੍ਰਿੜ ਹੈ। ਪ੍ਰੋਜੈਕਟ ਦੇ ਹੱਕ ਵਿੱਚ ਸਮੂਹਿਕ ਸਹਿਮਤੀ ਲਈ ਉਹ ਹਰ ਕੋਸ਼ਿਸ਼ ਕਰ ਰਹੀ ਹੈ। ਪਿਛਲੇ ਦਿਨੀਂ ਰੈਚਲ ਨੋਟਲੇ ਵਲੋਂ ਪ੍ਰੋਜੈਕਟ ਦੀ ਨਿਸਚਿਤ ਸਮਾਂ ਸੀਮਾ ਨੂੰ ਦੇਖਦਿਆਂ ਇਸ ਚ ਵਿਸਥਾਰ ਦੇ ਹੱਕ ਵਿੱਚ ਸਮੱਰਥਨ ਹਾਸਿਲ ਕਰਨ ਲਈ ਵਿੱਢੀ ਗਈ ਮੁਹਿੰਮ ਲਈ 1.2 ਮਿਲੀਅਨ ਡਾਲਰ ਦਾ ਬਜਟ ਬਣਿਆ ਹੈ ਤਾਂ ਜੋ ਸ਼ੇਅਰਹੋਲਡਰਾਂ ਦੇ ਯਕੀਨ ਨੂੰ ਬਹਾਲ ਰੱਖਿਆ ਜਾ ਸਕੇ।

ਇਸ ਸਬੰਧੀ ਗੱਲਬਾਤ ਕਰਦਿਆਂ ਰੈਚਲ ਨੋਟਲੇ ਨੇ ਕਿਹਾ ਉਹ ਕਿੰਡਰ ਗਾਰਡਨ ਨਾਲ ਹੋਈ ਗੱਲਬਾਤ ਦੀ ਜਾਣਕਾਰੀ ਨਸ਼ਰ ਨਹੀਂ ਕਰ ਸਕਦੀ ਪਰ ਇਹ ਪ੍ਰੋਜੈਕਟ ਸਮਾਂ ਸੀਮਾਂ ਤੋਂ ਪਹਿਲਾਂ ਸਫ਼ਲਤਾਪੂਰਵਕ ਟੀਚਾ ਹਾਸਲ ਕਰੇਗਾ। ਪ੍ਰੋਜੈਕਟ ਦੇ ਹੱਕ ਵਿੱਚ ਵਿੱਢੀ ਗਈ ਮੁਹਿੰਮ ਤਹਿਤ ਵੱਡੇ ਵੱਡੇ ਬਿਲਬੋਰਡ ਤਿਆਰ ਕੀਤੇ ਗਏ ਹਨ ਜਿਨ੍ਹਾਂ 'ਤੇ ਲਿਖਿਆ ਹੋਇਆ ਹੈ ਕਿ ਟ੍ਰਾਂਸ ਮਾਊਨਟੇਨ ਪਾਈਪਲਾਈਨ ਦਾ ਮਤਲਬ ਸਕੂਲਾਂ, ਸੜਕਾਂ ਅਤੇ ਹਸਪਤਾਲਾਂ ਲਈ ਹੋਰ ਧਨ ਇਕੱਠਾ ਕਰਨਾ ਹੈ। ਰੈਚਲ ਨੋਟਲੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਸੀ ਵਿੱਚ ਵਿੱਢੀ ਗਈ ਮੁਹਿੰਮ ਦਾ ਸੱਤ ਲੱਖ ਡਾਲਰ ਦਾ ਖਰਚਾ ਹੈ। ਇਸ ਤੋਂ ਇਲਾਵਾ ਟੀਵੀ, ਰੇਡਿਓ ਤੇ ਹੋਰ ਮਾਧਿਅਮਾਂ ਰਾਹੀਂ ਵੀ ਸਰਕਾਰ ਨੇ ਮੁਹਿੰਮ ਚਲਾਈ ਹੋਈ ਹੈ।

ਰੈਚਲ ਨੋਟਲੇ ਨੇ ਬਿਲ 12 ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਹੁਣ ਇਹ ਜਰੂਰੀ ਹੋ ਗਿਆ ਸੀ ਕਿ ਬਿਲ 12 ਵਿੱਚ ਦਿੱਤੇ ਗਏ ਹੱਕਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਰਣਨੀਤਿਕ ਤੌਰ 'ਤੇ ਆਪਣੇ ਸੋਮਿਆਂ ਦੀ ਉਚਿਤ ਵਰਤੋਂ ਕੀਤੀ ਜਾਵੇ। ਦੱਸਣਾ ਬਣਦਾ ਹੈ ਕਿ ਵਿਧਾਨ ਸਭਾ ਮੈਂਬਰਾਂ ਵੱਲੋਂ ਕਾਨੂੰਨ ਵਿੱਚ ਬਦਲਾਅ ਕਰਕੇ ਕੱਚੇ ਤੇਲ, ਗੈਸ ਅਤੇ ਰਿਫਾਈਨਡ ਇੰਧਣ ਬਾਰੇ ਫੈਸਲਾਕੁਨ ਅਧਿਕਾਰ ਵਿੱਤ ਮੰਤਰੀ ਨੂੰ ਦਿੱਤੇ ਗਏ ਹਨ।

ਇਸ ਕਵਾਇਦ ਵਿੱਚ ਹੀ ਵਾਤਾਵਰਣ ਅਤੇ ਪਾਰਕਾਂ ਬਾਰੇ ਮੰਤਰੀ ਸ਼ੈਨਨ ਫਿਲਿਪਸ ਮਈ ਦੇ ਅੰਤ ਵਿੱਚ ਬੀਸੀ ਦੇ ਚੈਂਬਰ ਆਫ਼ ਕਮਰਸ ਨਾਲ ਮਿਲਣ ਲਈ ਕੈਂਪਲੂਪਸ ਜਾ ਰਹੀ ਹੈ। ਪਿਛਲੇ ਦਿਨੀਂ ਫਿਲਿਪਸ ਵੱਲੋਂ ਉਦਯੋਗ ਨੂੰ ਪ੍ਰਫੁੱਲਤ ਕਰਨ ਲਈ 88 ਮਿਲੀਅਨ ਡਾਲਰ ਦੇ ਇੱਕ ਪ੍ਰੋਗਰਾਮ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਪ੍ਰੋਗਰਾਮ ਲਈ ਫੈਡਰਲ ਅਤੇ ਸੂਬਾ ਸਰਕਾਰ ਵੱਲੋਂ ਧਨ ਮੁਹੱਈਆ ਕਰਵਾਇਆ ਜਾਵੇਗਾ। ਅਸਲ ਵਿੱਚ ਅਲਬਰਟਾ ਦੀ ਸਰਕਾਰ ਵੱਲੋਂ ਅਜਿਹਾ ਮਹੌਲ ਤਿਆਰ ਕੀਤਾ ਜਾ ਰਿਹਾ ਹੈ ਜਿਸ ਰਾਹੀਂ ਪਾਇਪਲਾਈਨ ਦੇ ਰਾਹ ਵਿੱਚਲੀਆਂ ਅੜਚਣਾਂ ਨੂੰ ਦ ਕੀਤਾ ਜਾ ਸਕੇ। ਦੂਜੇ ਪਾਸੇ ਬੀਸੀ ਦੇ ਪ੍ਰੀਮੀਅਰ ਜੋਹਨ ਹੋਰਗਨ ਨੇ ਫਿਰ ਦੁਹਰਾਇਆ ਹੈ ਕਿ ਉਹ ਪਾਈਪਲਈਨ ਨੂੰ ਰੋਕਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨਗੇ। ਓਟਾਵਾ ਵੱਲੋਂ ਪ੍ਰੋਜੈਕਟ ਨੂੰ ਲੈ ਕੇ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿੱਤ ਮੰਤਰੀ ਬਿਲ ਮੋਰਨਿਊ ਨੂੰ ਹਦਾਇਤ ਦਿੱਤੀ ਹੈ ਕਿ ਕਿੰਡਰ ਮੋਰਗਨ ਨਾਲ ਗੱਲਬਾਤ ਕਰਕੇ ਇਸਦਾ ਵਿੱਤੀ ਹੱਲ ਕੱਢਿਆ ਜਾਵੇ।

# ਹੁਣ ਬੀ.ਸੀ. 'ਚ 16 ਤੋਂ 17 ਸਾਲ ਦੇ ਨਾਬਾਲਗ ਵੀ ਵੋਟ ਲਈ ਕਰ ਸਕਦੇ ਹਨ ਰਜਿਸਟਰ

**ਬ੍ਰਿਟਿਸ਼ ਕੋਲੰਬੀਆ (ਨਦਬ) :** ਕੈਨੇਡਾ 'ਚ ਆਮ ਚੋਣਾਂ ਹੋਣ ਨੂੰ ਅਜੇ 18 ਮਹੀਨੇ ਬਾਕੀ ਪਰ ਦੇਸ਼ ਦੇ ਕਈ ਇਲਾਕਿਆਂ 'ਚ ਇਸ ਨੂੰ ਲੈ ਕੇ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਬ੍ਰਿਟਿਸ਼ ਕੋਲੰਬੀਆ 'ਚ 16 ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਨੂੰ ਪ੍ਰੋਵਿੰਸ਼ੀਅਲ ਵੋਟਰਾਂ ਦੀ ਸੂਚੀ 'ਚ ਪ੍ਰੀ-ਰਜਿਸਟਰ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ। ਇਹ ਫੈਸਲਾ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਇਲੈਕਸ਼ਨ ਕਾਰਜਕਾਰੀ ਅਧਿਕਾਰੀ ਦੀਆਂ ਕਈ ਸਿਫਾਰਿਸ਼ਾਂ 'ਚੋਂ ਇਕ ਹੈ, ਜੋ ਕਿ ਉਨ੍ਹਾਂ ਵਲੋਂ ਵਿਧਾਨ ਸਭਾ ਨੂੰ ਕੀਤੀਆਂ ਗਈਆਂ ਸਨ।

ਕੈਥ ਆਰਚਰ ਨੇ ਵਿਧਾਨ ਸਭਾ ਨੂੰ ਸੌਂਪੀ ਆਪਣੀ ਰਿਪੋਰਟ 'ਚ ਕਿਹਾ ਕਿ ਜੋ ਬੱਚੇ ਐਡਵਾਂਸ 'ਚ ਵੋਟਿੰਗ ਲਈ ਰਜਿਸਟਰ ਕਰ ਲੈਣਗੇ, ਉਨ੍ਹਾਂ ਨੂੰ ਵੋਟਰ ਲਿਸਟ 'ਚ ਸ਼ਾਮਲ ਕਰਨਾ ਸੌਖਾ ਹੋ ਜਾਵੇਗਾ, ਜਦੋਂ ਉਹ 18 ਸਾਲ ਦੇ ਹੋ ਜਾਣਗੇ ਤੇ ਇਸ ਦਾ ਵੋਟਾਂ ਦੇ ਨਤੀਜਿਆਂ 'ਤੇ ਸਾਕਾਰਾਤਮਕ ਅਸਰ



ਪਵੇਗਾ। ਇਸ ਦੇ ਨਾਲ ਆਰਚਰ ਨੇ ਆਪਣੀ ਰਿਪੋਰਟ 'ਚ ਅਪੀਲ ਕੀਤੀ ਕਿ ਚੋਣ ਅਧਿਕਾਰੀਆਂ ਨੂੰ ਨਿੱਜੀ ਜਾਣਕਾਰੀ ਤੱਕ ਜ਼ਿਆਦਾ ਪਹੁੰਚ ਦੇਣ ਦੀ ਆਗਿਆ ਦਿੱਤੀ ਜਾਵੇ ਤਾਂ ਕਿ ਵੋਟਰ ਲਿਸਟ ਨੂੰ ਅਪ-ਟੂ-ਡੇਟ ਰੱਖਿਆ ਜਾ ਸਕੇ। ਆਰਚਰ ਵਲੋਂ ਪੇਸ਼ ਕੀਤੀ ਰਿਪੋਰਟ 'ਚ ਕਾਗਜ਼ੀ ਮਤਦਾਨ ਨੂੰ ਖਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਪਰ ਵੋਟਾਂ ਦੌਰਾਨ ਇਲੈਕਟ੍ਰਾਨਿਕ ਪੋਲ ਬੁਕਸ ਤੇ ਬੈਲਟ ਟੈਬੁਲੇਟਰਾਂ ਦੀ ਵਰਤੋਂ ਕਰਨ ਦੀ ਸਿਫਾਰਿਸ਼ ਕੀਤੀ ਗਈ ਤਾਂ ਕਿ ਵੋਟਿੰਗ ਪ੍ਰਕਿਰਿਆ ਨੂੰ ਹੋਰ ਸੌਖਾਲਾ ਬਣਾਇਆ ਜਾ ਸਕੇ।

ਆਟਾਰਨੀ ਜਨਰਲ ਡੈਵਿਡ ਐਬੀ ਨੇ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਇਲੈਕਸ਼ਨ ਬੀਸੀ ਦੀਆਂ ਸਿਫਾਰਿਸ਼ਾਂ ਦਾ ਸਵਾਗਤ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਇਹ ਬਹੁਤ ਮਹੱਤਵਪੂਰਨ ਸਿਫਾਰਿਸ਼ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰੀ-ਰਜਿਸਟ੍ਰੇਸ਼ਨ ਨਾਲ ਵੋਟਰਾਂ ਦੀ ਸੂਚੀ 'ਚ ਹੋਰ ਯੋਗ ਵੋਟਰ ਜੁੜ ਜਾਣਗੇ। ਵੋਟਾਂ 'ਚ ਨੌਜਵਾਨ ਪੀੜ੍ਹੀ ਦਾ ਵੱਡਾ ਯੋਗਦਾਨ ਰਹਿੰਦਾ ਹੈ। ਚੋਣ ਪ੍ਰਸਤਾਵਾਂ ਨੂੰ ਲਾਗੂ ਕਰਨ ਲਈ ਚੋਣ ਕਾਨੂੰਨਾਂ 'ਚ ਬਦਲਾਅ ਦੀ ਵੀ ਲੋੜ ਹੋਵੇਗੀ ਤੇ ਐਬੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਰਿਪੋਰਟ 'ਚ ਸ਼ਾਮਲ ਸਾਰੇ ਪ੍ਰਸਤਾਵਾਂ ਨੂੰ ਜਲਦੀ ਤੋਂ ਜਲਦੀ ਪ੍ਰਵਾਨ ਕਰ ਲਿਆ ਜਾਵੇਗਾ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਕਹਾਣੀ 'ਵਿਧਾ' ਨੂੰ ਸਮਰਪਤ ਰਹੀ

**19 ਵਾਂ ਸਾਲਾਨਾ ਸਮਾਗਮ 18 ਅਗਸਤ ਨੂੰ ਹੋਏਗਾ**




**ਕੈਲਗਰੀ (ਜੋਰਾਵਰ ਸਿੰਘ ਬਾਂਸਲ)** : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ 'ਚ ਸਭਾ ਦੇ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਕਹਾਣੀਕਾਰ ਦਵਿੰਦਰ ਮਲਹਾਂਸ ਤੇ ਨਾਵਲਕਾਰ-ਕਹਾਣੀਕਾਰ ਗੁਰਚਰਨ ਕੌਰ ਥਿੰਦ ਨੂੰ ਸੱਦਾ ਦਿੱਤਾ।

ਸ਼ੋਕ ਸਮਾਚਾਰ ਸਾਂਝੇ ਕਰਦਿਆਂ ਰਣਜੀਤ ਸਿੰਘ ਨੇ ਭਾਵੁਕ ਹੁੰਦਿਆਂ ਨਾਟਕ ਮੰਚ ਦੇ ਬਾਬਾ ਬੋਹੜ ਅਜਮੇਰ ਔਲਖ ਦੀ ਬੇਟੀ ਸੁਹਜਦੀਪ ਔਲਖ ਬਰਾੜ, ਸੂਫੀ ਗਾਇਕ ਪਿਆਰੇ ਲਾਲ ਵਡਾਲੀ, ਸਭਾ ਦੇ ਮੀਤ ਪ੍ਰਧਾਨ ਗੁਰਬਚਨ ਬਰਾੜ ਦੇ ਮਾਤਾ ਸਰਦਾਰਨੀ ਕਰਤਾਰ ਕੌਰ ਬਰਾੜ, ਹਮਬੋਲਟ ਬਰੌਨਕੋਜ ਜੂਨੀਅਰ ਆਈਸ ਹਾਕੀ ਦੇ 16 ਖਿਡਾਰੀਆਂ ਦੀ ਮੌਤ, ਹਿਮਾਚਲ ਵਿੱਚ ਸਕੂਲ ਬੱਸ ਹਾਦਸੇ ਵਿੱਚ 27 ਬੱਚਿਆਂ ਤੇ ਅਧਿਆਪਕ -ਡਰਾਈਵਰ ਦੀ ਮੌਤ ਅਤੇ ਕਠੂਆ 'ਚ ਅੱਠ ਸਾਲਾ ਬੱਚੀ ਦੀ ਅੰਤਾਂ ਦੀ ਦੁਖਦਾਈ ਮੌਤ ਉੱਤੇ ਡਾਢੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਤਰਲੋਚਨ ਸੈਂਭੀ ਨੇ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਯਾਦ ਕਰਦਿਆਂ ਮਹਿੰਦਰ ਸੁਮਲ ਦੀ ਲਿਖੀ ਭਗਤ ਸਿੰਘ ਦੀ ਘੋੜੀ 'ਮੇਰਾ ਵੀਰ ਭਗਤ ਸਿੰਘ ਖਾਤਰ ਦੇਸ਼ ਦੀ' ਆਪਣੀ ਬੁਲੰਦ ਅਵਾਜ਼ ਵਿੱਚ ਸੁਣਾਈ। ਸਰੂਪ ਸਿੰਘ ਮੰਡੇਰ ਨੇ ਖਾਲਸਾ ਪੰਥ ਦੀ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਧਾਰਮਿਕ ਗੀਤ 'ਦਾਨੀ ਸਿਰ ਦੇ ਪੰਜ ਪਿਆਰੇ' ਤੇ 'ਖਾਲਸਾ ਰਹਿਤ' ਸਾਂਝੇ ਕੀਤੇ। ਇਸੇ ਲੜੀ ਵਿੱਚ ਖ਼ਜਾਨਚੀ ਮੰਗਲ ਚੱਠਾ ਨੇ ਬਾਬਾ ਬੁੱਲੇ ਸ਼ਾਹ ਦਾ ਕਲਾਮ ਤੇ ਲਖਵਿੰਦਰ ਜੌਹਲ ਨੇ ਜਗਦੀਸ਼ ਕੌਰ ਦੀ ਰਚਨਾ 'ਪੰਥ ਸਜਾਇਆ ਹੈ' ਸੁਣਾਈ।

ਪਰਮਿੰਦਰ ਰਮਨ ਨੇ ਖ਼ੂਬਸੂਰਤ ਗਜ਼ਲ, ਹਰਨੇਕ ਬੱਧਣੀ ਨੇ ਵਧੀਆ ਸੁਨੇਹਾ ਦਿੰਦੀ ਨਜ਼ਮ 'ਮੇਰੀ ਕਵਿਤਾ ਮੈਨੂੰ ਕਹਿੰਦੀ ਹੈ', ਜੋਰਾਵਰ ਬਾਂਸਲ ਨੇ 'ਦਸਵੰਧ' ਤੇ ਜੋਗਿੰਦਰ ਸਿੰਘ ਸੰਘਾ ਨੇ ਨਸ਼ਿਆਂ ਉਪਰ ਨਿਸ਼ਾਨਾ ਕਸਦੀ ਕਹਾਣੀ ਸੁਣਾਈ। ਹਰੀਪਾਲ ਨੇ 8 ਸਾਲ ਬੱਚੀ ਬਾਰੇ ਕਈ ਸਵਾਲੀਆ ਚਿੰਨ੍ਹ ਖੜ੍ਹੇ ਕਰਦਾ ਲੇਖ ਪੜ੍ਹਿਆ।

ਗੁਰਚਰਨ ਕੌਰ ਥਿੰਦ ਨੇ ਅਪਨੀ ਪੰਜਾਬ ਫੇਰੀ ਬਾਰੇ ਬਹੁਤ ਜਾਣਕਾਰੀ ਭਰਪੂਰ ਤਜਰਬੇ ਸਾਂਝੇ ਕੀਤੇ। ਦਵਿੰਦਰ ਮਲਹਾਂਸ ਨੇ ਕਹਾਣੀਕਾਰ ਜਤਿੰਦਰ ਹਾਂਸ ਬਾਰੇ ਦਿਲਚਸਪ ਸ਼ਬਦ ਚਿੱਤਰ ਪੜ੍ਹਿਆ, ਜਿਸ 'ਚ ਉਨ੍ਹਾਂ ਦੀਆਂ ਲਿਖਤਾਂ, ਸੁਭਾਅ ਤੇ ਤਜ਼ਰਬਿਆਂ ਦਾ ਜ਼ਿਕਰ ਸੀ। ਰਚਨਾਵਾਂ ਦੇ ਅਗਲੇ ਦੌਰ ਵਿੱਚ ਮਨਮੋਹਨ ਸਿੰਘ ਬਾਠ ਨੇ ਗੀਤ 'ਜੀਅ ਕਰਦਾ ਇਸ ਦੁਨੀਆਂ ਨੂੰ', ਹਰਕੀਰਤ ਧਾਲੀਵਾਲ 'ਮੈਂ ਸ਼ਇਰ ਨਹੀਂ' ਕਵਿਤਾ ਸਰਬਜੀਤ ਉੱਪਲ ਨੇ 'ਟੱਪੇ' ਤੇ ਤਰਲੋਕ ਚੁੱਘ ਨੇ ਹਾਸੇ ਭਰਪੂਰ ਚੁਟਕਲਿਆਂ ਨਾਲ ਹਾਜ਼ਰੀ ਲਵਾਈ।

ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੇ ਪਿਛਲੇ ਮਹੀਨੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ ਤੇ ਇਸ ਸਾਲ 19ਵੇਂ ਸਲਾਨਾ ਸਮਾਗਮ, ਜੋ 18 ਅਗੱਸਤ ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿਚ 1-4 ਵਜੇ ਤਕ ਹੋ ਰਿਹਾ ਹੈ, ਉਥੇ ਪਹੁੰਚਣ ਲਈ ਸਭ ਨੂੰ ਅਪੀਲ ਕੀਤੀ। ਇਸ ਮੌਕੇ ਬਲਬੀਰ ਗੋਰਾ, ਸੁਖਪਾਲ ਪਰਮਾਰ, ਨਛੱਤਰ ਪੁਰਬਾ, ਗੁਰਲਾਲ ਸਿੰਘ ਰੁਪਾਲੋ, ਜਤਿੰਦਰ ਕੌਰ ਰੁਪਾਲੋ, ਗੁਰਪਾਲ ਰੁਪਾਲੋ, ਗੁਰਿੰਦਰਪਾਲ ਬਰਾੜ, ਗੁਰਬਚਨ ਬਰਾੜ, ਮਹਿੰਦਰਪਾਲ ਸਿੰਘ ਪਾਲ ਹਾਜ਼ਰ ਸਨ। ਅਖੀਰ 'ਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ 20 ਮਈ ਨੂੰ ਹੋਣ ਵਾਲੀ ਮੀਟਿੰਗ ਉੱਤੇ ਆਉਣ ਦੀ ਤਾਗੀਦ ਕੀਤੀ।

# ਪਰਵਾਸੀ ਭਾਰਤੀ ਸਾਹਿਤਕਾਰਾ ਸ੍ਰੀਮਤੀ ਬਖਸ਼ ਸੰਘਾ ਅਤੇ ਉਨ੍ਹਾਂ ਦੇ ਜੀਵਨ ਸਾਥੀ ਜਸਬੀਰ ਸਿੰਘ ਨਾਲ ਰੂਬਰੂ ਅਤੇ ਕਵੀ ਦਰਬਾਰ



**ਗੁਰਦਾਸਪੁਰ (ਨਦਬ)** : ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ ਰਾਮ ਸਿੰਘ ਦੱਤ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਪਰਵਾਸੀ ਭਾਰਤੀ ਗੀਤਕਾਰਾ, ਕਵਿੱਤਰੀ ਅਤੇ ਰੰਗਕਰਮੀ ਸ੍ਰੀਮਤੀ ਬਖਸ਼ ਸੰਘਾ ਅਤੇ ਉਨ੍ਹਾਂ ਦੇ ਜੀਵਨਸਾਥੀ ਸ. ਜਸਬੀਰ ਸਿੰਘ ਨਾਲ ਰੂਬਰੂ ਹੋਏ ਅਤੇ ਕਵੀ ਦਰਬਾਰ ਦਾ ਆਯੋਜਨ ਪ੍ਰੋ. ਕਿਰਪਾਲ ਸਿੰਘ ਯੋਗੀ, ਸੁਲੱਖਣ ਸਰਹੱਦੀ, ਬੋਧ ਸਿੰਘ ਘੁੰਮਣ, ਮੱਖਣ ਕੁਹਾੜ, ਜੇ.ਪੀ. ਖਰਲਾਂਵਾਲਾ ਅਤੇ ਡਾ. ਮਲਕੀਤ ਸੁਹਲ ਦੀ ਸਾਂਝੀ ਪ੍ਰਧਾਨਗੀ ਹੇਠ ਕੀਤਾ ਗਿਆ।

ਜ਼ਿਲ੍ਹਾ ਸਾਹਿਤ ਕੇਂਦਰ ਦੇ ਜਨਰਲ ਸਕੱਤਰ ਸ੍ਰੀ ਮੰਗਤ ਚੰਚਲ ਵਲੋਂ ਮੰਚ ਸੰਭਾਲਦਿਆਂ ਪ੍ਰਵਾਸੀ ਜੋੜੇ ਨੂੰ ਭਾਵਪੂਰਤ ਸ਼ਬਦਾਂ ਵਿਚ ਜੀ ਆਇਆਂ ਨੂੰ ਆਖਣ ਦੇ ਨਾਲ-ਨਾਲ ਹਾਜ਼ਰ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਦਾ ਵੀ ਸਵਾਗਤ ਕੀਤਾ ਗਿਆ। ਪ੍ਰੋਗਰਾਮ ਨੂੰ ਲੜੀਬੰਦ ਕਰਦਿਆਂ ਉਨ੍ਹਾਂ ਸ. ਮੱਖਣ ਸਿੰਘ ਕੁਹਾੜ ਨੂੰ ਪ੍ਰਵਾਸੀ ਜੋੜੇ ਦੀ ਜਾਣ-ਪਛਾਣ ਕਰਵਾਉਣ ਹਿੱਤ ਸੱਦਾ ਦਿਤਾ, ਜਿਨ੍ਹਾਂ ਨੇ ਸਾਹਿਤਕ ਜੋੜੇ ਨੂੰ ਇਕ-ਦੂਜੇ ਦੇ ਪੂਰਕ ਦਸਦਿਆਂ ਸਾਹਿਤ ਸੇਵਾ ਨੂੰ ਸਮਰਪਿਤ ਦਸਿਆ।

ਰੂਬਰੂ ਦੇ ਦੌਰ ਦੌਰਾਨ ਸ੍ਰੀਮਤੀ ਬਖਸ਼ ਸੰਘਾ ਨਾ ਕਿਹਾ ਕਿ ਉਨ੍ਹਾਂ ਦੀਆਂ ਹੁਣ ਤਕ ਤਿੰਨ ਪੁਸਤਕਾਂ ਛੱਪ ਚੁੱਕੀਆਂ ਹਨ ਅਤੇ ਉਹ ਦੋਵੇਂ ਪਤੀ-ਪਤਨੀ ਬੜੇ ਹੀ ਤਾਲਮੇਲ ਨਾਲ ਰੰਗਮੰਚ, ਗਾਇਕੀ ਅਤੇ ਸਾਹਿਤ ਨੂੰ ਸਮਰਪਿਤ ਹਨ। ਵੱਖ-ਵੱਖ ਪ੍ਰਸ਼ਨਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਹ ਜਦੋਂ ਥੋੜੀ ਜਿਹੀ ਉਜਰਤ ਬਦਲੇ ਮਜ਼ਦੂਰਾਂ ਨੂੰ ਆਪਣੇ ਖੇਤਾਂ ਵਿਚ ਸਾਰਾ-ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਿਆਂ ਵੇਖਦੇ ਸੀ ਤਾਂ ਉਨ੍ਹਾਂ ਦਾ ਹਿਰਦਾ ਵਲੂੰਦਰਿਆ ਜਾਂਦਾ ਸੀ, ਜਿਸ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਲਿਖਣਾ ਸ਼ੁਰੂ ਕੀਤਾ। ਇਸ ਮੌਕੇ ਉਨ੍ਹਾਂ ਦੀ ਪੁਸਤਕ 'ਚਾਨਣ ਦੀ ਛੋਹ' ਲੋਕ ਅਰਪਨ ਕੀਤੀ ਗਈ ਅਤੇ ਇਸੇ ਪੁਸਤਕ 'ਚੋਂ ਇਕ ਗੀਤ ਉਨ੍ਹਾਂ ਦੇ ਜੀਵਨ ਸਾਥੀ ਜਸਬੀਰ ਸਿੰਘ ਨੇ 'ਮਾਹੀ ਵੇ ਅਸੀਂ ਮਾਰੂਥਲ ਦੀਆਂ ਰੇਤਾਂ' ਪੇਸ਼ ਕੀਤਾ।

ਆਰ.ਬੀ. ਸੋਹਲ, ਜੇ.ਪੀ. ਖਰਲਾਂਵਾਲਾ ਅਤੇ ਸੁਭਾਸ਼ ਦੀਵਾਨਾ ਨੇ ਆਪਣੀਆਂ-ਆਪਣੀਆਂ ਪੁਸਤਕਾਂ ਵੀ ਇਸ ਜੋੜੇ ਨੂੰ ਭੇਂਟ ਕੀਤੀਆਂ। ਇਸ ਮੌਕੇ ਜ਼ਿਲ੍ਹਾ ਸਾਹਿਤ ਕੇਂਦਰ ਵਲੋਂ ਪਰਵਾਸੀ ਜੋੜੇ ਨੂੰ ਯਾਦ ਚਿੰਨ੍ਹ ਅਤੇ ਸ਼ਾਲ ਭੇਂਟ ਕਰ ਕੇ ਸਨਮਾਨਤ ਕੀਤਾ ਗਿਆ। ਹਾਜ਼ਰ ਕਵੀਆਂ 'ਤੇ ਅਧਾਰਤ ਕਵੀ ਦਰਬਾਰ ਵੀ ਹੋਇਆ, ਜਿਸ ਵਿਚ ਸਰਵਸ੍ਰੀ ਪ੍ਰਤਾਪ ਪਾਰਸ, ਸ਼ੀਤਲ ਸਿੰਘ ਗੁੰਨੋਪੁਰੀ, ਮਹੇਸ਼ ਚੰਦਰਭਾਨੀ, ਸੁਲੱਖਣ ਸਰਹੱਦੀ, ਜਤਿੰਦਰ ਭਨੋਟ, ਨਿਸ਼ਾਨ ਸਿੰਘ, ਸੁਭਾਸ਼ ਦੀਵਾਨਾ, ਤਰਸੇਮ ਸਿੰਘ ਭੰਗੂ, ਰਮਨੀਕ ਹੁੰਦਲ, ਡਾ. ਮਲਕੀਤ ਸੋਹਲ, ਮੰਗਲਦੀਪ, ਗੁਰਮੀਤ ਬਾਜਵਾ, ਰਾਜੇਸ਼ ਬੱਬੀ, ਗੁਰਪ੍ਰੀਤ ਰੰਗੀਲਪੁਰ, ਸੁਖਵਿੰਦਰ ਰੰਧਾਵਾ, ਗੁਰਮੀਤ ਸਿੰਘ ਪਾਹੜਾ, ਵਿਜੇ ਤਾਲਿਬ, ਹਰਪਾਲ ਬੈਂਸ, ਰੌਕੀ ਸ਼ਹਿਰੀਆ ਅਤੇ ਵਿਜੇ ਅਗਨੀਹੋਤਰੀ ਨੇ ਆਪਣੇ-ਆਪਣੇ ਖ਼ੂਬਸੂਰਤ ਕਲਾਮ ਪੇਸ਼ ਕੀਤੇ। ਅਖੀਰ ਵਿਚ ਬੋਧ ਸਿੰਘ ਘੁੰਮਣ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਹਿਤ ਜੇ ਵਿਰੋਧੀ ਸੁਰ ਤੋਂ ਵਿਹੂਣਾ ਹੈ ਤਾਂ ਉਹ ਦਰਬਾਰੀ ਸਾਹਿਤ ਹੀ ਹੋ ਸਕਦਾ ਹੈ।

ਸਾਹਿਤ ਕੇਂਦਰ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਯੋਗੀ ਨੇ ਸਾਹਿਤਕ ਜੋੜੀ ਦੇ ਕੰਮ-ਢੰਗ ਦੀ ਪ੍ਰਸੰਸਾ ਕੀਤੀ ਅਤੇ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਵਤਾਰ ਸਿੰਘ, ਜਗਜੀਤ ਸਿੰਘ ਕੰਗ, ਕੈਪਟਨ ਜਸਵੰਤ ਸਿੰਘ ਰਿਆੜ, ਜਗਦੀਸ਼ ਰਾਣਾ, ਲੀਵਨ ਸਹਿਗਲ, ਕੁਲਦੀਪ ਸਿੰਘ, ਸੁਖਜਿੰਦਰ ਸੋਖੀ, ਦਲਜੀਤ ਸਿੰਘ, ਸੋਹਣ ਸਿੰਘ ਆਦਿ ਹਾਜ਼ਰ ਸਨ।


PAKISTANI & EAST AFRICAN MENU

BEEF RIB, MOGO, MISHKAKI, CHOPS, CHAPPALI KABAB, SEEKH KABAB

Shafi Tandoori Grill

Party Hall Available

Catering in Town or Out of Town

Tuesday Closed

ASK For

780 462 3556

3444-93 Street, NW, Edmonton AB T6E 6A4, Fax : 780 462 3575, Toll Free : 1 866 362 3556

### ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ

# ਪਰਵਾਸੀ ਭਾਰਤੀ ਪੰਜਾਬੀ ਲੇਖਕ ਅਤੇ ਚਿੰਤਕ ਸ. ਧਰਮ ਸਿੰਘ ਗੁਰਾਇਆ ਨਾਲ ਰੂਬਰੂ

**ਗੁਰਦਾਸਪੁਰ (ਨਦਬ) :** ਪਰਵਾਸੀ ਭਾਰਤੀ ਪੰਜਾਬੀ ਲੇਖਕ ਅਤੇ ਚਿੰਤਕ ਸ. ਧਰਮ ਸਿੰਘ ਗੁਰਾਇਆ ਨਾਲ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ ਜੇ.ਪੀ.ਐਮ.ਓ. ਦਫ਼ਤਰ ਗੁਰਦਾਸਪੁਰ ਵਿਖੇ ਇਕ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋ. ਕਿਰਪਾਲ ਸਿੰਘ ਯੋਗੀ, ਸੁਲੱਖਨ ਸਰਹੱਦੀ, ਡਾ. ਲੇਖਰਾਜ ਅਤੇ ਮੱਖਣ ਕੁਹਾੜ ਵਲੋਂ ਕੀਤੀ ਗਈ। ਸ. ਧਰਮ ਸਿੰਘ ਗੁਰਾਇਆ ਨੇ ਇਸ ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਮੰਚ ਸੰਭਾਲਦਿਆਂ ਸ. ਸ਼ੀਤਲ ਸਿੰਘ ਗੁੰਨੋਪੁਰੀ ਨੇ ਮੁੱਖ ਮਹਿਮਾਨ ਨੂੰ ਨਿੱਘੇ ਸ਼ਬਦਾਂ ਵਿਚ ਜੀ ਆਇਆਂ ਨੂੰ ਆਖਿਆ ਅਤੇ ਹਾਜ਼ਰ ਅਦੀਬਾਂ ਨੂੰ ਵੀ ਸਤਿਕਾਰ ਸਹਿਤ ਜੀ ਆਇਆਂ ਨੂੰ ਆਖਿਆ।



ਪ੍ਰੋਗਰਾਮ ਦਾ ਆਰੰਭ ਕਾਮਰੇਡ ਮੁਲਖ ਰਾਜ ਦੇ ਖ਼ੂਬਸੂਰਤ ਗੀਤ ਨਾਲ ਹੋਇਆ ਅਤੇ ਮੱਖਣ ਕੁਹਾੜੇ ਵਲੋਂ ਸ. ਧਰਮ ਸਿੰਘ ਗੁਰਾਇਆ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਗਿਆ ਕਿ ਉਹ ਵਧੀਆ ਵਾਰਤਕ ਲੇਖਕ ਹਨ, ਜਿਨ੍ਹਾਂ ਨੇ ਦੁੱਲਾ ਭੱਟੀ, ਜੱਗਾ ਡਾਕੂ ਅਤੇ ਚੀ ਗੁਵੇਰਾ ਤਿੰਨ ਖੋਜ ਭਰਪੂਰ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਤੋਂ ਇਲਾਵਾ ਉਹ ਜ਼ਿਲ੍ਹਾਂ ਸਾਹਿਤ ਕੇਂਦਰ ਗੁਰਦਾਸਪੁਰ ਨੂੰ ਪਿਛਲੇ ਲੰਮੇ ਸਮੇਂ ਤੋਂ ਹਰ ਪ੍ਰਕਾਰ ਦਾ ਸਹਿਯੋਗ ਦਿੰਦੇ ਆ ਰਹੇ ਹਨ।

ਵੱਖ-ਵੱਖ ਅਦੀਬਾਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਸ. ਗੁਰਾਇਆ ਨੇ ਦਸਿਆ ਕਿ ਉਨ੍ਹਾਂ ਜਿੱਥੇ ਦੁੱਲਾ ਭੱਟੀ ਅਤੇ ਜੱਗਾ ਡਾਕੂ ਬਾਰੇ ਲਿਖਣ ਹਿੱਤ ਭਾਰਤ ਅਤੇ ਪਾਕਿਸਤਾਨ ਵਿਚ ਉਨ੍ਹਾਂ ਨਾਲ ਸਬੰਧਤ ਲੋਕਾਂ ਅਤੇ ਸਥਾਨਾਂ ਤਕ ਪਹੁੰਚ ਕੀਤੀ, ਉਥੇ ਚੀ. ਗੁਵੇਰਾ ਬਾਰੇ ਜਾਣਕਾਰੀ ਹਾਸਲ ਕਰਨ ਹਿਤ ਉਨ੍ਹਾਂ ਨੂੰ ਮੈਕਸੀਕੋ, ਅਰਜਨਟੀਨਾ, ਰੋਸਾਰੀਓ, ਅਲਡਾ, ਗਰੇਸ਼ੀਆ, ਕਾਰਵੋਬਾ, ਬਿਊਨਸ, ਆਇਰਸ਼ ਜਾਣ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਨੂੰ ਮਿਲਣਾ ਪਿਆ ਅਤੇ ਬਹੁਤ ਸਾਰੀਆਂ ਪੁਸਤਕਾਂ ਵੀ ਪੜ੍ਹਨੀਆਂ ਪਈਆਂ। ਉਨ੍ਹਾਂ ਦੱਸਿਆ ਕਿ ਕਿਊਬਾ ਦਾ ਇਨਕਲਾਬ ਚੀ ਗੁਵੇਰਾ ਅਤੇ ਫੀਡਲ ਕਾਸਤਰੋ ਦੇ ਸਿਰਤੋੜ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ, ਜਿਸ ਨੇ ਅਮਰੀਕਾ ਦੇ ਪੈਰਾਂ ਹੇਠਾਂ ਅੰਗਿਆਰ ਧਰਨ ਦਾ ਕੰਮ ਕੀਤਾ।

ਇਸ ਰੂਬਰੂ ਵਿਚ ਸੁਭਾਸ਼ ਦੀਵਾਨਾ, ਸੁਲੱਖਣ ਸਰਹੱਦੀ, ਸੁਖਵਿੰਦਰ ਰੰਧਾਵਾ, ਤਰਸੇਮ ਸਿੰਘ ਭੰਗੂ, ਗੁਰਮੀਤ ਬਾਜਵਾ ਨੇ ਪ੍ਰਸ਼ਨ ਪੁੱਛੇ। ਇਸ ਮਗਰੋਂ ਕਵੀ ਦਰਬਾਰ ਵਿਚ ਵਿਜੇ ਅਗਨੀਹੋਤਰੀ, ਮੰਗਲਦੀਪ, ਸ਼ੀਤਲ ਗੁੰਨੋਪੁਰੀ, ਗੁਰਮੀਤ ਪਾਹੜਾਂ, ਤਰਸੇਮ ਭੰਗੂ, ਰਮਨੀਕ ਹੁੰਦਲ, ਜਨਕ ਰਾਜ ਰਾਠੌਰ, ਮੱਖਣ ਕੁਹਾੜ, ਜਤਿੰਦਰ ਭਨੋਟ ਨੇ ਭਾਗ ਲਿਆ। ਇਨ੍ਹਾਂ ਤੋਂ ਇਲਾਵਾ ਨਿਰਮਲ ਸਿੰਘ ਬੋਪਾਰਾਏ, ਅਵਤਾਰ ਸਿੰਘ, ਬਲਦੇਵ ਭੁੱਲਰ, ਦੌਲਤ ਸਿੰਘ, ਅਮਰਜੀਤ, ਨਿਸ਼ਾਨ ਸਿੰਘ, ਜਸਵੰਤ ਸਿੰਘ ਬੁੱਟਰ, ਨੇਕ ਰਾਜ, ਦਰਸ਼ਨਸਿੰਘ, ਦਲਜੀਤ ਸਿੰਘ, ਰਮੇਸ਼ ਕੁਮਾਰ ਅਤੇ ਹਰਦੀਪ ਸਿੰਘ ਹਾਜ਼ਰ ਸਨ।

ਅਖੀਰ ਵਿਚ ਮੁੱਖ ਮਹਿਮਾਨ ਨੂੰ ਸਭਾ ਵਲੋਂ ਦੁਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਂਟ ਕਰ ਕੇ ਸਨਮਾਨਤ ਕੀਤਾ ਗਿਆ। ਸਾਹਿਤ ਸਭਾ ਦੇ ਪ੍ਰਧਾਨ ਸ. ਕਿਰਪਾਲ ਸਿੰਘ ਯੋਗੀ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਯੂ.ਸੀ.ਪੀ. ਰਣਨੀਤੀ ਕਨਵੈਨਸ਼ਨ ਸਮਾਪਤ

## ਕਨਵੈਨਸ਼ਨ ਵਿਚ ਆਗੂਆਂ ਵੱਲੋਂ ਵਿਵਾਦਤ ਪ੍ਰਸਤਾਵਾਂ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦਾ ਪ੍ਰਗਟਾਵਾ




**ਰੈਡ ਡੀਅਰ (ਨਦਬ) :** ਯੂਸੀਪੀ ਪਾਰਟੀ ਦੇ ਆਗੂ ਜੈਸਨ ਕੈਨੀ ਨੇ ਅਲਬਰਟਾ ਨੂੰ ਫਤਿਹ ਕਰਨ ਲਈ ਕਮਰ ਕਸ ਲਈ ਹੈ। ਯੂਸੀਪੀ ਪਾਰਟੀ ਵੱਲੋਂ ਆਉਣ ਵਾਲੀਆਂ ਸੂਬਾਈ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਰਣਨੀਤੀ ਕਨਵੈਨਸ਼ਨ ਸਮਾਪਤ ਹੋ ਗਈ। ਰੈਡ ਡੀਅਰ ਵਿਚ ਹੋਈ ਇਸ ਕਨਵੈਨਸ਼ਨ ਵਿੱਚ 2500 ਡੈਲੀਗੇਟਾਂ ਨੇ ਭਾਗ ਲਿਆ। ਕਨਵੈਨਸ਼ਨ ਨੂੰ ਜੈਸਨ ਕੈਨੀ ਸਸਕੈਚਵਨ ਦੇ ਸਾਬਕਾ ਪ੍ਰੀਮੀਅਰ ਬ੍ਰੈਡ ਵਾਲ, ਫੈਡਰਲ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਅਤੇ ਰੋਨਾ ਐਂਬਰੋਜ਼ ਨੇ ਸੰਬੋਧਨ ਕੀਤਾ। ਕਿ ਪਾਰਟੀ 2019 ਦੀਆਂ ਚੋਣਾਂ ਲਈ ਰਣਨੀਤੀ ਬਣਾਉਂਦਿਆਂ ਪਾਰਟੀ ਵਲੋਂ ਉਠਾਏ ਗਏ ਮੁੱਦਿਆਂ ਉਪਰ ਪਾਰਟੀ ਅੰਦਰ ਇਹ ਕਾਫੀ ਅਸਹਿਮਤੀ ਉਭਰ ਕੇ ਆਈ ਹੈ।

ਕਨਵੈਨਸ਼ਨ ਵਿੱਚ ਅਲਬਰਟਾ ਦੇ ਸਕੂਲਾਂ ਵਿੱਚ ਧਰਮ ਅਤੇ ਸੈਕਸ ਦੇ ਮਾਮਲੇ ਵਿੱਚ ਮਾਪਿਆਂ ਦੀ ਸਹਿਮਤੀ ਨੂੰ ਮੁੜ ਬਹਾਲ ਕਰਨ ਦਾ ਪ੍ਰਸਤਾਵ ਪਾਸ ਕੀਤਾ ਗਿਆ, ਜਿਸਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ।

ਯੂਸੀਪੀ ਦੇ ਤਿੰਨ ਐਮਐਲਏ ਇਸ ਪ੍ਰਸਤਾਵ ਦੇ ਵਿਰੋਧ ਵਿੱਚ ਹਨ। ਉਹਨਾਂ ਨੇ ਪ੍ਰਸਤਾਵ ਦੇ ਵਿਰੋਧ ਵਿੱਚ ਵੋਟ ਪਾਉਣ ਦੀ ਅਪੀਲ ਵੀ ਕੀਤੀ ਹੈ। ਕੈਲਗਰੀ ਹੇਜ਼ ਤੋਂ ਮੈਂਬਰ ਰਿਕ ਮੈਕਲਾਈਵਰ ਨੇ ਕਿਹਾ ਕਿ ਇਹ ਪ੍ਰਸਤਾਵ ਵਿਰੋਧੀਆਂ ਦੇ ਹੱਥ ਵਿੱਚ ਸਾਡੇ ਖਿਲਾਫ਼ ਹਥਿਆਰ ਬਣੇਗਾ। ਇਸ ਤਰ੍ਹਾਂ ਦੀ ਹੀ ਪ੍ਰਤੀਕਿਰਿਆ ਹਾਊਸ ਲੀਡਰ ਜੈਸਨ ਨਿਕਸਨ ਅਤੇ ਰੈਕੀ ਵਿਊ ਤੋਂ ਐਮਐਲਏ ਲੀਲਾ ਅਹੀਰ ਦੀ ਸਾਹਮਣੇ ਆਈ ਹੈ।

ਯੂਸੀਪੀ ਦੇ ਵਿਧਾਨ ਸਭਾ ਮੈਂਬਰਾਂ ਵੱਲੋਂ ਬਿਲ 24 ਦੇ ਵਿਰੋਧ ਵਿੱਚ ਵੀ ਵੋਟਿੰਗ ਕੀਤੀ ਗਈ ਹੈ। ਜਿਸ ਤਹਿਤ ਅਧਿਆਪਕਾਂ ਲਈ ਮਾਪਿਆਂ ਨੂੰ ਬੱਚਿਆਂ ਦੀ ਸਹਿਮਤੀ ਤੋਂ ਬਿਨਾਂ ਇਹ ਜਾਣਕਾਰੀ ਦੇਣਾ ਕਿ ਉਹ ਗੇ-ਸਟਰੇਟ ਗਠਜੋੜ ਦਾ ਹਿੱਸਾ ਹਨ, ਗੈਰ ਕਾਨੂੰਨੀ ਹੋਵੇਗਾ। ਕਨਵੈਨਸ਼ਨ ਵਿਚ ਸਿਹਤ, ਸਿੱਖਿਆ, ਆਰਥਿਕਤਾ ਅਤੇ ਕਾਰਬਨ ਟੈਕਸ ਸਬੰਧੀ ਨੀਤੀਆਂ ਨੂੰ ਲੈ ਕੇ ਪ੍ਰਸਤਾਵ ਪਾਸ ਕੀਤੇ ਗਏ।

ਉਧਰ ਐਨਡੀਪੀ ਆਗੂ ਨੇ ਯੂਸੀਪੀ ਕਨਵੈਨਸ਼ਨ ਤੋਂ ਬਾਅਦ ਉਤਸ਼ਾਹ ਵਿਚ ਹਨ, ਉਹਨਾਂ ਨੂੰ ਜਾਪਦਾ ਹੈ ਕਿ ਇਹ ਰਣਨੀਤੀ ਵੋਟਰਾਂ ਨੂੰ ਲੁਭਾਉਣ ਵਿੱਚ ਸਫ਼ਲ ਨਹੀਂ ਹੋਵੇਗੀ। ਯੂਸੀਪੀ ਦੀ ਕਨਵੈਨਸ਼ਨ ਤੋਂ ਬਾਅਦ ਪਾਸ ਕੀਤੇ ਗਏ ਪ੍ਰਸਤਾਵਾਂ ਨੂੰ ਲੈ ਕੇ ਪਾਰਟੀ ਦੇ ਆਗੂਆਂ ਵੱਲੋਂ ਪ੍ਰਗਟਾਈ ਗਈ ਅਸਹਿਮਤੀ ਤੇ ਉਹਨਾਂ ਵੱਲੋਂ ਪ੍ਰਸਤਾਵਾਂ ਦਾ ਕੀਤਾ ਗਿਆ ਵਿਰੋਧ ਐਨਡੀਪੀ ਲਈ ਹਥਿਆਰ ਬਣ ਗਿਆ ਹੈ। ਸਭ ਤੋਂ ਵਿਵਾਦਤ ਪ੍ਰਸਤਾਵ ਬਿਲ 24 ਰਿਹਾ। ਇਸਨੂੰ ਲੈ ਕੇ ਮੀਡੀਆ ਵਿੱਚ ਵੀ ਕਾਫ਼ੀ ਬਹਿਸ ਸਾਹਮਣੇ ਆਈ ਹੈ। ਫਲੈਟ ਇਨਕਮ ਟੈਕਸ ਦੀ ਬਹਾਲੀ ਨੂੰ ਲੈ ਕੇ ਵੀ ਕਾਫ਼ੀ ਚਰਚਾ ਹੈ।

ਐਨਡੀਪੀ ਦਾ ਕਹਿਣਾ ਹੈ ਕਿ ਇਸ ਟੈਕਸ ਸਿਸਟਮ ਨਾਲ ਅਮੀਰਾਂ ਨੂੰ 700 ਮਿਲੀਅਨ ਡਾਲਰ ਦੀ ਛੋਟ ਮਿਲੇਗੀ। ਸਿਹਤ ਸੇਵਾਵਾਂ ਦਾ ਨਿੱਜੀਕਰਨ ਦੇ ਪ੍ਰਸਤਾਵ ਲੈ ਕੇ ਵੀ ਯੂਸੀਪੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਹੈ। ਇਸ ਤਰ੍ਹਾਂ ਹੀ ਅਲਬਰਟਾ ਟੀਚਰਜ਼ ਐਸੋਸੀਏਸ਼ਨ ਦੀ ਵੰਡ ਨੂੰ ਲੈ ਕੇ ਪੇਸ਼ ਕੀਤਾ ਗਿਆ ਪ੍ਰਸਤਾਵ ਵੀ ਵਿਵਾਦ ਦਾ ਕਾਰਣ ਬਣਿਆ ਹੋਇਆ ਹੈ ਇਸ ਨਾਲ ਐਸੋਸੀਏਸ਼ਨ ਦੇ 43000 ਮੈਂਬਰ ਪ੍ਰਭਾਵਿਤ ਹੋਣਗੇ। ਆਜ਼ਾਦ ਅਤੇ ਵਿਵਾਦਤ ਐਮਐਲਏ ਡਰਕ ਨੂੰ ਲੈ ਕੇ ਵੀ ਪਾਰਟੀ ਵਿੱਚ ਰਸਤਾ ਸਾਫ਼ ਕੀਤਾ ਜਾ ਰਿਹਾ ਹੈ ਤੇ ਯੋਜਨਾ ਹੈ ਕਿ ਉਸਨੂੰ 2019 ਦੀਆਂ ਚੋਣਾਂ ਵਿੱਚ ਉਮੀਦਵਾਰ ਬਣਾਇਆ ਜਾਵੇਗਾ। ਹਾਲਾਂਕਿ ਪ੍ਰਸਤਾਵ ਸੱਤ ਵਿੱਚ ਕਿਹਾ ਗਿਆ ਹੈ ਕਿ ਹਲਕੇ ਦੀਆਂ ਐਸੋਸੀਏਸ਼ਨਾਂ ਕੋਲ ਉਮੀਦਵਾਰ ਚੁਣਨ ਦੀ ਮੁਢਲੇ ਹੱਕ ਹੋਣਗੇ।

# ਅਲਬਰਟਾ ਵਿੱਚ ਕਈ ਥਾਂ ਫਾਇਰ ਬੈਨ ਲਾਗੂ

**ਐਡਮਿੰਟਨ (ਨਦਬ) :** ਅਲਬਰਟਾ ਵਿਚ ਲੰਮੀ ਠੰਡ ਅਤੇ ਸਨੋਅ ਦੇ ਬਾਵਜੂਦ ਬਹੁਤ ਥਾਵਾਂ ਉਪਰ ਖੁਲ੍ਹੇ ਵਿੱਚ ਅੱਗ ਬਾਲਣ ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਖੇਤੀਬਾੜੀ ਅਤੇ ਜੰਗਲਾਤ ਸਬੰਧੀ ਵਾਈਲਡਫਾਇਰ ਇਨਫਰਮੇਸ਼ਨ ਅਫ਼ਸਰ ਦਾ ਕਹਿਣਾ ਹੈ ਕਿ 2017 ਦੇ ਮਈ ਮਹੀਨੇ ਦੇ ਮੁਕਾਬਲੇ ਇਹ ਸੋਕੇ ਦਾ ਸਾਲ ਹੈ ਇਸ ਗੱਲ ਨੂੰ ਧਿਆਨ ਵਿੱਚ

## ਫ਼ਾਇਰ ਸਮਾਰਟ ਪ੍ਰੋਗਰਾਮ ਦੇ ਫੰਡਾਂ ਵਿੱਚ ਵਾਧਾ

ਰੱਖਦਿਆਂ ਖੁੱਲ੍ਹੇ ਵਿੱਚ ਅਤੇ ਕਈ ਤਰ੍ਹਾਂ ਨਾਲ ਅੱਗ ਦੀ ਜ਼ਿਆਦਾ ਮਨਾਹੀ ਕਰਨੀ ਪਈ ਅਤੇ ਸੂਬੇ ਦੇ ਨੌਂ ਪਾਰਕ ਮਨਾਹੀਆਂ ਤੋਂ ਸਿੱਧੇ ਪ੍ਰਭਾਵਿਤ ਹੁੰਦੇ ਹਨ। ਅਲਬਰਟਾ ਯੂਨੀਵਰਸਿਟੀ ਦੇ ਜੰਗਲਾਤ ਨਾਲ ਸਬੰਧਿਤ ਖੋਜਾਰਥੀ ਡਾਕਟਰ ਮਾਈਕਲ ਫਲੈਨੀਗਨ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਹੈ 70 ਪ੍ਰਤੀਸ਼ਤ ਘਟਨਾਵਾਂ ਮਨੁੱਖੀ ਅਣਗਹਿਲੀ ਕਾਰਣ ਵਾਪਰਦੀਆਂ ਹਨ। ਇਹਨਾਂ ਖਤਰਿਆਂ ਨੂੰ ਧਿਆਨ ਵਿੱਚ ਰੱਖਦਿਆਂ ਸੂਬੇ ਨੂੰ ਅੱਗ ਰੋਕੂ ਪ੍ਰੋਗਰਾਮਾਂ ਤਹਿਤ ਵੱਡੀ ਰਕਮ ਖਰਚਣੀ ਪੈਂਦੀ ਹੈ। 1970 ਤੋਂ 2016 ਤੱਕ ਇਹ ਰਕਮ ਪੰਜਾਹ ਮਿਲੀਅਨ ਤੋਂ ਵਧ ਕੇ 500 ਮਿਲੀਅਨ ਡਾਲਰ ਤੱਕ ਜਾ ਪਹੁੰਚੀ ਹੈ। ਖੇਤੀਬਾੜੀ ਅਤੇ ਜੰਗਲਾਤ ਮੰਤਰੀ ਓਨੀਅਲ ਕਾਰਲੀਅਰ ਦਾ ਕਹਿਣਾ ਹੈ ਕਿ ਇਹ ਜੰਗਲ ਦਾ ਇਸ ਤਰ੍ਹਾਂ ਛੇਤੀ ਸੁੱਕਦੇ ਜਾਣਾ ਹੈਰਾਨ ਕਰਦਾ ਹੈ। ਬਹੁਤ ਸਾਰੇ ਰੁੱਖ ਹਰੇ ਨਹੀਂ ਹੋ ਰਹੇ, ਅਜਿਹਾ ਵਾਤਾਵਰਣ ਵਿੱਚ ਆਈਆਂ ਤਬਦੀਲੀਆਂ ਕਾਰਣ ਹੋ ਰਿਹਾ ਹੈ। ਉਹਨਾਂ ਦੱਸਿਆ ਕਿ ਅੱਗ ਦੇ ਖ਼ਤਰਿਆਂ ਨੂੰ ਘੱਟ ਕਰਨ ਲਈ ਫ਼ਾਇਰ ਸਮਾਰਟ ਪ੍ਰੋਗਰਾਮ ਲਈ ਤਿੰਨ ਸਾਲਾਂ ਦੇ ਫੰਡਾਂ ਵਿੱਚ ਸਾਲਾਨਾ 3.8 ਮਿਲੀਅਨ ਤੋਂ 15 ਮਿਲੀਅਨ ਡਾਲਰ ਤੱਕ ਦਾ ਵਾਧਾ ਕੀਤਾ ਗਿਆ ਹੈ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
■ INDIVIDUAL TAX RETURNS
■ INCORPORATION OF COMPANIES
■ PAYROLL, T4 SLIPS
■ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34

Kapil Sharma

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸੰਪਾਦਕੀ

# ਕਰਨਾਟਕ ਦਾ ਨਾਟਕ

ਕਰਨਾਟਕ ਵਿਚ ਭਾਰਤੀ ਜਨਤਾ ਪਾਰਟੀ ਸਭ ਤੋਂ ਵੱਡੀ ਪਾਰਟੀ ਬਣਨ ਤੋਂ ਬਾਅਦ ਵੀ ਸਰਕਾਰ ਬਣਾਉਣ ਦੀ ਦੌੜ ਵਿਚ ਕਾਂਗਰਸ ਪਾਰਟੀ ਅਤੇ ਜਨਤਾ ਦਲ (ਸੈਕੂਲਰ) ਤੋਂ ਪਛੜ ਗਈ ਹੈ। ਚੋਣ ਨਤੀਜਿਆਂ ਦੇ ਸ਼ੁਰੂਆਤੀ ਦੌਰ ਵਿਚ ਕਾਫ਼ੀ ਦੇਰ ਤਕ ਭਾਜਪਾ ਬਹੁਮਤ ਦੇ ਨੇੜੇ ਸੀ। ਇਕ ਵਾਰ ਤਾਂ ਭਾਜਪਾ ਬਹੁਮਤ ਦੇ 112 ਸੀਟਾਂ ਦੇ ਅੰਕੜੇ ਤੋਂ ਵੀ ਅੱਗੇ ਨਿਕਲ ਗਈ ਸੀ ਪਰ ਦੁਪਹਿਰ ਬਾਅਦ ਉਹ 104 ਸੀਟਾਂ ’ਤੇ ਆ ਕੇ ਰੁੱਕ ਗਈ। ਬਹੁਮਤ ਤੋਂ ਭਾਜਪਾ ਦੇ ਅੱਠ ਸੀਟਾਂ ਦੂਰ ਰਹਿਣ ਦਾ ਲਾਭ ਕਾਂਗਰਸ ਪਾਰਟੀ ਨੇ ਤੁਰਤ-ਫੁਰਤ ਚੁੱਕਣ ਦੀ ਕੋਸ਼ਿਸ਼ ਕੀਤੀ। ਉਸ ਨੇ ਗੋਆ, ਮੇਘਾਲਿਆ ਅਤੇ ਮਨੀਪੁਰ ਦਾ ਸਬਕ ਯਾਦ ਰੱਖਿਆ ਜਿਥੇ ਉਹ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਸਰਕਾਰ ਨਹੀਂ ਸੀ ਬਣਾ ਸਕੀ। ਕਾਂਗਰਸ ਨੇ 78 ਸੀਟਾਂ ਜਿੱਤਣ ਦੇ ਬਾਵਜੂਦ ਫੁਰਤੀ ਦਿਖਾਉਂਦਿਆਂ 38 ਸੀਟਾਂ ਵਾਲੇ ਜਨਤਾ ਦਲ ਸੈਕੂਲਰ ਨੂੰ ਨਾ ਸਿਰਫ਼ ਹਮਾਇਤ ਦਾ ਐਲਾਨ ਕੀਤਾ ਸਗੋਂ ਉਸ ਦੇ ਆਗੂ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਦੇ ਬੇਟੇ ਕੁਮਾਰ ਸਵਾਮੀ ਨੂੰ ਮੁੱਖ ਮੰਤਰੀ ਦਾ ਅਹੁਦਾ ਦੇਣ ਦੀ ਵੀ ਪੇਸ਼ਕਸ਼ ਕਰ ਦਿੱਤੀ। ਜਿਸ ਨੂੰ ਕੁਮਾਰ ਸਵਾਮੀ ਨੇ ਬਿਨਾਂ ਦੇਰੀ ਕੀਤਿਆਂ ਪ੍ਰਵਾਨ ਕਰ ਲਿਆ। ਅਚਾਨਕ ਬਦਲੇ ਇਸ ਹਲਾਤ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੇ ਮੁੱਖ ਮੰਤਰੀ ਦੇ ਉਮੀਦਵਾਰ ਯੇਦੀਯੁਰੱਪਾ ਨੇ ਕਿਹਾ ਕਿ 100 ਫ਼ੀਸਦੀ ਭਾਜਪਾ ਹੀ ਸਰਕਾਰ ਬਣਾਏਗੀ। ਯੇਦੀਯੁਰੱਪਾ ਨੇ ਸਭ ਤੋਂ ਪਹਿਲਾਂ ਰਾਜਪਾਲ ਨਾਲ ਮੁਲਾਕਾਤ ਕਰ ਕੇ ਸਭ ਤੋਂ ਵੱਡੀ ਪਾਰਟੀ ਹੋਣ ਦੀ ਦਲੀਲ ਨਾਲ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਸ ਤੋਂ ਸਿਰਫ਼ 15 ਮਿੰਟ ਬਾਅਦ ਕੁਮਾਰ ਸਵਾਮੀ ਨੇ ਵੀ ਕਾਂਗਰਸ ਪਾਰਟੀ ਦੀ ਮਦਦ ਨਾਲ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ।

ਇਸ ਹਾਲਾਤ ਦੇ ਚਲਦਿਆਂ ਹੁਣ ਕਰਨਾਟਕ ਦੇ ਰਾਜਪਾਲ ਵਜੂਭਾਈ ਬਾਲਾ ਦੇ ਵਿਵੇਕ ਉਪਰ ਇਹ ਨਿਰਭਰ ਕਰਦਾ ਹੈ ਕਿ ਉਹ ਸਰਕਾਰ ਬਣਾਉਣ ਲਈ ਪਹਿਲਾਂ ਕਿਹੜੀ ਧਿਰ ਨੂੰ ਸੱਦਾ ਦਿੰਦੇ ਹਨ। ਆ ਰਹੀਆਂ ਖ਼ਬਰਾਂ ਮੁਤਾਬਕ ਉਹ ਭਾਜਪਾ ਦੇ ਸਭ ਤੋਂ ਵੱਡੀ ਪਾਰਟੀ ਹੋਣ ਦੇ ਦਾਅਵੇ ਦੀ ਦਲੀਲ ਨੂੰ ਮੰਨਦਿਆਂ ਉਸ ਨੂੰ ਹੀ ਸਰਕਾਰ ਬਣਾਉਣ ਦਾ ਸੱਦਾ ਦੇਣਗੇ ਅਤੇ ਬਹੁਮਤ ਸਾਬਤ ਕਰਨ ਲਈ ਲਗਭਗ 7 ਦਿਨ ਦਾ ਸਮਾਂ ਵੀ ਦੇਣਗੇ। ਇਸ ਹਿਸਾਬ ਨਾਲ ਬਿਨਾਂ ਬਹੁਮਤ ਤੋਂ ਹੀ ਯੇਦੀਯੁਰੱਪਾ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਕਦੇ ਹਨ ਅਤੇ 7 ਦਿਨਾਂ ਵਿਚ ਬਹੁਮਤ ਤੋਂ ਘੱਟ ਰਹੇ ਵਿਧਾਇਕਾਂ ਦਾ ਆਪਣੇ ਲਈ ਪ੍ਰਬੰਧ ਕਰ ਸਕਦੇ ਹਨ। ਇਹ ਲਾਜ਼ਮੀ ਤੌਰ ’ਤੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੀ ਜਾਂਦੀ ਭਾਰਤੀ ਜਮਹੂਰੀਅਤ ਲਈ ਸ਼ੁਭ ਸੰਕੇਤ ਨਹੀਂ ਹੈ। ਕਾਨੂੰਨੀ ਮਾਹਰਾਂ ਮੁਤਾਬਕ ਜੇਕਰ ਚੋਣਾਂ ਤੋਂ ਪਹਿਲਾਂ ਜਾਂ ਚੋਣਾਂ ਤੋਂ ਬਾਅਦ ਵੀ ਕੋਈ ਦੋ ਜਾਂ ਤਿੰਨ ਪਾਰਟੀਆਂ ਆਪਣਾ ਗਠਜੋੜ ਬਣਾ ਕੇ ਬਹੁਮਤ ਦੇ ਅੰਕੜੇ ਨੂੰ ਪਾਰ ਕਰਦੇ ਹੋਏ ਵਿਧਾਇਕਾਂ ਦੀ ਸੂਚੀ ਰਾਜਪਾਲ ਨੂੰ ਸੌਂਪ ਦਿੰਦੇ ਹਨ ਤਾਂ ਰਾਜਪਾਲ ਦਾ ਪਹਿਲਾ ਫਰਜ਼ ਉਨ੍ਹਾਂ ਨੂੰ ਹੀ ਸੱਦਾ ਦੇਣਾ ਹੋਣਾ ਚਾਹੀਦਾ ਹੈ ਪਰ ਕਰਨਾਟਕ ਵਿਚ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ। ਕਿਉਂਕਿ ਭਾਰਤੀ ਜਮਹੂਰੀਅਤ ਦਾ ਸਭ ਤੋਂ ਦੁਖਾਂਤਕ ਪੱਖ ਇਹੀ ਹੈ ਕਿ ਰਾਜਪਾਲ ਭਾਵੇਂ ਸੰਵਿਧਾਨਕ ਅਹੁਦਾ ਹੈ ਪਰ ਕੇਂਦਰ ਦੀ ਹਕੂਮਤ ਵਿਚ ਬੈਠੀਆਂ ਪਾਰਟੀਆਂ ਹਮੇਸ਼ਾਂ ਹੀ ਰਾਜਪਾਲਾਂ ਨੂੰ ਆਪਣੇ ਹੱਥ ਠੋਕੇ ਬਣਾ ਕੇ ਵਰਤਦੀਆਂ ਰਹੀਆਂ ਹਨ। ਰਾਜਪਾਲਾਂ ਨੂੰ ਵਰਤੇ ਜਾਣ ਦੀਆਂ ਇਕ ਨਹੀਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਤਾਜ਼ਾ ਉਦਾਹਰਣਾਂ ਤਾਂ ਮੇਘਾਲਿਆ, ਮਨੀਪੁਰ ਅਤੇ ਗੋਆ ਦੀਆਂ ਹਨ। ਇਹ ਸਰਾਸਰ ਜਮਹੂਰੀਅਤ ਦਾ ਮਜ਼ਾਕ ਹੈ। ਕਰਨਾਟਕਾ ਦੇ ਅਵਾਮ ਨੇ ਭਾਵੇਂ ਸਭ ਤੋਂ ਵੱਡੀ ਪਾਰਟੀ ਦੇ ਤੌਰ ’ਤੇ ਭਾਰਤੀ ਜਨਤਾ ਪਾਰਟੀ ਨੂੰ ਹੀ ਚੁਣਿਆ ਹੈ ਪਰ ਉਸ ਨੂੰ ਕੁਲ ਮਿਲਾ ਕੇ 36 ਫ਼ੀਸਦੀ ਵੋਟਾਂ ਹੀ ਮਿਲੀਆਂ ਹਨ ਜਦਕਿ ਕਾਂਗਰਸ ਪਾਰਟੀ ਨੂੰ ਮਿਲੀਆਂ 38 ਫ਼ੀਸਦੀ ਵੋਟਾਂ ਅਤੇ ਜਨਤਾ ਦਲ ਸੈਕੂਲਰ ਨੂੰ ਮਿਲੀਆਂ 17 ਫੀਸਦੀ ਵੋਟਾਂ ਮਿਲਾ ਕੇ 55 ਫ਼ੀਸਦੀ ਵੋਟਾਂ ਹੋ ਜਾਂਦੀਆਂ ਹਨ ਜੋ ਸਿੱਧੇ ਤੌਰ ’ਤੇ ਇਹ ਦਰਸਾਉਂਦੀਆਂ ਹਨ ਕਿ ਕਰਨਾਟਕਾ ਵਿਚ ਭਾਜਪਾ ਵੱਡੀ ਪਾਰਟੀ ਹੋਣ ਦੇ ਬਾਵਜੂਦ ਕਿਸੇ ਵੀ ਕੀਮਤ ’ਤੇ ਸਰਕਾਰ ਬਣਾਉਣ ਦੇ ਯੋਗ ਨਹੀਂ ਹੈ। ਪਰ ਕਿਉਂਕਿ ਭਾਰਤ ਵਿਚ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਅਜਿਹੇ ਕਈ ਰਾਜਸੀ ਘਟਨਾਕ੍ਰਮ ਵਾਪਰੇ ਹਨ ਜਿਨ੍ਹਾਂ ਨੇ ਇਹ ਪ੍ਰਮਾਣਿਤ ਕੀਤਾ ਹੈ ਕਿ ਭਾਰਤ ਦਾ ਰਾਜਸੀ ਢਾਂਚਾ ਸਿਰੇ ਦੇ ਭ੍ਰਿਸ਼ਟ ਦੌਰ ’ਚ ਸ਼ਾਮਲ ਹੋ ਚੁੱਕਾ ਹੈ, ਇਸ ਲਈ ਕਰਨਾਟਕ ਵਿਚ ਵੀ ਇਹੀ ਕੁਝ ਹੋਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਹੁਣ ਜਿਥੇ ਭਾਰਤੀ ਜਨਤਾ ਪਾਰਟੀ ਦੇ ਕੁਝ ਸਿਰਮੌਰ ਆਗੂ ਜਨਤਾ ਦਲ ਸੈਕੂਲਰ ਅਤੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਨੂੰ ਤੋੜ ਕੇ ਆਪਣੇ ਵੱਲ ਲਿਆਉਣ ਲਈ ਕਰੋੜਾਂ ਰੁਪਏ ਅਤੇ ਮੰਤਰੀਆਂ ਦੇ ਅਹੁਦੇ ਦੇਣ ਤਕ ਜਾਣਗੇ, ਉਥੇ ਕਾਂਗਰਸ ਅਤੇ ਜਨਤਾ ਦਲ ਸੈਕੂਲਰ ਵਾਲੇ ‘ਰਿਜ਼ੌਰਟ ਸਿਆਸਤ’ ਦੀ ਖੇਡ ਵਿਚ ਰੁਝ ਜਾਣਗੇ। ਇਹ ਆਪਣੇ ਵਿਧਾਇਕਾਂ ਨੂੰ ਦੇਸ਼ ਦੇ ਹੀ ਕਿਸੇ ਹੋਰ ਸੂਬੇ ਜਾਂ ਦੇਸ਼ ਤੋਂ ਬਾਹਰ ਵੀ ਲਿਜਾ ਸਕਦੇ ਹਨ ਤਾਂ ਜੋ ਸੱਤ ਦਿਨਾਂ ਤਕ ਇਨ੍ਹਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਤੇ ਫੇਰ ਜਦੋਂ ਭਾਜਪਾ ਬਹੁਮਤ ਸਾਬਤ ਕਰਨ ’ਚ ਨਾਕਾਮ ਰਹੇ ਤਾਂ ਇਨ੍ਹਾਂ ਦੀ ਪਰੇਡ ਕਰਾ ਕੇ ਸਾਂਝੀ ਸਰਕਾਰ ਬਣਾਈ ਜਾ ਸਕੇ। ਇਨ੍ਹਾਂ ਦੋਨਾਂ ਹਾਲਾਤਾਂ ’ਚ ਹੀ ਕਰਨਾਟਕ ਦੀ ਅਵਾਮ ਨਾਲ ਧੋਖਾ ਹੀ ਹੋਵੇਗਾ। ਕੁਲ ਮਿਲਾ ਕੇ ਕਰਨਾਟਕ ਦੇ ਇਸ ਨਾਟਕ ਦਾ ਆਖ਼ਰੀ ਪਰਦਾ ਕੌਣ ਚੁੱਕੇਗਾ? ਇਹਦਾ ਪਤਾ ਹਫ਼ਤੇ ਕੁ ਤਕ ਲੱਗ ਹੀ ਜਾਵੇਗਾ ਪਰ ਭਾਰਤੀ ਜਮਹੂਰੀਅਤ ਇਕ ਵਾਰ ਫਿਰ ਤਿਲ ਮਿਲਾ ਕੇ ਰਹਿ ਜਾਵੇਗੀ।

## ਮਾਮਲਾ ਲਾਲ ਕਿਲ੍ਹੇ ਦੇ ਠੇਕੇ ਦਾ

# ਠੀਕ ਨਹੀਂ ਕੌਮੀ ਵਿਰਾਸਤ ਦੀ ਤੌਹੀਨ

– ਪ੍ਰੋ. ਰਾਕੇਸ਼ ਰਮਨ
+91-88375-92976
raman.mlp@gmail.com



ਹਿੰਦੂਤਵ ਦੀ ਵਿਚਾਰਧਾਰਾ ਉਹ ਟਕਸਾਲ ਹੈ, ਜਿਸ ਵਿਚ ਆਏ ਦਿਨ ਦੇਸ਼ ਦੇ ਇਤਿਹਾਸ ਨੂੰ ਵਿਗਾੜਨ, ਤਵਾਰੀਖ਼ ਦੇ ਲੋਕ ਪੱਖੀ ਤਰਕ ਨੂੰ ਨਸ਼ਟ ਕਰਨ ਅਤੇ ਕੌਮੀ ਸੰਸਕ੍ਰਿਤੀ ਦੇ ਹਰ ਪੱਖ ਦਾ ਭਗਵਾਂਕਰਨ ਕਰਨ ਦੀਆਂ ਕੋਝੀਆਂ ਚਾਲਾਂ ਘੜੀਆਂ ਜਾ ਰਹੀਆਂ ਹਨ। ਜਦੋਂ ਤੋਂ ਕੇਂਦਰ ਵਿਚ ਸਰਕਾਰ ਦੀ ਵਾਗਡੋਰ ਕੱਟੜ ਹਿੰਦੂਵਾਦੀ ਤਾਕਤਾਂ ਦੇ ਹੱਥ ਵਿਚ ਆ ਗਈ ਹੈ, ਉਦੋਂ ਤੋਂ ਆਰ.ਐਸ.ਐਸ. ਦਾ ਏਜੰਡਾ ਬੜੇ ਜ਼ੋਰ-ਸ਼ੋਰ ਨਾਲ ਲਾਗੂ ਕੀਤਾ ਜਾ ਰਿਹਾ ਹੈ। ਕਦੇ ਮੰਦਰ ਦੇ ਨਾਂ ’ਤੇ, ਕਦੇ ਗਊ ਦੇ ਨਾਂ ’ਤੇ ਅਤੇ ਕਦੇ ਲਵ ਜਿਹਾਦ ਦੇ ਨਾਂ ’ਤੇ ਘੱਟ ਗਿਣਤੀਆਂ ਉੱਪਰ ਤਸ਼ੱਦਦ ਢਾਹਿਆ ਜਾ ਰਿਹਾ ਹੈ। ‘ਪਾੜੋ ਤੇ ਰਾਜ ਕਰੋ’ ਦੀ ਬਸਤੀਵਾਦੀ ਨੀਤੀ ਇਸ ਸਮੇਂ ਫਿਰਕੂ ਤਾਕਤਾਂ ਵਲੋਂ ਬੜੀ ਖੁੱਲ੍ਹ ਕੇ ਵਰਤੀ ਜਾ ਰਹੀ ਹੈ। ਜਨਰਲ ਸਮਾਜ ਅਤੇ ਸਮਾਜਿਕ ਬਿਖ਼ਰਾਅ ਦੇ ਸੰਕਟ ਦੀ ਜੋ ਸਥਿਤੀ ਇਸ ਸਮੇਂ ਬਣੀ ਹੋਈ ਹੈ, ਉਹ ਫਿਰਕੂ ਰਾਜਨੀਤੀ ਤੇ ਘਿਨਾਉਣੇ ਮਨਸੂਬਿਆਂ ਦਾ ਹੀ ਨਤੀਜਾ ਹੈ। ਨਿਰਸੰਦੇਹ, ਸਮਕਾਲੀ ਪ੍ਰਸਥਿਤੀਆਂ ਬੜੇ ਸਪਸ਼ਟ ਸੰਕੇਤ ਦੇ ਰਹੀਆਂ ਹਨ ਕਿ ਦੇਸ਼ ਦੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਹਨ ਅਤੇ ਇਨ੍ਹਾਂ ਚੁਣੌਤੀਆਂ ਵਿਚ ਫਿਰਕੂ ਰਾਜਨੀਤੀ ਵਲੋਂ ਰੋਜ਼ ਕੋਈ ਨਾ ਕੋਈ ਨਵਾਂ ਵਾਧਾ ਕਰਨ ਵਾਲੀ ਕਾਰਵਾਈ ਕਰਨੀ ਆਮ ਜਿਹੀ ਗੱਲ ਹੋ ਗਈ ਹੈ।

ਕੇਂਦਰ ਸਕਰਾਰ ਵਲੋਂ ਇਨੀਂ ਦਿਨੀਂ ਇਤਿਹਾਸਿਕ ਲਾਲ ਕਿਲੇ ਨੂੰ ਉਦਯੋਗਿਕ ਘਰਾਣੇ ਡਾਲਮੀਆ ਨੂੰ ਠੇਕੇ ’ਤੇ ਦੇ ਦਿਤਾ ਗਿਆ ਹੈ। ਇਸ ਫ਼ੈਸਲੇ ਅਨੁਸਾਰ ਕੁਝ ਕੁ ਕਰੋੜ ਰੁਪਏ ਵਿਚ ਡਾਲਮੀਆ ਘਰਾਣਾ ਲਾਲ ਕਿਲੇ ਦੇ ਰੱਖ-ਰਖਾਅ ਦੇ ਨਾਂ ’ਤੇ ਇਸ ਨੂੰ ਆਮਦਨ ਦਾ ਵੱਡਾ ਜ਼ਰੀਆ ਬਣਾ ਲਵੇਗਾ। ਕੇਂਦਰ ਦੀ ਫਿਰਕੂ ਸਰਕਾਰ ਵਲੋਂ ਆਪਣੇ ਕਾਰਜਕਾਲ ਦੇ ਅਰੰਭ ਤੋਂ ਲੈ ਕੇ ਹੁਣ ਤੱਕ ਜੋ ਮੰਦਭਾਗੇ ਫ਼ੈਸਲੇ ਲਏ ਗਏ ਹਨ, ਇਹ ਫ਼ੈਸਲਾ ਸ਼ਾਇਦ ਉਨ੍ਹਾਂ ਫ਼ੈਸਲਿਆਂ ਦਾ ਸ਼ਿਖ਼ਰ ਹੈ। ਇਸ ਫ਼ੈਸਲੇ ਦਾ ਸਬੰਧ ਸਾਡੀ ਕੌਮੀ ਵਿਰਾਸਤ ਨਾਲ ਹੈ। ਇਸ ਕਰਕੇ ਇਹ ਸੰਵੇਦਨਸ਼ੀਲ ਮਾਮਲਾ ਵੀ ਹੈ। ਇਹ ਮਾਮਲਾ ਇਸ ਕਰ ਕੇ ਵੀ ਸੰਵੇਦਨਸ਼ੀਲ ਹੈ, ਕਿਉਂਕਿ ਇਸ ਨਾਲ ਸਾਡੇ ਕੌਮੀ ਸਨਮਾਨ ਨੂੰ ਠੇਸ ਪਹੁੰਚਦੀ ਹੈ। ਇਸ ਫ਼ੈਸਲੇ ਦੇ ਸੰਭਾਵੀ ਸਿੱਟਿਆਂ ਵਿਚ ਕਈ ਕਿਸਮ ਦੇ ਡਰ ਅਤੇ ਤੌਖ਼ਲੇ ਸੁਭਾਵਿਕ ਹੀ ਸ਼ਾਮਲ ਹੋ ਜਾਂਦੇ ਹਨ।

ਭਾਰਤ ਵਿਚ ਮੁਗ਼ਲ ਸ਼ਾਸ਼ਨ ਕਾਲ, ਕਲਾ ਅਤੇ ਹੁਨਰ ਦੇ ਵਿਕਾਸ ਦਾ ਸੁਨਹਿਰੀ ਕਾਲ ਸੀ। ਮੁਗ਼ਲਾਂ ਦੇ ਸਮੇਂ ਇਮਾਰਜਤਸਾਜ਼ੀ ਦੀ ਕਲਾ ਬੁਲੰਦੀਆਂ ਨੂੰ ਛੋਹ ਰਹੀ ਸੀ। ਇਸ ਦੌਰ ਵਿਚ ਮੁਗ਼ਲ ਬਾਦਸ਼ਾਹਾਂ ਨੇ ਅਨੇਕਾਂ ਸ਼ਾਨਦਾਰ ਇਮਾਰਤਾਂ ਤਾਮੀਰ ਕਰਵਾਈਆਂ। ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੂੰ ਤਾਂ ਭਵਨ ਨਿਰਮਾਣ ਵਿਚ ਵਿਸ਼ੇਸ਼ ਦਿਲਚਸਪੀ ਸੀ। ਉਸ ਨੇ ਦਿੱਲੀ ਦਾ ਪ੍ਰਸਿੱਧ ਲਾਲ ਕਿਲਾ ਬਣਵਾਇਆ ਅਤੇ ਆਗਰੇ ਵਿਚ ਤਾਜ ਮਹਿਲ ਬਣਵਾਇਆ। ਇਹ ਦੋਵੇਂ ਇਮਾਰਤਾਂ ਅੱਜ ਭਾਰਤ ਦੇ ਰਾਸ਼ਟਰੀ ਗੌਰਵ ਦਾ ਪ੍ਰਤੀਕ ਹਨ। ਇਨ੍ਹਾਂ ਦੀ ਸ਼ਾਨ ਅਤੇ ਖੂਬਸੂਰਤੀ ਵਿਸ਼ਵ ਭਰ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਹੈ। ਲਾਲ ਕਿਲਾ 1639 ਈਸਵੀ ਵਿਚ ਬਣਨਾ ਸ਼ੁਰੂ ਹੋਇਆ ਅਤੇ 1648 ਈਸਵੀ ਵਿਚ ਬਣ ਕੇ ਮੁਕੰਮਲ ਹੋਇਆ। ਮੁਗ਼ਲਾਂ ਦੇ ਸਮੇਂ ਭਾਰਤੀ ਅਤੇ ਇਸਲਾਮੀ ਸੰਸਕ੍ਰਿਤੀ ਵਿਚਕਾਰ ਇਕ ਪੱਕਾ-ਪੀਢਾ ਰਿਸ਼ਤਾ ਕਾਇਮ ਹੋ ਗਿਆ ਸੀ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਦੋਵੇਂ ਸੰਸਕ੍ਰਿਤੀਆਂ ਆਪਸ ਵਿਚ ਘੁਲ-ਮਿਲ ਗਈਆਂ ਸਨ। ਲਾਲ ਕਿਲਾ ਵੀ ਭਾਰਤੀ ਇਤਿਹਾਸਕ ਸ਼ੈਲੀ ਦੀ ਇਮਾਰਤ ਹੈ। ਇਸ ਨੂੰ ਸਾਡੀ ਰਾਸ਼ਟਰੀ ਵਿਰਾਸਤ ਦਾ ਦਰਜਾ ਸਿਰਫ਼ ਇਸ ਕਰ ਕੇ ਹਾਸਲ ਨਹੀਂ ਹੋਇਆ ਕਿ ਇਹ ਇਕ ਵੱਡੀ ਸ਼ਾਨਦਾਰ ਇਮਾਰਤ ਹੈ, ਸਗੋਂ ਇਸ ਕਰਕੇ ਵੀ ਹਾਸਲ ਹੋਇਆ ਹੈ ਕਿ ਇਸ ਵਿਚੋਂ ਸਾਡੀ ਰਾਸ਼ਟਰੀ ਆਤਮਾ ਝਲਕਦੀ ਹੈ।

ਲਾਲ ਕਿਲਾ ਦੇਸ਼ ਦੇ ਇਤਿਹਾਸ ਨਾਲ ਜੁੜੀਆਂ ਕਈ ਅਹਿਮ ਘਟਨਾਵਾਂ ਨਾਲ ਸਬੰਧਤ ਰਿਹਾ ਹੈ। ਇਹ ਬਸਤੀਵਾਦੀ ਬਰਤਾਨਵੀ ਹਕੂਮਤ ਵਿਰੁੱਧ ਸੁਤੰਤਰਤਾ ਦੀ ਪਹਿਲੀ ਜੰਗ ਦਾ ਗਵਾਹ ਵੀ ਹੈ। ਇਹ ਭਾਰਤੀਆਂ ਦੇ ਅਵਚੇਤਨ ਦਾ ਇਕ ਅਨਿੱਖੜ ਅੰਗ ਹੈ। ਜੋ ਵੀ ਚੀਜ਼ ਰਾਸ਼ਟਰੀ ਮਹੱਤਵ ਦੀ ਹੋਵੇ, ਉਹ ਸੰਭਾਲੀ ਵੀ ਰਾਸ਼ਟਰ ਦੁਆਰਾ ਹੀ ਜਾਣੀ ਚਾਹੀਦੀ ਹੈ। ਭਾਵ ਉਸ ਦੀ ਸਾਂਭ ਸੰਭਾਲ ਅਤੇ ਸੁਰੱਖਿਆ ਦਾ ਜ਼ੁੰਮਾ ਰਾਸ਼ਟਰ ਸਿਰ ਹੀ ਹੋਣਾ ਚਾਹੀਦਾ ਹੈ ਅਤੇ ਰਾਸ਼ਟਰ ਇਸ ਫ਼ਰਜ਼ ਦੀ ਪੂਰਤੀ ਵਿਚ ਕਦੇ ਪਿੱਛੇ ਵੀ ਨਹੀਂ ਰਹਿੰਦਾ। ਲਾਲ ਕਿਲੇ ਦੇ ਰਾਸ਼ਟਰੀ ਮਹੱਤਵ ਦਾ ਹੋਰ ਪੁਖ਼ਤਾ ਸਬੂਤ ਕੀ ਹੋ ਸਕਦਾ ਹੈ ਕਿ ਸੁਤੰਤਰਤਾ ਪ੍ਰਾਪਤੀ ਉਪਰੰਤ ਸਭ ਤੋਂ ਪਹਿਲਾਂ ਤਿਰੰਗਾ ਲਾਲ ਕਿਲੇ ਤੋਂ ਹੀ ਲਹਿਰਾਇਆ ਗਿਆ ਅਤੇ ਉਸ ਤੋਂ ਮਗਰੋਂ ਇਹ ਸਿਲਸਿਲਾ ਇਸੇ ਤਰ੍ਹਾਂ ਹੀ ਬਣਿਆ ਆ ਰਿਹਾ ਹੈ।

ਜਦੋਂ ਸਰਕਾਰ ਲਾਲ ਕਿਲੇ ਵਰਗੀ ਰਾਸ਼ਟਰੀ ਵਿਰਾਸਤ ਦੇ ਰੱਖ-ਰਖਾਅ ਅਤੇ ਸਾਂਭ ਸੰਭਾਲ ਤੋਂ ਪਿੱਛੇ ਹਟਦੀ ਹੈ ਤਾਂ ਇਸ ਦਾ ਸਿੱਧਾ ਸੰਕੇਤ ਇਹ ਹੈ ਕਿ ਰਾਸ਼ਟਰ ਆਪਣੇ ਫ਼ਰਜ਼ ਤੋਂ ਮੂੰਹ ਮੋੜ ਰਿਹਾ ਹੈ। ਜੇ ਸਰਕਾਰ ਇਹ ਕੰਮ ਨਹੀਂ ਕਰ ਸਕਦੀ ਤਾਂ ਇਸ ਦੇ ਪਿੱਛੇ ਕੇਵਲ ਦੋ ਹੀ ਗੱਲਾਂ ਹੋ ਸਕਦੀਆਂ ਹਨ। ਇਕ ਤਾਂ ਇਹ ਕਿ ਇਹ ਸਰਕਾਰ ਨਿਕੰਮੀ ਹੈ ਅਤੇ ਦੂਜਾ ਇਹ ਕਿ ਸਰਕਾਰ ਦੇ ਦਿਲ ਵਿਚ ਖੋਟ ਹੈ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਦੂਜਾ ਕਾਰਨ ਠੋਸ ਨਜ਼ਰ ਆਉਂਦਾ ਹੈ, ਕਿਉਂਕਿ ਇਹ ਸਰਕਾਰ ਲਗਾਤਾਰ ਕਾਰੋਬਾਰੀ ਘਰਾਣਿਆਂ ਨੂੰ ਵੱਡੇ ਮੁਨਾਫ਼ੇ ਕਮਾ ਕੇ ਦੇਣ ਦੀ ਨੀਤੀ ਉੱਪਰ ਚੱਲ ਰਹੀ ਹੈ। ਇਕ ਨੀਤੀ ਉੱਪਰ ਚਲਦਿਆਂ ਹੀ ਲਾਲ ਕਿਲਾ ਡਾਲਮੀਆ ਨੂੰ ਪੰਜ ਸਾਲ ਲਈ ਠੇਕੇ ’ਤੇ ਦਿਤਾ ਗਿਆ ਹੈ। ਸਭ ਮਾਹਰਾਂ ਦਾ ਮੰਨਣਾ ਹੈ ਕਿ ਡਾਲਮੀਆ ਕਾਰੋਬਾਰੀ ਘਰਾਣਾ ਹੈ। ਇਸ ਲਈ ਇਹ ਲਾਲ ਕਿਲੇ ਨੂੰ ਵੀ ਆਪਣੇ ਕਾਰੋਬਾਰੀ ਮੰਤਵਾਂ ਲਈ ਹੀ ਵਰਤੇਗਾ। ਉਂਜ ਇਹ ਗੱਲ ਕਿੰਨੀ ਘ੍ਰਿਣਾਮਈ ਹੈ ਕਿ ਹੁਣ ਦੇਸ਼ ਦੀ ਅਣਖ ਨੂੰ ਵੀ ਕਾਰੋਬਾਰਾਂ ਲਈ ਖੋਲ੍ਹ ਦਿਤਾ ਗਿਆ ਹੈ।

ਲਾਲ ਕਿਲਾ ਡਾਲਮੀਆ ਘਰਾਣੇ ਨੂੰ ਸੌਂਪਣ ਲੱਗਿਆਂ ਮੋਦੀ ਸਰਕਾਰ ਨੇ ਸ਼ਬਦਾਂ ਦੇ ਹੇਰ-ਫੇਰ ਤੋਂ ਕਾਫ਼ੀ ਕੰਮ ਲਿਆ ਹੈ। ਲਾਲ ਕਿਲਾ ਸਪੁਰਦ ਕਰਨ ਦੀ ਪ੍ਰਕਿਰਿਆ ਨੂੰ ਗੋਦ ਦੇਣਾ ਕਿਹਾ ਗਿਆ ਹੈ। ਭਾਵ ਡਾਲਮੀਆ ਘਰਾਣੇ ਨੇ ਲਾਲ ਕਿਲਾ ਗੋਦ ਲਿਆ ਹੈ। ਗੋਦ ਲੈਣ ਦਾ ਰਿਵਾਜ ਆਮ ਕਰਕੇ ਬੱਚੇ ਨਾਲ ਜੋੜਿਆ ਜਾਂਦਾ ਹੈ। ਬੱਚੇ ਨੂੰ ਗੋਦ ਲੈਣ-ਦੇਣ ਦੇ ਅਮਲ ਵਿਚ ਜਾਂ ਤਾਂ ਬੱਚਾ ਲਾਵਾਰਿਸ ਹੁੰਦਾ ਹੈ ਜਾਂ ਫਿਰ ਗੋਦ ਲੈਣ ਵਾਲਾ ਕੋਈ ਲੋੜਵੰਦ ਹੁੰਦਾ ਹੈ (ਨਿਰਸੰਤਾਨ)। ਇਸ ਪ੍ਰਕਿਰਿਆ ਨੂੰ ਜੇਕਰ ਲਾਲ ਕਿਸੇ ਨਾਲ ਜੋੜ ਕੇ ਦੇਖੀਏ ਤਾਂ ਸਵਾਲ ਉੱਠਦਾ ਹੈ ਕਿ ਕੀ ਲਾਲ ਕਿਲਾ ਐਨਾ ਹੀ ਯਤੀਮ ਹੋ ਗਿਆ ਸੀ ਕਿ ਉਸਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ ਰਿਹਾ ਜਾਂ ਫਿਰ ਕੀ ਡਾਲਮੀਆ ਘਰਾਣਾ ਐਨਾ ਹੀ ਲੋੜਵੰਦ ਸੀ ਕਿ ਉਹਦਾ ਹੋਰ ਕੋਈ ਕਾਰੋਬਾਰ ਹੀ ਨਹੀਂ ਸੀ? ਸਵੈ ਸਿੱਧ ਹੈ ਕਿ ਸਥਿਤੀ ਕਿਸੇ ਵੀ ਤਰ੍ਹਾਂ ਅਜਿਹੀ ਨਹੀਂ ਹੈ। ਸਰਕਾਰ ਨਾ ਕੇਵਲ ਲਾਲ ਕਿਲੇ ਦੀ ਬਿਹਤਰ ਸਾਂਭ ਸੰਭਾਲ ਦੀ ਸਮਰੱਥਾ ਰੱਖਦੀ ਹੈ, ਸਗੋਂ ਉਹਨੂੰ ਇਸ ਰਾਸ਼ਟਰੀ ਵਿਰਾਸਤ ਤੋਂ ਮਾਲੀਆ ਵੀ ਹਾਸਲ ਹੁੰਦਾ ਹੈ, ਜੋ ਫਿਰ ਸਾਡੀ ਰਾਸ਼ਟਰੀ ਆਮਦਨ ਦਾ ਭਾਗ ਬਣਦਾ ਹੈ। ਡਾਲਮੀਆ ਵੱਡਾ ਕਾਰੋਬਾਰੀ ਘਰਾਣਾ ਹੈ। ਸਰਕਾਰ ਨੇ ਇਸ ਕਾਰੋਬਾਰੀ ਘਰਾਣੇ ਦੇ ਮੁਨਾਫ਼ਿਆਂ ਲਈ ਰਾਸ਼ਟਰੀ ਵਿਰਾਸਤ ਨੂੰ ਬੜੇ ਅਪਮਾਨਜਨਕ ਢੰਗ ਨਾਲ ਡਾਲਮੀਆ ਨੂੰ ਸੌਂਪ ਕੇ ਰਾਸ਼ਟਰ ਦੀ ਤੌਹੀਨ ਕੀਤੀ ਹੈ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ’ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ ‘ਨਵੀਂ ਦੁਨੀਆ’ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਨੂੰਵਾਦੀ ਗੁਲਾਮੀ ਤੇ ਪੂੰਜੀਵਾਦੀ ਲੁੱਟ ਵਿਰੁੱਧ ਦਲਿਤ ਚੇਤਨਾ ਨੂੰ ਵਿਕਸਤ ਤੇ ਮਜ਼ਬੂਤ ਕਰਨ ਦੀ ਲੋੜ

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਪਿਛਲੇ ਦਿਨੀਂ, 2 ਅਪ੍ਰੈਲ ਨੂੰ, ਦਲਿਤ ਸਮਾਜ ਨਾਲ ਸਾਂਝਾਂ ਪਾ ਕੇ ਜਮਹੂਰੀ ਤੇ ਇਨਕਲਾਬੀ ਧਿਰਾਂ ਵਲੋਂ ਕੀਤੇ ਗਏ 'ਭਾਰਤ ਬੰਦ' ਨੂੰ ਜਮਾਤੀ ਘੋਲਾਂ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਕਿਹਾ ਜਾ ਸਕਦਾ ਹੈ। ਇਹ ਜਨਤਕ ਐਕਸ਼ਨ, ਮਹਾਰਾਸ਼ਟਰ ਦੇ ਇਕ ਮੁਲਾਜ਼ਮ ਵਲੋਂ ਆਪਣੇ ਮਹਿਕਮੇਂ ਅੰਦਰ ਹੋਈ ਵਧੀਕੀ ਬਾਰੇ ਸਰਵ ਉਚ ਅਦਾਲਤ ਵਿਚ ਕੀਤੀ ਰਿੱਟ ਪਟੀਸ਼ਨ ਦੇ ਸੰਬੰਧ ਵਿਚ ਦੋ ਜੱਜ ਸਾਹਿਬਾਨ ਦੇ ਬੈਂਚ ਵਲੋਂ ਦਿੱਤੇ ਗਏ ਫੈਸਲੇ ਵਿਰੁੱਧ ਰੋਸ ਵਜੋਂ ਕੀਤਾ ਗਿਆ ਸੀ। 20 ਮਾਰਚ 2018 ਨੂੰ ਦਿੱਤੇ ਗਏ ਇਸ ਫੈਸਲੇ ਵਿਚ ਜੱਜ ਸਾਹਿਬਾਨ ਨੇ ਇਹ ਟਿੱਪਣੀ ਕੀਤੀ ਹੈ ਕਿ ਐਸ.ਸੀ./ਐਸ.ਟੀ (ਅਤਿਆਚਾਰ ਰੋਕੂ) ਐਕਟ 1989 ਦੀ ਦੁਰਵਰਤੋਂ ਹੁੰਦੀ ਹੈ। ਇਸ ਦੁਰਵਰਤੋਂ ਨੂੰ ਰੋਕਣ ਵਾਸਤੇ, ਉਹਨਾਂ ਅਨੁਸਾਰ, ਇਸ ਐਕਟ ਅਧੀਨ ਕੇਸ ਦਰਜ ਕਰਨ ਤੋਂ ਪਹਿਲਾਂ ਪੀੜਤ ਵਲੋਂ ਲਾਏ ਗਏ ਦੋਸ਼ਾਂ ਦੀ ਡੀ.ਐਸ.ਪੀ. ਦੇ ਰੈਂਕ ਦਾ ਅਧਿਕਾਰੀ ਪੜਤਾਲ ਕਰੇ, ਦੋਸ਼ੀ ਨੂੰ ਪੇਸ਼ਗੀ ਜ਼ਮਾਨਤ ਕਰਾਉਣ ਦੀ ਆਗਿਆ ਹੋਵੇ, ਦੋਸ਼ੀ ਮੁਲਾਜ਼ਮ ਹੋਣ ਦੀ ਸੂਰਤ ਵਿਚ ਉਸਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਉਸਦੇ ਨਿਯੁਕਤੀਕਾਰ ਅਧਿਕਾਰੀ ਤੋਂ ਆਗਿਆ ਲਈ ਜਾਵੇ ਅਤੇ ਜੇਕਰ ਦੋਸ਼ੀ ਸਾਧਾਰਨ ਵਿਅਕਤੀ ਹੋਵੇ ਤਾਂ ਉਸਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਐਸ.ਐਸ.ਪੀ. ਤੋਂ ਆਗਿਆ ਲਈ ਜਾਵੇ। ਇੱਥੇ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਇਸ ਐਕਟ ਅਧੀਨ ਜ਼ੁਰਮਾਂ ਵਿਚ ਕਿਸੇ ਦਲਿਤ ਲਈ ਕੇਵਲ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕਰਨਾ ਜਾਂ ਕੋਈ ਹੋਰ ਇਤਰਾਜ਼ਯੋਗ ਟਿੱਪਣੀ ਕਰਨਾ ਹੀ ਨਹੀਂ ਆਉਂਦਾ, ਬਲਕਿ ਇਸ ਵਿਚ ਕਿਸੇ ਐਸ.ਸੀ./ਐਸ.ਟੀ. ਦਾ ਕਤਲ ਕਰਨਾ, ਮਾਰ-ਕੁਟਾਈ ਕਰਨਾ, ਦਲਿਤ ਵਰਗ ਨਾਲ ਸਬੰਧਤ ਔਰਤ ਨਾਲ ਛੇੜ-ਛਾੜ ਜਾਂ ਬਲਾਤਕਾਰ ਕਰਨਾ ਅਤੇ ਹੋਰ ਹਰ ਤਰ੍ਹਾਂ ਦੇ ਅਪਮਾਨਜਨਕ ਵਰਤਾਓ ਕਰਨਾ ਆਦਿ ਵੀ ਆਉਂਦੇ ਹਨ।

ਉਪਰੋਕਤ ਫੈਸਲੇ ਅਨੁਸਾਰ ਇਸ ਟਿੱਪਣੀ ਦਾ ਕਾਰਨ ਇਸ ਕਾਨੂੰਨ ਦੇ ਦੁਰਪਯੋਗ ਨੂੰ ਰੋਕਣਾ ਦੱਸਿਆ ਗਿਆ ਹੈ, ਭਾਵ ਕਿਸੇ ਜ਼ੁਰਮ ਦੇ ਸੱਚੇ ਜਾਂ ਝੂਠੇ ਹੋਣ ਦਾ ਨਿਰਨਾ ਕਰਨ ਦੇ ਅਧਿਕਾਰ ਨਿਆਂ ਪਾਲਕਾ ਦੀ ਥਾਂ ਪੁਲਸ ਦੇ ਅਧਿਕਾਰੀ ਜਾਂ ਅਫਸਰਸ਼ਾਹੀ (ਕਾਰਜਕਾਰਨੀ) ਨੂੰ ਦੇ ਦਿੱਤੇ ਗਏ ਹਨ। ਇਕ ਪੀੜਤ ਵਿਅਕਤੀ (ਦਲਿਤ) ਦੀ ਗੁਹਾਰ, ਅਜੋਕੇ ਸਮਿਆਂ ਵਿਚ, ਜ਼ਿਲ੍ਹਾ ਪੁਲਸ ਅਧਿਕਾਰੀ ਜਾਂ ਨਿਯੁਕਤੀਕਾਰ ਕਿੰਨੀ ਕੁ ਸੁਣੇਗਾ, ਇਸਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ? ਉਂਝ ਤਾਂ ਪੂੰਜੀਵਾਦ ਸਮਾਜ ਵਿਚ ਸਮੁੱਚੇ ਕਿਰਤੀ ਲੋਕਾਂ ਲਈ ਆਪਣੇ ਨਾਲ ਹਰ ਪਲ ਹੋ ਰਹੇ ਅਨਿਆਂ ਦੀਆਂ ਅਨੇਕਾਂ ਘਟਨਾਵਾਂ ਬਾਰੇ ਸ਼ਿਕਾਇਤ ਕਰਕੇ ਇਨਸਾਫ ਦੀ ਆਸ ਕਰਨੀ ਵੀ ਇਕ ਸੁਪਨੇ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ, ਪ੍ਰੰਤੂ ਮੌਜੂਦਾ ਵਿਧਾਨਕ ਹੱਦਾਂ ਦੇ ਦਾਇਰੇ ਵਿਚ ਸਦੀਆਂ ਤੋਂ ਸਮਾਜਿਕ ਪੀੜਾ ਦਾ ਦਰਦ ਹੰਢਾ ਰਹੇ ਦਲਿਤਾਂ ਤੇ ਹੋਰ ਬਹੁਤ ਸਾਰੀਆਂ ਕਥਿਤ ਨੀਵੀਆਂ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਸਵੈਮਾਨ ਨਾਲ ਜਿਉਣ ਦਾ ਹੱਕ ਕਿਵੇਂ ਪ੍ਰਾਪਤ ਹੋਵੇ; ਇਸ ਬਾਰੇ ਕਿਆਸਣਾਂ ਤਾਂ ਹੋਰ ਵੀ ਅਲੋਕਾਰੀ ਚੀਜ਼ ਜਾਪਦੀ ਹੈ।

ਫੈਸਲੇ ਦਾ ਤਰਕਹੀਣ ਆਧਾਰ

ਭਾਰਤ ਦੇ ਸੰਵਿਧਾਨ ਵਿਚ, ਐਸ.ਸੀ./ਐਸ.ਟੀ 'ਤੇ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਸੰਬੰਧੀ ਲੋੜੀਂਦਾ ਕਾਨੂੰਨ ਬਨਾਉਣ ਦੀ ਪ੍ਰਾਥਮਿਕਤਾ ਦਰਜ ਕਰਨ ਦੇ ਬਾਵਜੂਦ, ਪਹਿਲਾਂ ਤਾਂ ਲਗਭਗ 40 ਵਰ੍ਹਿਆਂ ਤੱਕ ਅਜਿਹਾ ਕਾਨੂੰਨ ਬਣਾਉਣ ਬਾਰੇ ਕਿਸੇ ਸਰਕਾਰ ਨੇ ਪਹਿਲਕਦਮੀ ਹੀ ਨਹੀਂ ਕੀਤੀ। ਵੀ.ਪੀ.ਸਿੰਘ ਦੀ ਸਰਕਾਰ ਸਮੇਂ ਮੰਡਲ ਕਮਿਸ਼ਨ ਦਾ ਮੁੱਦਾ ਉਭਰਨ ਉਪਰੰਤ ਜੇਕਰ 1989 ਵਿਚ ਇਹ ਕਾਨੂੰਨ ਹੋਂਦ ਵਿਚ ਆਇਆ, ਤਾਂ ਵੀ ਇਸ ਉਪਰ ਅਮਲ ਦੀ ਦਰ ਬਹੁਤ ਹੀ ਸੁਸਤ ਰਹੀ। ਕਿਉਂਕਿ ਗਰੀਬਾਂ ਵਿਸ਼ੇਸ਼ ਤੌਰ 'ਤੇ ਦਲਿਤਾਂ ਨਾਲ ਵਧੀਕੀਆਂ ਕਰਨ ਵਾਲੇ ਵਿਅਕਤੀ ਅਕਸਰ ਧਨਾਢਾਂ ਜਾਂ ਉਚ ਅਧਿਕਾਰੀਆਂ ਦੀ ਸ਼੍ਰੇਣੀ ਨਾਲ ਸਬੰਧਤ ਹੁੰਦੇ ਹਨ, ਇਸ ਲਈ ਉਹ ਅਜੇਹੀਆਂ ਸ਼ਿਕਾਇਤਾਂ ਨੂੰ ਆਪਣੇ ਰਾਜਸੀ ਤੇ ਪ੍ਰਸ਼ਾਸਨਿਕ ਅਸਰ ਰਸੂਖ ਨਾਲ ਅਕਸਰ ਹੀ ਦਬਾਅ ਦਿੰਦੇ ਹਨ। ਇਸ ਮੰਦਭਾਗੀ ਅਵਸਥਾ ਵਿਰੁੱਧ ਸਬੰਧਤ ਪੀੜਤਾਂ ਅੰਦਰ ਵਧੇ ਰੋਹ ਨੂੰ ਸ਼ਾਂਤ ਕਰਨ ਲਈ ਇਸ ਕਾਨੂੰਨ ਅੰਦਰ 2016 ਵਿਚ ਇਹ ਸੋਧ ਕਰਨ ਲਈ ਵੀ ਸਰਕਾਰ ਨੂੰ ਮਜ਼ਬੂਰ ਹੋਣਾ ਪਿਆ ਕਿ ਜੇਕਰ ਕੋਈ ਪੁਲਸ ਅਧਿਕਾਰੀ ਅਜੇਹੀ ਸ਼ਿਕਾਇਤ ਤੁਰੰਤ ਦਰਜ ਨਹੀਂ ਕਰਦਾ ਤਾਂ ਉਸ ਵਿਰੁੱਧ ਵੀ ਕਾਨੂੰਨ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਜਾਵੇ। ਇਸਦੇ ਬਾਵਜੂਦ ਜੇਕਰ ਇਸ ਕਨੂੰਨ ਦੇ 1989 ਵਿਚ ਲਾਗੂ ਹੋਣ ਤੋਂ ਬਾਅਦ ਸਮੁੱਚੇ ਦੇਸ਼ ਅੰਦਰ ਇਸ ਐਕਟ ਦੀ



ਦੁਰਵਰਤੋਂ ਦੀਆਂ ਉਦਾਹਰਣਾਂ ਗਿਣੀਆਂ ਜਾਣ, ਤਾਂ ਉਨ੍ਹਾਂ ਦੀ ਵੀ ਸੂਚੀ ਬਣਾਈ ਜਾ ਸਕਦੀ ਹੈ। ਪ੍ਰੰਤੂ ਇਸ ਵਰਗ ਦੇ ਲੋਕਾਂ ਨਾਲ ਅਣਮਨੁੱਖੀ ਸਮਾਜਿਕ ਜਬਰ, ਜਿਹੜਾ ਹਰ ਰੋਜ਼ ਹੀ ਦੇਸ਼ ਦੇ ਸ਼ਹਿਰਾਂ, ਪਿੰਡਾਂ, ਮੁਹੱਲਿਆਂ, ਗਲੀਆਂ ਤੇ ਘਰਾਂ ਵਿਚ ਕੀਤਾ ਜਾ ਰਿਹਾ ਹੈ, ਉਸਦਾ ਨਾ ਕੋਈ ਰਿਕਾਰਡ ਬਣਾਉਣਾ ਸੰਭਵ ਹੈ ਤੇ ਨਾ ਹੀ ਉਨ੍ਹਾਂ ਦੀ ਅੰਕੜਿਆਂ ਵਿਚ ਗਿਣਤੀ ਕੀਤੀ ਜਾ ਸਕਦੀ ਹੈ। ਇਹ ਅਮਾਨਵੀ ਜਬਰ ਧਰਤੀ ਦੇ ਇਸ ਖਿੱਤੇ ਅੰਦਰ ਹਜ਼ਾਰਾਂ ਸਾਲਾਂ ਤੋਂ ਸ਼ਰੇਆਮ ਵਰਤ ਰਿਹਾ ਹੈ। ਉਂਝ ਮਾਣਯੋਗ ਜੱਜ ਸਾਹਿਬਾਨ ਕੀ ਵਿਧਾਨ ਅੰਦਰ ਦਰਜ ਦੇਸ਼ ਦੇ ਕਿਸੇ ਕਾਨੂੰਨ ਦਾ ਨਾਮ ਦੱਸ ਸਕਦੇ ਹਨ, ਜਿਸਦੀ ਦੁਰਵਰਤੋਂ ਨਾ ਹੋ ਰਹੀ ਹੋਵੇ? ਭਾਰਤੀ ਦੰਡ ਕਾਨੂੰਨ ਦੀ ਧਾਰਾ 302, 307, 326, 107, 151 ਦੀ ਵਿਰੋਧੀ ਧਿਰਾਂ ਦੇ ਖਿਲਾਫ ਦੁਰਵਰਤੋਂ ਹਾਕਮ ਧਿਰਾਂ ਦੀਆਂ ਰਾਜਨੀਤਕ ਪਾਰਟੀਆਂ ਤੇ ਧਨਵਾਨ ਲੋਕਾਂ ਦਾ ਸ਼ੁਗਲ ਬਣਿਆ ਹੋਇਆ ਹੈ। ਅਜਿਹੇ ਕਈ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਹੀ ਲੋਕਾਂ ਦੇ ਅਰਬਾਂ ਰੁਪਏ ਹੜੱਪ ਕਰਨ ਵਾਲੇ ਕਾਲੇ ਧੰਦੇ ਦੇ ਕਾਰੋਬਾਰੀ ਗ੍ਰਹਿ ਤੇ ਕਾਰਪੋਰੇਟ ਘਰਾਣੇ ਅਰਬਾਂ-ਖਰਬਾਂਪਤੀ ਬਣ ਗਏ ਹਨ। ਥੋੜਾ ਸਮਾਂ ਪਹਿਲਾਂ ਹੀ ਵਿਜੇ ਮਾਲਿਆ ਤੇ ਨੀਰਵ ਮੋਦੀਆਂ ਵਰਗੇ ਠੱਗਾਂ ਨੇ ਬੈਂਕਾਂ ਵਿਚੋਂ ਲੋਕਾਂ ਦੀ ਗਾੜ੍ਹੇ ਪਸੀਨੇ ਦੀ ਕਰੋੜਾਂ ਰੁਪਏ ਦੀ ਜਮਾਂ ਕਮਾਈ ਹਜ਼ਮ ਕਰ ਲਈ ਹੈ। ਇੱਥੇ ਇਹ ਪ੍ਰਸ਼ਨ ਵੀ ਉਭਰਦਾ ਹੈ ਕਿ ਕੀ ਕਾਨੂੰਨ ਦੀ ਦੁਰਵਰਤੋਂ ਰੋਕਣ ਵਾਸਤੇ ਅਦਾਲਤੀ ਪ੍ਰਕਿਰਿਆ ਦੀ ਜਗ੍ਹਾ ਕਾਰਜਕਾਰਨੀ ਤੇ ਅਫਸਰਸ਼ਾਹੀ ਨੂੰ ਅਧਿਕਾਰ ਦੇਣਾ ਵਾਜ਼ਿਬ ਹੋਵੇਗਾ? ਕੀ ਇੰਝ ਕਰਨ ਨਾਲ ਇਹ ਦੁਰਵਰਤੋਂ ਰੁਕ ਜਾਵੇਗੀ? ਉੱਕਾ ਹੀ ਨਹੀਂ; ਕਿਉਂਕਿ ਅਜੇਹੇ ਸਾਰੇ ਕੁਕਰਮਾਂ ਵਿਚ ਕਾਰਜਕਾਰਨੀ ਤੇ ਦੋਸ਼ੀਆਂ ਵਿਚਕਾਰ ਕਿਤੇ ਨਾ ਕਿਤੇ ਮਿਲੀਭੁਗਤ ਲਾਜ਼ਮੀ ਕੰਮ ਕਰ ਰਹੀ ਹੁੰਦੀ ਹੈ।

## ਤਰਸਯੋਗ ਜੀਵਨ ਹਾਲਤਾਂ

ਦਲਿਤ ਸਮਾਜ ਤੇ ਹੋਰ ਕਥਿਤ ਪਛੜੀਆਂ ਜਾਤੀਆਂ ਦੇ ਲੋਕ ਸਦੀਆਂ ਤੋਂ ਹੀ ਸਮਾਜਿਕ ਜਬਰ ਨੂੰ ਆਪਣੇ ਹੱਡਾਂ ਨਾਲ ਹੰਢਾ ਰਹੇ ਹਨ। ਸਮਾਜ ਦੀ ਸੇਵਾ ਦਾ ਜ਼ਿੰਮਾ, ਜਿਸ ਵੱਲ ਨੂੰ ਦੂਸਰੀਆਂ ਜਾਤੀਆਂ ਦੇ ਲੋਕ ਮੂੰਹ ਵੀ ਨਹੀਂ ਕਰਦੇ, ਸਿਰਫ ਇਹੀ ਦਲਿਤ ਸਮਾਜ ਨਿਭਾਉਂਦਾ ਹੈ। ਸੀਵਰੇਜ਼ ਤੇ ਗੰਦੀਆਂ ਨਾਲੀਆਂ ਦੀ ਸਫਾਈ, ਕੂੜਾ ਕਰਕਟ ਇਕੱਠਾ ਕਰਨਾ, ਮੁਰਦਾ ਬੰਦਿਆਂ ਤੇ ਪਸ਼ੂਆਂ ਨੂੰ ਟਿਕਾਣੇ ਲਾਉਣਾ, ਨੱਕਾਂ ਵਿਚ ਜਲੂਣ ਪੈਦਾ ਕਰਨ ਵਾਲੀ ਬਦਬੋ ਝੇਲ ਕੇ ਮਰੇ ਪਸ਼ੂਆਂ ਦਾ ਚੰਮ ਲਾਹੁਣਾ ਤੇ ਸਮਾਜ ਦੇ ਹੋਰ ਐਸੇ ਕੰਮ ਹਨ, ਜਿਨ੍ਹਾਂ ਬਾਰੇ ਹੋਰ ਕੋਈ ਆਦਮੀ/ਔਰਤ ਕਦੇ ਵੀ ਰਾਖਵੇਂਕਰਨ ਦੀ ਮੰਗ ਨਹੀਂ ਕਰਦਾ। ਇਹ ਕੰਮ "ਭਾਈ ਲਾਲੋ ਦੀ ਕੁਲ ਦੇ ਇਹਨਾਂ ਧਰਤੀ ਪੁਤਰਾਂ-ਧੀਆਂ" ਦੇ ਹਿੱਸੇ ਹੀ ਆਇਆ ਹੈ। ਪ੍ਰੰਤੂ ਅਜੇਹੇ ਸਾਰੇ ਕਾਰਜ ਕਰਨ ਦਾ ਇਵਜ਼ਾਨਾ ਹੈ : ਨਫਰਤ, ਬੇਇੱਜ਼ਤੀ, ਛੂਆ-ਛਾਤ, ਖਾਣ-ਪੀਣ ਲਈ ਵੱਖਰੇ ਬਰਤਨ, ਪਾਣੀ ਲਈ ਵੱਖਰੇ ਜਲ ਸਰੋਤ, ਪੂਜਾ ਲਈ ਅਲੱਗ ਧਰਮ ਅਸਥਾਨ, ਇੱਥੋਂ ਤੱਕ ਕਿ ਮੁਰਦਾ ਸਾੜਨ ਲਈ ਵੀ ਵੱਖਰੇ ਸ਼ਮਸ਼ਾਨ ਘਾਟ, ਜੋਕਿ ਸਭ ਤੋਂ ਵੱਧ ਅਸਹਿ ਹੈ। ਜਾਤ ਪਾਤ ਅਧਾਰਤ ਗਾਲੀ ਗਲੋਚ, ਅਪਮਾਨ, ਹਿੰਸਕ ਹਮਲੇ ਤੇ ਦਲਿਤ ਔਰਤਾਂ ਨਾਲ ਹਰ ਤਰ੍ਹਾਂ ਦੇ ਜਿਣਸੀ ਜ਼ੁਲਮਾਂ ਦੀ ਤਾਂ ਕੋਈ ਸੀਮਾ ਹੀ ਨਹੀਂ। ਉਚ ਜਾਤੀਆਂ ਜਾਂ ਧਨਵਾਨ ਲੋਕਾਂ ਵਲੋਂ ਪ੍ਰਸ਼ਾਸਨ ਨਾਲ ਮਿਲੀਭੁਗਤ ਸਦਕਾ ਹਮੇਸ਼ਾਂ ਹੀ ਦਲਿਤਾਂ ਤੇ ਕਥਿਤ ਨੀਵੀਆਂ ਜਾਤੀਆਂ ਨਾਲ ਸਬੰਧਤ ਲੋਕਾਂ ਦੀਆਂ ਝੁਗੀਆਂ ਤੇ ਗਰੀਬ ਬਸਤੀਆਂ ਹੀ ਅਗਨ ਭੇਂਟ ਹੁੰਦੀਆਂ ਹਨ। ਅਜੇਹੇ ਕਿਸੇ ਜ਼ੁਲਮ ਜਾਂ ਜਿਆਦਤੀ ਵਿਰੁੱਧ ਖੜੇ ਹੋਣ ਦੀ ਸਜ਼ਾ ਤਾਂ ਉਹਨਾਂ ਨੂੰ ਕਈ ਵਾਰ ਪਿੰਡ ਜਾਂ ਮੁਹੱਲੇ ਤੋਂ ਦਰ-ਬਦਰ ਕਰਨ ਦੇ ਰੂਪ ਵਿਚ ਵੀ ਦਿੱਤੀ ਜਾਂਦੀ ਹੈ।

ਇਹ ਤਾਂ ਨਿਸ਼ਚੇ ਹੀ ਉਤਸ਼ਾਹਜਨਕ ਗੱਲ ਹੈ ਕਿ 2 ਅਪ੍ਰੈਲ ਦੇ 'ਭਾਰਤ ਬੰਦ' ਨੂੰ ਦੇਸ਼ ਭਰ ਵਿਚ ਭਰਵਾਂ ਹੁੰਗਾਰਾ ਮਿਲਿਆ। ਦਲਿਤ ਸਮਾਜ ਤੋਂ ਬਾਹਰਲੇ ਸੰਵੇਦਨਸ਼ੀਲ ਤੇ ਮਾਨਵਵਾਦੀ ਸੋਚ ਦੇ ਧਾਰਨੀ ਜਨਸਮੂਹਾਂ ਨੇ ਵੀ ਇਸ ਵਿਰੋਧ ਵਿਚ ਆਪਣੇ ਸੰਗੀਆਂ-ਸਾਥੀਆਂ ਦਾ ਭਰਵਾਂ ਸਾਥ ਦਿੱਤਾ। ਕਿਸੇ ਸ਼ਰਾਰਤੀ ਵਿਅਕਤੀ ਵਲੋਂ ਕੋਈ ਹਿੰਸਕ ਜਾਂ ਇਤਰਾਜ਼ਯੋਗ ਕਾਰਵਾਈ ਵਾਲੀ ਇੱਕੜ ਦੁੱਕੜ ਘਟਨਾ ਹੋ ਸਕਦੀ ਹੈ ਜੋ ਕਿਸੇ ਵੀ ਜਨਤਕ ਐਕਸ਼ਨ ਵਿਚ ਵਾਪਰਨਾ ਆਮ ਗੱਲ ਹੈ (ਸੰਘ ਪਰਿਵਾਰ ਨਾਲ ਸੰਬੰਧਤ ਸੈਨਾਵਾਂ ਵਲੋਂ ਹਰ ਰੋਜ਼ ਐਸੀਆਂ ਕਾਰਵਾਈਆਂ ਆਮ ਹੀ ਕੀਤੀਆਂ ਜਾਂਦੀਆਂ ਹਨ)। ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਭ ਤੋਂ ਵੱਧ ਹਿੰਸਕ ਘਟਨਾਵਾਂ ਤੇ ਮੌਤਾਂ ਭਾਜਪਾ ਸ਼ਾਸ਼ਤ ਰਾਜਾਂ (ਯੂ.ਪੀ., ਮੱਧ ਪ੍ਰਦੇਸ਼, ਰਾਜਸਥਾਨ) ਵਿਚ ਹੀ ਵਾਪਰੀਆਂ ਹਨ।

ਇਸ ਦੇ ਕਾਰਨਾਂ ਨੂੰ ਜਾਨਣਾ ਵੀ ਕੋਈ ਔਖਾ ਕੰਮ ਨਹੀਂ ਹੈ। ਪ੍ਰੰਤੂ ਇਸ ਗੱਲ ਨੂੰ ਡੂੰਘੀ ਚਿੰਤਾ ਤੇ ਦੁੱਖ ਨਾਲ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ ਕਿ ਕਿਰਤੀ ਜਾਂ ਪੀੜਤ ਲੋਕਾਈ ਵਲੋਂ ਕੀਤੇ ਕਿਸੇ ਰੋਸ ਐਕਸ਼ਨ (ਭਾਰਤ ਬੰਦ ਵਰਗੇ) ਦੌਰਾਨ ਹੋਏ ਜਾਨੀ ਤੇ ਮਾਲੀ ਨੁਕਸਾਨ ਅਤੇ ਆਮ ਲੋਕਾਂ ਨੂੰ ਪੇਸ਼ ਆਈਆਂ ਔਕੜਾਂ ਨੂੰ ਤਾਂ ਮੀਡੀਆ ਤੇ ਹੋਰ ਪ੍ਰਚਾਰ ਸਾਧਨਾਂ ਅੰਦਰ ਹਮੇਸ਼ਾ ਮਸਾਲੇ ਲਾ ਲਾ ਕੇ ਨਿੰਦਿਆ ਜਾਂਦਾ ਹੈ; ਜਦੋਂਕਿ ਹਰ ਦਿਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਭਰਿਸ਼ਟ ਕਾਰਵਾਈਆਂ ਕਾਰਨ ਦੇਸ਼ ਦੇ ਲੋਕਾਂ ਦਾ ਜੋ ਅਰਬਾਂ-ਖਰਬਾਂ ਦਾ ਧਨ ਲੁੱਟਿਆ ਜਾ ਰਿਹਾ ਹੈ ਤੇ ਹਜ਼ਾਰਾਂ ਲੋਕ ਭੁੱਖ, ਬਿਮਾਰੀਆਂ ਤੇ ਦੂਸਰੀਆਂ ਆਰਥਿਕ ਤੰਗੀਆਂ ਨਾਲ ਅਣਆਈ ਮੌਤੇ ਮਰ ਰਹੇ ਹਨ, ਉਹਨਾਂ ਦਾ ਬਹੁਤੀ ਵਾਰ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਇਸ ਪੱਖਪਾਤੀ ਵਤੀਰੇ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਮੌਜੂਦਾ ਢਾਂਚੇ ਦਾ ਕਿਰਦਾਰ ਮਿਹਨਤਕਸ਼ ਲੋਕਾਂ ਦੇ ਨਜ਼ਰੀਏ ਤੋਂ ਕਿੰਨਾ ਕੁ ਨਿਰਪੱਖ, ਆਜ਼ਾਦ ਤੇ ਤਰਕ ਸੰਗਤ ਹੈ। ਹੁਣ ਦੇਸ਼ ਭਰ ਵਿਚ 'ਭਾਰਤ ਬੰਦ' ਵਿਚ ਹਿੱਸਾ ਲੈਣ ਵਾਲੇ ਲੋਕਾਂ ਵਿਰੁੱਧ ਝੂਠੇ ਮੁਕੱਦਮੇਂ ਦਰਜ ਕੀਤੇ ਜਾ ਰਹੇ ਹਨ। ਘੋਰ ਅਪਰਾਧੀਆਂ, ਘਿਰਣਾਜਨਕ ਮੁਜ਼ਰਮਾਂ ਤੇ ਉਨ੍ਹਾਂ ਦੀਆਂ ਰਖੇਲ ਸਰਕਾਰਾਂ ਵਲੋਂ ਹੱਕੀ ਲੜਾਈ ਲੜਨ ਵਾਲੇ ਬੇਗੁਨਾਹ ਲੋਕਾਂ ਨਾਲ ਇਹ ਵਰਤਾਅ "ਉਲਟਾ ਚੋਰ ਕੋਤਵਾਲ ਕੋ ਡਾਂਟੇ" ਵਾਲੀ ਕਹਾਵਤ ਨਾਲ ਸਪੱਸ਼ਟ ਰੂਪ ਵਿਚ ਮੇਲ ਖਾਂਦਾ ਹੈ।

**ਮਨੂੰਵਾਦੀ ਜਬਰ ਦਾ ਮੁੱਢ :** ਸਮਾਜਿਕ ਵਿਗਿਆਨ ਦੇ ਨਜ਼ਰੀਏ ਤੋਂ ਜਾਤੀ ਪਾਤੀ ਵੰਡ ਤੇ ਸਮਾਜਿਕ ਜਬਰ ਦਾ ਦੁਖਾਂਤ ਪੂਰਬ-ਪੂੰਜੀਵਾਦੀ ਪ੍ਰਬੰਧਾਂ ਦੀ ਉਪਜ ਹੈ। ਮੌਜੂਦਾ ਪੂੰਜੀਵਾਦੀ ਵਿਵਸਥਾ ਨੇ ਆਪਣੀ ਸਮਾਜਿਕ ਤੇ ਇਤਿਹਾਸਕ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਪਿਛਾਖੜੀ ਜਗੀਰੂ ਆਰਥਿਕ ਵਿਵਸਥਾ ਤੇ ਇਸ ਉਪਰ ਉਸਰੇ ਸਮਾਜਿਕ-ਸੱਭਿਆਚਾਰਕ 'ਉਸਾਰ' ਦਾ ਖਾਤਮਾ ਨਹੀਂ ਕੀਤਾ। ਇਸਦੇ ਵਿਪਰੀਤ ਪੂੰਜੀਵਾਦੀ ਆਰਥਿਕ ਵਿਵਸਥਾ, ਜਦੋਂ ਆਪ ਸਾਮਰਾਜੀ ਦੌਰ ਵਿਚ ਪੁੱਜ ਕੇ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਗਈ ਹੈ, ਤਦ ਇਸਨੇ ਨਿੱਘਰ ਰਹੀ ਜਗੀਰਦਾਰੀ ਨੂੰ ਖਤਮ ਕਰਨ ਦਾ ਪੈਂਤੜਾ ਤਿਆਗ ਕੇ ਉਸ ਨਾਲ ਸਾਂਝਾਂ ਪਾ ਲਈਆਂ ਹਨ। ਦੇਸ਼ ਅੰਦਰ ਵਿੱਤੀ ਪੂੰਜੀ ਦੀ ਪੱਧਰ 'ਤੇ ਪੁੱਜੇ ਸਰਮਾਏਦਾਰੀ ਢਾਂਚੇ ਨੇ ਇਤਿਹਾਸਕ ਤੌਰ 'ਤੇ ਆਪਣੇ ਆਰੰਭਕ ਪੂੰਜੀਵਾਦੀ ਅਗਾਂਹਵਧੂ ਕਿਰਦਾਰ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਆਜ਼ਾਦੀ, ਜਮਹੂਰੀਅਤ ਤੇ ਬਰਾਬਰਤਾ ਦੇ ਅਸੂਲਾਂ ਦੀ ਬਲੀ ਦੇ ਦਿੱਤੀ ਹੈ। ਨਾਲ ਹੀ ਇਸ ਵਲੋਂ ਵੇਲਾ ਵਿਹਾ ਚੁੱਕੀਆਂ ਜਗੀਰੂ ਤੇ ਅਰਧ ਜਗੀਰੂ ਕਦਰਾਂ ਕੀਮਤਾਂ ਅਤੇ ਸਮਾਜਿਕ ਤੇ ਸਭਿਆਚਾਰਕ ਸਰੋਕਾਰਾਂ ਦੀ ਪੂਰੀ ਤਰ੍ਹਾਂ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਇਨ੍ਹਾਂ ਪ੍ਰਸਥਿਤੀਆਂ ਅਧੀਨ ਭਾਰਤ ਅੰਦਰ ਪੂਰਬ-ਪੂੰਜੀਵਾਦੀ ਪ੍ਰਬੰਧ ਦੀਆਂ ਜਾਤਪਾਤ ਵਰਗੀਆਂ ਲਾਅਨਤਾਂ ਤੇ ਸਮਾਜਿਕ ਜਬਰ ਕਾਇਮ ਹੀ ਨਹੀਂ, ਸਗੋਂ ਨਿੱਤ ਵੱਧਦਾ ਜਾ ਰਿਹਾ ਹੈ। ਇਸ ਤੋਂ ਵੀ ਅੱਗੇ ਜਾ ਕੇ ਨਰਿੰਦਰ ਮੋਦੀ ਦੀ ਸਰਕਾਰ ਤੇ ਸੰਘ ਪਰਿਵਾਰ ਵਲੋਂ ਤਾਂ ਦੇਸ਼ ਅੰਦਰ ਮਨੂੰਵਾਦੀ ਵਿਵਸਥਾ ਨੂੰ ਮੁੜ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜਿਸਦੇ ਫਲਸਰੂਪ ਇਹ ਸਮਾਜਕ ਜਬਰ ਦਿਨੋਂ ਦਿਨ ਵੱਧਦਾ ਤੇ ਵਧੇਰੇ ਵਹਿਸ਼ੀਆਨਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਦੇਸ਼ ਦੀਆਂ ਇਨਕਲਾਬੀ ਧਿਰਾਂ, ਜਿਨ੍ਹਾਂ ਨੇ ਭਾਰਤ ਅੰਦਰ ਸਰਮਾਏਦਾਰੀ-ਜਗੀਰਦਾਰੀ ਪ੍ਰਬੰਧ ਨੂੰ ਖਤਮ ਕਰਕੇ ਲੁੱਟ ਰਹਿਤ ਸਮਾਜਕ ਢਾਂਚੇ ਦੀ ਸਥਾਪਤੀ (ਸਮਾਜਵਾਦ) ਦਾ ਨਿਸ਼ਾਨਾ ਮਿੱਥਿਆ ਹੋਇਆ ਹੈ, ਨੂੰ ਪੂੰਜੀਵਾਦੀ ਪ੍ਰਬੰਧ ਦੇ ਖਾਤਮੇਂ ਦੇ ਨਾਲ ਨਾਲ ਜਾਗੀਰੂ-ਸਭਿਆਚਾਰਕ ਵਿਵਸਥਾਵਾਂ ਨੂੰ ਵੀ ਨਸ਼ਟ ਕਰਨਾ ਹੋਵੇਗਾ। ਇਸ ਮੰਤਵ ਲਈ ਪੂਰਬ-ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਹੇਠ ਪਨਪੇ ਜਾਤੀਪਾਤੀ, ਛੂਆਛਾਤੀ ਤੇ ਹੋਰ ਗੈਰ ਮਨੁੱਖੀ ਰਸਮਾਂ ਰਿਵਾਜ਼ਾਂ ਦਾ ਖਾਤਮਾ ਕਰਨਾ ਵੀ ਸਮੁੱਚੇ ਜਮਾਤੀ ਘੋਲਾਂ ਦਾ ਅਨਿੱਖੜਵਾਂ ਅੰਗ ਸਮਝਿਆ ਜਾਣਾ ਚਾਹੀਦਾ ਹੈ। ਇਹਨਾਂ ਵਿਰੁੱਧ ਸੰਘਰਸ਼ ਕੀਤੇ ਬਿਨਾਂ ਪਿਛਾਖੜੀ ਮਨੂੰਵਾਦੀ ਵਿਵਸਥਾ ਤੋਂ ਪੀੜਤ ਲੋਕਾਈ ਨੂੰ ਸਰਮਾਏਦਾਰੀ ਵਿਰੁੱਧ ਲੜੇ ਜਾ ਰਹੇ ਸੰਘਰਸ਼ ਵਿਚ ਭਾਗੀਦਾਰ ਨਹੀਂ ਬਣਾਇਆ ਜਾ ਸਕਦਾ। ਇਹ ਕਾਰਜ ਸਮਾਜ ਦੇ ਇਸ ਅਤੀ ਪੀੜਤ ਹਿੱਸੇ (ਦਲਿਤਾਂ ਤੇ ਦੂਸਰੀਆਂ ਪਛੜੀਆਂ ਜਾਤੀਆਂ ਦੇ ਲੋਕਾਂ) ਪ੍ਰਤੀ ਦਿਖਾਈ ਗਈ ਕੋਈ ਦਿਆਲੂ ਜਾਂ ਤਰਸ ਦੀ ਭਾਵਨਾ ਤਹਿਤ ਨਹੀਂ, ਬਲਕਿ ਇਨਕਲਾਬੀ ਤਾਕਤਾਂ ਵਲੋਂ ਪੂੰਜੀਵਾਦੀ ਵਿਵਸਥਾ ਦਾ ਖਾਤਮਾ ਕਰਕੇ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਲਈ ਲੜੇ ਜਾ ਰਹੇ ਯੁੱਧ ਦੀ ਸਫਲਤਾ ਲਈ ਇਕ ਕੂੰਜੀਵਤ ਕੰਮ ਹੈ।

## ਹੁਣ ਵਿਦੇਸ਼ਾਂ ਵੱਲ ਉੱਡਦਾ ਪੰਜਾਬ

ਡਾਵਾਂਡੋਲ ਆਰਥਿਕਤਾ ਅਤੇ ਵਧਦੀ ਬੇਰੁਜ਼ਗਾਰੀ ਨੇ ਪੰਜਾਬੀਆਂ ਅੰਦਰ ਪਰਵਾਸ ਦੀ ਲਾਲਸਾ ਵਧਾ ਦਿੱਤੀ ਹੈ। ਨੌਜਵਾਨ ਵਰਗ ਵਿਦੇਸ਼ ਜਾਣ ਲਈ ਇਸ ਹੱਦ ਤੱਕ ਕਾਹਲਾ ਹੈ ਕਿ ਕਿਸੇ ਵੀ ਢੰਗ ਨਾਲ ਵਿਦੇਸ਼ੀ ਧਰਤੀ 'ਤੇ ਪੁੱਜਣਾ ਚਾਹੁੰਦਾ ਹੈ। ਅਜਿਹੇ ਹਾਲਾਤ ਦਾ ਤਸੱਵਰ ਹਨ ਇਸ ਪੰਨੇ ਦੀਆਂ ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ ਲਈਆਂ ਗਈਆਂ ਰਿਪੋਰਟਾਂ :

# ਤੇਜ਼ੀ ਨਾਲ ਵੱਧ ਰਹੀ ਹੈ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ

### • ਪੰਜਾਬ ਦੇ ਮਾੜੇ ਆਰਥਕ, ਸਮਾਜਕ ਤੇ ਸਿਆਸੀ ਹਾਲਾਤ ਹਨ ਪਰਵਾਸ ਦਾ ਵੱਡਾ ਕਾਰਨ

**ਚੰਡੀਗੜ੍ਹ :** ਪੰਜਾਬੀਆਂ ਦਾ ਹੁਣ ਪੰਜਾਬ ਵਿੱਚ ਜੀਅ ਨਹੀਂ ਲੱਗ ਰਿਹਾ। ਰੋਜ਼ੀ-ਰੋਟੀ ਦੀ ਮਜਬੂਰੀ, ਸਿਆਸੀ, ਸਮਾਜਿਕ ਤੇ ਸੱਭਿਆਚਾਰਕ ਮਾਹੌਲ ਤੋਂ ਨਿਰਾਸ਼ ਅਤੇ ਪ੍ਰਸ਼ਾਸਨਿਕ ਬੇਰੁਖ਼ੀ ਕਾਰਨ ਵੱਡੀ ਗਿਣਤੀ ਪੰਜਾਬੀ ਪਰਵਾਸ ਕਰ ਰਹੇ ਹਨ। ਪੰਜਾਬ ਦੀ ਆਰਥਿਕਤਾ ਵਿੱਚ ਪਰਵਾਸੀਆਂ ਵੱਲੋਂ ਪਾਏ ਜਾਣ ਵਾਲੇ ਯੋਗਦਾਨ ਦਾ ਸੰਤੁਲਨ ਵੀ ਹੁਣ ਵਿਦੇਸ਼ਾਂ ਦੇ ਪੱਖ 'ਚ ਜਾ ਰਿਹਾ ਹੈ। ਇਸ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਪਰਵਾਸ ਦਾ ਪੰਜਾਬ ਅਤੇ ਪੰਜਾਬੀਆਂ ਦੇ ਭਵਿੱਖ ਉੱਤੇ ਡੂੰਘਾ ਅਸਰ ਪੈਣਾ ਸੁਭਾਵਿਕ ਹੈ।

ਫਰਾਂਸ ਦੀ ਇੱਕ ਸੰਸਥਾ ਨਾਲ ਮਿਲ ਕੇ ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈੱਲਪਮੈਂਟ (ਕ੍ਰਿਡ) ਵੱਲੋਂ ਕੀਤੇ ਸਰਵੇਖਣ ਦੌਰਾਨ ਸਾਹਮਣੇ ਆਏ ਤੱਥਾਂ ਅਨੁਸਾਰ ਪੰਜਾਬ ਦੇ ਸਾਰੇ 55 ਲੱਖ ਪਰਿਵਾਰਾਂ ਵਿੱਚੋਂ 11 ਫ਼ੀਸਦ ਪਰਿਵਾਰਾਂ ਦੇ ਇੱਕ ਜਾਂ ਇੱਕ ਤੋਂ ਵੱਧ ਜੀਅ ਵਿਦੇਸ਼ ਵਿੱਚ ਹਨ। ਦੁਆਬੇ ਵਿੱਚ 23.7 ਫ਼ੀਸਦ ਪਰਿਵਾਰਾਂ ਵਿੱਚੋਂ, ਮਾਝੇ ਵਿੱਚੋਂ 11.5 ਫ਼ੀਸਦ ਤੇ ਮਾਲਵੇ ਦੇ 5 ਫ਼ੀਸਦ ਘਰਾਂ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਜੀਅ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਪੇਂਡੂ 13 ਫ਼ੀਸਦ ਅਤੇ ਸ਼ਹਿਰੀ 6 ਫ਼ੀਸਦ ਪਰਿਵਾਰਾਂ ਦੇ ਇੱਕ ਜਾਂ ਇਸ ਤੋਂ ਵੱਧ ਵਿਅਕਤੀ ਵਿਦੇਸ਼ਾਂ ਰਹਿ ਰਹੇ ਹਨ। ਇਨ੍ਹਾਂ ਵਿੱਚੋਂ 60 ਫ਼ੀਸਦ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂਕੇ ਤੇ ਹੋਰ ਦੇਸ਼ਾਂ ਵਿੱਚ ਹਨ, ਜਦੋਂਕਿ 40 ਫ਼ੀਸਦ ਦੇ ਕਰੀਬ ਮੱਧ ਪੂਰਬੀ ਦੇਸ਼ਾਂ ਵਿੱਚ ਹਨ। ਪ੍ਰੋਜੈਕਟ ਡਾਇਰੈਕਟਰ ਅਸ਼ਵਨੀ ਕੁਮਾਰ ਨੰਦਾ ਅਨੁਸਾਰ ਸੂਬੇ ਦੇ 133 ਪਿੰਡਾਂ ਤੇ 73 ਸ਼ਹਿਰਾਂ ਵਿੱਚੋਂ ਅੱਠ ਹਜ਼ਾਰ ਤੋਂ ਵੱਧ ਵਿਅਕਤੀਆਂ ਤੋਂ ਕੀਤੇ ਅਧਿਐਨ ਵਿੱਚ ਸਾਹਮਣੇ ਆਏ ਤੱਥਾਂ ਤਹਿਤ ਰੋਜ਼ੀ-ਰੋਟੀ ਤੋਂ ਇਲਾਵਾ ਪੰਜਾਬੀਆਂ ਲਈ ਕਿਸੇ ਮੈਂਬਰ ਨੂੰ ਬਾਹਰ ਭੇਜਣਾ 'ਸਟੇਟਸ ਸਿੰਬਲ' ਵੀ ਬਣਿਆ ਹੋਇਆ ਹੈ।

ਵਿਦਵਾਨਾਂ ਦਾ ਮੰਨਣਾ ਹੈ ਕਿ ਪਹਿਲਾਂ ਪੰਜਾਬ ਵਿੱਚੋਂ ਹੁਨਰ ਬਾਹਰ ਜਾਣ ਲੱਗ ਪਿਆ ਤੇ ਹੁਣ ਪੂੰਜੀ ਵੀ ਜਾ ਰਹੀ ਹੈ। ਸਾਲ 2017 ਦੌਰਾਨ ਹੀ ਇੱਕ ਲੱਖ ਤੋਂ ਵੱਧ ਪੰਜਾਬੀ ਵਿਦੇਸ਼ੀ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਦੇ ਨਾਮ 'ਤੇ ਵਿਦੇਸ਼ ਗਏ ਹਨ। ਕ੍ਰਿਡ ਦੇ ਸਰਵੇਖਣ ਅਨੁਸਾਰ 2007 ਤੋਂ 2010 ਦੇ ਲਗਪਗ ਸਾਢੇ ਤਿੰਨ ਸਾਲ ਦੌਰਾਨ 51 ਫ਼ੀਸਦ ਪਰਵਾਸੀਆਂ ਨੇ ਪੰਜਾਬ ਵਿੱਚ ਔਸਤਨ ਇੱਕ ਲੱਖ ਰੁਪਏ ਕਿਸੇ ਨਾ ਕਿਸੇ ਰੂਪ ਵਿੱਚ ਭੇਜੇ ਸਨ। 12.2 ਫ਼ੀਸਦ ਨੇ ਦਸ ਹਜ਼ਾਰ ਰੁਪਏ ਤੱਕ ਹੀ ਭੇਜੇ। ਬਾਕੀਆਂ ਨੇ ਦਸ ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਭੇਜੇ। 19ਵੀਂ ਸਦੀ ਦੇ ਆਖ਼ਰੀ ਦਹਾਕੇ ਤੋਂ ਚੱਲੇ ਪਰਵਾਸ ਦੇ ਦੌਰ ਸਮੇਂ ਤੋਂ ਜ਼ਿਆਦਾਤਰ ਲੋਕ ਵਾਪਸ ਆਉਣ ਲਈ ਜਾਂਦੇ ਸਨ, ਪਰ ਹੁਣ ਲਗਪਗ ਸਾਰੇ ਹੀ ਸਥਾਈ ਤੌਰ 'ਤੇ ਵਿਦੇਸ਼ ਰਹਿਣ ਲਈ ਜਾਂਦੇ ਹਨ।

ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਸ਼ਿੰਦਰ ਸਿੰਘ ਥਾਂਦੀ ਦਾ ਕਹਿਣਾ ਹੈ ਕਿ ਪੰਜਾਬੀ ਮੁੱਖ ਤੌਰ 'ਤੇ 2.5 ਕਰੋੜ ਦੇ ਲਗਪਗ ਪਰਵਾਸੀ ਭਾਰਤੀਆਂ ਵਿੱਚੋਂ 20 ਲੱਖ ਭਾਵ ਅੱਠ ਫ਼ੀਸਦ ਦੇ ਕਰੀਬ ਹਨ। ਪਰਵਾਸੀ ਪੰਜਾਬੀਆਂ ਵੱਲੋਂ ਮਕਾਨ ਬਣਾਉਣ ਤੇ ਛੋਟੀਆਂ ਵਪਾਰਕ ਗਤੀਵਿਧੀਆਂ ਉੱਤੇ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 20 ਤੋਂ 30 ਫ਼ੀਸਦ ਹਿੱਸਾ ਬਣ ਜਾਂਦਾ ਸੀ, ਜੋ ਪੰਜਾਬ ਦੀ ਅਰਥਵਿਵਸਥਾ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਸੀ, ਪਰ ਹੁਣ ਪਿਛਲੇ ਦੋ ਦਹਾਕਿਆਂ ਤੋਂ ਇਹ ਟਿਕਾਊ ਨਹੀਂ ਰਹਿ ਸਕਿਆ। ਹੁਣ ਵਿਦੇਸ਼ਾਂ ਵਿੱਚ ਜੰਮੀ ਪੰਜਾਬੀ ਪੀੜ੍ਹੀ ਲਈ ਆਪਣਾ ਮੂਲ ਸੂਬਾ ਖਿੱਚ ਦਾ ਕੇਂਦਰ ਨਹੀਂ ਰਿਹਾ। ਪੰਜਾਬ ਵਿੱਚ ਪ੍ਰਸ਼ਾਸਨਿਕ ਪ੍ਰਬੰਧ ਵਿਗੜਨ, ਪਾਰਦਰਸ਼ਤਾ ਦੀ ਕਮੀ ਤੇ ਕਥਿਤ ਖ਼ੁਸ਼ਕ ਸੁਭਾਅ ਵਾਲੀ ਅਫ਼ਸਰਸ਼ਾਹੀ ਕਾਰਨ ਪਰਵਾਸੀਆਂ ਦਾ ਸੂਬੇ ਨਾਲੋਂ ਮੋਹ ਭੰਗ ਹੋ ਰਿਹਾ ਹੈ। ਇਹ ਪੀੜ੍ਹੀ ਪਿਛਲੇ ਇੱਕ ਦਹਾਕੇ ਤੋਂ ਆਪਣੀ ਜ਼ਮੀਨ, ਘਰ ਤੇ ਹੋਰ ਜਾਇਦਾਦ ਵੇਚ ਵੱਟ ਕੇ ਪੰਜਾਬ ਨਾਲੋਂ ਪੱਕਾ ਨਾਤਾ ਤੋੜਨ ਵਾਲੇ ਪਾਸੇ ਤੇਜ਼ੀ ਨਾਲ ਵਧ ਰਹੀ ਹੈ। ਪੰਜਾਬ ਸਰਕਾਰ ਅਤੇ ਪੰਜਾਬ ਲਈ ਇਹ ਵੱਡੀ ਚੁਣੌਤੀ ਹੈ। ਇੱਕ ਵੱਡਾ ਸਵਾਲ ਇਹ ਵੀ ਹੈ ਕਿ ਪੰਜਾਬ ਸਰਕਾਰ ਅਤੇ ਪਰਵਾਸੀ ਸਿੱਖਾਂ ਦਰਮਿਆਨ ਬੇਭਰੋਸਗੀ ਦਾ ਮਾਹੌਲ ਪਿਛਲੇ ਇੱਕ ਦਹਾਕੇ ਤੋਂ ਬਣਿਆ ਹੋਇਆ ਹੈ। ਅਕਾਲੀ-ਭਾਜਪਾ ਦੇ ਦਸ ਸਾਲ ਦੇ ਰਾਜ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਅਤੇ ਹੋਰ ਦੇਸ਼ਾਂ ਦੇ ਕਈ ਸਿੱਖਾਂ ਨਾਲ ਸਬੰਧਿਤ ਕਈ ਮੁੱਦਿਆਂ ਉੱਤੇ ਲਏ ਸਟੈਂਡ ਵੀ ਭਰੋਸਾ ਬਹਾਲ ਕਰਨ ਦੀ ਬਜਾਏ ਟਕਰਾਅ ਵਧਾਉਣ ਵੱਲ ਸੇਧਤ ਰਹੇ ਹਨ।

ਅਰਥਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਅਨੁਸਾਰ ਪੰਜਾਬ ਵਿੱਚ ਖੇਤੀ ਖੇਤਰ ਨਾਲ ਜੁੜੇ ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀ ਕਰਨ ਲਈ ਮਜਬੂਰ ਹਨ। ਉਦਯੋਗਿਕ ਨਿਵੇਸ਼ ਵੀ ਹੁਣ ਨੌਕਰੀਆਂ ਪੈਦਾ ਨਹੀਂ ਕਰਦਾ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਸੇਵਾ ਦੇ ਖੇਤਰ ਵਿੱਚ ਜਿਵੇਂ ਪ੍ਰਾਈਵੇਟ ਸਕੂਲਾਂ, ਹਸਪਤਾਲਾਂ ਤੇ ਹੋਰ ਸੰਸਥਾਵਾਂ ਵਿੱਚ ਪੰਜ-ਪੰਜ ਹਜ਼ਾਰ ਦੀਆਂ ਅਸਥਾਈ ਨੌਕਰੀਆਂ ਮਿਲ ਰਹੀਆਂ ਹਨ, ਇਸ ਨਾਲ ਨੌਜਵਾਨਾਂ ਦਾ ਗੁਜ਼ਾਰਾ ਕਿਵੇਂ ਹੋਵੇਗਾ ? ਇੱਥੇ ਕਿਰਤ ਦੀ ਕੋਈ ਪੁੱਛ ਨਹੀਂ ਹੈ। ਗਵਰਨੈਂਸ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕੀ ਹੈ। ਕਾਨੂੰਨ ਦੇ ਬਾਵਜੂਦ ਇਨਸਾਫ਼ ਮਿਲਣ ਦੀ ਉਮੀਦ ਲਗਾਤਾਰ ਘੱਟ ਰਹੀ ਹੈ। ਪੰਜਾਬ ਦੇ ਹੁਨਰ ਤੇ ਪੂੰਜੀ ਨੂੰ ਇੱਥੇ ਰੱਖਣ ਵਿੱਚ ਪੰਜਾਬ ਦੀ ਸਿਆਸੀ ਜਮਾਤ ਅਤੇ ਹੋਰਾਂ ਸਬੰਧਤ ਧਿਰਾਂ ਕੋਈ ਦਿਲਚਸਪੀ ਨਹੀਂ ਦਿਖਾ ਰਹੀਆਂ। ਪੰਜਾਬ ਵਿੱਚ ਕਾਨੂੰਨ ਵਿਵਸਥਾ, ਪ੍ਰਸ਼ਾਸਨਿਕ ਸੁਧਾਰ ਤੇ ਸਰਕਾਰ ਵੱਲੋਂ ਨੌਕਰੀਆਂ ਪੈਦਾ ਕਰਨ ਦੀ ਕੋਸ਼ਿਸ਼ ਮਹਿਜ਼ ਬਿਆਨਬਾਜ਼ੀ ਤੱਕ ਸੀਮਤ ਹੋਣ ਕਰਕੇ ਸਰਕਾਰ ਨੌਜਵਾਨਾਂ ਦਾ ਭਰੋਸਾ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਰਹੀ।



## ਟਰੈਵਲ ਏਜੰਟਾਂ ਦਾ ਲਾਲਚ ਨੌਜਵਾਨਾਂ ਦੇ ਸੁਪਨਿਆਂ ਉਤੇ ਪੈ ਜਾਂਦੈ ਭਾਰੂ

**ਚੰਡੀਗੜ੍ਹ :** ਦੇਸ਼ ਵਿੱਚ ਬੇਰੁਜ਼ਗਾਰੀ ਵਧਣ ਕਾਰਨ ਨੌਜਵਾਨ ਵਿਦੇਸ਼ਾਂ ਨੂੰ ਭੱਜ ਰਹੇ ਹਨ। ਵਿਦੇਸ਼ ਜਾਣ ਲਈ ਉਹ ਹਰ ਜਾਇਜ਼, ਨਾਜਾਇਜ਼ ਢੰਗ-ਤਰੀਕੇ ਵਰਤਣ ਤੋਂ ਗੁਰੇਜ਼ ਨਹੀਂ ਕਰਦੇ।

ਇਸ ਹਾਲਤ ਵਿੱਚ ਉਹ ਅਣ-ਰਜਿਸਟਰਡ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਜਾਂਦੇ ਹਨ। ਟਰੈਵਲ ਏਜੰਟ ਉਨ੍ਹਾਂ ਨੂੰ ਵਰਕ ਪਰਮਿਟ ਦੀ ਥਾਂ ਟੂਰਿਸਟ ਵੀਜ਼ੇ ਜਾਂ ਹੋਰ ਗਲਤ ਵੀਜ਼ੇ ਲਵਾ ਕੇ ਵਿਦੇਸ਼ ਭੇਜ ਦਿੰਦੇ ਹਨ, ਪਰ ਵਿਦੇਸ਼ ਦੀ ਧਰਤੀ 'ਤੇ ਪੈਰ ਧਰਦਿਆਂ ਹੀ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਉਨ੍ਹਾਂ ਨੂੰ ਹਵਾਈ ਅੱਡਿਆਂ 'ਤੇ ਕਈ ਲੈਣ ਨਹੀਂ ਔਂਦਾ। ਉਨ੍ਹਾਂ ਵਿੱਚੋਂ ਅਨੇਕ ਨੂੰ ਹਵਾਈ ਅੱਡੇ ਤੋਂ ਪੁੱਠੇ ਪੈਰੀਂ ਦੇਸ਼ ਪਰਤਣਾ ਪੈਂਦਾ ਹੈ। ਜਿਹੜੇ ਵਿਦੇਸ਼ ਵਿੱਚ ਦਾਖ਼ਲ ਹੋ ਜਾਂਦੇ ਹਨ, ਉਨ੍ਹਾਂ ਦੇ 'ਮਾੜੇ ਦਿਨ' ਸ਼ੁਰੂ ਹੋ ਜਾਂਦੇ ਹਨ। ਕਈਆਂ ਨੂੰ ਵਿਦੇਸ਼ਾਂ ਦੀਆਂ ਜੇਲ੍ਹਾਂ ਦੀ ਹਵਾ ਖਾਣੀ ਪੈਂਦੀ ਹੈ। ਪਟਿਆਲਾ ਜ਼ਿਲ੍ਹੇ ਵਿੱਚ ਕੁਝ ਅਜਿਹੇ ਮਾਮਲੇ ਸਾਹਮਣੇ ਆਏ ਸਨ, ਜਦੋਂ ਕਈ ਨੌਜਵਾਨ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ ਜਾਂਦੇ ਜਾਂਦੇ ਰੂਸ ਦੀਆਂ ਜੇਲ੍ਹਾਂ ਵਿੱਚ ਪੁੱਜੇ ਗਏ ਤੇ ਕੁਝ ਮਹੀਨੇ ਜੇਲ੍ਹਾਂ ਵਿੱਚ ਕੱਟਣ ਤੋਂ ਬਾਅਦ ਦੇਸ਼ ਪਰਤੇ। ਉਨ੍ਹਾਂ ਨੂੰ ਜੇਲ੍ਹ ਵਿੱਚ ਖਾਣ ਲਈ ਥੋੜ੍ਹੇ ਜਿਹੇ ਉਬਲੇ ਹੋਏ ਆਲੂ ਤੇ ਦੋ-ਤਿੰਨ ਬਰੈੱਡ ਪੀਸ ਹੀ ਮਿਲਦੇ ਸਨ।

ਉਨ੍ਹਾਂ ਵਿੱਚੋਂ ਇਕ ਨੌਜਵਾਨ ਨੇ ਆਪਣੀ ਗਾਥਾ ਸੁਣਾਉਂਦਿਆਂ ਕਿਹਾ ਕਿ ਬੜੀ ਮੁਸ਼ਕਿਲ ਨਾਲ ਜਾਨ ਬਚੀ ਹੈ ਤੇ ਉਸ ਨੇ ਦੇਸ਼ ਤੋਂ ਬਾਹਰ ਕਦਮ ਨਾ ਰੱਖਣ ਦੀ ਸਹੁੰ ਖਾ ਲਈ ਹੈ। ਉਸ ਨੌਜਵਾਨ ਕੋਲ ਬਾਰਾਂ-ਤੇਰਾਂ ਕਿੱਲੇ ਜ਼ਮੀਨ ਸੀ, ਪਰ ਏਜੰਟ ਵੱਲੋਂ ਦਿਖਾਏ ਸੁਪਨਿਆਂ ਕਾਰਨ ਉਸ ਦੇ ਸਿਰ 'ਤੇ ਵਿਦੇਸ਼ ਜਾਣ ਦਾ ਭੂਤ ਸਵਾਰ ਹੋ ਗਿਆ। ਇਸੇ ਤਰ੍ਹਾਂ ਨਵਾਂ ਸ਼ਹਿਰ ਜ਼ਿਲ੍ਹੇ ਦਾ ਇਕ ਨੌਜਵਾਨ ਲਗਪਗ ਤੀਹ ਸਾਲ ਪਹਿਲਾਂ ਵਿਦੇਸ਼ ਗਿਆ ਸੀ, ਪਰ ਅਜੇ ਤੱਕ ਉਸ ਪਤਾ ਨਹੀਂ ਲੱਗ ਸਕਿਆ। ਗੜ੍ਹਸ਼ੰਕਰ ਹਲਕੇ ਤੋਂ 'ਆਪ' ਵਿਧਾਇਕ ਜੈ ਕਿਸ਼ਨ ਸਿੰਘ ਰੋੜੀ ਕੋਲ ਅਜਿਹੇ ਕਈ ਨੌਜਵਾਨਾਂ ਦੇ ਕੇਸ ਹਨ, ਜਿਹੜੇ ਵਰਕ ਪਰਮਿਟ ਦੀ ਥਾਂ ਵਿਜ਼ਿਟਰ ਵੀਜ਼ੇ 'ਤੇ ਵਿਦੇਸ਼ ਗਏ ਸਨ। ਉਨ੍ਹਾਂ ਨੂੰ ਵੀਜ਼ਾ ਖਤਮ ਹੋਣ ਤੋਂ ਬਾਅਦ ਜਾਂ ਉਸੇ ਵੇਲੇ ਹਵਾਈ ਅੱਡਿਆਂ ਤੋਂ ਵਾਪਸ ਭੇਜ ਦਿੱਤਾ ਗਿਆ। ਸ੍ਰੀ ਰੋੜੀ ਨੇ ਹਿੰਮਤ ਕਰਕੇ ਕਈ ਨੌਜਵਾਨਾਂ ਦੇ ਮਾਮਲੇ ਹੱਲ ਕਰਵਾਏ ਹਨ। ਵਿਦੇਸ਼ਾਂ ਵਿੱਚ ਖੱਜਲ-ਖੁਆਰੀ ਤੋਂ ਬਾਅਦ ਜਦੋਂ ਕੁਝ ਨੌਜਵਾਨ ਟਰੈਵਲ ਏਜੰਟਾਂ ਕੋਲ ਪੈਸੇ ਲੈਣ ਲਈ ਗਏ, ਪਰ ਉਨ੍ਹਾਂ ਨੇ ਕੋਈ ਜੁਆਬ ਨਹੀਂ ਦਿੱਤਾ ਤਾਂ ਉਹ ਪੁਲੀਸ ਕੋਲ ਚਲੇ ਗਏ।

ਪੁਲੀਸ ਕੋਲੋਂ ਵੀ ਨਿਰਾਸ਼ਾ ਹੀ ਮਿਲੀ। ਇਨ੍ਹਾਂ ਨੌਜਵਾਨਾਂ ਵਿੱਚ ਅਮਨਦੀਪ ਕੁਮਾਰ ਖ਼ੁਰਾਲੀ, ਰਾਜ ਕੁਮਾਰ ਕੁਰਾਲੀ, ਭੁਪਿੰਦਰ ਕੁਮਾਰ ਵਾਸੀ ਕੁਰਾਲੀ, ਮਨੀਸ਼ ਕੁਮਾਰ ਵਾਸੀ ਦਾਦੂਵਾਲ, ਬਲਵਿੰਦਰ ਸਿੰਘ ਬਘੌਰਾ, ਲੱਖਾ ਸਿੰਘ ਬਲਾਚੌਰ, ਗੁਰਜੀਤ ਸਿੰਘ ਭੰਮੀਆ, ਮਨਪ੍ਰੀਤ ਸਿੰਘ ਵਾਸੀ ਮੌਲਾ, ਗੁਰਜੀਤ ਸਿੰਘ ਭੰਮੀਆ, ਨਰੇਸ਼ ਕੁਮਾਰ ਨੂਰਪੁਰ ਜੱਟਾਂ, ਹਰਜੀਤ ਰਾਏ ਡੇਰੋਂ ਤੇ ਧਿਆਨ ਸਿੰਘ ਵਾਸੀ ਬੁਢਲਾਡਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਹੁਤੇ ਥੱਕ-ਹਾਰ ਕੇ ਆਪਣੇ ਘਰਾਂ ਵਿੱਚ ਬੈਠ ਗਏ। ਮਾਪਿਆਂ ਨੇ ਪੈਸੇ ਉਧਾਰ ਲੈ ਕੇ ਜਾਂ ਜ਼ਮੀਨਾਂ ਗਹਿਣੇ ਰੱਖ ਕੇ ਆਪਣੇ ਲਾਡਲੇ ਰੁਜ਼ਗਾਰ ਲਈ ਵਿਦੇਸ਼ ਭੇਜੇ ਸਨ, ਪਰ ਨਿਰਾਸ਼ਾ ਹੀ ਮਿਲੀ।



# ਗ਼ੈਰ-ਕਾਨੂੰਨੀ ਪਰਵਾਸ: ਪੇਟ ਦੀ ਅੱਗ ਮੂਹਰੇ ਝੁਲਸ ਜਾਂਦੇ ਨੇ ਪੰਜਾਬੀ ਗੱਭਰੂ



**ਚੰਡੀਗੜ੍ਹ :** ਪੰਜਾਬ ਦੇ ਲੋਕਾਂ ਨੂੰ ਦੋ ਦਹਾਕੇ ਪਹਿਲਾਂ ਮਾਲਟਾ ਕਿਸ਼ਤੀ ਕਾਂਡ ਨੇ ਹਿਲਾ ਕੇ ਰੱਖ ਦਿੱਤਾ ਸੀ ਜਦੋਂ 120 ਘਰਾਂ ਦੇ ਚਿਰਾਗ ਬੁਝ ਗਏ ਸਨ। ਕੌਮਾਂਤਰੀ ਪੱਧਰ ’ਤੇ ਇਸ ਕਾਂਡ ਦੀਆਂ ਬਹੁਤ ਪੜਤਾਲਾਂ ਹੋਈਆਂ ਪਰ ਮਨੁੱਖੀ ਤਸਕਰਾਂ ਮੂਹਰੇ ਆਮ ਲੋਕਾਂ ਦੀ ਪੇਸ਼ ਨਹੀਂ ਚੱਲਦੀ ਅਤੇ ਭੁੱਖਣ ਭਾਣੇ ਲੋਕ ਮੁੜ ਆਪਣੇ ਆਪ ਨੂੰ ਤਸਕਰਾਂ ਮੂਹਰੇ ਸੁੱਟਦੇ ਹਨ।

ਮਾਲਟਾ ਕਿਸ਼ਤੀ ਕਾਂਡ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਸੀ। ਉਸ ਤੋਂ ਬਾਅਦ ਵੀ ਹਰ ਇੱਕ ਜਾਂ ਦੋ ਵਰ੍ਹਿਆਂ ਬਾਅਦ ਅਜਿਹੀ ਘਟਨਾ ਜ਼ਰੂਰ ਵਾਪਰਦੀ ਹੈ, ਜਦੋਂ ਰੁਜ਼ਗਾਰ ਦੀ ਭਾਲ ਵਿੱਚ ਘਰੋਂ ਨਿਕਲੇ ਨੌਜਵਾਨਾਂ ਨੂੰ ਮੌਤ ਨਿਗਲ ਲੈਂਦੀ ਹੈ। ਇਰਾਕ ਵਿੱਚ ਮਾਰੇ ਗਏ ਨੌਜਵਾਨਾਂ ਦੇ ਮਾਮਲੇ ਨੇ ਪੁਰਾਣੇ ਜ਼ਖ਼ਮ ਵੀ ਤਾਜ਼ਾ ਕਰ ਦਿੱਤੇ। ਇਹ ਤੱਥ ਸਾਹਮਣੇ ਆਉਂਦੇ ਹਨ ਕਿ ਪੰਜਾਬ ਵਿੱਚ ਫੈਲੀ ਬੇਰੁਜ਼ਗਾਰੀ ਤੋਂ ਨਿਰਾਸ਼ ਨੌਜਵਾਨ, ਜੋ ਵਿਦੇਸ਼ਾਂ ਵਿੱਚ ਚੋਗਾ ਚੁਗਣ ਲਈ ਜਾਂਦੇ ਹਨ, ਪਰ ਬਹੁਤ ਸਾਰੇ ਖੁਦ ਹੀ ਚੁਗੇ ਜਾਂਦੇ ਹਨ। ਮੱਧ ਪੂਰਬੀ ਮੁਲਕਾਂ ਵਿੱਚ ਰੁਜ਼ਗਾਰ ਦੀ ਭਾਲ ਵਿੱਚ ਨਿਕਲੇ ਪੰਜਾਬੀਆਂ ਨੂੰ ਤਾਂ ਅਕਸਰ ਦਰ-ਦਰ ਦੀਆਂ ਠੋਕਰਾਂ ਹੀ ਨਹੀਂ ਖਾਣੀਆਂ ਪੈਂਦੀਆਂ ਸਗੋਂ ਪੰਜਾਬ ਬੈਠੇ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਆਮ ਤੌਰ ’ਤੇ ਬੰਧੂਆ ਮਜ਼ਦੂਰਾਂ ਵਰਗੇ ਹਾਲ ਵਿੱਚ ਨਰਕ ਭਰੀ ਜ਼ਿੰਦਗੀ ਵੀ ਜਿਊਣੀ ਪੈਂਦੀ ਹੈ। ਸੂਬਾਈ ਅਤੇ ਕੇਂਦਰ ਸਰਕਾਰਾਂ ਵੱਲੋਂ ਆਮ ਲੋਕਾਂ ਅਤੇ ਨੌਜਵਾਨਾਂ ਨੂੰ ਮਨੁੱਖੀ ਤਸਕਰਾਂ ਤੋਂ ਬਚਾਉਣ ਲਈ ਪ੍ਰਚਾਰ ਦੇ ਦਾਅਵੇ ਕੀਤੇ ਜਾਂਦੇ ਹਨ ਤੇ ਸਖ਼ਤ ਕਾਨੂੰਨਾਂ ਰਾਹੀਂ ਇਸ ਵਰਤਾਰੇ ਨੂੰ ਠੱਲ੍ਹਣ ਦੇ ਯਤਨ ਵੀ ਕੀਤੇ ਜਾਂਦੇ ਹਨ।

ਪੰਜਾਬ ਸਰਕਾਰ ਦਾ ਦਾਅਵਾ ਹੈ ਕਿ 1 ਅਪ੍ਰੈਲ 2017 ਤੋਂ 28 ਫ਼ਰਵਰੀ 2018 ਤੱਕ ਪਰਵਾਸ ਨਾਲ ਸਬੰਧਤ ਧੋਖਾਧੜੀ ਦੇ 752 ਮਾਮਲੇ ਵੱਖ-ਵੱਖ ਕਾਨੂੰਨਾਂ ਤਹਿਤ ਦਰਜ ਕੀਤੇ ਗਏ ਸਨ। ਇਹ ਵੀ ਤੱਥ ਸਾਹਮਣੇ ਆਏ ਹਨ ਕਿ ਮਨੁੱਖੀ ਤਸਕਰੀ ਨਾਲ ਜੁੜੇ ਵੱਡੇ ਤਸਕਰਾਂ ਤੱਕ ਕਾਨੂੰਨ ਦੇ ਲੰਬੇ ਹੱਥ ਨਹੀਂ ਪਹੁੰਚੇ ਅਤੇ ਕਾਨੂੰਨ ਸਿਰਫ਼ ਕਰਿੰਦਿਆਂ ਨੂੰ ਹੀ ਹੱਥ ਪਾਉਣ ’ਚ ਕਾਮਯਾਬ ਹੁੰਦਾ ਹੈ।

ਸੰਯੁਕਤ ਰਾਸ਼ਟਰ ਦੀ ਸੰਸਥਾ ‘ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ’ (ਯੂ.ਐਨ.ਓ.ਡੀ.ਸੀ.) ਵਲੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਵਿੱਚੋਂ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲੇ ਵਿਅਕਤੀਆਂ ਸਬੰਧੀ ਕਰਵਾਏ ਵਿਸ਼ੇਸ਼ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਪੰਜਾਬ ਵਿੱਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗ਼ੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਯੂ.ਐਨ.ਓ.ਡੀ.ਸੀ. ਵਲੋਂ ਪੰਜਾਬ ਦੇ ਕਈ ਪਿੰਡਾਂ ਵਿੱਚ ਮੋਹਤਬਰ ਵਿਅਕਤੀਆਂ ਤੇ ਉਨ੍ਹਾਂ ਬਜ਼ੁਰਗਾਂ ਨਾਲ ਵੀ ਗੱਲਬਾਤ ਕੀਤੀ ਗਈ, ਜਿਨ੍ਹਾਂ ਦੇ ਪੁੱਤਰ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਗਏ ਹਨ। ਇਸ ਦੀਆਂ ਉਦਾਹਰਨਾਂ ਦਿੰਦਿਆਂ ਯੂ.ਐਨ.ਓ.ਡੀ.ਸੀ. ਦੇ ਨੁਮਾਇੰਦਿਆਂ ਨੇ ਕਿਹਾ ਸੀ ਕਿ ਮਾਲਟਾ ਕਿਸ਼ਤੀ ਕਾਂਡ ਵਿੱਚ ਜਿਨ੍ਹਾਂ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ ਹੈ, ਉਨ੍ਹਾਂ ਨੌਜਵਾਨਾਂ ਦੇ ਮਾਪੇ ਅਜੇ ਵੀ ਆਪਣੇ ਪੁੱਤਰਾਂ ਦੀ ਉਡੀਕ ਵਿੱਚ ਅੱਖਾਂ ਵਿਛਾਈ ਬੈਠੇ ਹਨ। ਇਸ ਰੀਪੋਰਟ ਮੁਤਾਬਕ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲਿਆਂ ਵਿੱਚ 84 ਫੀਸਦੀ ਦਿਹਾਤੀ ਖੇਤਰ ਨਾਲ ਸਬੰਧ ਰੱਖਦੇ ਹਨ।

ਇਨ੍ਹਾਂ ਵਿੱਚ ਜ਼ਿਆਦਾਤਰ ਦੀ ਉਮਰ 21 ਤੋਂ 30 ਸਾਲ ਦੇ ਦਰਮਿਆਨ ਹੁੰਦੀ ਹੈ। ਇਸੇ ਤਰ੍ਹਾਂ 31 ਤੋਂ 40 ਸਾਲ ਉਮਰ ਦੇ ਵਿਅਕਤੀ ਵੀ ਗੈ-ਰਕਾਨੂੰਨੀ ਢੰਗ ਨਾਲ ਪਰਵਾਸ ਕਰਦੇ ਹਨ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਮਨੁੱਖੀ ਤਸਕਰੀ ਰੋਕਣ ਲਈ ਤਿੰਨ ਤਰ੍ਹਾਂ ਦੇ ਕਾਨੂੰਨਾਂ ਤਹਿਤ ਪੁਲਿਸ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2013, ਇਮੀਗਰੇਸ਼ਨ ਐਕਟ, 1983 ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਤਹਿਤ ਮੁਕੱਦਮੇ ਦਰਜ ਕੀਤੇ ਜਾਂਦੇ ਹਨ।

ਪੰਜਾਬ ਵਿਧਾਨ ਸਭਾ ਵੱਲੋਂ ‘ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2013’ ਤਿਆਰ ਕੀਤਾ ਗਿਆ ਹੈ, ਜਿਸ ਨੂੰ ਪਹਿਲਾਂ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ-2012 ਦਾ ਨਾਮ ਦਿੱਤਾ ਗਿਆ ਸੀ। ਪੁਲਿਸ ਦਾ ਦਾਅਵਾ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਰੋਕਣ ਲਈ ਇਹ ਵਿਆਪਕ ਐਕਟ ਹੈ, ਜੋ ਵਿਸਥਾਰਤ ਪ੍ਰਕਿਰਿਆਵਾਂ ਪ੍ਰਦਾਨ ਕਰਦਾ ਹੈ। ਇਸ ਐਕਟ ਤਹਿਤ ਟਰੈਵਲ ਏਜੰਸੀ ਚਲਾਉਣ ਵਾਸਤੇ ਲਾਇਸੈਂਸ ਪ੍ਰਾਪਤ ਕਰਨ ਲਈ ਲੋੜ ਸਮਰੱਥ ਅਥਾਰਟੀ ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਹੈ। ਕਾਨੂੰਨ ਦੀ ਧਾਰਾ (13) ਤਹਿਤ ਇਸ ਐਕਟ ਦੀ ਉਲੰਘਣਾ ਕਰ ਕੇ ਟਰੈਵਲ ਏਜੰਸੀ ਦਾ ਕਾਰੋਬਾਰ ਸ਼ੁਰੂ ਕਰਨ ਵਾਲੇ ਲੋਕਾਂ ਲਈ ਸਜ਼ਾ ਦਾ ਪ੍ਰਬੰਧ ਹੈ। ਇਸ ਐਕਟ ਵਿਚ ਪੀੜਤ ਲੋਕਾਂ ਲਈ ਮੁਆਵਜ਼ੇ ਦੀ ਉਚਿਤ ਮਾਤਰਾ ਟਰੈਵਲ ਏਜੰਟਾਂ ਦੁਆਰਾ ਭੁਗਤਾਨ ਕੀਤੇ ਜਾਣ ਦਾ ਉਪਬੰਧ ਹੈ। ਇਸ ਐਕਟ ਅਧੀਨ ਗ਼ੈਰ-ਕਾਨੂੰਨੀ ਕੰਪਨੀਆਂ/ਟਰੈਵਲ ਏਜੰਟਾਂ ਵਿਰੁਧ ਕਾਰਵਾਈ ਕੀਤੀ ਜਾ ਸਕਦੀ ਹੈ।

ਇਮੀਗ੍ਰੇਸ਼ਨ ਐਕਟ-1983 (ਭਾਰਤ ਦੀ ਸੰਸਦ ਦੁਆਰਾ ਬਣਾਇਆ ਗਿਆ) ਕਿਸੇ ਵੀ ਵਿਅਕਤੀ ਨੂੰ ਵਿਦੇਸ਼ ’ਚ ਮਜ਼ਦੂਰੀ ਕਰਨ ਲਈ ਭੇਜਣ ਦੇ ਮਕਸਦ ਨਾਲ ਟਰੈਵਲ ਏਜੰਸੀ ਦੇ ਉਪਰੋਕਤ ਕਾਰੋਬਾਰ ਸ਼ੁਰੂ ਕਰਨ ਦੇ ਚਾਹਵਾਨ ਵਿਅਕਤੀ ਨੂੰ ਭਾਰਤ ਦੀ ਪ੍ਰੋਟੈਕਟੋਰੇਟ ਜਨਰਲ ਅਤੇ ਵਿਦੇਸ਼ੀ ਮਾਮਲਿਆਂ, ਭਾਰਤ ਸਰਕਾਰ ਨਾਲ ਰਿਕਰੂਟਿੰਗ ਏਜੰਟ ਵਜੋਂ ਖੁਦ ਨੂੰ ਰਜਿਸਟਰ ਕਰਾਉਣਾ ਚਾਹੀਦਾ ਹੈ ਅਤੇ ਲਾਇਸੈਂਸ ਪ੍ਰਾਪਤ ਕਰਨਾ ਚਾਹੀਦਾ ਹੈ। ਅਜਿਹੇ ਲਾਇਸੈਂਸ ਦੇਣ ਲਈ ਪੰਜਾਬ ਦੇ ਅਧਿਕਾਰ ਖੇਤਰ ਦੇ ਪ੍ਰੋਟੈਕਟੋਰੇਟ ਜਨਰਲ (ਪੀ ਓਈ) ਦੇ ਚੰਡੀਗੜ੍ਹ ਦਫ਼ਤਰ ਦਾ ਅਧਿਕਾਰ ਖੇਤਰ ਹੈ। ਇਹ ਐਕਟ ਮੁੱਖ ਤੌਰ ’ਤੇ ਵਿਦੇਸ਼ਾਂ (ਖਾਸ ਕਰ ਅਰਬ ਮੁਲਕਾਂ) ਵਿੱਚ ਜਾ ਰਹੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਵਿਦੇਸ਼ਾਂ ਵਿੱਚ ਮਾਲਕ ਤੋਂ ਮਜ਼ਦੂਰਾਂ ਦਾ ਸ਼ੋਸ਼ਣ ਰੋਕਣ ਲਈ ਹੈ। ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਇਸ ਐਕਟ ਦੀ ਧਾਰਾ 24 ਤਹਿਤ ਅਪਰਾਧਿਕ ਕੇਸ ਦਰਜ ਕੀਤਾ ਜਾ ਸਕਦਾ ਹੈ।

# ਗ਼ੁਰਬਤ ’ਚੋਂ ਨਿਕਲਣ ਲਈ ਅਰਬ ਜਗਤ ਵਿੱਚ ਗ਼ੁਲਾਮੀ ਢੋਅ ਰਹੀਆਂ ਨੇ ਪੰਜਾਬਣਾਂ

**ਜਲੰਧਰ :** ਸਾਊਦੀ ਅਰਬ ਵਿੱਚ ਪੰਜਾਬ ਦੀਆਂ ਗਰੀਬ ਔਰਤਾਂ ਨੂੰ ਵੇਚਣ ਦੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਗਰੀਬ ਘਰਾਂ ਦੇ ਲੋਕ ਅਰਬ ਦੇਸ਼ਾਂ ਵਿੱਚ ਜਾ ਕੇ ਬਹੁਤ ਮਾੜੇ ਹਾਲਾਤ ਵਿੱਚ ਕੰਮ ਕਰਨ ਲਈ ਮਜਬੂਰ ਹਨ। ਪਿਛਲੇ ਕੁਝ ਸਾਲਾਂ ਤੋਂ ਦੋਆਬੇ ਦੇ ਗਰੀਬ ਘਰਾਂ ਦੀਆਂ ਔਰਤਾਂ ਨੇ ਆਪਣੇ ਘਰਾਂ ਦੇ ਚੁੱਲ੍ਹੇ-ਚੌਂਕੇ ਬਲਦੇ ਰੱਖਣ ਲਈ ਅਤੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਆਪ ਕਰਜ਼ੇ ਚੁੱਕੇ ਅਤੇ ਅਰਬ ਦੇਸ਼ਾਂ ਦਾ ਰਾਹ ਫੜਿਆ ਸੀ ਪਰ ਉੱਥੇ ਉਨ੍ਹਾਂ ’ਤੇ ਦੁੱਖਾਂ ਦੇ ਜੋ ਪਹਾੜ ਟੁੱਟੇ, ਉਹ ਸੁਣਕੇ ਰੂਹ ਕੰਬ ਜਾਂਦੀ ਹੈ।

ਗਰੀਬ ਘਰਾਂ ਦੀਆਂ ਔਰਤਾਂ ਨੂੰ ਵਿਦੇਸ਼ਾਂ ਦੇ ਸਬਜ਼ਬਾਗ ਦਿਖਾ ਕੇ ਅਤੇ ਦਿਨਾਂ ਵਿੱਚ ਹੀ ਗਰੀਬੀ ਕੱਟਣ ਦੇ ਸੁਪਨੇ ਦਿਖਾ ਕੇ ਏਜੰਟ ਅਜਿਹਾ ਫਸਾਉਂਦੇ ਹਨ ਕਿ ਉਹ ਮੁੜ ਕੇ ਉਨ੍ਹਾਂ ਦੇ ਜਾਲ ਵਿੱਚੋਂ ਨਿਕਲ ਨਹੀਂ ਸਕਦੀਆਂ।

ਦੋਆਬੇ ਵਿੱਚ ਜਿਹੜੀਆਂ ਵੀ ਔਰਤਾਂ ਸਾਊਦੀ ਅਰਬ ਗਈਆਂ ਸਨ ਤੇ ਨਰਕ ਭਰੀ ਜ਼ਿੰਦਗੀ ਬਤੀਤ ਕਰਕੇ ਆਈਆਂ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਮੁੰਬਈ ਬੈਠਾ ਇੱਕ ਟਰੈਵਲ ਏਜੰਟ ਹੀ ਪੰਜਾਬ ਤੋਂ ਔਰਤਾਂ ਨੂੰ ਖਰੀਦਦਾ ਹੈ ਤੇ ਉਥੇ ਬਾਕਾਇਦਾ ਵੇਚਿਆ ਜਾਂਦਾ ਹੈ। ਹੁਸ਼ਿਆਰਪੁਰ ਦੇ ਪਿੰਡ ਭੁੰਗਰਨੀ ਦੀ ਰਹਿਣ ਵਾਲੀ 30 ਸਾਲਾ ਇਕਵਿੰਦਰ ਕੌਰ ਉਰਫ਼ ਸਪਨਾ ਕਹਿੰਦੀ ਹੈ, “ਮੈਨੂੰ ਇਹ ਨਹੀਂ ਸੀ ਪਤਾ ਕਿ ਇੱਕ ਦਿਨ ਮੇਰੀ ਹੀ ਸਹੇਲੀ ਮੇਰੇ ਸੁਪਨਿਆਂ ਨੂੰ ਚੂਰ-ਚੂਰ ਕਰ ਦੇਵੇਗੀ।” ਪਿੰਡ ਵਿੱਚ ਦਿਹਾੜੀ ਕਰਕੇ ਘਰ ਦਾ ਗੁਜ਼ਾਰਾ ਕਰਨ ਵਾਲੀ ਇਕਵਿੰਦਰ ਦੀ ਮੁਲਾਕਾਤ ਇੱਕ ਕੁੜੀ ਨਾਲ ਹੋ ਗਈ, ਜਿਸ ਨੇ ਉਸ ਨੂੰ ਅਜਿਹੇ ਸੁਪਨੇ ਦਿਖਾਏ ਕਿ ਉਹ ਸਾਊਦੀ ਅਰਬ ਵਿੱਚ ਜਾ ਕੇ ਗੁਲਾਮ ਹੋ ਗਈ। ਕੋਰੀ ਅਨਪੜ੍ਹ ਇਕਵਿੰਦਰ ਦਾ ਪਾਸਪੋਰਟ ਵੀ ਉਸ ਦੀ ਸਹੇਲੀ ਨੇ ਹੀ ਬਣਾ ਕੇ ਦਿੱਤਾ ਸੀ ਅਤੇ ਨਾਲ ਹੀ ਉਸ ਨੂੰ ਸਾਊਦੀ ਅਰਬ ਵਾਇਆ ਦੁਬਈ ਜਾਣ ਦੀ ਟਿਕਟ ਅਤੇ ਵੀਜ਼ੇ ਦਾ ਪ੍ਰਬੰਧ ਕਰਕੇ ਦਿੱਤਾ ਸੀ। ਤਿੰਨ ਬੱਚਿਆਂ ਦੀ ਮਾਂ ਇਕਵਿੰਦਰ ਕੌਰ ਦਾ ਪਤੀ ਰਣਜੀਤ ਸਿੰਘ ਫੈਕਟਰੀ ਵਿੱਚ ਸਫ਼ਾਈ ਦਾ ਕੰਮ ਕਰਦਾ ਹੈ। ਉਸ ਨੂੰ ਇੱਕ ਅੱਖ ਤੋਂ ਦਿਨ ਵੇਲੇ ਦਿਖਾਈ ਨਹੀਂ ਦਿੰਦਾ ਤੇ ਰਾਤ ਸਮੇਂ ਉਸ ਦੀ ਦੂਜੀ ਅੱਖ ਤੋਂ ਵੀ ਦਿੱਸਣਾ ਬੰਦ ਹੋ ਜਾਂਦਾ ਹੈ। ਇਕਵਿੰਦਰ ਨੇ ਦੱਸਿਆ ਕਿ ਉਸ ਕੋਲੋਂ 40 ਹਜ਼ਾਰ ਰੁਪਏ ਸਾਊਦੀ ਅਰਬ ਭੇਜਣ ਲਈ ਮੰਗੇ ਗਏ ਸਨ।

ਉਸਨੂੰ ਭਰੋਸਾ ਦਿੱਤਾ ਸੀ ਕਿ ਸਾਊਦੀ ਅਰਬ ਦਾ ਇੱਕ ਹਜ਼ਾਰ ਰਿਆਲ ਉਸ ਦੀ ਤਨਖ਼ਾਹ ਹੋਵੇਗੀ ਤੇ ਉੱਥੇ ਉਹ ਇੱਕ ਘਰ ਵਿੱਚ ਸਾਫ਼-ਸਫ਼ਾਈ ਦਾ ਕੰਮ ਕਰੇਗੀ। ਇਕਵਿੰਦਰ ਨੂੰ ਸਾਊਦੀ ਅਰਬ ਜਾਣ ਵਾਲੇ ਜਹਾਜ਼ ਵਿੱਚ ਚੜ੍ਹਾ ਦਿੱਤਾ ਗਿਆ ਸੀ, ਜਿੱਥੇ ਇੱਕ ਪਰਿਵਾਰ ਕੋਲ ਉਸ ਨੂੰ 15 ਦਿਨਾਂ ਤੱਕ ਸਹੀ ਸਲਾਮਤ ਰੱਖਿਆ ਗਿਆ। ਉਸ ਤੋਂ ਬਾਅਦ ਉਸ ਦਾ ਫੋਨ ਬੰਦ ਕਰ ਦਿੱਤਾ ਗਿਆ।



*ਪਿੰਡ ਗੋਰਸੀਆਂ ਨਿਹਾਲ ਵਾਸੀ ਪਰਮਜੀਤ ਕੌਰ ਦੀ ਸਾਊਦੀ ਅਰਬ ਤੋਂ ਵਾਪਸੀ ਦਾ ਇੰਤਜ਼ਾਰ ਕਰਦੇ ਹੋਏ ਪਰਵਾਰਕ ਮੈਂਬਰ।*

ਇਕਵਿੰਦਰ ਨੇ ਦੱਸਿਆ, “ਮੈਂ ਤਿੰਨ ਮੰਜ਼ਿਲਾ ਘਰ ਵਿੱਚ ਰਹਿ ਰਹੀ ਸੀ ਅਤੇ ਉਸ ਘਰ ਵਿੱਚ ਵਿਅਕਤੀ ਦੀਆਂ ਪੰਜ-ਛੇ ਔਰਤਾਂ ਸਨ ਤੇ ਸੱਤ-ਅੱਠ ਬੱਚੇ ਸਨ। ਉਸ ਕੋਲੋਂ ਝਾੜੂ-ਪੋਚੇ ਤੋਂ ਇਲਾਵਾ ਕੱਪੜੇ ਧੋਣ, ਖਾਣਾ ਬਣਾਉਣ ਤੇ ਹੋਰ ਘਰ ਦੇ ਸਾਰੇ ਕੰਮ ਲਏ ਜਾਣ ਲੱਗੇ। ਇਥੋਂ ਤੱਕ ਕੇ ਬੈਠ ਕੇ ਆਰਾਮ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਜਾਂਦਾ ਸੀ ਤੇ ਖਾਣ ਲਈ ਵੀ ਬਹੁਤ ਘੱਟ ਦਿੱਤਾ ਜਾਂਦਾ ਸੀ।” ਉਸ ਦੀ ਮੁਲਾਕਾਤ ਇੱਕ ਹੋਰ ਪੰਜਾਬਣ ਕੁੜੀ ਨਾਲ ਹੋ ਗਈ ਤਾਂ ਉਸ ਨੇ ਕਿਹਾ ਕਿ ਉਹ ਆਪਣੀ ਵੀਡੀਓ ਬਣਾ ਕੇ ਕਿਸੇ ਨਾ ਕਿਸੇ ਤਰੀਕੇ ਵੱਟਸਐਪ ਕਰ ਦੇਵੇ। ਉਸਨੇ ਆਪਣੇ ਮੋਬਾਈਲ ਤੋਂ ਆਪਣੀ ਦੁੱਖ-ਭਰੀ ਕਹਾਣੀ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਬਣਾ ਕੇ ਵੱਟਸਐਪ ਕੀਤਾ ਤਾਂ ਪਰਿਵਾਰ ਨੂੰ ਇਸ ਬਾਰੇ ਪਤਾ ਲੱਗਿਆ। ਇਕਵਿੰਦਰ ਨੇ ਹਿੰਮਤ ਨਹੀਂ ਛੱਡੀ ਅਤੇ ਕਿਸੇ ਨਾ ਕਿਸੇ ਢੰਗ ਨਾਲ ਬਾਹਰ ਸੰਪਰਕ ਕਰਨ ਵਿੱਚ ਲੱਗੀ ਰਹੀ।

ਸਿੱਖ ਸੰਸਥਾ ਦਮਦਮੀ ਟਕਸਾਲ ਦੇ ਭਾਈ ਸੰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਜਦੋਂ ਇਹ ਵੀਡੀਓ ਸੋਸ਼ਲ ਮੀਡੀਆ ’ਤੇ ਦੇਖੀ ਤਾਂ ਉਨ੍ਹਾਂ ਨੇ ਪੀੜਤ ਪਰਿਵਾਰ ਨਾਲ ਸੰਪਰਕ ਕੀਤਾ ਅਤੇ ਏਜੰਟ ਨੂੰ ਡੇਢ ਲੱਖ ਰੁਪਏ ਦੇ ਕੇ ਇਕਵਿੰਦਰ ਨੂੰ ਵਾਪਸ ਲਿਆਂਦਾ। ਭਾਈ ਸੰਦੀਪ ਸਿੰਘ ਮੁਤਾਬਕ ਉਨ੍ਹਾਂ ਇਕਵਿੰਦਰ ਕੌਰ ਅਤੇ ਏਜੰਟ ਵਿਚਾਲੇ ਕੜੀ ਬਣੀ ਕੁੜੀ ਰਾਹੀਂ ਇਹ ਪੈਸੇ ਦਿੱਲੀ ਵਿੱਚ ਦਿੱਤੇ, ਜੋ ਉਸ ਨੇ ਮੁੰਬਈ ਜਾ ਕੇ ਕਿਸੇ ਨੂੰ ਦਿੱਤੇ ਅਤੇ ਅਗਲੇ ਦਿਨ ਪੀੜਤ ਔਰਤ ਦੀ ਵਾਪਸੀ ਹੋ ਗਈ।

ਨਕੋਦਰ ਦੇ ਪਿੰਡ ਗੋਰਸੀਆਂ ਦੀ ਰਹਿਣ ਵਾਲੀ ਪਰਮਜੀਤ ਅਜੇ ਵੀ ਸਾਊਦੀ ਅਰਬ ਵਿੱਚ ਫਸੀ ਹੋਈ ਹੈ ਤੇ ਉਸ ਨੂੰ 18 ਹਜ਼ਾਰ ਰਿਆਲ ਵਿੱਚ ਕਥਿਤ ਤੌਰ ’ਤੇ ਵੇਚ ਦਿੱਤਾ ਗਿਆ ਸੀ। ਪਰਮਜੀਤ ਜੁਲਾਈ 2017 ਵਿੱਚ ਸਾਊਦੀ ਅਰਬ ਗਈ ਸੀ, ਪਰ ਉਸ ਨੂੰ ਕੰਮ ਦੇ ਬਦਲੇ ਤਨਖ਼ਾਹ ਨਹੀਂ ਦਿੱਤੀ ਗਈ। ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਵੇਚਿਆ ਜਾ ਚੁੱਕਿਆ ਹੈ। ਪਰਮਜੀਤ ਦੇ ਪਤੀ ਮਲਕੀਤ ਰਾਮ ਨੇ ਆਪਣੇ ਹੀ ਪਿੰਡ ਦੇ ਟਰੈਵਲ ਏਜੰਟ ਰਮੇਸ਼ ਭੱਟੀ ਵਿਰੁੱਧ ਮਾਮਲਾ ਦਰਜ ਕਰਵਾ ਦਿੱਤਾ ਸੀ। ਪਰਮਜੀਤ ਕੌਰ ਦੀ ਸੱਸ ਹੌਂਕੇ ਨਾਲ ਹੀ ਮਰ ਗਈ। ਉਸ ਦੇ ਇੱਕ ਰਿਸ਼ਤੇਦਾਰ ਨਰੇਸ਼ ਕੁਮਾਰ ਨੇ ਦੱਸਿਆ ਕਿ ਪਰਮਜੀਤ ਕੌਰ ਨੂੰ ਵੇਚ ਦਿੱਤਾ ਗਿਆ ਸੀ ਅਤੇ ਹੁਣ ਉਸ ਨੂੰ ਵਾਪਸ ਮੰਗਵਾਉਣ ਲਈ 2.70 ਲੱਖ ਰੁਪਏ ਦੇਣੇ ਹਨ। ਇਨ੍ਹਾਂ ਵਿੱਚੋਂ 1.20 ਲੱਖ ਰੁਪਏ ਪੀੜਤ ਪਰਿਵਾਰ ਨੇ ਇਕੱਠਾ ਕੀਤਾ ਹੈ ਅਤੇ 1.50 ਲੱਖ ਮੁੰਬਈ ਵਾਲੇ ਟਰੈਵਲ ਏਜੰਟ ਨੇ ਦੇਣਾ ਮੰਨਿਆ ਹੈ ਪਰ ਅਜੇ ਤੱਕ ਟਰੈਵਲ ਏਜੰਟ ਨੇ ਪੈਸੇ ਨਹੀਂ ਦਿੱਤੇ। ਪੰਜਾਬ ਪੁਲੀਸ ਇਸ ਟਰੈਵਲ ਏਜੰਟ ਨੂੰ ਫੜਨ ਲਈ ਮੁੰਬਈ ਰਵਾਨਾ ਹੋ ਚੁੱਕੀ ਹੈ।

ਜਲੰਧਰ ਦੇ ਕਸਬਾ ਨੂਰਮਹਿਲ ਦੇ ਪਿੰਡ ਅਜਤਾਣੀ ਦੀ ਸੁਖਵੰਤ ਕੌਰ ਵੀ ਸਾਊਦੀ ਅਰਬ ’ਚ ਪੰਜ ਮਹੀਨੇ ਕਥਿਤ ਗੁਲਾਮੀ ਵਾਲੀ ਜ਼ਿੰਦਗੀ ਭੋਗਣ ਤੋਂ ਬਾਅਦ 31 ਮਈ 2017 ਨੂੰ ਆਪਣੇ ਘਰ ਵਾਪਸ ਆ ਗਈ ਸੀ। ਸੁਖਵੰਤ ਕੌਰ ਨੂੰ ਮੁੰਬਈ ਏਅਰਪੋਰਟ ’ਤੇ ਲਿਆਂਦਾ ਗਿਆ ਸੀ ਪਰ ਪਰਿਵਾਰ ਕੋਲ ਉਸ ਨੂੰ ਮੁੰਬਈ ਤੋਂ ਲਿਆਉਣ ਲਈ ਵੀ ਪੈਸੇ ਨਹੀਂ ਸਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸੁਖਵੰਤ ਕੌਰ ਨੂੰ ਅੰਮ੍ਰਿਤਸਰ ਦੀ ਉਡਾਣ ਕਰਵਾ ਕੇ ਦਿੱਤੀ ਸੀ ਤੇ ਨਾਲ ਹੀ ਉਸ ਦੇ ਘਰ ਛੱਡਣ ਦਾ ਇੰਤਜ਼ਾਮ ਕਰ ਦਿੱਤਾ ਸੀ। ਟਰੈਵਲ ਏਜੰਟਾਂ ਨੇ ਸੁਖਵੰਤ ਕੌਰ ਨੂੰ ਸਾਢੇ ਤਿੰਨ ਲੱਖ ਰੁਪਏ ਵਿੱਚ ਸਾਊਦੀ ਅਰਬ ਦੇ ਇੱਕ ਪਰਿਵਾਰ ਨੂੰ ਵੇਚ ਦਿੱਤਾ ਸੀ। ਦੁੱਖ ਭਰੇ ਕੱਟੇ ਪੰਜ ਮਹੀਨਿਆਂ ਦੀ ਦਾਸਤਾਂ ਸੁਣਾਉਂਦਿਆਂ ਸੁਖਵੰਤ ਕੌਰ ਵਾਰ-ਵਾਰ ਰੋਣ ਲੱਗ ਪੈਂਦੀ ਸੀ। ਉਹ ਵਿਦੇਸ਼ ਗਈ ਸੀ ਤਾਂ ਜੋ ਜ਼ਿਆਦਾ ਪੈਸਾ ਕਮਾ ਕੇ ਕਰਜ਼ਾ ਲਾਹ ਸਕੇ। ਉਸ ਨੇ ਆਪਣੇ ਪੁੱਤਰ ਨੂੰ ਦੋ ਲੱਖ ਰੁਪਏ ਕਰਜ਼ਾ ਚੁੱਕ ਕੇ ਕੁਵੈਤ ਭੇਜਿਆ ਸੀ ਪਰ ਉਸ ਨੇ ਉਧਰੋਂ ਕੋਈ ਪੈਸੇ ਨਹੀਂ ਭੇਜੇ। ਕਰਜ਼ੇ ਦਾ ਬੋਝ ਵਧਣ ਲੱਗ ਪਿਆ। ਲਾਂਬੜੇ ਦੀ ਰਹਿਣ ਵਾਲੀ ਪੂਜਾ ਨਾਂ ਦੀ ਟਰੈਵਲ ਏਜੰਟ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਦੱਸਿਆ ਕਿ ਉਹ ਸਾਊਦੀ ਅਰਬ ਵਿੱਚ ਇੱਕ ਘਰ ਵਿੱਚ ਕੰਮ ਦਿਵਾ ਦੇਵੇਗੀ, ਜਿੱਥੇ ਉਸ ਨੂੰ ਮਹੀਨੇ ਦੇ 22 ਹਜ਼ਾਰ ਰੁਪਏ ਮਿਲਣਗੇ। ਉਦੋਂ ਹੀ ਉਸ ਦੇ ਮਨ ਵਿੱਚ ਇਹ ਗੱਲ ਖਟਕ ਗਈ ਸੀ ਕਿ ਉਸ ਨਾਲ ਕੁਝ ਬੁਰਾ ਹੋਣ ਵਾਲਾ ਹੈ। ਉਸ ਨੇ ਦੁਬਈ ਤੋਂ 24 ਜਨਵਰੀ 2017 ਨੂੰ ਸਾਊਦੀ ਅਰਬ ਲਈ ਉਡਾਣ ਭਰੀ ਸੀ। ਉੱਥੇ ਇੱਕ ਪਰਿਵਾਰ ਦੀਆਂ ਤਿੰਨ ਔਰਤਾਂ ਮਦਰੀਆ, ਫਾਜ਼ੀਆ ਅਤੇ ਮੀਰਾ ਨੇ ਦੱਸਿਆ ਕਿ ਉਸ ਨੂੰ ਸਾਢੇ ਤਿੰਨ ਲੱਖ ਰੁਪਏ ਵਿੱਚ ਦਿੱਲੀ ਦੇ ਟਰੈਵਲ ਏਜੰਟ ਸ਼ਕੀਰ ਖਾਨ ਕੋਲੋਂ ਖਰੀਦਿਆ ਗਿਆ ਹੈ। ਜਦੋਂ ਉਹ ਤਨਖ਼ਾਹ ਮੰਗਦੀ ਸੀ ਤਾਂ ਉਸ ਦੀ ਲੋਹੇ ਦੀਆਂ ਛੜਾਂ ਨਾਲ ਕੁੱਟਮਾਰ ਕੀਤੀ ਜਾਂਦੀ ਸੀ।

# ਨਕਲ ਦਾ ਕੋਹੜ, ਸਿੱਖਿਆ ਵਿਭਾਗ, ਸਮਾਜ ਤੇ ਸਰਕਾਰਾਂ




ਮੱਖਣ ਕੁਹਾੜ
+91-95013-65522
makhansinghkohar@gmail.com


ਇਮਤਿਹਾਨਾਂ ਵਿਚ ਵਿਦਿਆਰਥੀਆਂ ਵਲੋਂ ਨਕਲ ਮਾਰਨ ਦਾ ਰੁਝਾਨ ਇਕ ਭਿਆਨਕ ਬੀਮਾਰੀ ਦੀ ਤਰ੍ਹਾਂ ਫੈਲ ਚੁੱਕਾ ਹੈ। ਇਹ ਬੀਮਾਰੀ ਭਾਵੇਂ ਲਾਇਲਾਜ ਤਾਂ ਨਹੀਂ ਹੈ, ਪਰੰਤੂ ਹਾਲੇ ਤਕ ਇਸ ਦੇ ਇਲਾਜ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਗਿਆ। ਇੰਜ ਇਹ ਬੀਮਾਰੀ ਇਕ ਸਮਾਜਕ ਕੋਹੜ ਦੇ ਰੂਪ ਵਜੋਂ ਹੋਰ ਵਿਆਪਕ ਹੋ ਰਹੀ ਹੈ। ਜਿਸ ਸਮਾਜ ਵਿਚ ਨਕਲ ਦਾ ਰੋਗ ਫੈਲ ਜਾਂਦਾ ਹੈ, ਅਕਸਰ ਉਹ ਸਮਾਜ ਬਰਬਾਦ ਹੋ ਜਾਂਦਾ ਹੈ। ਅਧਿਆਪਕ ਤੇ ਵਿਦਿਆਰਥੀ ਵਾਲਾ ਗੁਰੂ-ਚੇਲੇ ਦਾ ਰਿਸ਼ਤਾ ਤਾਰ-ਤਾਰ ਹੋ ਜਾਂਦਾ ਹੈ। ਵਿਦਿਆਰਥੀ ਪੜ੍ਹਨ ਵੱਲ, ਆਪਣੇ ਸਲੇਬਲ ਵੱਲ, ਸਕੂਲ ਅਨੁਸ਼ਾਸ਼ਨ ਵੱਲ ਕੋਈ ਧਿਆਨ ਨਹੀਂ ਦਿੰਦੇ। ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਟਿਕ ਹੀ ਨਹੀਂ ਪਾਉਂਦੇ। ਗਿਆਨ ਦੀ ਕਮੀ ਹੋਣ ਕਾਰਨ ਉਹ ਸਮਾਜਕ, ਰਾਜਨੀਤਕ ਵਰਤਾਰਿਆਂ ਤੋਂ ਅਣਜਾਣ ਰਹਿ ਜਾਂਦੇ ਹਨ। ਸਿੱਟੇ ਵਜੋਂ ਉਹ ਅਨਪੜ੍ਹ ਦੇ ਅਨਪੜ੍ਹ ਹੀ ਰਹਿ ਕੇ ਕੇਵਲ ਅੱਖਰ ਗਿਆਨ ਦੇ ਸਹਾਰੇ ਹੀ ਗ੍ਰੈਜੂਏਸ਼ਨ ਕਰ ਜਾਂਦੇ ਹਨ। 10ਵੀਂ, 12ਵੀਂ ਤੀਕ ਤਾਂ ਉਨ੍ਹਾਂ ਵਿਚ ਅੱਖਰ ਗਿਆਨ ਦੀ ਵੀ ਕਮੀ ਰਹਿ ਜਾਂਦੀ ਹੈ। ਅਜਿਹੇ ਵਿਦਿਆਰਥੀ ਕਿਸੇ ਵੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਦੇ ਸਮਰੱਥ ਨਹੀਂ ਹੁੰਦੇ।

ਪੰਜਾਬ ਵਿਚ ਇਸ ਸਮੇਂ ਨਕਲ ਦਾ ਵਰਤਾਰਾ ਚਰਮ ਸੀਮਾ ’ਤੇ ਹੈ। ਇਹ ਕਾਫੀ ਪੁਰਾਣਾ ਹੈ। ਮਾਰਚ 2018 ਵਿਚ ਜੋ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਤੇ ਪੰਜਾਬ ਦੀ ਸਰਕਾਰ ਨੇ ਨਕਲ ਰੋਕਣ ਦੇ ਯਤਨ ਕੀਤੇ ਹਨ, ਉਨ੍ਹਾਂ ਦੀ ਸ਼ਲਾਘਾ ਤਾਂ ਕਰਨੀ ਬਣਦੀ ਹੈ; ਪਰੰਤੂ ਇਸ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਇਸ ਨਾਲ ਨਕਲ ਰੁੱਕ ਜਾਵੇਗੀ ਅਤੇ ਅੱਗੇ ਤੋਂ ਪੰਜਾਬ ਨਕਲ ਰਹਿਤ ਇਮਤਿਹਾਨਾਂ ਵਾਲਾ ਸੂਬਾ ਬਣ ਜਾਵੇਗਾ। ਨਕਲ ਇਕ ਸਮਾਜਕ-ਰਾਜਨੀਤਕ ਵਰਤਾਰਾ ਹੈ। ਇਸ ਨੂੰ ਖਤਮ ਕਰਨ ਲਈ ਇਸ ਦੀਆਂ ਜੜ੍ਹਾਂ ਤੀਕ ਜਾਣਾ ਹੋਵੇਗਾ। ਇਸ ਦੇ ਕਾਰਨ ਲੱਭ ਕੇ ਦੂਰ ਕਰਨੇ ਹੋਣਗੇ। ਜਿਸ ਸਮਾਜ ਵਿਚ ਇਮਤਿਹਾਨਾਂ ਦੇ ਪ੍ਰਸ਼ਨ ਪੱਤਰ ਅਗੇਤੇ ਹੀ ਲੀਕ ਹੋ ਕੇ ਵਿਕ ਜਾਂਦੇ ਹੋਣ, ਉਥੇ ਹੋਰ ਕਿਸ ਗਲ ਦੀ ਆਸ ਰੱਖੀ ਜਾ ਸਕਦੀ ਹੈ?

ਥੋੜਾ ਪਿੱਛੇ ਝਾਤੀ ਮਾਰੀਏ, ਨਿੱਜੀ ਸਕੂਲ ਬਹੁਤ ਘੱਟ, ਨਾ ਬਰਾਬਰ ਹੀ ਹੁੰਦੇ ਸਨ। ਜਿਹੜੇ ਹੁੰਦੇ ਸਨ, ਉਨ੍ਹਾਂ ਨੂੰ ਸਰਕਾਰ 95% ਸਹਾਇਤਾ ਦਿੰਦੀ ਸੀ ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਾਪਤ (ਏਡਿਡ) ਸਕੂਲ ਕਰਕੇ ਜਾਣਿਆ ਜਾਂਦਾ ਸੀ। ਉਸ ਸਮੇਂ ਅਮੀਰਾਂ-ਗਰੀਬਾਂ ਦੇ ਬੱਚੇ ਇਕੋ ਹੀ ਸਕੂਲ ਵਿਚ ਪੜ੍ਹਦੇ ਸਨ। ਕਦੇ ਨਕਲ ਬਾਰੇ ਸੁਣਦੇ ਹੀ ਨਹੀਂ ਸੀ। ਸਲੇਬਸ ਸੀਮਤ ਹੁੰਦੇ ਸਨ। ਅਧਿਆਪਕ ਪੂਰੇ ਹੁੰਦੇ ਸਨ। ਜੇ ਕੋਈ ਅਧਿਆਪਕਾ ਪ੍ਰਸੂਤਾ ਛੁੱਟੀ ’ਤੇ ਜਾਂਦੀ ਸੀ ਜਾਂ ਕੋਈ ਅਧਿਆਪਕ ਮਹੀਨਾ-ਦੋ ਮਹੀਨੇ ਦੀ ਛੁੱਟੀ ਲੈਂਦਾ ਸੀ ਤਾਂ ਸਕੂਲ ਮੁਖੀ ਨੂੰ ਬਦਲਵਾਂ ਪ੍ਰਬੰਧ ਕਰਨ ਲਈ ਨਵਾਂ ਅਸਥਾਈ ਅਧਿਆਪਕ ਭਰਤੀ ਕਰਨ ਦਾ ਅਖਤਿਆਰ ਹੁੰਦਾ ਸੀ। ਅਧਿਆਪਕਾਂ ਦੀਆਂ ਤਨਖਾਹਾਂ ਤੇ ਭੱਤੇ ਕੋਠਾਰੀ ਕਮਿਸ਼ਨ ਨੇ 1966 ਤੋਂ ਕਾਫੀ ਹੱਦ ਤਕ ਤਰਕ ਸੰਗਤ ਕਰ ਦਿਤੇ ਸਨ। ਮਹਿੰਗਾਈ ਭੱਤਾ ਤੇ ਹੋਰ ਭੱਤੇ ਮਿਲਣ ਲਗ ਪਏ ਸਨ। ਅਧਆਪਕ ਪੂਰੀ ਲਗਨ ਨਾਲ ਕੰਮ ਕਰਦੇ ਸਨ। ਕਲਾਸਾਂ ਨੂੰ ਓਵਰ ਟਾਈਮ ਟਿਊਸ਼ਨਾਂ ਵੀ ਮੁਫ਼ਤ ਪੜ੍ਹਾਉਂਦੇ ਸਨ। ਇਸ ਦਾ ਮੁੱਖ ਕਾਰਨ ਇਹ ਵੀ ਸੀ ਕਿ ਉਸ ਸਮੇਂ ਰਾਜਨੀਤੀਵਾਨਾਂ ਵਿਚ ਐਨਾ ਜਿਆਦਾ ਭ੍ਰਿਸ਼ਟਾਚਾਰ ਨਹੀਂ ਸੀ। ਸਿਆਸਤ ਸਿਰਫ਼ ਪੈਸਾ ਕਮਾਉਣ ਲਈ ਨਹੀਂ, ਨਿਸ਼ਕਾਮ ਸੇਵਾ ਭਾਵਨਾ ਨਾਲ ਕੰਮ ਕਰਨ ਦੀ ਰੁਚੀ, ਦੇਸ਼ ਦੀ ਉਸਾਰੀ, ਲੋਕ ਭਲਾਈ ਆਦਿ ਹੀ ਬਹੁਤੇ ਰਾਜਨੀਤਕ ਆਗੂਆਂ ਦਾ ਮੁੱਖ ਉਦੇਸ਼ ਹੁੰਦਾ ਸੀ। ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਲੋਕਾਂ ਨੂੰ ਚੰਗੇ ਜੀਵਨ ਦੀ ਆਸ ਸੀ। ਪੜ੍ਹਾਈ ਦਾ ਚਾਅ ਸੀ। ਹੋਰ ਨਵਾਂ ਗਿਆਨ ਹਾਸਲ ਕਰਨ ਦੀ ਤਾਂਘ ਸੀ। ਸੱਭ ਤੋਂ ਵੱਡੀ ਗੱਲ ਕਿ ਪੜ੍ਹਾਈ ਕਰਕੇ ਨੌਕਰੀ ਮਿਲ ਜਾਂਦੀ ਸੀ। ਸਹਿਜੇ ਸਹਿਜੇ ਇਹ ਵਰਤਾਰਾ ਬਦਲਣ ਲੱਗ ਪਿਆ। ਰਾਜਨੀਤੀ ਭ੍ਰਿਸ਼ਟ ਹੋ ਗਈ ਅਤੇ ਇਹ ਭ੍ਰਿਸ਼ਟਾਚਾਰ ਵਧਦਾ ਚਲਾ ਗਿਆ। ਮਾਹੌਲ ਹੀ ਗੰਧਲਾ ਹੋ ਗਿਆ। ਪੈਸਾ ਕਮਉਣਾ ਮੁੱਖ ਉਦੇਸ਼ ਹੋ ਗਿਆ। ਪੈਸੇ ਦੇ ਜ਼ੋਰ ਨਾਲ ਹੀ ਵੋਟਾਂ ਖਰੀਦੀਆਂ ਜਾਣ ਲੱਗੀਆਂ। ਵੋਟਾਂ ਨਾਲ ਤਾਕਤ ਹਾਸਲ ਕਰਕੇ ਅਤੇ ਪੈਸੇ ਨਾਲ ਅਹੁਦੇ ਖਰੀਦੇ ਜਾਣ ਲੱਗੇ। ਅਹੁਦੇ ਪੈਸਾ ਕਮਾਉਣ ਲੱਗੇ। ਅਮੀਰ ਜਮਾਤ ਦੇ ਹੋਰ ਅਮੀਰ ਹੋਣ ਲਈ ਦੌੜ ਲੱਗ ਗਈ। ਹਰੀ ਕ੍ਰਾਂਤੀ ਨੇ ਕਿਸਾਨੀ ਦਾ ਪਹਿਲਾਂ-ਪਹਿਲਾਂ ਕੁਝ ਸਾਹ ਵੀ ਸੌਖਾ ਕੀਤਾ। ਦਰਮਿਆਨੀ ਜਮਾਤ ਉਪਰਲੀ ਜਮਾਤ ਵਿਚ ਸ਼ਾਮਲ ਹੋਣ ਲਈ ਤਰਲੋ-ਮੱਛੀ ਹੋਣ ਲੱਗੀ। ਕਈ ਗਲਤ ਹੱਥਕੰਡੇ ਅਪਣਾਏ ਜਾਣ ਲੱਗੇ। ਗਰੀਬ, ਬੇਜਮੀਨੇ, ਸਾਧਨਹੀਣ, ਪਛੜੀਆਂ ਜਾਤਾਂ ਵਾਲੇ ਅਨੁਸੂਚਿਤ ਜਾਤੀ ਦੇ ਲੋਕ ਤੇ ਹੋਰ ਗਰੀਬਾਂ ਨੂੰ ਪਛਾੜਿਆ ਜਾਣ ਲੱਗਾ। ਸਹਿਜੇ-ਸਹਿਜੇ ਗਰੀਬ ਜਮਾਤ ਪੜ੍ਹਾਈ ਪੱਖੋਂ ਪਿੱਛੇ ਰਹਿਣ ਲੱਗੀ। ਨਿੱਜੀਕਰਨ ਦਾ ਦੌਰ ਚਲ ਪਿਆ। ਸਰਮਾਏਦਾਰੀ, ਜਗੀਰਦਾਰੀ ਸੋਚ ਭਾਰੂ ਹੁੰਦੀ ਗਈ। ਸਕੂਲ ਅਤੇ ਹੋਰ ਅਦਾਰੇ ਨਿੱਜੀ ਖੇਤਰ ਵਿਚ ਖੁੱਲ੍ਹਣ ਲੱਗੇ। ਕਿਸੇ ਵੀ ਤਰ੍ਹਾਂ ਚੰਗੇ ਨੰਬਰ ਲੈ ਕੇ ਪਾਸ ਹੋਣ ਅਤੇ ਨੌਕਰੀ ਲੈ ਸਕਣ ਦੀ ਦੌੜ ਲੱਗ ਗਈ। ਭ੍ਰਿਸ਼ਟ ਰਾਜਨੀਤੀ ਨੇ ਖੂਬ ਹੱਥ ਰੰਗੇ। ਅਮੀਰ ਤੇ ਦਰਮਿਆਨੀ ਸ਼੍ਰੇਣੀ ਨਿੱਜੀ ਮਹਿੰਗੇ ਸਕੂਲਾਂ ਵਿਚ ਪੜ੍ਹਨ ਲੱਗੀ। ਮਾਂ-ਬੋਲੀ ਪੰਜਾਬੀ ਦੀ ਕੀਮਤ ਘੱਟ ਗਈ। ਦਫ਼ਤਰੀ ਤੇ ਹੋਰ ਸਾਰੇ ਕੰਮਕਾਜ ਅਤੇ ਉੱਚ ਸਿਖਿਆ ਦਾ ਮਾਧਿਅਮ ਗਰੀਬਾਂ ਦੀ ਮਾਂ ਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ ਹੋ ਗਿਆ। ਸਰਕਾਰੀ ਪੰਜਾਬੀ ਸਕੂਲ ਸਿਰਫ ਗਰੀਬਾਂ ਲਈ ਹੀ ਰਹਿ ਗਏ। ਸਰਕਾਰ ਨੇ ਗਰੀਬਾਂ ਤੇ ਗਰੀਬਾਂ ਦੇ ਸਕੂਲਾਂ ਵਲੋਂ ਮੂੰਹ ਮੋੜ ਲਿਆ। ਸਿੱਖਿਆ ’ਤੇ ਖਰਚਾ ਘਟਾ ਦਿਤਾ ਗਿਆ। ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਰਹਿਣ ਲੱਗੀਆਂ।

ਨੌਕਰੀ ਲੈਣ ਲਈ ਸਿਰਫ ਸਰਟੀਫ਼ਿਕੇਟ ਤੇ ਚੰਗੇ ਨੰਬਰਾਂ ਦੀ ਪ੍ਰਾਪਤੀ ਦੀ ਦੌੜ ਨੇ ਨਕਲ ਦਾ ਰੁਝਾਨ ਹੋਰ ਤੇਜ਼ ਕੀਤਾ। ਨਿੱਜੀ ਸਕੂਲਾਂ ਦੀ ਇਸ ’ਚ ਪੌ-ਬਾਰਾਂ ਹੋ ਗਈ। ਪੈਸਾ ਕਮਾਉਣ ਲਈ ਵਿਦਿਆਰਥੀਆਂ/ ਮਾਪਿਆਂ ਨਾਲ ‘ਸ਼ਰਤੀਆ’ ਪਾਸ ਕਰਾਉਣ ਦੇ ‘ਠੇਕੇ’ ਹੋਣ ਲੱਗੇ। ਅਸਲ ਦੀ ਥਾਂ ਨਕਲੀ ਵਿਦਿਆਰਥੀ ਤੀਕ ਬੈਠਣ ਲੱਗੇ। ਸੱਤਾ ਪ੍ਰਾਪਤ ਸਿਆਸੀ ਆਗੂ ਨਕਲ ਦੇ ਰੁਝਾਨ ਵਿਚ ਹੱਥ ਰੰਗਣ ਲੱਗੇ। ਨੇਤਾਵਾਂ ਦੀ ਵੋਟਰਾਂ ਨੂੰ ਖੁਸ਼ ਕਰਨ ਦੀ ਲਾਲਸਾ ਪੂਰੀ ਹੋਣ ਲੱਗੀ। ਵਿਧਾਇਕਾਂ-ਮੰਤਰੀਆਂ ਵਲੋਂ ਪ੍ਰੀਖਿਆ ਕੇਂਦਰਾਂ ਵਿਚ ਮਨਮਰਜ਼ੀ ਦੇ ਸੁਪਰਡੈਂਟ ਤੇ ਹੋਰ ਅਮਲਾ ਲਾਉਣ ਦੀਆਂ ਸਿਫ਼ਾਰਸ਼ਾਂ ਹੋਣ ਲੱਗੀਆਂ। ਨਿੱਜੀ ਸਕੂਲ ਚੰਗੇ ਨਤੀਜੇ ਦੱਸਣ ਅਤੇ ਸਰਕਾਰੀ ਸਕੂਲਾਂ ਤੋਂ ਬਿਹਤਰ ਕਾਰਗੁਜ਼ਾਰੀ ਦਰਸਾਉਣ ਲਈ ਨਕਲ ਦੌੜ ਵਿਚ ਹਰ ਭ੍ਰਿਸ਼ਟ ਤੋਂ ਭ੍ਰਿਸ਼ਟ ਤੇ ਸਿਆਸੀ ਹਰਬੇ ਵਰਤਣ ਲੱਗੇ। ਸਿਆਸਤਦਾਨਾਂ ਨੇ ਆਪਣੇ ਨਿੱਜੀ ਵਿਦਿਅਕ ਅਦਾਰੇ ਬਣਾ ਲਏ। ਚੰਗੇ ਨੰਬਰਾਂ ਵਾਲੇ ਨੌਕਰੀਆਂ ਹਥਿਆਉਣ ਲੱਗੇ। ਦੂਜੇ 10ਵੀਂ ਪਾਸ ਕਰਕੇ ਫੌਜ ਵਿਚ ਭਰਤੀ ਹੋਣ ਲੱਗੇ। ਪਰ ਹੁਣ ਅੱਗੇ ਚਲ ਕੇ ਨਾ ਨੌਕਰੀਆਂ ਰਹੀਆਂ, ਨਾ ਫੌਜ ਦੀ ਭਰਤੀ।

1986 ਵਿਚ ਰਾਜੀਵ ਗਾਂਧੀ ਨੇ ਨਵੀਂ ਸਿਖਿਆ ਨੀਤੀ ਲਿਆਂਦੀ, ਜਿਸ ਮੁਤਾਬਕ ਡਿਗਰੀਆਂ ਨੂੰ ਨੌਕਰੀਆਂ ਤੋਂ ਵੱਖ ਕਰ ਦਿਤਾ ਗਿਆ। ਸਿੱਟੇ ਵਜੋਂ ਗਰੀਬ ਬਿਲਕੁਲ ਹੀ ਪੱਛੜ ਗਏ। ਅਮੀਰਾਂ ਦੇ ਬੱਚੇ ਉੱਚ ਸਿਖਿਆ ਅੰਗਰੇਜ਼ੀ ਮਾਧਿਅਮ, ਟਿਊਸ਼ਨਾਂ ਤੇ ਨਕਲ ਸਹਾਰੇ ਅੱਗੇ ਨਿਕਲਣ ਲੱਗੇ। ਪਹੁੰਚ ਰਹਿਤ ਲੋਕ ਦਸਵੀਂ-ਬਾਹਰਵੀਂ ਤੀਕ ਕਿਸੇ ਨਾ ਕਿਸੇ ਤਰ੍ਹਾਂ ਪਹੁੰਚਣ ਦੀ ਤਾਂਘ ਕਰਨ ਲੱਗੇ। ਅਤਿਵਾਦ ਦੇ ਦੌਰ ਵਿਚ ਪੰਜਾਬ ਦਾ ਵਿਦਿਅਕ ਢਾਂਚਾ ਬਿਲਕੁਲ ਹੀ ਤਹਿਸ-ਨਹਿਸ ਹੋ ਗਿਆ। ਅੱਗੋਂ ਵੀ ਹੁਣ ਇਹੀ ਵਰਤਾਰਾ ਚਲ ਰਿਹਾ ਹੈ।

ਅੱਜਕਲ ਨਕਲ ਸਰਬ ਵਿਆਪਕ ਹੈ। ਸਿੱਖਿਆ ਦੇ ਖੇਤਰ ਵਿਚ ਪੰਜਾਬ ਬਹੁਤ ਹੀ ਪਿੱਛੇ ਰਹਿ ਗਿਆ ਹੈ। ਬਹੁਤ ਹੀ ਘੱਟ ਵਿਦਿਆਰਥੀ ਮੁਕਾਬਲੇ ਦੇ ਇਮਤਿਹਾਨਾਂ ਵਿਚ ਅੱਗੇ ਜਾਂਦੇ ਹਨ। ਖਾਸ ਕਰਕੇ ਸਿਵਲ ਤੇ ਪ੍ਰਸ਼ਾਸਨੀ ਸੇਵਾਵਾਂ ਆਦਿ ਦੇ ਖੇਤਰ ਵਿਚ। ਉਧਰ ਦੂਜੇ ਪਾਸੇ 8ਵੀਂ ਤੀਕ ਕਿਸੇ ਨੂੰ ਫੇਲ੍ਹ ਨਾ ਕਰਨ ਦੇ ਕਾਨੂੰਨ ਨੇ ਸਿੱਖਿਆ ਦਾ ਉੱਕਾ ਹੀ ਭੱਠਾ ਬਿਠਾ ਦਿੱਤਾ। (ਬਾਕੀ ਸਫ਼ਾ 41 ’ਤੇ)




**Nidhi Kapoor**
REALTOR® BA, ABR
COMMERCIAL & RESIDENTIAL REAL ESTATE
REALTY EXECUTIVES POLARIS

**780 318 3434**

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

**# 217 6608 28 AV** MLS# E3399888




**Bedroom :** 1 + Den Condo **Bathroom :** 1
**Special Feature:** Adult 55+ Condo, on-site service of a guest room for out-of-town visitors, private bus foroutings, home care coordinator, hairdresser
**Parking :** 1 Titled Underground Parking
**Sqft. 620 Sq.Ft**
Condo Fees: $260.00

**# 401 4316 139 AV NW** MLS# E3405945




**Bedroom :** 2
**Bathroom :** 2
Special Feature: **Top Floor Unit, Quck Access to** LRT Station
**Parking :** 1 Titled Underground Parking
**Sqft : 1002 Sq ft.**
Condo Fees: $420.00

**#1472 LAKEWOOD RD W** MLS# E3409941



$168,900

**Bedroom :** 3
**Bathroom :** 1
**Special Feature :** newly renovated,walking distance to Grant MacEwan, Lakewood Transit Center,
**Sqft. 1011 sq.ft**
Condo Fees : $281.00

*Services available in Hindi, Punjabi & Urdu Also.* *Real Estate Service for your Success*

**2.5 Acre for Sale** 51151 Range Road 235, (SW) Edmonton Close to Ellerslie Road **$ 399,900**

# ਭਾਜਪਾ ਬਨਾਮ ਕਾਂਗਰਸ

**ਰਵੀਸ਼ ਕੁਮਾਰ**



ਇਸ ਨੂੰ ਇਕ ਪ੍ਰਯੋਗ ਵਾਂਗ ਪੜ੍ਹੋ। ਇਸ ਨੂੰ ਪੜ੍ਹਦਿਆਂ ਤੁਹਾਡੇ ਜ਼ਿਹਨ ਵਿਚ ਤੁਰੰਤ ਦੂਸਰੇ ਅਜਿਹੇ ਅਨੇਕਾਂ ਉਦਾਹਰਣ ਉਭਰਣ ਲੱਗਣਗੇ ਜੋ ਦੂਸਰੇ ਦਲਾਂ ਨਾਲ ਸਬੰਧਤ ਹੋਣਗੇ। ਇਸ ਲੇਖ ਦਾ ਪ੍ਰਭਾਵ ਤੁਹਾਡੇ ਦਿਮਾਗ਼ ਵਿਚ ਤੁਰੰਤ ਵੱਖਰਾ ਪ੍ਰਭਾਵ ਪੈਦਾ ਕਰਦਾ ਹੈ। ਪ੍ਰਭਾਵ ਦੀ ਹੀ ਸਾਰੀ ਖੇਡ ਹੈ। ਸ਼ਬਦਾਂ ਅਤੇ ਤਰਕਾਂ ਦਾ ਕੰਮ ਰਹਿ ਗਿਆ ਹੈ। ਕਾਰਨ ਕਿ ਸ਼ਬਦਾਂ ਅਤੇ ਤਰਕਾਂ ਨੇ ਵੀ ਇਹੀ ਕੀਤਾ ਜਾਂ ਉਨ੍ਹਾਂ ਤੋਂ ਇਹੀ ਹੋ ਗਿਆ।

ਅਨੈਤਿਕਤਾਵਾਂ ਦੇ ਮਾਮਲੇ ਵਿਚ ਕੋਈ ਦਲ ਕਿਸੇ ਤੋਂ ਘੱਟ ਨਹੀਂ ਹੈ। ਤੁਸੀਂ ਭਾਵੇਂ ਕਿੰਨਾ ਵੀ ਸਮਾਂ ਬਰਬਾਦ ਕਰ ਲਵੋ। ਤੁਹਾਨੂੰ ਅਨੈਤਿਕਤਾਵਾਂ ਦੇ ਇਨ੍ਹਾਂ ਛੋਟੇ-ਵੱਡੇ ਦਲਾਂ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ। ਸਿਆਸੀ ਦਲਾਂ ਨੇ ਤੁਹਾਨੂੰ 'ਇਕੋ ਜਿਹੇ' ਦੀ ਬੰਜ਼ਰ ਜ਼ਮੀਨ 'ਤੇ ਲਿਆ ਖੜ੍ਹਾ ਕੀਤਾ ਹੈ। ਭਾਜਪਾ ਦਾ ਪ੍ਰਭਾਵ ਕੱਢੋ ਤਾਂ ਕਾਂਗਰਸ ਦਾ ਵੀ ਨਿਕਲ ਜਾਂਦਾ ਹੈ। ਉਸ ਤੋਂ ਬਾਅਦ ਕੀ? ਉਸ ਤੋਂ ਬਾਅਦ ਤੁਹਾਡੇ ਦਿਮਾਗ ਵਿਚ ਜਿਸ ਦਾ ਪ੍ਰਭਾਵ ਰਹਿ ਜਾਂਦਾ ਹੈ, ਤੁਸੀਂ ਉਸੇ ਦੇ ਹੋ ਜਾਂਦੇ ਹੋ। ਸੋਚਣਾ ਜ਼ਰੂਰ ਕਿ ਇਸ ਨੂੰ ਪੜ੍ਹਦੇ ਸਮੇਂ ਤੁਸੀਂ ਭਾਜਪਾ ਨੂੰ ਲੈ ਕੇ ਜ਼ਿਆਦਾ ਸਵਾਲ ਕਰ ਰਹੇ ਸੀ ਜਾਂ ਭਾਜਪਾ ਨੂੰ ਬਚਾਉਣ ਲਈ ਕਾਂਗਰਸ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ 'ਚੋਂ ਕੁਝ ਲੱਭ ਰਹੇ ਸੀ ਤਾਂ ਕਿ ਤੁਸੀਂ 'ਇਕੋ ਜਿਹੇ' ਕਰ ਸਕੋ।

ਕਰਨਾਟਕ ਚੋਣਾਂ ਵਿਚ ਰੈੱਡੀ ਭਰਾਵਾਂ ਨੂੰ ਦੋ ਟਿਕਟ ਦਿੱਤੇ ਗਏ ਨ। ਖਣਨ ਮਾਫ਼ੀ ਜੀ ਜਨਾਰਦਨ ਰੈੱਡੀ ਦਾ ਪ੍ਰਭਾਵ ਘੱਟ ਨਹੀਂ ਹੋ ਸਕਿਆ। ਇਨ੍ਹਾਂ ਭਰਾਵਾਂ ਦੇ ਇਕ ਭਤੀਜੇ ਨੂੰ ਟਿਕਟ ਦਿੱਤਾ ਗਿਆ। ਇਹੀ ਨਹੀਂ ਕਿ ਇਨ੍ਹਾਂ ਦੇ ਮੁਖੀ ਜੀ ਜਨਾਰਦਨ ਰੈੱਡੀ ਦੇ ਬੇਲਾਰੀ ਵਿਚ ਦਾਖ਼ਲ ਹੋਣ 'ਤੇ ਰੋਕ ਹੈ। ਅਦਾਲਤ ਨੇ ਰੋਕ ਲਾਈ ਹੈ। ਉਨ੍ਹਾਂ 'ਤੇ ਗੈਰ ਕਾਨੂੰਨੀ ਖਣਨ ਦੇ ਕੇਸ ਚੱਲ ਰਹੇ ਹਨ। ਪਰ ਜੀ ਜਨਾਰਦਨ ਰੈੱਡੀ ਨਾਲ ਲਗਦੇ ਖੇਤਰਾਂ ਵਿਚ ਪ੍ਰਚਾਰ ਕਰ ਰਹੇ ਹਨ। ਇਕ ਮੀਡੀਆ ਰਿਪੋਰਟ ਅਨੁਸਾਰ ਮੋਲਾਕਲਮੁਰੂ ਵਿਧਾਨ ਸਭਾ ਲਈ ਜੋਂ ਸ਼੍ਰੀਰਾਮੁਲੂ ਪਰਚਾ ਭਰਨ ਗਏ ਤਾਂ ਉਨ੍ਹਾਂ ਨਾਲ ਜਨਾਰਦਨ ਰੈੱਡੀ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵ ਰਾਜ ਸਿੰਘ ਚੌਹਾਨ ਵੀ ਗਏ। ਜਨਾਰਦਨ ਰੈੱਡੀ ਨੇ ਯੇਦੀਯੁਰੱਪਾ ਨਾਲ ਮੰਚ ਵੀ ਸਾਂਝਾ ਕੀਤਾ। ਜਨਾਰਦਨ ਰੈੱਡੀ ਸਾਢੇ ਤਿੰਨ ਸਾਲ ਤੱਕ ਜੇਲ੍ਹ ਵਿਚ ਰਹਿਣ ਮਗਰੋਂ ਜ਼ਮਾਨਤ 'ਤੇ ਬਾਹਰ ਹਨ।

2008 ਵਿਚ ਭਾਜਪਾ ਦੀ ਸਰਕਾਰ ਬਣਨ ਵਿਚ ਰੈੱਡੀ ਭਰਾਵਾਂ ਦੇ ਅਸਰ-ਰਸੂਖ ਅਤੇ ਧਨ-ਦੌਲਤ ਦਾ ਵੱਡ ਰੋਲ ਸੀ। ਦੋ ਦੋ ਮੰਤਰੀ ਸਨ। ਕਰਨਾਟਕ ਦੇ ਲੋਕਾਯੁਕਤ ਸੰਤੋਸ਼ ਹੇਗੜੇ ਬੇਲਾਰੀ ਨੂੰ ਰਿਪਬਲਿਕ ਆਫ਼ ਬੇਲਾਰੀ ਕਹਿੰਦੇ ਸਨ। ਮਤਲਬ ਉਥੇ ਭਾਰਤ ਦਾ ਕਾਨੂੰਨ ਨਹੀਂ ਚਲਦਾ ਸੀ। ਰੈੱਡੀ ਭਰਾਵਾਂ ਦਾ ਚਲਦਾ ਸੀ। ਹੁਣ ਤੁਸੀਂ ਇਸ 'ਤੇ ਜਿੰਨਾ ਵੀ ਮੱਥਾ ਪਿੱਟ ਲਓ, ਸਿਆਸਤ ਦੀ ਹਕੀਕਤ ਇਹੀ ਹੈ। ਕਾਂਗਰਸ ਵਿਚ ਵੀ ਇਹੀ ਹੈ ਤੇ ਭਾਜਪਾ ਵਿਚ ਵੀ ਇਹੀ ਹੈ। ਕੁਝ ਤਰਕਾਂ ਨਾਲ ਭਾਜਪਾ ਕਮਜ਼ੋਰ ਪੈਂਦੀ ਹੈ, ਕੁਝ ਨਾਲ ਕਾਂਗਰਸ। ਪਰ ਉਸ ਬਹਿਸ ਦਾ ਹੱਲ ਨਹੀਂ ਹੁੰਦਾ ਹੈ। ਬੱਸ ਹਾਰ ਅਤੇ ਜਿੱਤ ਹੁੰਦੀ ਹੈ।

ਸਲਮਾਨ ਖ਼ੁਰਸ਼ੀਦ ਨੇ ਕਿਹਾ ਹੈ ਕਿ ਕਾਂਗਰਸ ਦੇ ਹੱਥ 'ਤੇ ਮੁਸਲਮਾਨਾਂ ਦੇ ਖ਼ੂਨ ਦੇ ਧੱਬੇ ਹਨ। ਯਸ਼ਵੰਤ ਸਿਨਹਾ ਨੇ ਕਿਹਾ ਹੈ ਕਿ ਮੋਦੀ ਸਰਕਰ ਨੇ ਜੋ ਹਾਲਾਤ ਪੈਦਾ ਕੀਤੇ ਹਨ, ਉਹ ਐਮਰਜੈਂਸੀ ਨਾਲੋਂ ਵੀ ਬਦਤਰ ਹਨ। ਬਹਿਸ ਲਈ ਤੁਸੀਂ ਕਿਸੇ ਦੇ ਵੀ ਬਿਆਨ ਚੁਣ ਲਓ। ਤੁਹਾਡੇ ਦਿਮਾਗ਼ ਵਿਚ ਦੋ ਇਮੇਜ ਹਨ। ਤੁਹਾਡਾ ਕੰਮ ਇਕ ਇਮੇਜ ਦਾ ਬਚਾਅ ਕਰਨਾ ਹੈ। ਇਸ ਲਈ ਦੂਸਰੇ ਇਮੇਜ ਨੂੰ ਤੁਸੀਂ ਚੁਣ ਲਵੋਗੇ। ਦੰਗਿਆਂ ਦੇ ਮਾਮਲਿਆਂ ਵਿਚ ਕਾਂਗਰਸ ਅਤੇ ਭਾਜਪਾ ਇਹੋ ਕਰਨਗੇ।

ਇਨ੍ਹਾਂ ਸਭ ਦਰਮਿਆਨ ਡਾਕਟਰ ਕਫ਼ੀਲ ਅਤੇ ਕੋਰੇਗਾਓਂ ਦੀ ਇਕੋ-ਇਕ ਗਵਾਹ ਦੀ ਸੜਕ ਹਾਦਸੇ ਵਿਚ ਮੌਤ 'ਤੇ ਕਦੇ ਚਰਚਾ ਨਹੀਂ ਹੋਵੇਗੀ। ਕੀ ਚਰਚਾ ਹੀ ਇਸ ਦੇਸ਼ ਵਿਚ ਹੁਣ ਇਕੋ-ਇਕ ਵਿਵਸਥਾ ਬਚੀ ਹੈ। ਸਿਸਟਮ ਕਿੱਥੇ ਹੈ?

ਅਸੀਂ ਇਸ ਵਿਚ ਅਨੰਤ ਪਹਿਰੇ ਲਗਾ ਸਕਦੇ ਹਾਂ। ਜ਼ਮੀਨ 'ਤੇ ਜਾ ਕੇ ਦੇਖੋ, ਆਦਮੀ ਬੇਤਹਾਸ਼ਾ ਪ੍ਰੇਸ਼ਾਨ ਹਨ। ਉਸ ਨੂੰ ਲੈ ਕੇ ਕਿਤੇ ਬਹਿਸ ਨਹੀਂ ਹੈ। ਉਹ ਕੀ ਬਹਿਸ ਕਰੇਗਾ, ਮੀਡੀਆ ਅਤੇ ਸਿਆਸੀ ਪਾਰਟੀਆਂ ਤੈਅ ਕਰਦੀਆਂ ਹਨ। ਇਨ੍ਹਾਂ ਇਤਰਾਜ਼ਾਂ ਨੂੰ ਛੱਡ ਦਈਏ ਤਾਂ ਮੁੱਖ ਤੌਰ 'ਤੇ ਇਹੀ ਹੁੰਦਾ ਰਹੇਗਾ। ਹੁਣ ਤੁਸੀਂ ਮੀਡੀਆ ਦੇ ਅੰਦਰ ਦਾ ਮਨੁੱਖੀ ਸਰੋਤ ਨਹੀਂ ਬਦਲ ਸਕਦੇ। ਉਹ ਆਪਣੇ ਵਰਗ, ਜਾਤੀ ਤੇ ਧਾਰਮਕ ਚੇਤਨਾ ਤੋਂ ਬਾਹਰ ਆ ਹੀ ਨਹੀਂ ਸਕਦਾ। ਜੋ ਆ ਪਾਉਂਦੇ ਹਨ, ਉਹ ਉਲਝੇ ਹਨ ਅਤੇ ਉਨ੍ਹਾਂ ਦੀ ਨਾ ਤਾਂ ਭੂਮਿਕਾ ਬਚੀ ਹੈ, ਨਾ ਹੀ ਮਹੱਤਵ। ਉਨ੍ਹਾਂ 'ਤੇ ਸਮਾਂ ਕੀ ਵਿਅਰਥ ਕਰਨਾ। ਤੁਸੀਂ ਇਕ ਦਰਸ਼ਕ ਜਾਂ ਪਾਠਕ ਦੇ ਰੂਪ ਵਿਚ ਪਿੰਜਰੇ ਵਿਚ ਬੰਦ ਹੋ। ਰਹੋਗੇ।

ਬੈਂਕਰ ਪ੍ਰੇਸ਼ਾਨ ਹਨ ਕਿ ਗਾਹਕ ਨੇ ਉਨ੍ਹਾਂ ਦੇ ਸਾਥੀ 'ਤੇ ਤੇਜ਼ਾਬ ਸੁੱਟ ਦਿੱਤਾ। ਬਿਹਾਰ ਵਿਚ ਇਕ ਬੈਂਕਰ ਦੀ ਮੌਤ ਹੋ ਗਈ ਤਾਂ ਉਨ੍ਹਾਂ ਦੇ ਹੀ ਸੰਗਠਨ ਦੇ ਲੋਕ ਨਹੀਂ ਬੋਲ ਰਹੇ ਹਨ। ਇਕ ਨੌਜਵਾਨ ਦੇ ਸਰਟੀਫਿਕੇਟ ਵਿਚ ਮਾਂ ਦੇ ਨਾਂ ਵਿਚ ਗ਼ਲਤੀ ਸੀ, ਤਾਂ ਸਰਕਾਰੀ ਨੌਕਰੀ ਨਹੀਂ ਮਿਲੀ। ਉਸ ਦੀ ਸੁਣਵਾਈ ਕਰਨ ਵਾਲਾ ਕੋਈ ਨਹੀਂ ਹੈ। ਅਜਿਹੇ ਹਜ਼ਾਰਾਂ ਲੋਕ ਭਟਕਦੇ ਰਹਿਣਗੇ। ਉਨ੍ਹਾਂ ਨੂੰ ਕੋਈ ਨਹੀਂ ਸੁਣੇਗਾ। ਕਿਉਂਕਿ ਉਹ ਵੀ ਹਾਲੇ ਤੱਕ ਇਹੀ ਕਰ ਰਹੇ ਸਨ।

ਇਸ ਤੋਂ ਬਾਅਦ ਵੀ ਇਹੀ ਕਰਨਗੇ। ਜੋ ਪੜ੍ਹਨਗੇ, ਉਨ੍ਹਾਂ ਨੂੰ ਉਹ ਕਦੇ ਨਹੀਂ ਦਿਖੇਗਾ। ਉਨ੍ਹਾਂ ਨੂੰ ਉਹ ਦਿਖੇਗਾ, ਜੋ ਪੜ੍ਹਦੇ ਹੋਏ ਉਨ੍ਹਾਂ ਦੇ ਦਿਮਾਗ਼ ਵਿਚ ਇਮੇਜ ਉਭਰੇਗਾ। ਜਿਸ ਨੂੰ ਉਨ੍ਹਾਂ ਨੇ ਆਪਣੇ ਤਰਕਾਂ ਨਾਲ ਜਲਦੀ ਛਹਿ-ਢੇਰੀ ਕਰਨਾ ਹੈ। ਇਸ ਪ੍ਰਕਿਰਿਆ ਵਿਚ ਖ਼ੁਦ ਵੀ ਤਬਾਹ ਹੋ ਜਾਣਾ ਹੈ। ਆਉ ਅਸੀਂ ਸਾਰੇ ਆਪਣਾਸਮਾਂ ਬਰਬਾਦ ਕਰੀਏ, ਕਿਉਂਕਿ ਬਰਬਾਦ ਕਰਨ ਲਈ ਸਾਡੇ ਕੋਲ ਇਕ ਭਾਜਪਾ ਹੈ। ਇਕ ਕਾਂਗਰਸ ਹੈ। ਦੋਹਾਂ ਦੇ ਹਵਾਲੇ ਨਾਲ ਸਾਡੇ ਕੋਲ ਬੇਅੰਤ ਵਿਸ਼ੇ ਹਨ।

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਦੋ ਰੋਜ਼ਾ ਕੌਮੀ ਸੈਮੀਨਾਰ



ਪਟਿਆਲਾ : ਲੰਘੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ ਸਾਇੰਸ ਆਡੀਟੋਰੀਅਮ ਵਿਖੇ ਪੰਜਾਬੀ ਕਹਾਣੀ ਦੇ ਸਿਰਮੌਰ ਹਸਤਾਖ਼ਰ ਪ੍ਰਿੰਸੀਪਲ ਸੁਜਾਨ ਸਿੰਘ ਦੀ ਯਾਦ 'ਚ ਦੋ ਰੋਜ਼ਾ ਕੌਮੀ ਸੈਮੀਨਾਰ ਕਰਵਾਇਆ ਗਿਆ। ਡਾ. ਦਲੀਪ ਕੌਰ ਟਿਵਾਣਾ ਦੀ ਪ੍ਰਧਾਨਗੀ ਵਿਚ ਹੋਏ ਉਦਘਾਟਨੀ ਸੈਸ਼ਨ 'ਚ ਮੁੱਖ ਮਹਿਮਾਨ ਵਜੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੀ.ਐਸ. ਘੁੰਮਣ ਸ਼ਾਮਲ ਹੋਏ, ਜਦਕਿ ਡਾ. ਚਮਨ ਲਾਲ (ਸਾਬਕਾ ਪ੍ਰੋਫੈਸਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ) ਨੇ 'ਪ੍ਰਗਤੀਵਾਦੀ ਲਹਿਰ ਤੇ ਪ੍ਰਿੰਸੀਪਲ ਸੁਜਾਨ ਸਿੰਘ ਦਾ ਕਥਾ ਜਗਤ' ਵਿਸ਼ੇ 'ਤੇ ਕੁੰਜੀਵਤ ਭਾਸ਼ਨ ਦਿਤਾ। ਪ੍ਰਧਾਨਗੀ ਮੰਡਲ ਵਿਚ ਸ਼ਾਇਰ ਦਰਸ਼ਨ ਬੁੱਟਰ ਵੀ ਸ਼ਾਮਲ ਸਨ . ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਪ੍ਰਿੰ. ਸੁਜਾਨ ਸਿੰਘ ਦੀ ਕਹਾਣੀ ਦਾ ਸਮਾਂ ਉਹ ਹੈ, ਜਦੋਂ ਅਜੇ ਪੰਜਾਬੀ ਕਹਾਣੀ ਆਪਣਾ ਰੂਪ-ਸਰੂਪ ਨਵੀਨਤਾ ਵਾਲਾ ਪ੍ਰਵਾਨ ਕਰਨ ਵਾਲੇ ਰਸਤੇ 'ਤੇ ਤੁਰੀ ਹੀ ਸੀ। ਉਨ੍ਹਾਂ ਕਿਹਾ ਕਿ ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਅਤੇ ਕੁਲਵੰਤ ਸਿੰਘ ਵਿਰਕ ਉਹ ਕਹਾਣੀਕਾਰ ਸਨ, ਜਿਨਾਂ ਨੇ ਪੰਜਾਬੀ ਕਹਾਣੀ ਦੀ ਵਸਤੂ ਅਤੇ ਰੂਪ 'ਚ ਗੁਣਾਤਮਕ ਤਬਦੀਲੀ ਲਿਆ ਕੇ ਇਸ ਦਾ ਮੂੰਹ ਮੱਥਾ ਸੰਵਾਰਿਆ। ਪੰਜਾਬੀ ਕਹਾਣੀ, ਪੰਜਾਬ ਅਤੇ ਪੰਜਾਬੀ ਬੰਦੇ ਦੀ ਦਾਸਤਾਨ ਇਥੋਂ ਹੀ ਬਣਨੀ ਸ਼ੁਰੂ ਹੁੰਦੀ ਹੈ। ਡਾ. ਚਮਨ ਲਾਲ ਨੇ ਆਪਣੇ ਕੁੰਜੀਵਤ ਭਾਸ਼ਨ 'ਚ ਜਿੱਥੇ ਵਿਸ਼ਵੀ ਪ੍ਰਸੰਗਾਂ ਦੀ ਗੱਲ ਕਰਦਿਆਂ ਪ੍ਰਿੰ. ਸੁਜਾਨ ਸਿੰਘ ਦੀ ਕਹਾਣੀ ਨੂੰ ਕਲਾਸਿਕ ਕਹਾਣੀ ਆਖਿਆ, ਉਥੇ ਨਾਲ ਹੀ ਕਿਹਾ ਕਿ ਉਨ੍ਹਾਂ ਦੇ ਸਾਹਿਤ 'ਚ ਸਿਰਫ਼ ਸਮਾਜਿਕ ਜੀਵਨ ਦੀ ਪੇਸ਼ਕਾਰੀ ਹੀ ਨਹੀਂ, ਸਗੋਂ ਜ਼ਿੰਦਗੀ ਨੂੰ ਤਬਦੀਲ ਕਰਨ ਦਾ ਵਿਚਾਰਧਾਰਕ ਸੰਦੇਸ਼ ਵੀ ਸੀ। ਉਹ ਆਪਣੀ ਕਹਾਣੀ ਵਿਚ ਸਮਾਜ ਦੇ ਸੱਭ ਤੋਂ ਪੱਛੜੇ ਹੋਏ ਅਤੇ ਨਿਮਨ ਪੱਧਰ ਦੀ ਜ਼ਿੰਦਗੀ ਜੀਅ ਰਹੇ ਬੰਦੇ ਦੀ ਪੀੜ ਨੂੰ ਜ਼ੁਬਾਨ ਦਿੰਦੇ ਹਨ ਅਤੇ ਇਕ ਅਜਿਹੇ ਸਮਾਜ ਦਾ ਸੁਪਨਾ ਸਿਰਜਦੇ ਹਨ, ਜਿਸ 'ਚ ਹਰ ਮਨੁੱਖ ਨਾਲ ਸਮਾਜਕ ਨਿਆਂ ਹੋਵੇ। ਡਾ. ਚਮਨ ਲਾਲ ਨੇ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਮੁਨਸ਼ੀ ਪ੍ਰੇਮ ਚੰਦ, ਲੂ ਸੁਨ ਅਤੇ ਮੈਕਸਿਮ ਗੋਰਕੀ ਦੀ ਧਾਰਾ ਦਾ ਕਹਾਣੀਕਾਰ ਤਸੱਵਰ ਕਰਦਿਆਂ ਮੌਜੂਦਾ ਦੌਰ 'ਚ ਹੋਰ ਵੀ ਜ਼ਿਆਦਾ ਪ੍ਰਸੰਗਿਕ ਦੱਸਿਆ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਦੀ ਹਰ ਲਿਖਤ ਦੱਬੇ-ਕੁਚਲੇ ਲੋਕਾਂ ਦੇ ਦਰਦ ਨੂੰ ਇਵੇਂ ਪੇਸ਼ ਕਰਦੀ ਹੈ ਕਿ ਹਰ ਪਾਠਕ ਆਪਣੇ ਆਪ ਨੂੰ ਉਹਦੇ ਵਿਚੋਂ ਭਾਲਣ ਲੱਗਦਾ ਹੈ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਵਾਈਸ ਚਾਂਸਲਰ ਡਾ. ਬੀ.ਐਸ. ਘੁੰਮਣ ਨੇ ਆਪਣੇ ਭਾਸ਼ਨ 'ਚ ਪ੍ਰਿੰ. ਸੁਜਾਨ ਸਿੰਘ ਨੂੰ ਆਮ ਲੁਕਾਈ ਦਾ ਚਿਤੇਰਾ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਆਪਣੀਆਂ ਲਿਖਤਾਂ 'ਚ ਉਨ੍ਹਾਂ ਲੋਕਾਂ ਨੂੰ ਹੀ ਪੇਸ਼ ਕੀਤਾ, ਜਿਹੜੇ ਸਦੀਆਂ ਤੋਂ ਦੱਬੇ-ਕੁਚਲੇ, ਲਿਤਾੜੇ ਅਤੇ ਸਮਾਜ ਵਿਚ ਸਭ ਤੋਂ ਹੇਠਲਾ ਜੀਵਨ ਜੀਊਣ ਵਾਲੇ ਹਨ। ਉਨ੍ਹਾਂ ਯੂਨੀਵਰਸਿਟੀ 'ਚ ਸੈਮੀਨਾਰ ਕਰਵਾਉਣ ਲਈ ਕੇਂਦਰੀ ਸਭਾ ਦਾ ਵੀ ਧੰਨਵਾਦ ਕੀਤਾ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਦਲੀਪ ਕੌਰ ਟਿਵਾਣਾ ਨੇ ਪ੍ਰਿੰ. ਸੁਜਾਨ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਦੀ ਸਭ ਤੋਂ ਵੱਡੀ ਲੋੜ ਕਿਤਾਬੀ ਗੱਲਾਂ ਅਤੇ ਨਿੱਜ ਨੂੰ ਛੱਡ ਕੇ ਪ੍ਰਿੰ. ਸੁਜਾਨ ਸਿੰਘ ਦੇ ਹਵਾਲੇ ਨਾਲ ਸਮੁੱਚੇ ਸਮਾਜ ਦੇ ਹਿੱਤ 'ਚ ਗੱਲਾਂ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਦੀ ਪੀੜ੍ਹੀ ਲਈ ਜ਼ਰੂਰੀ ਹੈ ਕਿ ਅਸੀਂ ਇਤਿਹਾਸਕ ਸੰਦਰਭਾਂ ਦੇ ਨਵੇਂ ਅਰਥ ਦੱਸੀਏ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਦੀਆਂ ਕਹਾਣੀਆਂ 'ਨਿਉਟਿਆਂ ਦੀ ਓਟ' ਬਣਦੀਆਂ ਹਨ। ਉਹ ਤਾਉਮਰ ਪ੍ਰਗਤੀਸ਼ੀਲਤਾ ਨਾਲ ਜੁੜੇ ਰਹੇ ਅਤੇ ਚੰਗੇ ਸਮਾਜ ਦੀ ਸਿਰਜਨਾ ਲਈ ਯਤਨਸ਼ੀਲ ਰਹੇ। ਇਸ ਸੈਸ਼ਨ ਦਾ ਸੰਚਾਲਨ ਕਰਦਿਆਂ ਕੇਂਦਰੀ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਜਿੱਥੇ ਪ੍ਰਿੰ. ਸੁਜਾਨ ਸਿੰਘ ਦੀ ਰਚਨਾਕਾਰੀ ਦੇ ਸੰਦਰਭ 'ਚ ਗੱਲ ਕਰਦਿਆਂ ਕਿਹਾ ਕਿ ਜਿਵੇਂ ਦੇ ਪਾਤਰ ਉਹ ਆਪਣੀਆਂ ਕਹਾਣੀਆਂ 'ਚ ਰੱਚਦੇ ਰਹੇ, ਅਮਲੀ ਜੀਵਨ ਵਿਚ ਵੀ ਸਦਾ ਆਪਣੇ ਪਾਤਰਾਂ ਵਰਗੇ ਵਿਅਕਤੀਆਂ ਨਾਲ ਵਿਚਰਦੇ ਰਹੇ। ਪ੍ਰਿੰ. ਸੁਜਾਨ ਸਿੰਘ ਦੇ ਲਗਾਤਾਰ ਦੋ ਵਾਰ ਕੇਂਦਰੀ ਸਭਾ ਦੇ ਪ੍ਰਧਾਨ ਰਹਿਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਵੀ ਉਨ੍ਹਾਂ ਦੀ ਅਗਵਾਈ 'ਚ ਕੀਤੇ ਗਏ ਜਥੇਬੰਧਕ ਕਾਰਜ ਸਾਡੇ ਲਈ ਰਾਹ ਦਸੇਰਾ ਹਨ। ਇਸ ਸੈਸ਼ਨ ਦੇ ਅੰਤ 'ਚ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜਸਵਿੰਦਰ ਸੈਣੀ ਨੇ ਸੈਮੀਨਾਰ 'ਚ ਹਾਜ਼ਰ ਲੇਖਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਸੈਮੀਨਾਰ ਦਾ ਦੂਸਰਾ ਸੈਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੇਵਾਮੁਕਤ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ 'ਚ ਹੋਇਆ। ਵਿਸ਼ੇਸ਼ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰਿੰ. ਸੁਜਾਨ ਸਿੰਘ ਦੇ ਦਾਮਾਦ ਡਾ. ਕੁਲਦੀਪ ਪੁਰੀ ਹਾਜ਼ਰ ਹੋਏ। ਮੰਚ ਸੰਚਾਲਨ ਕਰਦਿਆਂ ਕੇਂਦਰੀ ਸਭਾ ਦੇ ਸੱਕਤਰ ਕਰਮ ਸਿੰਘ ਵਕੀਲ ਨੇ ਡਾ. ਬਲਦੇਵ ਸਿੰਘ ਧਾਲੀਵਾਲ ਨੂੰ ਆਪਣਾ ਪਰਚਾ 'ਪ੍ਰਿੰ. ਸੁਜਾਨ ਸਿੰਘ ਦੀ ਕਹਾਣੀ ਦਾ ਸ਼ਿਲਪ' ਪੜ੍ਹਨ ਦਾ ਸੱਦਾ ਦਿਤਾ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਪ੍ਰਿੰ. ਸੁਜਾਨ ਸਿੰਘ ਦੀਆਂ 'ਬਾਗ਼ਾਂ ਦਾ ਰਾਖਾ' ਅਤੇ 'ਕੁਲਫ਼ੀ' ਕਹਾਣੀਆਂ ਦੇ ਹਵਾਲੇ ਨਾਲ ਕਿਹਾ ਕਿ ਭਾਵੇਂ ਇਹ ਕਹਾਣੀਆਂ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਹੋਈਆਂ ਹਨ, ਪਰ ਪ੍ਰਿੰ. ਸੁਜਾਨ ਸਿੰਘ ਦਾ ਪ੍ਰਗਤੀਵਾਦ ਉਨ੍ਹਾਂ ਦੀਆਂ ਕਹਾਣੀਆਂ 'ਚ ਨਾਹਰਾ ਨਹੀਂ ਬਣਦਾ। ਇਹੀ ਉਨ੍ਹਾਂ ਦੀ ਸਭ ਤੋਂ ਵੱਡੀ ਸਿਫ਼ਤ ਹੈ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਦੀ ਜੀਵਨ ਦ੍ਰਿਸ਼ਟੀ ਦਾ ਸਿੱਧਾ ਸਬੰਧ ਵਿਸ਼ਵ ਦ੍ਰਿਸ਼ਟੀ ਨਾਲ ਜੁੜਦਾ ਹੈ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਦੀਆਂ ਲਿਖਤਾਂ ਪੜ੍ਹਦਿਆਂ ਤੁਹਾਡੇ ਅੰਦਰ ਸ਼ਿਲਪ ਚੇਤਨਾ ਦਾ ਅਹਿਸਾਸ ਵੀ ਜਾਗਦਾ ਹੈ। ਉਨ੍ਹਾਂ ਦਾ ਅਨੁਭਵ ਹੀ ਉਨ੍ਹਾਂ ਦੇ ਸ਼ਿਲਪ ਨੂੰ ਨਿਰਧਾਰਤ ਕਰਦਾ ਹੈ। ਇਸ ਸੈਸ਼ਨ ਦਾ ਦੂਜਾ ਪਰਚਾ ਡਾ. ਭੀਮ ਇੰਦਰ ਦਾ 'ਪ੍ਰਿੰ ਸੁਜਾਨ ਸਿੰਘ ਦੀ ਕਥਾ ਚੇਤਨਾ' ਸੀ। ਪਰਚਾ ਡਾ. ਗੁਰਮੇਲ ਸਿੰਘ ਨੇ ਪੇਸ਼ ਕੀਤਾ। ਪਰਚੇ 'ਚ ਸਪਸ਼ਟ ਤੌਰ 'ਤੇ ਕਿਹਾ ਗਿਆ ਕਿ ਸੁਜਾਨ ਸਿੰਘ ਪ੍ਰਗਤੀਵਾਦੀ ਵਿਚਾਰ ਵਾਲੇ ਉਹ ਲੇਖਕ ਸਨ, ਜਿਨਾਂ ਨੇ ਸਾਹਿਤ ਨੂੰ ਸਮਾਜਕ ਕਰਮਭੂਮੀ ਵੀ ਬਣਾਇਆ। ਵਿਸ਼ੇਸ਼ ਮਹਿਮਾਨ ਡਾ. ਕੁਲਦੀਪ ਪੁਰੀ ਨੇ ਪ੍ਰਿੰ. ਸੁਜਾਨ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕਹਾਣੀਆਂ ਨੇ ਇਕ ਪੂਰੀ ਦੀ ਪੂਰੀ ਪੀੜ੍ਹੀ ਨੂੰ ਪ੍ਰਭਾਵਤ ਤਾਂ ਕੀਤਾ ਹੀ ਹੈ, ਭਵਿੱਖੀ ਪੀੜ੍ਹੀ ਲਈ ਵੀ ਉਨ੍ਹਾਂ ਦੀਆਂ ਲਿਖਤਾਂ ਇਤਿਹਾਸਕ ਮੁੱਲ ਵਾਲੀਆਂ ਹਨ। ਡਾ. ਜਸਵਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਨ 'ਚ ਲੇਖਕ ਦੇ ਅਨੁਭਵ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਨੁਭਵ ਦੇ ਵਿਚੋਂ ਹੀ ਜੀਵਨ ਦ੍ਰਿਸ਼ਟੀ ਦਾ ਵਿਕਾਸ ਹੁੰਦਾ ਹੈ

ਬਾਕੀ ਸਫ਼ਾ 41 'ਤੇ

## .ਗਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ

# ਇਕ ਹੋਰ .ਗਦਰ

ਮਲਵਿੰਦਰਜੀਤ ਸਿੰਘ ਵੜੈਚ



*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ .ਗਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ .ਫਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ .ਗਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ .ਗਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 18 ਵਿਦਵਾਨਾਂ ਦੇ .ਗਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇਕ ਵਿਆਪਕ ਸਾਜ਼ਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ 'ਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ .ਗਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ .ਗਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ .ਫਰਜ਼ ਹੈ...*

*.... ਸਾਨੂੰ ਉਮੀਦ ਹੈ ਕਿ .ਗਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾ.ਫ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' '.ਗਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਦੋ ਹਿੱਸਿਆਂ ਵਿਚ ਇਹ ਵੰਡ ਜ਼ਰੂਰੀ ਹੈ ਕਿਉਂਕਿ ਪਹਿਲਿਆਂ ਨੂੰ "ਜਲਾਵਤਨ" ਕੀਤਾ ਗਿਆ, ਯਾਨੀ, ਅੰਡੇਮਾਨ ਭੇਜ ਦਿੱਤਾ ਗਿਆ, ਜਦੋਂਕਿ ਬਾਕੀਆਂ ਨੂੰ ਨਹੀਂ, ਭਾਵੇਂ ਕਿ ਉਨ੍ਹਾਂ ਨੂੰ ਵੀ ਉਹੋ ਜਹੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਇਸ ਮਾਮਲੇ ਵਿਚ ਨੀਤੀ ਦਾ ਫ਼ਰਕ ਅਚਾਨਕ ਹੀ ਨਹੀਂ ਵਾਪਰਿਆ। ਪਹਿਲਿਆਂ ਨੇ ਵਹਿਸ਼ੀ ਵਤੀਰੇ, ਅਤੇ ਗੁਪਤਤਾ ਦੇ 'ਲੋਹ-ਪਰਦੇ' ਦੇ ਬਾਵਜੂਦ, ਜੇਲ ਅਧਿਕਾਰੀਆਂ ਦੀ ਹੋਸ਼ ਟਿਕਾਣੇ ਲੈ ਆਂਦੀ ਸੀ ਭਾਵੇਂ ਕਿ ਉਨ੍ਹਾਂ ਵਿੱਚੋਂ ਅੱਠ ਜਣਿਆਂ ਨੂੰ ਜ਼ਿੰਦਗੀ ਵਾਰਨੀ ਪਈ ਸੀ। ਉਨ੍ਹਾਂ ਅਕਹਿ ਤਸੀਹਿਆਂ, ਥੁੜਾਂ ਅਤੇ ਜ਼ਲਾਲਤਾਂ ਦੇ ਇਲਾਵਾ ਜਿਨ੍ਹਾਂ ਵਿੱਚੋਂ ਬਾਕੀ ਦੇ ਕੈਦੀ ਲੰਘੇ। ਆਖ਼ਰੀ ਸਿੱਟਾ ਇਹ ਨਿਕਲਿਆ ਕਿ ਅੰਡੇਮਾਨ ਜੇਲਰਾਂ ਨੇ ਨਿਰਾਸ਼ਾ ਵਿਚ "ਆਪਣੇ ਹੱਥ ਖੜੇ ਕਰ ਦਿੱਤੇ" ਅਤੇ ਬਾਅਦ ਵਾਲੇ ਮੁਕੱਦਮਿਆਂ ਦੇ ਹੋਰ .ਗਦਰੀ ਮੁਜਰਮਾਂ ਨੂੰ ਜਗ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। (ਮਾਣ !)

### (ੳ) ਅੰਡੇਮਾਨ ਦੇ ਕਸ਼ਟ

ਮਸ਼ਹੂਰ ਸ਼ੇਅਰ ਵਿਚ ਕਸ਼ਮੀਰ ਦੀ ਉਸਤਤ ਵਿਚ ਇਸਤੇਮਾਲ ਕੀਤੇ ਗਏ ਲਫ਼ਜ਼ ਕਿ ਜੇ 'ਧਰਤੀ ਉੱਤੇ ਕੋਈ ਜੰਨਤ ਹੈ ਤਾਂ ਇਹੀ ਹੈ', ਨੂੰ ਬਿਨਾ ਅਤਿਕਥਨੀ ਅਤੇ "ਕਾਵਿਲਾ ਇਸੈਂਸ" ਤੋਂ ਇੰਝ ਕਿਹਾ ਜਾ ਸਕਦਾ ਹੈ "ਜੇ ਧਰਤੀ ਉੱਤੇ ਕੋਈ ਨਰਕ ਸੀ - ਇਹੀ ਸੀ, ਇਹੀ ਤੇ (ਸਿਰਫ਼) ਇਹੀ।" ਨਾ ਹੀ ਕੈਦੀਆਂ ਦੇ ਡਾਕਟਰੀ ਮੁਆਇਨੇ ਜ਼ਰੀਏ ਹੋਇਆ ਅਤੇ ਨਾ ਹੀ ਕਾਨੂੰਨ ਮੁਤਾਬਕ, ਉਮਰ ਦੀ ਉੱਪਰਲੀ ਹੱਦ ਦੀ ਪ੍ਰਵਾਹ ਕੀਤੀ ਗਈ, ਜਿਨ੍ਹਾਂ ਨੂੰ ਵੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਇਥੇ ਜਲਾਵਤਨ ਕਰ ਦਿੱਤੇ ਗਏ। ਉਥੇ ਪਹੁੰਚਣ ਉੱਤੇ ਉਨ੍ਹਾਂ ਨੂੰ ਗਣੇਸ਼ ਸਾਵਰਕਰ ਅਤੇ ਵਿਨਾਇਕ ਸਾਵਰਕਰ (ਮਹਾਰਾਸ਼ਟਰ ਦੇ ਸਾਵਰਕਰ ਭਰਾ) ਨੇ ਦੱਸਿਆ ਕਿ ਜੇਲ ਸੁਪਰਡੈਂਟ ਅਤੇ ਜੇਲਰ ਦੋਵੇਂ ਹੀ ਦਰਿੰਦੇ ਸਨ। ਕੈਦੀਆਂ ਤੋਂ ਬਹੁਤ ਜ਼ਿਆਦਾ ਅਣਮਨੁੱਖੀ ਮੁਸ਼ੱਕਤ ਕਰਵਾਈ ਜਾਂਦੀ ਸੀ। ਅਜਿਹਾ ਨਾ ਕਰਨ ਸਕਣ ਕਰਕੇ ਕੁਝ ਕੈਦੀ (ਜਿਨ੍ਹਾਂ ਵਿਚ ਸਿਆਸੀ ਕੈਦੀ ਵੀ ਸਨ) ਖ਼ੁਦਕੁਸ਼ੀ ਕਰ ਗਏ।



**.ਗਦਰ ਪਾਰਟੀ (ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

"ਸਾਰੇ ਸਾਥੀਆਂ ਨੇ ਇਸ ਤੇ ਵਿਚਾਰ ਕੀਤੀ ਕਿ ਹੁਣ ਕੀ ਨੀਤੀ ਅਪਣਾਈ ਜਾਵੇ। ਫੈਸਲਾ ਇਹ ਹੋਇਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਜਿੱਥੋਂ ਤੱਕ ਇਨਸਾਨੀ ਤਾਕਤ ਦੇ ਅੰਦਰ ਹੋਵੇ। ਕੋਹਲੂ ਦੀ ਮੁਸ਼ੱਕਤ - ਜੋ ਬੈਲ ਦੀ ਮੁਸ਼ੱਕਤ ਹੈ - ਕਰਨ ਦਾ ਭਾਵ ਹੈ ਕਿ ਅਸੀਂ ਕੈਦੀ ਦੇ ਹੱਕਾਂ ਲਈ ਘੋਲ ਕਰਨੋਂ ਡਰਦੇ ਹਾਂ ਅਤੇ ਆਪਾ ਬਚਾਉਂਦੇ ਹਾਂ। ਸੋ ਫੈਸਲਾ ਇਹ ਹੋਇਆ ਕਿ ਇਹ ਗੈਰ ਇਨਸਾਨੀ ਕੋਹਲੂ ਦੀ ਮੁਸ਼ੱਕਤ ਨਾ ਖ਼ੁਦ ਕੀਤੀ ਜਾਏ ਤੇ ਨਾ ਹੀ ਸਾਡੇ ਤੋਂ ਪਿੱਛੋਂ ਆਉਣ ਵਾਲੇ ਰਾਜਸੀ ਕੈਦੀਆਂ ਨੂੰ ਕਰਨ ਲਈ ਕਿਹਾ ਜਾਵੇ... ਦੂਸਰਾ - ਕਿਸੇ ਜੇਲ ਅਧਿਕਾਰੀ ਦੀ ਬੇਇੱਜ਼ਤੀ ਨਾ ਕੀਤੀ ਜਾਏ ਪਰ ਜੇ ਸਾਡੀ ਬੇਇੱਜ਼ਤੀ ਜੇਲ ਵਾਲੇ ਨਾਜਾਇਜ਼ ਤੌਰ 'ਤੇ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਏ।"

ਭਾਨ ਸਿੰਘ ਦਾ ਮਾਮਲਾ ਇਸ ਗੱਲ ਨੂੰ ਸਹੀ ਤਰ੍ਹਾਂ ਪੇਸ਼ ਕਰਦਾ ਹੈ ਕਿ ਬਾਅਦ ਵਿਚ ਕਿਵੇਂ ਵਾਪਰਿਆ। ਉਸ ਨੂੰ ਥੋੜ੍ਹੀ ਬਹੁਤ ਅੰਗਰੇਜ਼ੀ ਆਉਂਦੀ ਸੀ। ਦਿੱਤੀ ਗਈ ਮੁਸ਼ੱਕਤ ਨੂੰ ਵੀ ਉਹ ਚੰਗੀ ਤਰ੍ਹਾਂ ਕਰ ਲੈਂਦਾ ਸੀ। ਇਕ ਦਿਨ ਜਦੋਂ ਉਹ ਆਪਣੀ ਕੀਤੀ ਮੁਸ਼ੱਕਤ ਦੀ ਪੈਦਾ ਕੀਤੀ ਉਪਜ ਜਮ੍ਹਾਂ ਕਰਵਾਉਣ ਲਈ ਆਪਣੀ ਵਾਰੀ ਦੀ ਇੰਤਜ਼ਾਰ ਕਰ ਰਿਹਾ ਸੀ ਤਾਂ ਇਕ ਬਰਤਾਨਵੀ ਗਾਰਡ ਨੇ ਅੰਗਰੇਜ਼ੀ ਵਿਚ (ਸਾਡੇ) ਕੌਮੀ ਮਾਣ ਸਬੰਧੀ ਕੁਬੋਲ ਬੋਲਿਆ। ਭਾਨ ਸਿੰਘ ਨੇ ਉਸੇ ਜ਼ੁਬਾਨ (ਅੰਗਰੇਜ਼ੀ) ਵਿਚ ਮੋੜਵਾਂ ਵਾਰ ਕਰ ਦਿੱਤਾ। ਇਸ ਪਿੱਛੋਂ ਗਾਰਡ ਨੇ ਜੇਲਰ ਸਾਹਮਣੇ ਸ਼ਿਕਾਇਤ ਕਰ ਦਿੱਤੀ। ਜੇਲਰ ਵਲੋਂ ਭਾਨ ਸਿੰਘ ਦੀ ਦਲੀਲ ਦੀ ਪ੍ਰਵਾਹ ਨਾ ਕਰਦੇ ਹੋਏ ਉਸ ਨੂੰ ਛੇ ਮਹੀਨੇ ਲਈ ਚੱਕੀਬੰਦੀ, ਬੇੜੀਆਂ, ਖਾਣੇ ਵਿਚ ਕਮੀ ਅਤੇ ਉਸ ਵਕਤ ਦੌਰਾਨ ਖੜ੍ਹੇ ਰਹਿਣ ਵਾਲੀਆਂ ਹੱਥ-ਕੜ੍ਹੀਆਂ ਦੀ ਸਜ਼ਾ ਦੇ ਦਿੱਤੀ ਗਈ। ਇਕ ਦਿਨ ਜਦੋਂ ਉਹ ਖੜ੍ਹੇ ਰਹਿਣ ਵਾਲੀਆਂ ਹੱਥ-ਕੜੀਆਂ ਵਿਚ ਜਕੜਿਆ ਖੜ੍ਹਾ ਸੀ ਤਾਂ ਉਹ ਵਜਦ ਵਿਚ ਆ ਕੇ "ਜੇ ਤਓ ਪ੍ਰੇਮ ਖੇਲਨ ਕਾ ਚਾਉ, ਸਿਰੁ ਧਰ ਤਲੀ ਗਲੀ ਮੇਰੀ ਆਓ' ਗਾਉਣ ਲੱਗ ਪਿਆ। ਬਦਨਾਮ ਜੇਲਰ ਬੈਰੀ ਉਸ ਦੇ ਨੇੜਿਓਂ ਲੰਘਿਆ ਅਤੇ ਉਸ ਨੂੰ ਗਾਲ੍ਹਾਂ ਦੇਣ ਲੱਗ ਪਿਆ। ਅਗਲੇ ਦਿਨ ਭਾਨ ਸਿੰਘ ਨੇ ਖੜ੍ਹੇ ਰਹਿਣ ਵਾਲੀਆਂ ਹੱਥ ਕੜੀਆਂ ਪਾਉਣ ਤੋਂ ਇਨਕਾਰ ਕਰ ਦਿੱਤਾ। ਜੇਲਰ ਤਿੰਨ "ਲੰਬੜਦਾਰਾਂ" ਨੂੰ ਨਾਲ ਲੈ ਆਇਆ ਤੇ ਭਾਨ ਸਿੰਘ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਹੇਠਲੀ ਜ਼ਮੀਨੀ ਮੰਜ਼ਲ ਉੱਤੇ ਉਸ ਦੇ ਸਾਥੀ ਕੈਦੀ ਖਾਣੇ ਵਾਸਤੇ ਕਮਰੇ ਵਿਚ ਬੈਠੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਸਾਰੇ ਉਸ ਦੇ ਬਚਾਅ ਲਈ ਉੱਪਰ ਵੱਲ ਨੂੰ ਦੌੜੇ। ਪਰ ਜੇਲਰ ਨੇ ਡਿਓੜੀ ਦੇ ਦਰਵਾਜ਼ੇ ਨੂੰ ਪਹਿਲਾਂ ਹੀ ਤਾਲਾ ਲਗਾ ਲਿਆ ਸੀ। ਉਹ ਅੰਦਰ ਤਾਂ ਨਾ ਜਾ ਸਕੇ ਪਰ ਉਨ੍ਹਾਂ ਨੇ ਜੇਲਰ ਨੂੰ ਮਜਬੂਰ ਕਰ ਦਿੱਤਾ ਕਿ ਉਸ ਨੂੰ ਇਕੱਲਾ ਛੱਡ ਦੇਵੇ। ਭਾਵੇਂ ਕਿ ਉਸ ਵਕਤ ਭਾਨ ਸਿੰਘ ਬਚ ਗਿਆ, ਪਰ ਜੇਲਰ ਨੇ ਉਸ ਨੂੰ ਅਗਲੇ ਦਿਨ ਐਨਾ ਕੁਟਵਾਇਆ ਕਿ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਨਾਲ ਦੇ ਕੈਦੀਆਂ ਨੇ ਕੰਮ ਤੋਂ ਹੜਤਾਲ ਕਰ ਦਿੱਤੀ। ਜਦੋਂ ਉਸ ਦੀ ਹਾਲਤ ਨਾਜ਼ੁਕ ਹੋ ਗਈ ਤਾਂ ਉਸ ਨੂੰ ਜੇਲ ਹਸਪਤਾਲ ਵਿਚ ਭੇਜ ਦਿੱਤਾ ਗਿਆ। "ਹਾਲਤ ਦੇ ਖਰਾਬ ਹੋਣ ਤੇ ਕਈ ਸਾਥੀਆਂ ਨੇ ਕੰਮ ਦੀ ਹੜਤਾਲ ਦੇ ਨਾਲ ਹੀ ਭੁੱਖ ਹੜਤਾਲ ਵੀ ਕਰ ਦਿੱਤੀ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸਾਂ। ਇਸ ਅਰਸੇ ਵਿੱਚ ਬਰਮਾ ਕੇਸ ਦੇ ਕਈ ਸਾਥੀ ਵੀ ਆ ਗਏ ਤੇ ਉਹ ਵੀ ਕੰਮ ਦੀ ਹੜਤਾਲ ਵਿੱਚ ਸ਼ਾਮਲ ਹੋ ਗਏ। ਸਿਆਲ ਦੇ ਦਿਨ ਸਨ। ਜੇਲਰ ਸ਼ਰਾਰਤ ਨਾਲ ਭੁੱਖ ਹੜਤਾਲ ਵਾਲਿਆਂ ਨੂੰ ਚੁਕਾ ਕੇ, ਪਾਣੀ ਦੀ ਹੌਜ਼ੀ ਤੇ ਲਿਜਾ ਕੇ ਉਨ੍ਹਾਂ ਤੇ ਠੰਡਾ ਪਾਣੀ ਪਵਾਉਂਦਾ। ਕੰਬਲ ਕੋਠੜੀ ਤੋਂ ਬਾਹਰ ਕਢਵਾ ਕੇ ਲੱਕੜੀ ਦੇ ਠੰਡੇ ਫੱਟਿਆਂ ਤੇ ਲਿਟਾ ਦੇਂਦਾ। ਪੰਡਤ ਰਾਮ ਰੱਖਾ ਮੱਲ ਦੀ ਇਸੇ ਠੰਡ ਨਾਲ ਮੌਤ ਹੋ ਗਈ। ...ਅਖ਼ੀਰ ਭਾਈ ਭਾਨ ਸਿੰਘ ਦੀ ਬੇਰੀ ਜੇਲਰ ਦੇ ਅਤਿਆਚਾਰਾਂ ਨਾਲ ਮੌਤ ਹੋ ਗਈ ਤੇ ਰਾਮ ਰੱਖਾ ਵੀ ਸ਼ਹੀਦੀ ਪਾ ਗਏ।"

ਬਾਬਾ ਸੋਹਣ ਸਿੰਘ ਭਕਨਾ ਨੇ ਇਸ ਲੇਖਕ ਨੂੰ ਦੱਸਿਆ ਸੀ ਕਿ ਪੰਡਤ ਰਾਮ ਰੱਖਾ ਨੇ ਬਰਮਾ ਤੋਂ ਅੰਡੇਮਾਨ ਵੱਲ ਜਾਂਦਿਆਂ ਜਾਣ ਲਿਆ ਸੀ ਕਿ ਅੰਡੇਮਾਨ ਜੇਲ ਦੇ ਹਾਕਮ ਧਰਮ ਦੇ ਕਿਸੇ ਵੀ ਚਿੰਨ੍ਹ ਨੂੰ ਪਹਿਨਣ ਦੀ ਇਜਾਜ਼ਤ ਨਹੀਂ ਦਿੰਦੇ। ਬ੍ਰਾਹਮਣ ਹੋਣ ਦੇ ਬਾਵਜੂਦ ਉਸਨੇ ਬਹੁਤ ਪਹਿਲਾਂ ਤੋਂ ਹੀ ਪਵਿੱਤਰ-ਧਾਗਾ - ਜਨੇਊ - ਪਹਿਨਣਾ ਛੱਡ ਦਿੱਤਾ ਸੀ। ਪਰ ਉਸ ਨੇ ਜਾਣ-ਬੁੱਝਕੇ ਇਕ ਜਨੇਊ ਤਿਆਰ ਕਰ ਲਿਆ ਅਤੇ ਜੇਲ ਅਧਿਕਾਰੀਆਂ ਵਲੋਂ ਇਸ ਦੇ ਖੋਹੇ ਜਾਣ ਦਾ ਵਿਰੋਧ ਕੀਤਾ ਜਿਸ ਦਾ ਅੰਤ ਇਸ ਮਾਮਲੇ ਦੇ ਬੁਰੇ ਅੰਜਾਮ ਤਕ ਜਾ ਪਹੁੰਚਿਆ। 1921 ਵਿਚ ਕਿਸੇ ਵਕਤ ਇਨ੍ਹਾਂ .ਗਦਰੀਆਂ ਨੂੰ 'ਹਿੰਦੁਸਤਾਨੀ ਜੇਲ੍ਹਾਂ' ਵਿਚ ਤਬਾਦਲਾ ਕਰ ਦਿੱਤਾ ਗਿਆ ਜਿਨ੍ਹਾਂ ਵਿੱਚੋਂ ਕੁਝ ਪੁਣੇ ਦੀ ਯੇਰਵਾੜਾ ਜੇਲ ਵਿਚ ਪਹੁੰਚੇ। ਜੇਲ ਕਾਨੂੰਨਾਂ ਮੁਤਾਬਕ ਉਨ੍ਹਾਂ ਨੂੰ ਪੱਗਾਂ ਦੀ ਬਜਾਏ ਟੋਪੀਆਂ ਪਹਿਨਣ ਲਈ ਮਜਬੂਰ ਕੀਤਾ ਗਿਆ। ਜਦੋਂ ਕੈਦੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਦੇ ਕੱਪੜੇ ਜ਼ਬਰਦਸਤੀ ਉਤਾਰ ਦਿੱਤੇ ਗਏ। ਕੈਦੀਆਂ ਨੇ ਭੁੱਖ-ਹੜਤਾਲ ਕਰ ਦਿੱਤੀ। ਝਾਂਸੀ ਦੇ ਪੰਡਤ ਪਰਮਾਨੰਦ ਅਤੇ ਹਿਰਦੇ ਰਾਮ ਮੰਡੀ (ਹਿਮਾਚਲ) ਤੇ ਉਨ੍ਹਾਂ ਦੇ ਸਾਥੀ .ਗਦਰੀ ਵੀ ਇਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ "ਦੂਸਰੇ ਸਾਥੀਆਂ ਨੇ ਬਥੇਰਾ ਕਿਹਾ ਕਿ ਇਹ ਪਗੜੀ ਕੱਛੇ ਦੀ ਮੰਗ ਹੈ ਤੁਸੀਂ ਭੁੱਖ ਹੜਤਾਲ ਨਾ ਕਰੋ ਪ੍ਰੰਤੂ ਉਹ ਨਾ ਮੰਨੇ। .ਗਦਰ ਪਾਰਟੀ ਦੇ ਮੈਂਬਰਾਂ ਦੇ ਅਸੂਲੀ ਪਿਆਰ ਦਾ ਸਬੂਤ ਇਨ੍ਹਾਂ ਦੀ ਭੁੱਖ ਹੜਤਾਲ ਤੋਂ ਮਿਲ ਜਾਂਦਾ ਹੈ।"

ਅੰਡੇਮਾਨ ਦੀ ਸੈਲੂਲਰ ਜੇਲ ਦੇ ਹਕੀਕੀ ਦੋਜ਼ਖ਼ ਬਾਰੇ ਏਨਾ ਹੀ ਕਾਫ਼ੀ ਹੈ!

### (ਅ) ਬਾਅਦ ਦੇ ਮਾਮਲੇ - ਹਿੰਦੁਸਤਾਨੀ ਜੇਲ੍ਹਾਂ

30-03-1916 ਨੂੰ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮਾਮਲਾ (ਦੂਜਾ ਮੁਕੱਦਮਾ) ਦਾ ਫ਼ੈਸਲਾ ਸੁਣਾਇਆ ਗਿਆ। 3 ਅਪ੍ਰੈਲ 1916 ਨੂੰ ਮੁਜਰਮਾਂ ਦਾ ਮੁਲਤਾਨ ਜੇਲ ਵਿਚ ਤਬਾਦਲਾ ਕਰ ਦਿੱਤਾ ਗਿਆ। "ਪਰ ਉਨ੍ਹਾਂ ਨੂੰ ਭੇਜਣ ਤੋਂ ਪਹਿਲਾਂ ਧਾਰਮਿਕ ਚਿੰਨ੍ਹਾਂ (ਸਿੱਖ ਕਕਾਰ) ਲਾਹੌਰ ਜੇਲ ਵਿਚ ਹੀ ਉਤਰਵਾ ਲਏ ਗਏ।"

ਇਸ ਮੁਕੱਦਮੇ ਦੇ ਉਮਰ ਕੈਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਮੁਲਤਾਨ ਜੇਲ ਦੀ ਮੁਸ਼ਕਲ ਅਜ਼ਮਾਇਸ਼ ਦਾ ਹੱਡੀਂ ਹੰਢਾਇਆ ਵੇਰਵਾ ਬਿਆਨ ਕੀਤਾ ਸੀ ਜਿਥੇ ਉਹ ਜੁਲਾਈ 1917 ਤਕ ਬੰਦ ਰਹੇ ਸਨ। ਉਨ੍ਹਾਂ ਨੇ ਅਣਮਨੁੱਖੀ ਵਤੀਰੇ ਵਿਰੁੱਧ 40 ਦਿਨ ਭੁੱਖ-ਹੜਤਾਲ ਕੀਤੀ ਜਿਸ ਦੌਰਾਨ ਉਨ੍ਹਾਂ ਨੇ ਨਾ ਸਿਰਫ਼ ਕਿਸੇ ਵੀ ਤਰ੍ਹਾਂ ਦਾ ਭੋਜਨ ਨਹੀਂ ਲਿਆ, ਸਗੋਂ ਪਾਣੀ ਵੀ ਨਹੀਂ ਪੀਤਾ!

ਫੇਰ ਉਨ੍ਹਾਂ ਸਾਰਿਆਂ ਨੂੰ ਹਜ਼ਾਰੀ ਬਾ.ਗ (ਬਿਹਾਰ) ਭੇਜ ਦਿੱਤਾ ਗਿਆ। ਹਜ਼ਾਰੀ ਬਾ.ਗ ਵੱਲ ਜਾਂਦਿਆਂ ਉਨ੍ਹਾਂ ਲੁਧਿਆਣੇ ਵਿੱਚੋਂ ਗੁਜ਼ਰਨਾ ਸੀ, ਜਿਹੜਾ ਉਨ੍ਹਾਂ ਵਿੱਚੋਂ ਕਈਆਂ ਦਾ ਆਪਣਾ ਜ਼ਿਲ੍ਹਾ ਸੀ। ਬਾਬਾ ਸੱਜਣ ਸਿੰਘ (ਨਾਰੰਗਵਾਲ, ਲੁਧਿਆਣਾ) ਨੇ ਲੁਧਿਆਣੇ ਰੇਲਵੇ ਸਟੇਸ਼ਨ ਉੱਤੇ ਗੱਡੀ ਰੁਕਣ ਸਬੰਧੀ ਆਪਣੀ ਸਵੈਜੀਵਨੀ ਵਿਚ ਇਸ ਘਟਨਾ ਦਾ ਭਾਵਨਾ ਭਰਪੂਰ ਵਰਨਣ ਕੀਤਾ ਹੈ।

*"ਜ਼ਿਲ੍ਹਾ ਆ ਗਿਆ ਮੇਰਾ, ਤੇ ਮੈਂ ਤੱਕਾਂ ਚਾਰ ਚੁਫੇਰੇ।*
*ਸਿਖ ਭਾਈ ਜਾਂ ਵਾਕ.ਫ ਕੋਈ, ਸਾਡੇ ਆਵੇ ਨੇੜੇ।*
*ਐਨਾ ਡਰ ਲੋਕਾਂ ਵਿਚ ਪਾਇਆ, ਕੋਲੇ ਕੋਈ ਨਾ ਆਵੇ।*
*ਦੂਰੋਂ ਵੀ ਨਾ ਦੇਖੇ ਕੋਈ, ਫਤਹਿ ਨਾ ਕੋਈ ਬੁਲਾਵੇ।*
*ਪਤਾ ਲੱਗਿਆ ਸਾਨੂੰ, ਬਾਹਰ ਕਰਦੇ ਇਹ ਪਰਚਾਰ।*
*ਸਿਖ ਨਹੀਂ, ਸਰਦਾਰ ਨਹੀਂ, ਜੋ ਲੜੇ ਨਾਲ ਸਰਕਾਰ।"*

**(ਬਾਕੀ ਅਗਲੇ ਅੰਕ 'ਚ)**

# ਡਾ. ਹਰਿਭਜਨ ਸਿੰਘ



ਡਾ. ਹਰਿਭਜਨ ਸਿੰਘ (18 ਅਗਸਤ 1920–21 ਅਕਤੂਬਰ 2002) ਪੰਜਾਬੀ ਕਵੀ, ਆਲੋਚਕ, ਸਾਂਸਕ੍ਰਿਤਕ ਟੀਕਾਕਾਰ, ਅਤੇ ਅਨੁਵਾਦਕ ਸਨ। ਉਨ੍ਹਾਂ ਦਾ ਜਨਮ ਲਮਡਿੰਗ, ਅਸਾਮ ਵਿੱਚ ਮਾਤਾ ਗੰਗਾ ਦੇਈ ਅਤੇ ਪਿਤਾ ਗੰਡਾ ਸਿੰਘ ਦੇ ਘਰ ਹੋਇਆ। ਪਿਤਾ ਦੀ ਬੀਮਾਰੀ ਕਾਰਣ ਪਰਿਵਾਰ ਨੂੰ ਲਾਹੌਰ ਆਉਣਾ ਪਿਆ, ਜਿੱਥੇ ਉਨ੍ਹਾਂ ਨੇ ਗਵਾਲਮੰਡੀ ਵਿੱਚ ਦੋ ਮਕਾਨ ਖਰੀਦੇ। ਉਹ ਅਜੇ ਚਾਰ ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਉਨ੍ਹਾਂ ਦੇ ਪਿਤਾ, ਮਾਂ ਅਤੇ ਦੋ ਭੈਣਾਂ ਦੀ ਮੌਤ ਹੋ ਗਈ। ਉਹਨਾਂ ਦੀ ਪਾਲਣਾ ਉਨ੍ਹਾਂ ਦੀ ਮਾਸੀ ਨੇ ਕੀਤੀ । ਉਹ ਇਛਰਾ, ਲਾਹੌਰ ਵਿੱਚ ਰਹਿੰਦੀ ਸੀ । ਹਰਭਜਨ ਸਿੰਘ ਨੇ ਉੱਚ ਸਿੱਖਿਆ ਕਾਲਜ ਜਾਣ ਬਿਨਾਂ ਹਾਸਲ ਕੀਤੀ। ਉਨ੍ਹਾਂ ਕੋਲ ਅੰਗਰੇਜ਼ੀ ਅਤੇ ਹਿੰਦੀ ਸਾਹਿਤ ਵਿੱਚ ਦੋ ਡਿਗਰੀਆਂ ਸਨ । ਉਨ੍ਹਾਂ ਦਾ ਪੀ ਐਚ ਡੀ ਥੀਸੀਸ ਗੁਰਮੁਖੀ ਲਿਪੀ ਵਿੱਚ ਹਿੰਦੀ ਕਵਿਤਾ ਬਾਰੇ ਵਿਚਾਰ–ਵਿਮਰਸ਼ ਸੀ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ;ਕਾਵਿ ਸੰਗ੍ਰਹਿ: ਲਾਸਾਂ, ਤਾਰ ਤੁਪਕਾ, ਅਧਰੈਣੀ, ਨਾ ਧੁੱਪੇ ਨਾ ਛਾਵੇਂ, ਮੈਂ ਜੋ ਬੀਤ ਗਿਆ, ਸੜਕ ਦੇ ਸਫ਼ੇ ਉੱਤੇ, ਰਿਗਬਾਣੀ, ਮੇਰੀ ਬੋਲੀ ਤੇਰੇ ਬੋਲ, ਟੁੱਕੀਆਂ ਜੀਭਾਂ ਵਾਲੇ, ਮੱਥਾ ਦੀਵੇ ਵਾਲਾ, ਰੁੱਖ ਤੇ ਰਿਸ਼ੀ, ਮੇਰੀ ਕਾਵਿ ਯਾਤਰਾ, ਚੌਥੇ ਦੀ ਉਡੀਕ, ਮਾਵਾਂ ਧੀਆਂ, ਨਿੱਕ ਸੁੱਕ, ਅਲਫ਼ ਦੁਪਹਿਰ, ਰੇਗਿਸਤਾਨ ਵਿੱਚ ਲੱਕੜਹਾਰਾ; ਵਾਰਤਕ: ਨਿਰਭਉ ਨਿਰਵੈਰ (ਸਫ਼ਰਨਾਮਾ), ਪਿਆਰ ਤੇ ਪਰਿਵਾਰ, ਮੇਰੀ ਪਸੰਦ, ਧੁੱਪੇ ਬਲਦਾ ਦੀਵਾ, ਚੋਲਾ ਟਾਕੀਆਂ ਵਾਲਾ (ਸਵੈ–ਜੀਵਨੀ); ਆਲੋਚਨਾ: ਇੱਕ ਖ਼ਤ ਤੇਰੇ ਨਾਂ, ਸਾਹਿਤ ਸ਼ਾਸਤਰ, ਮੁੱਲ ਤੇ ਮੁਲਾਂਕਣ, ਅਧਿਐਨ ਤੇ ਅਧਿਆਪਨ, ਰਚਨਾ–ਸੰਰਚਨਾ, ਰੂਪਕੀ, ਪਾਰਗਾਮੀ, ਪੂਰਨ ਸਿੰਘ (ਰਚਨਾ–ਵਿਰਚਨਾ) ।

## ਡਾ. ਹਰਿਭਜਨ ਸਿੰਘ ਦੀਆਂ 9 ਕਵਿਤਾਵਾਂ

### ਮਾਂ

ਮਾਂ ਬੋਲੀ ਵੀ, ਮਾਂ ਦੇਸ ਵੀ ਹੈ
ਮਾਂ ਆਪਣੇ ਦੇਸ ਦਾ ਵੇਸ ਵੀ ਹੈ

ਮਾਂ ਧਰਮ
ਧਰਮ ਤੋਂ ਪਾਰ ਵੀ ਹੈ
ਇਕਰਾਰ ਲਈ
ਇਨਕਾਰ ਵੀ ਹੈ
ਛਾਂ ਗੂੜ੍ਹੀ ਜਗ ਦੀ ਖ਼ੈਰ ਵੀ ਹੈ
ਮਾਂ ਤੱਤੀ ਤਲਖ਼ ਦੁਪਹਿਰ ਵੀ ਹੈ

ਇਸ ਕਰਾਮਾਤ ਨੂੰ ਸਮਝ ਜ਼ਰਾ
ਮਾਂ ਹਾਜ਼ਰ ਨਾਜ਼ਰ ਆਪ ਖ਼ੁਦਾ

### ਤੂੰ ਤੁਰਿਓਂ ਸੂਰਜ ਅਸਤਿਆ

ਤੂੰ ਤੁਰਿਓਂ ਸੂਰਜ ਅਸਤਿਆ
ਕੋਈ ਗਿਆ ਹਨੇਰੇ ਡੋਲ੍ਹ

ਅਸਾਂ ਤਕਵਾ ਲੈ ਕੇ ਇਸ਼ਕ ਦਾ
ਕੁੱਲ ਕਾਲਖ ਦਿੱਤੀ ਫੋਲ

ਅਸਾਂ ਦੀਵੇ ਬਾਲੀ ਚਾਨਣੀ
ਵਿੱਚ ਘਉਂ ਕੇ ਮਹਿਕਾਂ ਸੋਲ੍ਹ

ਅਸਾਂ ਲੂੰ ਲੂੰ ਗੀਤ ਜਗਾਇਆ
ਜਿਦ੍ਹੇ ਕਿਸਮਤ ਵਰਗੇ ਬੋਲ

ਔਹ ਤਾਰੇ ਸਾਡੀ ਮੁੱਠ ਵਿੱਚ
ਅਹਿ ਦੀਵੇ ਸਾਡੀ ਝੋਲ

ਕੁੱਲ ਕਿਸਮਤ ਸਾਡੇ ਵੱਲ ਵੇ
ਇੱਕ ਤੂੰ ਨਾ ਸਾਡੇ ਕੋਲ

### ਵੇ ਮੈਂ ਭਰੀ ਸੁਗੰਧੀਆਂ ਪੌਣ

ਵੇ ਮੈਂ ਭਰੀ ਸੁਗੰਧੀਆਂ ਪੌਣ,
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ,
ਸਜਨ ਤੇਰੇ ਬੂਹੇ

ਮੇਰੀ ਕੱਚੜੀ ਪਹਿਲ ਵਰੇਸ
ਸੰਗ ਤੇਰਾ ਚਾਹੇ
ਮੇਰੇ ਸੁੱਚੜੇ ਸੁੱਚੜੇ ਅੰਗ
ਕੇਸ ਅਣਵਾਹੇ
ਹਿੱਕ ਧੁਖੇ ਪਹਿਲੜੀ ਰੀਝ
ਵੇਸ ਮੇਰੇ ਸੂਹੇ

ਮੇਰੀ ਸੁਫ਼ਨੇ–ਵਰਗੀ ਜਿੰਦ
ਆਸ–ਜਿਹੀ ਸੋਹਣੀ
ਵੇ ਮੈਂ ਉਹ ਸਰ ਆਈ ਨ੍ਹਾ
ਨਾਉਂ ਜਿਹਦਾ ਹੋਣੀ
ਮੈਨੂੰ ਭਲਕੇ ਦੀ ਪਰਭਾਤ
ਸਜਨ ਅਜ ਛੂਹੇ

ਮੈਂ ਖੜੀ ਸਜਨ ਤੇਰੇ ਦੁਆਰ
ਝੋਲ ਤਕਦੀਰਾਂ
ਮੇਰੀ ਰੁਸ ਨਾ ਜਾਏ ਸੁਗੰਧ
ਉਡੀਕ ਅਖੀਰਾਂ
ਕਹੀ ਤੱਤੜੀ ਤੱਤੜੀ 'ਵਾ
ਮੇਰਾ ਤਨ ਲੂਹੇ

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ
ਸਜਨ ਤੇਰੇ ਬੂਹੇ

('ਅਧਰੈਣੀ' ਵਿੱਚੋਂ)

### ਅਸੀਂ ਤਾਂ ਜਿੰਦੀਏ ਦੋ ਮਿੱਟੀਆਂ ਹਾਂ

ਅਸੀਂ ਤਾਂ ਜਿੰਦੀਏ ਦੋ ਮਿੱਟੀਆਂ ਹਾਂ
ਪਹਿਲੀ ਵਾਰ ਆਣ ਮਿਲੇ ਹਾਂ
ਭਲਕੇ ਫੇਰ ਮਿਲਾਂਗੇ ਇਸ ਦਾ ਪਤਾ ਨਹੀਂ ਹੈ
ਰਾਤ ਪਈ ਹੈ
ਤਾਰੇ ਤਾਰੇ ਇਕ ਦੂਜੇ ਦੇ ਕੋਲ ਨੇ ਢੁਕੇ
ਇਸ ਵੇਲੇ ਇਤਿਹਾਸ ਨ ਪੜ੍ਹੀਏ
ਲੱਖ ਤਾਰਿਆਂ ਵਿਚੇ ਮੈਂ ਤੂੰ
ਤਾਰਾ ਤਾਰਾ ਹੋ ਕੇ ਝਿਲਮਿਲ ਜੋਤ ਜਗਾਈਏ
ਇਕ ਦੂਜੇ ਦੀ ਮਿੱਟੀ ਵਿਚੋ ਮਹਿਕ ਉਗਾਈਏ
ਤੇ ਤੁਰ ਜਾਈਏ
ਮੈਂ ਤੇਰੇ ਇਤਿਹਾਸ ਤੋਂ ਮਿਤੀਏ ਕੀ ਲੈਣਾ ਏ
ਤੇ ਮੇਰੇ ਇਤਿਹਾਸ ਤੋਂ ਤੈਨੂੰ ਕੀ ਮਿਲਣਾ ਏਂ!

### ਮਿੱਟੀ ਕਹੇ ਘੁਮਾਰ ਨੂੰ

ਮਿੱਟੀ ਕਹੇ ਘੁਮਾਰ ਨੂੰ
ਮੈਨੂੰ ਘੜਾ ਬਣਾ
ਪਾਣੀ ਗੋਦ ਖਿਡਾਉਣ ਲਈ
ਮੇਰੇ ਮਨ ਵਿਚ ਚਾਅ

ਮਿੱਟੀ ਕਹੇ ਘੁਮਾਰ ਨੂੰ
ਆਟੇ ਵਾਂਗੂ ਗੁੰਨ੍ਹ
ਕਿਸੇ ਜੋਗੜੀ ਹੋ ਸਕਾਂ
ਭਾਵੇਂ ਆਵੇ ਭੁੰਨ

ਮਿੱਟੀ ਆਖੇ ਬੱਦਲਾ
ਵਾਛੜ ਮੀਂਹ ਵਰ੍ਹਾ
ਮੇਰੇ ਮਨ 'ਚੋਂ ਫੁਟ ਪਉ
ਬਣ ਕੇ ਹਰਿਆ ਘਾਹ

ਚੀਰ ਕੇ ਮੈਨੂੰ ਲੰਘ ਜਾ
ਤੂੰ ਅਥਰਾ ਦਰਿਆ
ਸੌਲ ਵਡੇਰੇ ਮੈਂ ਜਰਾਂ
ਤੂੰ ਨਿਕੜੀ ਪਿਆਸ ਬੁਝਾ

ਮਿੱਟੀ ਕਹੇ ਕੁਹਾੜੀਏ
ਡੂੰਘੇ ਟੱਕ ਨਾ ਪਾ
ਅੰਦਰ ਸੁਤੇ ਦੋ ਜਣੇ
ਸੁਪਨੇ ਸੇਜ ਵਿਛਾ

ਮਿੱਟੀ ਆਖੇ ਮਿੱਟੀਏ
ਆ ਮੇਰੇ ਤਕ ਆ
ਮੈਂ ਪਿੰਜਰ ਬਣ ਜਾਂਹਗੀ
ਤੂੰ ਬਣ ਜਾਵੀਂ ਸਾਹ

### ਧਰਤੀ ਦੇ ਹੇਠਾਂ

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ

ਧਰਤੀ ਤਾਂ ਬੋਝ ਹੈ
ਦੁਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ

ਧੌਲ ਵੀ ਥਕਿਆ
ਥਕ ਕੇ ਬਹਿ ਗਿਆ
ਧਰਮ ਵੀ ਹਾਰਿਆ
ਪੰਖ ਲਾ ਉਡਰਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ

ਚਤਰਮੁਖ ਬ੍ਰਹਮਾ ਨੇ
ਦੁਖ ਸਾਜੇ ਸਹਿਸਭੁਜ
ਉਹਨਾਂ ਸੰਗ ਲੜਨ ਲਈ
ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਦੁੱਖਾਂ ਸੰਗ ਲੜਦੀ ਨਹੀਂ
ਦੁੱਖ ਚੁੱਕਦੀ ਹੈ

ਧਰਤੀ ਦੇ ਹੇਠਾਂ
ਧੌਲ ਸੀ ਧਰਮ ਸੀ
ਹੁਣ ਮੇਰੀ ਧੀ ਹੈ

### ਕਿੱਥੇ ਗਈਆਂ ਭੈਣਾਂ

ਕਿੱਥੇ ਗਈਆਂ ਭੈਣਾਂ
ਕਿੱਥੇ ਗਈਆਂ ਮਾਵਾਂ ?

ਥਲ ਵਿੱਚ ਸੱਸੀਆਂ, ਝਲ ਵਿੱਚ ਹੀਰਾਂ
ਸੋਹਣੀਆਂ ਪਈਆਂ ਵਿੱਚ ਦਰਿਆਵਾਂ

ਕਿੱਥੇ ਗਈਆਂ ਗਲੀਆਂ ਉਹ ਭਲੀਆਂ ਭਲੀਆਂ
ਜਿਸ ਘਰ ਚਾਹਾਂ ਆਵਾਂ ਜਾਵਾਂ

ਹਰ ਇੱਕ ਘਰ ਦੀ ਖਾਸ ਨਿਸ਼ਾਨੀ
ਹਰ ਇੱਕ ਜੀ ਦਾ ਅਪਣਾ ਨਾਵਾਂ

ਹੁਣ ਤਾਂ ਇੱਕੋ ਜਹੀਆਂ ਸਜੀਆਂ ਨੇ ਸ਼ਕਲਾਂ
ਪਤਾ ਨ ਕਿਹੜੇ ਨਾਉਂ ਬੁਲਾਵਾਂ

ਭੈਣ ਕਹਾਂ ਤਾਂ ਦੱਸਣਾ ਪੈਂਦੈ
ਆਪਣੀ ਨੀਅਤ ਦਾ ਸਿਰਨਾਵਾਂ

ਸਭ ਜਗ ਹੋਇਆ ਮਰਦ ਜ਼ਨਾਨੀ
ਬਾਕੀ ਸਭ ਛਾਵਾਂ ਪਰਛਾਵਾਂ

ਕਿੱਥੇ ਗਈਆਂ ਭੈਣਾਂ
ਕਿੱਥੇ ਗਈਆਂ ਮਾਵਾਂ ?

### ਲਖ ਬਦੀਆਂ ਬਦਨਾਮੀਆਂ ਥਾਣੀਂ

ਮਿੱਤਰਾਂ ਤੀਕਣ ਕਿਵੇਂ ਪੁਚਾਈਏ
ਕਿੱਸਾ ਦਿਲ ਦਿਲਗੀਰਾਂ ਦਾ
ਲਖ ਬਦੀਆਂ ਬਦਨਾਮੀਆਂ ਥਾਣੀਂ
ਲੰਘਦਾ ਰਾਹ ਫ਼ਕੀਰਾਂ ਦਾ

ਦਰਵੇਸ਼ਾਂ ਦੀ ਜੂਨ ਹੰਢਾਈ
ਦਰ ਦਰ ਵੰਡਣ ਖੈਰ ਗਏ
ਦਰਦ ਦੀ ਚੁਟਕੀ ਦੇਣੀ ਭੁਲ ਗਏ
ਫਲ ਪਾਇਆ ਤਕਸੀਰਾਂ ਦਾ

ਕੰਧਾਂ ਛਾਵੇਂ ਘੂਕ ਪਏ ਸਨ
ਅਚਨ ਅਚਾਨਕ ਕੂਕ ਪਏ
ਕਿਉਂ ਲੰਘਿਆ ਮੈਂ ਏਸ ਗਲੀ 'ਚੋਂ
ਪਹਿਨ ਕੇ ਚੋਲਾ ਲੀਰਾਂ ਦਾ

ਸੁਖਸਾਂਦੀ ਸਾਂ ਸ਼ੌਕ ਸ਼ੌਕ ਵਿਚ
ਰੋਗ ਕੁਲਹਿਣੇ ਲਾ ਬੈਠੇ
ਕਿਉਂ ਵੰਡਿਆ ਮੈਂ ਮੱਥਿਓਂ ਕੱਢ ਕੇ
ਇਹ ਚੁੱਟਕਾ ਅਕਸੀਰਾਂ ਦਾ

ਖੁਲ੍ਹੀ ਹਵਾ ਵਿਚ ਅਸਾਂ ਉਡਾਏ
ਪਿੰਜਰੇ ਪਿੰਜਰੇ ਜਾ ਬੈਠੇ
ਦੋਸ਼ ਉਨ੍ਹਾਂ ਤਦਬੀਰਾਂ ਦਾ ਸੀ
ਯਾ ਇਨ੍ਹਾਂ ਤਕਦੀਰਾਂ ਦਾ

ਇਸ ਬਗਲੀ ਵਿਚ ਉਹਨਾਂ ਖਾਤਰ
ਅਜੇ ਵੀ ਜਗਮਗ ਦੀਵੇ ਨੇ
ਸਾਨੂੰ ਜਿਨ੍ਹਾਂ ਬੁਝਾਉਣ ਲਈ ਸੀ
ਲਾਇਆ ਜ਼ੋਰ ਅਖ਼ੀਰਾਂ ਦਾ

### ਓਸ ਗਲੀ 'ਚੋਂ ਲੰਘ ਫ਼ਕੀਰਾ

ਓਸ ਗਲੀ 'ਚੋਂ ਲੰਘ ਫ਼ਕੀਰਾ
ਜਿਥੇ ਭੌਂਕਣ ਕੁੱਤੇ
ਕੁੱਤਿਆਂ ਤਾਈਂ ਮੂਲ ਨਾ ਨਿੰਦੀਏ
ਕੁੱਤੇ ਸਾਥੋਂ ਉੱਤੇ

ਕੁੱਤਿਆਂ ਫਕਰਾਂ ਸੰਗ ਚਿਰੋਕਾ
ਹਰ ਮੌਸਮ ਹਰ ਰੁੱਤੇ
ਦੁਨੀਆਂ ਸੌਂ ਗਈ ਤੇਰੀ ਖ਼ਾਤਰ
ਕੁੱਤੇ ਅਜੇ ਨਾ ਸੁੱਤੇ
ਸਾਥੋਂ ਉੱਤੇ

ਚਲ 'ਕੱਲਿਆ
ਤੈਨੂੰ ਕਿਸੇ ਨਾ ਖੱਲਿਆ
ਲੋਕੀਂ ਤਾਂ ਐਸ਼ ਵਿਗੁੱਤੇ
ਪਿੰਡੋਂ ਬਾਹਰ ਛਡਣ ਆਏ
ਕੁੱਤੇ ਧੂੜਾਂ ਲੁੱਤੇ
ਸਾਥੋਂ ਉੱਤੇ

ਓਸ ਗਲੀ ਚੋਂ ਲੰਘ ਫ਼ਕੀਰਾ
ਜਿਥੇ ਭੌਂਕਣ ਕੁੱਤੇ
ਕੁੱਤਿਆਂ ਤਾਈਂ ਮੂਲ ਨਾ ਨਿੰਦੀਏ
ਕੁੱਤੇ ਸਾਥੋਂ ਉੱਤੇ

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ
ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

# ਆਰਟ ਕੌਂਸਲ ਪੰਜਾਬ ਨੇ ਹਰਭਜਨ ਸਿੰਘ ਹੁੰਦਲ ਨੂੰ ਸਨਮਾਨਤ ਕੀਤਾ



**ਐਡਮਿੰਟਨ (ਨਦਬ) :** ਆਰਟ ਕੌਂਸਲ ਪੰਜਾਬ ਵੱਲੋਂ ਪੰਜਾਬੀ ਦੇ ਉਘੇ ਲੇਖਕ ਸ. ਹਰਭਜਨ ਸਿੰਘ ਹੁੰਦਲ ਹੋਰਾਂ ਨੂੰ ਉਨ੍ਹਾਂ ਦੀਆਂ ਸਾਹਿਤ ਖੇਤਰ ਵਿਚਲੀਆਂ ਉਪਲਬਧੀਆਂ ਤੇ ਇਸ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ, ਜੀਵਨ ਭਰ ਦੀਆਂ ਪ੍ਰਾਪਤੀਆਂ ਵਜੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਡਾ. ਸੁਰਜੀਤ ਪਾਤਰ, ਸ਼ਲਖਵਿੰਦਰ ਜੌਹਲ, ਡਾ. ਕਰਮਜੀਤ ਸਿੰਘ ਜੀ ਤੇ ਪ੍ਰੋ. ਕੁਲਵੰਤ ਔਜਲਾ ਦੀ ਹਾਜਰੀ ਵਿਚ ਉਨ੍ਹਾਂ ਦੇ ਘਰ ਜਾ ਕੇ ਇਕ ਲੱਖ ਰੁਪਏ ਦੀ ਰਾਸ਼ੀ ਸਮੇਤ, ਫੁਲਕਾਰੀ ਅਤੇ ਯਾਦ ਪੱਤਰ ਭੇਂਟ ਕੀਤੇ ਗਏ।

ਡਾ. ਲਖਵਿੰਦਰ ਜੌਹਲ ਹੋਰਾਂ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਸ਼੍ਰੀ ਦੇਵ ਦਰਦ ਨੂੰ ਸੱਦਾ ਦਿੱਤਾ ਕਿ ਉਹ ਹੁੰਦਲ ਜੀ ਦੀ ਸਖਸ਼ੀਅਤ ਬਾਰੇ ਚਾਨਣ ਪਾਉਣ ਲਈ ਕਿਹਾ ਗਿਆ। ਸ਼੍ਰੀ ਦੇਵ ਦਰਦ ਜੀ ਨੇ ਕਿਹਾ ਕਿ ਹਰਭਜਨ ਹੁੰਦਲ ਜੀ ਨੇ ਹਮੇਸ਼ਾ ਇਕ ਸੰਸਥਾ ਦੇ ਤੌਰ 'ਤੇ ਕੰਮ ਕੀਤਾ ਹੈ, ਜਿਨ੍ਹਾਂ ਦਾ ਵਡਮੁੱਲਾ ਯੋਗਦਾਨ ਪੰਜਾਬੀ ਸਾਹਿਤ ਜਗਤ ਵਿੱਚ ਯਾਦ ਰੱਖਿਆ ਜਾਵੇਗਾ। ਇਸ ਉਪਰੰਤ ਸ਼੍ਰੀ ਵਿਸ਼ਾਲ ਵੱਲੋਂ ਕਿਹਾ ਗਿਆ ਕਿ ਸ਼੍ਰੀ ਹੁੰਦਲ ਹੋਰਾਂ ਦੀ ਛਤਰ ਛਾਇਆ ਹੇਠ ਬਹੁਤ ਸਾਰੇ ਲੇਖਕਾਂ ਨੇ ਸਾਹਿਤ ਦੀਆਂ ਵੱਖ-ਵੱਖ ਬਾਰੀਕੀਆਂ ਨੂੰ ਸਿੱਖਿਆ ਹੈ ਤੇ ਉਸ ਨੂੰ ਅਗਾਂਹ ਵੀ ਤੋਰਿਆ ਹੈ। ਉਨ੍ਹਾਂ ਵੱਲੋਂ ਵਿਸ਼ਵ ਸਾਹਿਤ ਨੂੰ ਪੰਜਾਬੀ 'ਚ ਅਨੁਵਾਦ ਕਰਕੇ ਪਾਠਕਾਂ ਦੇ ਸਨਮੁੱਖ ਪੇਸ਼ ਕਰਨਾ, ਬਹੁਤ ਵੱਡਾ ਸ਼ਲਾਘਾਯੋਗ ਉਪਰਾਲਾ ਹੈ,ਵਿਸ਼ਾਲ ਵੱਲੋਂ ਉਨ੍ਹਾਂ ਦੇ ਇਸ ਉੱਦਮ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਗਿਆ।

ਪ੍ਰੋ. ਔਜਲਾ ਵੀ ਹੁੰਦਲ ਜੀ ਦੇ ਪੁਰਾਣੇ ਵਿਦਿਆਰਥੀ ਰਹੇ ਨੇ, ਪ੍ਰੋਥ ਔਜਲਾ ਵਲੋਂ ਵੀ ਹੁੰਦਲ ਜੀ ਦਾ ਵਿਸ਼ੇਸ਼ ਤੌਰ 'ਤੇ ਸਖਸ਼ੀ ਵਿਸਲੇਸ਼ਣ ਕੀਤਾ ਗਿਆ। ਡਾ.ਕ ਰਮਜੀਤ ਸਿੰਘ ਵੱਲੋਂ ਹੁੰਦਲ ਸਾਹਿਬ ਦੇ ਲਗਾਤਾਰ ਸਿਰੜ ਤੇ ਸੰਘਰਸ਼ਮਈ ਘਾਲਣਾ ਦੀ ਸ਼ਲਾਘਾ ਕੀਤੀ ਗਈ।

ਸ. ਹਰਭਜਨ ਹੁੰਦਲ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਬਾਰੇ ਵਿਸਥਾਰ ਸਹਿਤ ਚਾਨਣ ਪਾਇਆ। ਇਸ ਉਪਰੰਤ ਡਾਥਸੁਰਜੀਤ ਪਾਤਰ ਜੀ ਨੇ ਕਿਹਾ ਕਿ ਇਹ ਸ਼ਹਰਭਜਨ ਹੁੰਦਲ ਜੀ ਦਾ ਸਨਮਾਨ ਨਹੀਂ ਬਲਕਿ ਸਮੁੱਚੀ ਆਰਟ ਕੌਂਸਲ ਦਾ ਸਨਮਾਨ ਹੈ ਤੇ ਇਨ੍ਹਾਂ ਮੌਜੂਦ ਸਾਹਿਤਕਾਰਾਂ ਨੂੰ ਉਨ੍ਹਾਂ ਦੀ ਸਖਸ਼ੀਅਤ ਤੋਂ ਪ੍ਰੇਰਣਾ ਲੈਣ ਦੀ ਤਾਕੀਦ ਕੀਤੀ ਅਤੇ ਸੱਚਾ ਸੁੱਚਾ ਸਾਹਿਤ ਪ੍ਰਫੁੱਲਿਤ ਕਰਨ ਲਈ ਸਭ ਨੂੰ ਪ੍ਰੇਰਿਤ ਕੀਤਾ।









(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

ਭਾਨ ਅਤੇ ਵਾਸ਼ਰੂਮ ਦੀ ਸਮੱਸਿਆ ਦਾ ਹੱਲ ਕਰਕੇ ਮੈਂ ਅਗਲੇ ਟ੍ਰਿੱਪ ਲਈ ਤਿਆਰ ਬਰ ਤਿਆਰ ਹਾਂ। ਮੀਂਹ ਹਟ ਗਿਆ ਹੈ। ਸਾਰੇ ਜ਼ੋਨਾਂ 'ਚ ਟੈਕਸੀਆਂ ਦੀ ਭਰਮਾਰ ਹੈ। 'ਕਿੱਥੇ ਬੁੱਕ ਕਰਾਵਾਂ?' ਮੈਂ ਸੋਚੀਂ ਪੈ ਜਾਂਦਾ ਹਾਂ। 'ਸ਼ਾਇਦ ਡਾਊਨ-ਟਾਊਨ ਦੇ ਕਿਸੇ ਹੋਟਲ ਤੋਂ ਲੰਮਾ ਟ੍ਰਿੱਪ ਮਿਲ ਜਾਵੇ,' ਸੋਚ ਕੇ ਮੈਂ ਟੈਕਸੀ ਡਾਊਨ-ਟਾਊਨ ਵੱਲ ਸਿੱਧੀ ਕਰ ਦਿੰਦਾ ਹਾਂ। ਨਾਲ- ਨਾਲ ਮੈਂ ਕੰਪਿਊਟਰ ਸਕਰੀਨ 'ਤੇ ਵੀ ਉਂਗਲ ਮਾਰਦਾ ਹਾਂ। ਹੌਲੀਡੇਅ ਇੰਨ ਹੋਟਲ ਵੈਸਟ ਬਰਾਡਵੇ ਵਾਲਾ ਸਟੈਂਡ ਖਾਲੀ ਹੋ ਜਾਂਦਾ ਹੈ। ਟੈਕਸੀ ਦਾ ਰੁਖ ਉੱਧਰ ਕਰਕੇ ਮੈਂ ਸਪੀਡ ਵਧਾ ਦਿੰਦਾ ਹਾਂ। ਕਿਸੇ ਹੋਰ ਟੈਕਸੀ ਦੇ ਪਹੁੰਚਣ ਤੋਂ ਪਹਿਲਾਂ ਮੈਂ ਉੱਥੇ ਪਹੁੰਚ ਜਾਣਾ ਚਾਹੁੰਦਾ ਹਾਂ। ਪਰ ਮੇਰੇ ਤੋਂ ਪਹਿਲਾਂ ਹੀ ਉੱਥੇ ਦੋ ਟੈਕਸੀਆਂ ਅੱਪੜ ਜਾਂਦੀਆਂ ਹਨ। ਮੈਂ ਫਿਰ ਕੰਪਿਊਟਰ ਸਕਰੀਨ 'ਤੇ ਉਂਗਲ ਮਾਰਦਾ ਹਾਂ। ਉਹ ਪਲਾਜ਼ਾ 500 ਹੋਟਲ ਵਾਲੇ ਸਟੈਂਡ 'ਤੇ ਇਕ ਟੈਕਸੀ ਦਿਖਾਉਂਦਾ ਹੈ। ਉਹ ਦੋ ਟੈਕਸੀਆਂ ਦਾ ਸਟੈਂਡ ਹੈ। ਮੈਂ ਟੈਕਸੀ ਉਧਰ ਮੋੜ ਲੈਂਦਾ ਹਾਂ। ਉੱਥੇ ਵੀ ਮੇਰੇ ਪਹੁੰਚਣ ਤੱਕ ਸਟੈਂਡ ਭਰ ਜਾਂਦਾ ਹੈ। ਹੁਣ ਹੋਰ ਕਿਸੇ ਪਾਸੇ ਵੱਲ ਭੱਜਣ ਲਈ ਦਿਲ ਨਹੀਂ ਮੰਨਦਾ। ਮੈਂ ਉੱਥੇ ਹੀ ਸੜਕ 'ਤੇ ਟੈਕਸੀ ਰੋਕ ਲੈਂਦਾ ਹਾਂ ਅਤੇ ਵਾਰੀ ਦੀ ਉਡੀਕ ਕਰਦਾ ਹਾਂ ਕਿ ਕਦੋਂ ਪਹਿਲੇ ਨੰਬਰ ਵਾਲੀ ਟੈਕਸੀ ਸਟੈਂਡ ਤੋਂ ਜਾਵੇ ਅਤੇ ਮੈਂ ਉੱਥੇ ਬੁੱਕ ਕਰਾਵਾਂ। ਇੱਥੇ ਸੜਕ 'ਤੇ ਟੈਕਸੀ ਪਾਰਕ ਨਹੀਂ ਕਰ ਸਕਦਾ। ਜੁਰਮਾਨਾ ਹੋ ਸਕਦਾ ਹੈ। ਚੌਕਸੀ ਦੀ ਲੋੜ ਹੈ। ਕਿਤਾਬ ਪੜ੍ਹਣ ਲਈ ਇਹ ਢੁੱਕਵੀਂ ਥਾਂ ਨਹੀਂ ਹੈ। ਮੈਂ ਰੇਡੀਓ ਚਲਾ ਲੈਂਦਾ ਹਾਂ। ਪੰਜਾਬੀ ਰੇਡੀਓ ਸਟੇਸ਼ਨ 'ਤੇ ਟਾਕ ਸ਼ੋਅ ਚੱਲ ਰਿਹਾ ਹੈ। ਸਰੀ ਗੁਰਦੁਆਰੇ ਦੀਆਂ ਚੋਣਾ ਕਰਕੇ ਰੇਡੀਓ 'ਤੇ ਰੌਣਕਾਂ ਹਨ। ਮੇਰਾ ਧਿਆਨ ਸੜਕ 'ਤੇ ਵੀ ਹੈ। ਕਿਸੇ ਪੁਲੀਸ ਵਾਲੇ ਦੀ ਕਾਰ ਦੇਖ ਕੇ ਮੈਂ ਟੈਕਸੀ ਨੂੰ ਅਗਾਂਹ ਤੋਰ ਲੈਣਾ ਹੈ ਅਤੇ ਬਲਾਕ ਤੋਂ ਦੀ ਗੇੜਾ ਕੱਢ ਕੇ ਵਾਪਸ ਫਿਰ ਮੁੜ ਆਉਣਾ ਹੈ। ਪਰ ਇਸ ਦੀ ਨੌਬਤ ਨਹੀਂ ਆਉਂਦੀ। ਛੇਤੀ ਹੀ ਹੋਟਲ ਦੀ ਪਾਰਕਿੰਗ 'ਚੋਂ ਪਹਿਲੇ ਨੰਬਰ ਵਾਲੀ ਟੈਕਸੀ ਬਾਹਰ ਨਿਕਲ ਆਉਂਦੀ ਹੈ ਅਤੇ ਮੈਂ ਟੈਕਸੀ ਸਟੈਂਡ 'ਤੇ ਲਾ ਕੇ ਸੁਰਖਰੂ ਹੋ ਕੇ ਰੇਡੀਓ ਸੁਨਣ ਲੱਗਦਾ ਹਾਂ। ਲੋਕ ਧੜਾ-ਧੜ ਫ਼ੋਨ ਕਰ ਰਹੇ ਹਨ। ਗੁਰਦੁਆਰੇ ਦੇ ਲੰਗਰ ਹਾਲ 'ਚ ਤੱਪੜਾਂ 'ਤੇ ਬੈਠ ਕੇ ਲੰਗਰ ਛਕਣ ਦੇ ਹਾਮੀ ਬੋਲ ਰਹੇ ਹਨ। ਮੈਂ ਟੈਕਸੀ ਨੰਬਰ 0 ਵਾਲੇ ਗਿਆਨੀ ਦੀ ਆਵਾਜ਼ ਪਛਾਣ ਲੈਂਦਾ ਹਾਂ। ਉਸ ਅਨੁਸਾਰ ਲੰਗਰ ਹਾਲ 'ਚ ਕੁਰਸੀਆਂ ਵਾਲਿਆਂ ਤੋਂ ਪੰਥ ਨੂੰ ਖਤਰਾ ਲੱਗਦਾ ਹੈ। ਕੱਲ੍ਹ ਇਸੇ ਸਮੇਂ, ਇਸੇ ਰੇਡੀਓ ਸਟੇਸ਼ਨ 'ਤੇ , ਇਸੇ ਸੰਚਾਲਕ ਨਾਲ ਕੁਰਸੀਆਂ ਦੇ ਹੱਕ 'ਚ ਬੋਲਣ ਵਾਲੇ ਪਹੁੰਚੇ ਹੋਏ ਸਨ। ਉਨ੍ਹਾਂ ਦੇ ਹਮਾਇਤੀ ਤੱਪੜਾਂ ਵਾਲਿਆਂ ਤੋਂ ਕੌਮ ਨੂੰ ਖਤਰਾ ਦੱਸ ਰਹੇ ਸਨ। ਰੇਡੀਓ ਸੁਣਦਿਆਂ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਅੱਧਾ ਘੰਟਾ ਲੰਘ ਗਿਆ। ਸਟੈਂਡ 'ਤੇ ਖੜ੍ਹੀ ਦੂਜੀ ਟੈਕਸੀ ਵਾਲਾ ਸ਼ੀਸ਼ਾ ਹੇਠ ਕਰਕੇ ਪੁੱਛਦਾ ਹੈ, "ਰੇਡੀਓ ਸੁਣਦੈਂ?"

"ਹਾਂ।"

"ਸੰਤ ਆਲੀ ਗੱਲ-ਬਾਤ ਸੁਣਦੈਂ?"

"ਨਹੀਂ, ਗੁਰਦੁਆਰੇ ਆਲੀਆਂ ਚੋਣਾਂ ਵਾਲੀ।"

"ਦੂਜੇ ਸਟੇਸ਼ਨ 'ਤੇ ਲਾ, ਉੱਥੇ ਜ਼ਿਆਦਾ ਰੌਣਕਾਂ। ਮੈਂ ਵੀ ਕਾਲ ਕਰਨ ਲੱਗੈਂ," ਆਖ ਕੇ ਉਹ ਸ਼ੀਸ਼ਾ ਉੱਪਰ ਚੜ੍ਹਾ ਲੈਂਦਾ ਹੈ। ਬਾਹਰ ਠੰਡ ਹੈ। ਮੈਂ ਸਟੇਸ਼ਨ ਬਦਲ ਲੈਂਦਾ ਹਾਂ। ਇਸ ਸਟੇਸ਼ਨ ਨੂੰ ਸੁਣ ਕੇ ਲੱਗਦਾ ਹੈ ਕਿ ਕੌਮ ਲਈ ਇਹ ਵੱਡਾ ਸੰਕਟ ਹੈ। ਇਕ ਗਾਉਣ ਵਾਲੇ ਨੇ ਆਪਣੇ ਗੀਤ 'ਚ ਇਕ ਸੰਤ 'ਤੇ ਵਿਅੰਗ ਕੱਸ ਦਿੱਤਾ। ਜਵਾਬ 'ਚ ਸੰਤ ਨੇ ਗਾਇਕ ਦੇ ਪੋਤੜੇ ਫੋਲ ਦਿੱਤੇ। ਨਾਲ ਵਾਲੀ ਟੈਕਸੀ ਸਟਾਰਟ ਹੋ ਜਾਂਦੀ ਹੈ। ਮੈਂ ਸੀਸ਼ਾ ਥੱਲੇ ਕਰਕੇ ਪੁੱਛਦਾ ਹਾਂ, "ਕਰਤੀ ਕਾਲ?"

"ਨਹੀਂ ਯਾਰ, ਲਾਈਨ ਈ ਨੀਂ ਮਿਲੀ। ਬਿਜ਼ੀ ਬਹੁਤ ਐ।"

" ਐਂ ਲੱਗਦੈ ਜਿਵੇਂ ਸਾਰੀ ਕਮਿਊਨਿਟੀ ਈ ਇਸ ਸਦਮੇ ਦੀ ਮਾਰ 'ਚ ਹੋਵੇ।"

"ਟੈਮ ਪਾਸ ਕਰਦੇ ਆਂ ਭਰਾ। ਏਨੇ ਨਾਲ ਟੈਮ ਲੰਘ ਜਾਂਦੈ। ਨਹੀਂ ਤਾਂ ਕੰਪਿਊਟਰ ਸਕਰੀਨ ਵੱਲ ਈ ਝਾਕੀ ਜਾਈਦੈ ਕਿ ਹੁਣ ਟ੍ਰਿੱਪ ਆਇਆ ਕਿ ਹੁਣ ਆਇਆ। ਚੰਗਾ, ਮੈਂ ਤਾਂ ਚੱਲਦੈਂ। ਮਿਲ ਗਿਆ ਟ੍ਰਿੱਪ, ਤੂੰ ਕਰ ਟੈਮ ਪਾਸ ਲੋਕਾਂ ਦੇ ਪ੍ਰ'ਚਨ ਸੁਣ ਕੇ," ਆਖ ਕੇ ਉਹ ਡੰਡੀ ਪਿਆ। ਮੈਨੂੰ ਵੀ ਮਗਰ ਹੀ ਟ੍ਰਿੱਪ ਡਿਸਪੈਚ ਹੋ ਗਿਆ। ਜਦ ਉਹ ਔਰਤ ਘਰ ਚੋਂ ਨਿਕਲੀ, ਮੈਂ ਅੰਦਾਜਾ ਲਾ ਲਿਆ ਕਿ ਏਅਰਪੋਰਟ ਦਾ ਟ੍ਰਿੱਪ ਹੋਵੇਗਾ। ਉਸ ਕੋਲ ਵੱਡਾ ਸੂਟਕੇਸ ਅਤੇ ਹੈਂਡਬੈਗ ਹਨ। ਮੈਂ ਉਸਦੀ ਮੱਦਦ ਕਰਨ ਲਈ ਦੋ ਕੁ ਕਦਮ ਪੁੱਟ ਕੇ ਉਸ ਤੋਂ ਸੂਟਕੇਸ ਦਾ ਹੱਥਾ ਫੜ ਲੈਂਦਾ ਹਾਂ। ਟ੍ਰਿੱਪ ਇਹ ਏਅਰਪੋਰਟ ਦਾ ਹੀ ਹੈ, ਪਰ ਉਸਨੇ ਉੱਥੇ ਟੈਕਸੀ ਰਾਹੀਂ ਨਹੀਂ, ਟ੍ਰੇਨ ਰਾਹੀਂ ਜਾਣਾ ਹੈ। ਉਹ ਮੈਨੂੰ ਬਰਾਡਵੇ ਤੇ ਕੈਂਬੀ ਵਾਲੇ ਸਟੇਸ਼ਨ 'ਤੇ ਛੱਡਣ ਲਈ ਆਖਦੀ ਹੈ। ਇਸ ਨਵੀਂ ਟ੍ਰੇਨ ਨੇ ਟੈਕਸੀਆਂ ਦਾ ਏਅਰਪੋਰਟ ਦਾ ਬਹੁਤ ਸਾਰਾ ਕੰਮ ਖੋਹ ਲਿਆ ਹੈ। ਇਹ 'ਸ਼ੌਰਟੀ ਲਾ ਕੇ ਮੈਂ ਫਿਰ ਪਲਾਜ਼ਾ 500 ਹੋਟਲ ਵੱਲ ਜਾਣ ਬਾਰੇ ਸੋਚਦਾ ਹਾਂ। ਉਹ ਨਜਦੀਕ ਹੀ ਹੈ ਪਰ ਉੱਥੇ ਪਹਿਲਾਂ ਹੀ ਦੋ ਟੈਕਸੀਆਂ ਬੁੱਕ ਹਨ। ਮੈਂ ਟੈਕਸੀ 150 ਜ਼ੋਨ 'ਚ ਬੁੱਕ ਕਰਵਾ ਕੇ ਹਾਵਰਡ ਜੌਨਸਨ ਹੋਟਲ ਵੱਲ ਚੱਲ ਪੈਂਦਾ ਹਾਂ। ਬਰਾਡਵੇ ਤੇ ਕਿੰਗਜ਼ਵੇਅ ਦੇ ਕੋਨੇ 'ਤੇ ਖੜ੍ਹੀ ਇਕ ਕੁੜੀ ਟੈਕਸੀ ਰੋਕਣ ਦਾ ਇਸ਼ਾਰਾ ਕਰਦੀ ਹੈ। ਉਸਦੇ ਕੱਪੜੇ ਭੜਕੀਲੇ ਹਨ। ਹੱਥ 'ਚ ਸਿਗਰਟ ਹੈ। ਟੈਕਸੀ 'ਚ ਬੈਠਣ ਲੱਗਿਆਂ ਉਹ ਸਿਗਰਟ ਬਾਹਰ ਨਹੀਂ ਸੁੱਟਦੀ। ਸਗੋਂ ਧੂੰਆਂ ਉਡਾ ਕੇ ਆਖਦੀ ਹੈ, "ਬਰਾਡਵੇ ਸਟੇਸ਼ਨ।" ਮੈਂ ਆਖਦਾ ਹਾਂ, "ਆਈ ਐਮ ਸੌਰੀ ਮੈਡਮ, ਦਿਸ ਇਜ਼ ਨਾਨ-ਸਮੋਕਿੰਗ ਕੈਬ।" ਮੈਨੂੰ ਲੱਗਦਾ ਹੈ ਕਿ ਉਹ ਸੁਣ ਕੇ ਸਿਗਰਟ ਬਾਹਰ ਸੁੱਟ ਦੇਵੇਗੀ। ਪਰ ਉਹ ਟੈਕਸੀ ਵਿਚੋਂ ਬਾਹਰ ਨਿਕਲ ਕੇ ਆਖਦੀ ਹੈ, "ਫੱਕ ਯੂ ਦੈਨ।" ਟੈਕਸੀ ਦਾ ਦਰਵਾਜ਼ਾ ਉਹ ਉਵੇਂ ਹੀ ਖੁੱਲ੍ਹਾ ਛੱਡ ਜਾਂਦੀ ਹੈ। ਮੈਂ ਟੈਕਸੀ 'ਚੋਂ ਉੱਤਰ ਕੇ ਦਰਵਾਜ਼ਾ ਬੰਦ ਕਰਦਾ ਹਾਂ ਅਤੇ ਹੌਵਰਡ ਜੌਨਸਨ ਹੋਟਲ ਵੱਲ ਚੱਲ ਪੈਂਦਾ ਹਾਂ। ਆਪਣੇ ਨਾਲ ਲਿਆਂਦੇ ਫਲਾਂ ਵਿਚੋਂ ਮੈਂ ਕੇਲਾ ਖਾ ਲੈਂਦਾ ਹਾਂ। ਛਿਲਕਾ ਸੁੱਟਣ ਗਿਆ ਅੰਗੜਾਈ ਲੈ ਕੇ ਲੱਤਾਂ-ਬਾਹਾਂ ਸਿੱਧੀਆਂ ਕਰ ਲੈਂਦਾ ਹਾਂ। ਇਸ ਜ਼ੋਨ ਵਿਚੋਂ ਗਰੈਨਵੈਲ ਆਈਲੈਂਡ ਦਾ ਟ੍ਰਿੱਪ ਮਿਲ ਜਾਂਦਾ ਹੈ। ਉਸ ਨੂੰ ਉਤਾਰ ਕੇ ਮੈਂ ਡਾਊਨ-ਟਾਊਨ ਜਾਣ ਲਈ ਬੁਰਾਰਡ ਸਟਰੀਟ ਵੱਲ ਟੈਕਸੀ ਪਾ ਲੈਂਦਾ ਹਾਂ। ਰਾਹ ਵਿਚੋਂ ਹੀ ਇਕ ਮੁੰਡਾ ਟੈਕਸੀ ਰੋਕਣ ਦਾ ਇਸ਼ਾਰਾ ਕਰਦਾ ਹੈ। ਉਸ ਕੋਲ ਸਨੋਅ ਬੋਰਡ ਚੁੱਕਿਆ ਹੋਇਆ ਹੈ। ਟੈਕਸੀ ਰੁਕਦਿਆਂ ਹੀ ਉਹ ਪੁੱਛਦਾ ਹੈ, "ਨੌਰਥ ਵੈਨਕੂਵਰ ਲਿਜਾ ਸਕਦੈਂ।"

"ਯਕੀਨਨ," ਆਖ ਕੇ ਮੈਂ ਉਸਦਾ ਸਨੋਅ ਬੋਰਡ ਫੜ ਕੇ ਟੈਕਸੀ ਦੇ ਟਰੰਕ 'ਚ ਰੱਖਣ ਲਈ ਟੈਕਸੀ 'ਚੋਂ ਬਾਹਰ ਨਿਕਲਣ ਲਈ ਅਹੁਲਦਾ ਹਾਂ ਪਰ ਉਹ ਮੈਨੂੰ ਬੈਠਾ ਰਹਿਣ ਲਈ ਆਖ ਕੇ ਟਰੰਕ ਖੋਲ੍ਹਣ ਦਾ ਇਸ਼ਾਰਾ ਕਰਦਾ ਹੈ। ਆਪਣੇ ਸਨੋਅ ਬੋਰਡ ਟਿਕਾਅ ਕੇ ਉਹ ਮੇਰੇ ਬਰਾਬਰ ਮੂਹਰਲੀ ਸੀਟ 'ਤੇ ਆਣ ਬੈਠਦਾ ਹੈ। ਉਸ ਨੇ ਸਾਈਪਰਸ ਪਹਾੜ 'ਤੇ ਬਰਫ਼ 'ਚ ਖੇਡਣ ਜਾਣਾ ਹੈ। ਉਸ ਨੇ ਨੌਰਥ ਵੈਨਕੂਵਰ ਤੋਂ ਉੱਥੋਂ ਦੀ ਬੱਸ ਲੈਣੀ ਹੈ। ਪਹਾੜਾਂ 'ਤੇ ਸਾਲ ਦੀ ਪਹਿਲੀ ਬਰਫ ਪੈ ਚੁੱਕੀ ਹੈ। ਉਹ ਬਹੁਤ ਉਤਸ਼ਾਹਤ ਹੈ। ਗੱਲਾਂ ਦਾ ਗਲਾਧੜ। ਲੰਮੇ ਟ੍ਰਿੱਪ ਲਈ ਮੈਨੂੰ ਐਹੋ-ਜਿਹੀਆਂ ਸਵਾਰੀਆਂ ਚੰਗੀਆਂ ਲੱਗਦੀਆਂ ਹਨ। ਗੱਲਾਂ ਦੀ ਸ਼ੁਰੂਆਤ ਕਰਨ ਲਈ ਦਿਮਾਗ ਨੂੰ ਕਸ਼ਟ ਨਹੀਂ ਦੇਣਾ ਪੈਂਦਾ। ਉਹ ਮੈਨੂੰ ਵੀ ਕਿਸੇ ਦਿਨ ਸਨੋਅ ਬੋਰਡਿੰਗ ਕਰਨ ਦੀ ਸਲਾਹ ਦਿੰਦਾ ਹੈ। ਨੌਰਥ ਵੈਨਕੂਵਰ ਤੋਂ ਬੱਸ ਦੇ ਚੱਲਣ 'ਚ ਹਾਲੇ ਘੰਟਾ ਪਿਆ ਹੈ। ਪਹਾੜ ਤੋਂ ਵਾਪਸੀ ਲਈ ਚਾਰ ਵਜੇ ਆਖਰੀ ਬੱਸ ਚਲਦੀ ਹੈ। "ਫਿਰ ਮੇਰੇ ਕੋਲ ਖੇਡਣ ਲਈ ਕੀ ਸਮਾਂ ਬਚੇਗਾ?" ਉਹ ਆਖਦਾ ਹੈ। ਫਿਰ ਉਹ ਅੱਧਾ ਕੁ ਮਿੰਟ ਚੁੱਪ ਰਹਿ ਕੇ ਆਖਦਾ ਹੈ, "ਪਹਾੜ 'ਤੇ ਚੱਲੇਂਗਾ?" ਮੈਨੂੰ ਯਕੀਨ ਨਹੀਂ ਆਉਂਦਾ। ਲੱਗਦਾ ਹੈ ਕਿ ਉਹ ਮਜ਼ਾਕ ਕਰਦਾ ਹੈ। ਉਹ ਫਿਰ ਆਖਦਾ ਹੈ, "ਚੱਲ ਚੱਲੀਏ, ਯਾਰ।" ਮੇਰੀ 'ਚ ਕੇ ਸੁਣਦਿਆਂ ਹੀ ਉਹ ਪੁੱਛਦਾ ਹੈ, "ਕਰੈਡਿਟ ਕਾਰਡ ਲੈ ਲਵੇਂਗਾ।" *(ਚਲਦਾ)*


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



Tel : 780-265-6990
Email : elitedriving@hotmail.com



## ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ

# ਨਿਰੂਪਮਾ ਦੱਤ

**ਮੁਲਾਕਾਤੀ**
**ਸੁਸ਼ੀਲ ਦੁਸਾਂਝ, ਕਮਲ ਦੁਸਾਂਝ**

ਨਿਰੂਪਮਾ ਦੱਤ ਪੰਜਾਬੀ ਦੀ ਕਵਿਤਰੀ ਤੇ ਅੰਗਰੇਜ਼ੀ ਦੀ ਪੱਤਰਕਾਰ ਹੈ। ਇਹਨੇ ਬੇਹੱਦ ਸੰਜਮੀ ਅਤੇ ਸਲੀਕੇਦਾਰ ਵਾਰਤਕ ਵੀ ਲਿਖੀ ਤੇ ਅਨੁਵਾਦ ਦਾ ਵੀ ਚੋਖਾ ਕੰਮ ਕੀਤਾ ਹੈ। ਇਹਦੇ ਕਾਵਿ-ਸੰਗ੍ਰਹਿ 'ਇਕ ਨਦੀ ਸਾਂਵਲੀ ਜਿਹੀ' ਨੂੰ ਪੰਜਾਬੀ ਅਕਾਦਮੀ ਦਿੱਲੀ ਨੇ ਸਾਲ 2000 ਵਿਚ ਐਵਾਰਡ ਦੇਣ ਦਾ ਐਲਾਨ ਕੀਤਾ; ਜਿਹੜਾ ਮਿਲਿਆ ਤਿੰਨ ਸਾਲ ਬਾਅਦ।

ਨਿਰੂਪਮਾ ਦੱਤ ਕਵਿਤਾ ਬਹੁਤ ਧੀਮੀ ਗਤੀ ਨਾਲ ਲਿਖਦੀ ਹੈ, ਔਸਤਨ ਸਾਲ ਵਿਚ ਤਿੰਨ ਕਵਿਤਾਵਾਂ। ਪਰ ਜਦੋਂ ਵੀ ਉਹਦੀ ਕੋਈ ਨਵੀਂ ਕਵਿਤਾ ਪਾਠਕਾਂ ਤੀਕ ਪੁੱਜੀ ਹੈ, ਉਹਦੇ ਨਾਲ ਨਿਰੂਪਮਾ ਹੋਰ ਵਿਸਥਾਰਤ ਹੋਈ ਹੈ। ਇਹਦੀ ਕਵਿਤਾ ਨਿੱਕੀ ਇੱਟ ਤੋਂ ਵੀ ਪੁਰਾਣੀਆਂ ਧਾਰਨਾਵਾਂ ਅਤੇ ਰਵਾਇਤਾਂ ਨੂੰ ਜੜ੍ਹੋਂ ਉਖਾੜਨ ਦਾ ਬਲ ਪੂਰੇ ਵੇਗ ਨਾਲ ਪਾਠਕਾਂ ਦੇ ਅੰਤਰ-ਮਨ ਤੱਕ ਸੰਚਾਰਤ ਕਰਦੀ ਹੈ।

ਅਸੀਂ ਪੁੱਛਿਆ-ਤੁਸੀਂ ਭਾਵੇਂ ਕਵਿਤਾ ਘੱਟ ਲਿਖਦੇ ਓ ਪਰ ਕਵਿਤਾ ਨੂੰ ਜੀਉਣ ਦਾ ਵੱਲ ਤੁਹਾਨੂੰ ਆਉਂਦੈ, ਕੀ ਹੈ ਤੁਹਾਡਾ ਕਵਿਤਾ ਨੂੰ ਜੀਉਣ ਦਾ ਤਰੀਕਾ? ਨਿਰੂਪਮਾ ਠਹਾਕਾ ਮਾਰ ਕੇ ਖਿੜਖਿੜਾਈ, ਫੇਰ ਕਹਿਣ ਲੱਗੀ-"ਸੱਚ ਤਾਂ ਇਹ ਐ ਕਿ ਅੱਜਕਲ੍ਹ ਮੈਂ ਵਾਰਤਕ ਹੀ ਲਿਖ ਰਹੀ ਆਂ ਤੇ ਵਾਰਤਕ ਹੀ ਜੀਅ ਰਹੀ ਆਂ...ਹਾ...ਹਾ...ਹਾ।"

ਇਸ ਲਾਪਰਵਾਹ ਹਾਸੇ ਜਿਹਾ ਹੀ ਨਿਰੂਪਮਾ ਦੇ ਜੀਉਣ ਦਾ ਤਰੀਕਾ ਹੈ ਤੇ ਇਹਦੇ ਅੰਦਰ ਹੀ ਕਿਤੇ ਸਮੋਇਆ ਹੋਇਆ ਹੈ ਉਹ ਸਲੀਕਾ ਜੋ ਦਿਖਦਾ ਨਹੀਂ ਹੈ, ਮਹਿਸੂਸ ਕੀਤਾ ਜਾ ਸਕਦਾ ਹੈ।

ਨਿਰੂਪਮਾ ਦੇ ਲਾਪਰਵਾਹ ਠਹਾਕਿਆਂ, ਦੋਸਤ ਮੰਡਲੀ ਨਾਲ ਬੈਠ ਕੇ ਡੇਢ ਪੈੱਗ ਰਮ ਤੇ ਸਿਗਰਟ ਦੇ ਕਸ਼ ਲੈ ਲੈਣ ਅਤੇ ਕਵਿਤਾ, ਵਾਰਤਕ ਅਤੇ ਆਪਣੀ ਪੱਤਰਕਾਰੀ ਵਿਚ ਦਲੇਰਾਨਾ ਅਤੇ ਬੇਬਾਕ ਪਹੁੰਚ ਅਪਣਾਉਣ ਕਾਰਨ ਹੀ ਸਾਹਿਤ ਦੇ ਸਿਆਸਤਦਾਨ ਅਤੇ ਅਚੇਤ ਹੀ ਸਥਾਪਤੀ ਦੇ ਹੱਕ ਵਿਚ ਭੁਗਤਣ ਵਾਲੇ ਲੇਖਕ/ਅਲੇਖਕ ਨਿਰੂਪਮਾ ਨੂੰ ਬੁਰੀ ਔਰਤ ਦਾ ਦਰਜਾ ਦੇ ਦਿੰਦੇ ਹਨ। ਨਿਰੂਪਮਾ ਖ਼ੁਦ ਆਪਣੀ ਕਵਿਤਾ 'ਬੁਰੀ ਔਰਤ' ਵਿਚ ਕਹਿੰਦੀ ਹੈ-

*-ਜੇਕਰ ਤੁਸੀਂ ਮੇਰੇ ਸ਼ਹਿਰ ਆਓਗੇ*
*ਤਾਂ ਬੁਰੀਆਂ ਔਰਤਾਂ ਦੀ ਸੂਚੀ ਵਿਚ*
*ਮੇਰਾ ਨਾਂਅ ਵੀ ਦਰਜ ਪਾਉਗੇ।*
*ਇਸੇ ਕਵਿਤਾ ਦੇ ਅਖੀਰ ਵਿਚ ਨਿਰੂਪਮਾ ਕਹਿੰਦੀ ਹੈ-*
*-ਸੱਚ ਦੱਸਾਂ*
*ਹੁਣ ਮੈਨੂੰ ਬੁਰੀਆਂ ਔਰਤਾਂ ਬਹੁਤ ਹੀ*
*ਚੰਗੀਆਂ ਲੱਗਣ ਲੱਗੀਆਂ ਹਨ।*

ਫੇਰ 'ਹੁਣ' ਨਾਲ 'ਗੱਲਾਂ' ਕਰਦਿਆਂ ਨਿਰਛਲ ਹਾਸੇ 'ਚ ਉਹ ਕਹਿੰਦੀ ਹੈ,

-ਬੁਰੀ ਔਰਤ ਹੋਣਾ ਤਾਂ ਗ਼ਜ਼ਬ ਦੀ ਆਜ਼ਾਦੀ ਹੈ... ਹਾ...ਹਾ... ਹਾ...।"

ਨਿਰੂਪਮਾ ਦੱਤ ਦੇ ਇੰਝ ਕਹਿਣ ਦਾ ਅਰਥ ਕੀ ਹੈ? ਉਹਨੂੰ ਬੁਰੀਆਂ ਔਰਤਾਂ ਚੰਗੀਆਂ ਕਿਉਂ ਲੱਗਦੀਆਂ ਹਨ?

ਨਿਰੂਪਮਾ ਖ਼ੁਦ ਕੀ ਹੈ? ਆਂਦਰਾਂ ਨੂੰ ਚੀਰਦੀ ਹੋਈ ਇਹਦੀ ਕਵਿਤਾ ਇਹਦੇ ਤੱਕ ਕਿਵੇਂ ਪਹੁੰਚਦੀ ਹੈ? ਇਹਦੇ ਪੈਰਾਂ ਵਿਚਲਾ ਨਿਰੰਤਰ ਸਫ਼ਰ ਇਹਦੀ ਭਟਕਣ ਹੈ ਜਾਂ ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ?

ਇਹਦੀ ਪੱਤਰਕਾਰੀ ਰਵਾਇਤੀ ਪੱਤਰਕਾਰੀ ਅਤੇ ਪੱਤਰਕਾਰਤਾ ਦੇ ਸੱਤਾ ਸਤੰਭਾਂ ਦੀਆਂ ਨੀਹਾਂ ਨੂੰ ਕਿਵੇਂ ਟੱਕ ਮਾਰਦੀ ਹੈ?

ਨਿਰੂਪਮਾ ਦੀ ਸ਼ਖ਼ਸੀਅਤ ਉਸਾਰੀ ਵਿਚ ਇਹਦੇ ਮਾਂ-ਪਿਓ, ਭੈਣਾਂ-ਭਰਾਵਾਂ, ਦੋਸਤਾਂ, ਸਮਕਾਲੀ ਲੇਖਕਾਂ/ਪੱਤਰਕਾਰਾਂ ਅਤੇ ਸਮਾਜਕ/ਆਰਥਕ ਅਤੇ ਸਿਆਸੀ ਵਰਤਾਰਿਆਂ ਦਾ ਕਿੰਨਾ ਕੁ ਦਖ਼ਲ ਹੈ?

ਇਹਦੇ ਵਿਸਥਾਰਤ ਪਾਸਾਰਾਂ ਵਿਚੋਂ ਗੁਜ਼ਰਨਾ 'ਨਵੀਂ ਦੁਨੀਆ' ਦੇ ਪਾਠਕਾਂ ਲਈ ਦਿਲਚਸਪ ਅਤੇ ਲਾਹੇਵੰਦ ਜ਼ਰੂਰ ਹੋਵੇਗਾ। ਆਓ ਫਿਰ ਮਿਲੀਏ ਨਿਰੂਪਮਾ ਦੱਤ ਨੂੰ।

-ਸੰਪਾਦਕ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਪਰਿਵਾਰ ਤੋਂ ਮਿਲੀ ਬੇਬਾਕੀ

***ਸਵਾਲ*** : ਆਪਣੀ ਜੀਵਨ ਸ਼ੈਲੀ ਕਾਰਨ ਨਿਰੂਪਮਾ ਬੇਬਾਕ ਔਰਤ ਵਜੋਂ ਜਾਣੀ ਜਾਂਦੀ ਹੈ। ਤੁਹਾਡੀ ਜੀਵਨ ਵਿਚ ਇਹ ਬੇਬਾਕੀ ਸੁਤੇ ਸਿੱਧ ਹੀ ਆ ਦਾਖ਼ਲ ਹੋਈ ਜਾਂ ਤੁਸੀਂ ਪੂਰੀ ਤਰ੍ਹਾਂ ਸੁਚੇਤ ਹੋ ਕੇ ਇਸ ਜੀਵਨ ਸ਼ੈਲੀ ਨੂੰ ਅਪਣਾਇਆ?

***ਨਿਰੂਪਮਾ*** : ਇਹ ਬੇਬਾਕੀ ਮੈਨੂੰ ਆਪਣੇ ਪਰਿਵਾਰ 'ਚੋਂ ਹੀ ਮਿਲੀ। ਮੇਰੀ ਮਾਂ ਮੇਰੇ ਨਾਲੋਂ ਜ਼ਿਆਦਾ ਸਮਝ ਵਾਲੀ ਔਰਤ ਸੀ...ਉਹ ਹਰ ਗੱਲ 'ਤੇ ਬਹਿਸ ਕਰਦੀ ਸੀ...ਹਰ ਗੱਲ ਨੂੰ ਚੁਣੌਤੀ ਦਿੰਦੀ ਸੀ। ਬੀਜੀ ਦਸਦੇ ਸਨ-ਜਿਨ੍ਹਾਂ ਦਿਨਾਂ ਵਿਚ ਵੰਡ ਦੌਰਾਨ ਦੰਗੇ ਸ਼ੁਰੂ ਹੋਏ...ਹਿੰਦੂ-ਮੁਸਲਮਾਨਾਂ-ਸਿੱਖਾਂ ਵਿਚਾਲੇ ਝਗੜੇ ਸ਼ੁਰੂ ਹੋਏ ਤਾਂ ਬੀਜੀ ਉਦੋਂ 11-12 ਸਾਲ ਦੇ ਰਹੇ ਹੋਣਗੇ। ਬੀਜੀ ਨੇ ਇਕ ਦਿਨ ਆਪਣੇ ਬਾਊਜੀ ਨੂੰ ਕਿਹਾ ਕਿ ਜੇ ਉਨ੍ਹਾਂ ਨੇ ਸਾਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਤਾਂ ਫੇਰ ਅਸੀਂ ਮੁਸਲਮਾਨ ਹੋ ਜਾਵਾਂਗੇ। ਤਾਂ ਬੀਜੀ ਕਹਿੰਦੇ ਨੇ-ਮੇਰੇ ਕੱਸ ਕੇ ਚਪੇੜ ਪਈ-ਬਈ ਤੂੰ ਗੱਲ ਕਹੀ ਤੇ ਕਹੀ ਕਿਵੇਂ...ਮੇਰੇ ਪਿਤਾ ਜੀ ਵੀ ਜ਼ਿਰ੍ਹਾ ਬਹੁਤ ਕਰਦੇ ਸਨ।

ਦੂਜਾ ਅਸੀਂ ਮੁਹਜਾਲ ਬ੍ਰਾਹਮਣਾਂ ਵਜੋਂ ਜਾਣੇ ਜਾਂਦੇ ਹਾਂ...ਜਿਹੜੇ ਜਾਂ ਤਾਂ ਫ਼ੌਜ, ਪੁਲੀਸ ਵਿਚ ਜਾਂਦੇ ਸਨ ਜਾਂ ਖੇਤੀਬਾੜੀ ਕਰਦੇ ਸਨ। ਸਾਡਾ ਜਿਹੜਾ ਪੁਰਵਜ ਸੀ, ਉਹ ਤਾਂ ਬੜਾ ਈ ਮਾੜਾ ਸੀ...ਸਾਡੇ ਪੁਰਵਜਾਂ ਵਿਚੋਂ ਇਕ ਸੀ ਦਰੋਣਾਚਾਰੀਆ ਜਿਹੜਾ ਐਕਲਵਿਆ ਦਾ ਅੰਗੂਠਾ ਵੱਢ ਕੇ ਲੈ ਗਿਆ ਸੀ...ਹਾ...ਹਾ...। ਹੁਣ ਤਾਂ ਏਨਾ ਸ਼ਾਇਦ ਲੋਕ ਯਕੀਨ ਨਹੀਂ ਕਰਦੇ ਪਰ ਮੇਰੇ ਬੀਜੀ ਦੀ ਪੀੜ੍ਹੀ ਤਕ ਬ੍ਰਾਹਮਣਾਂ ਦੀਆਂ 7 ਗੋਤਾਂ ਹੁੰਦੀਆਂ ਸਨ ਤੇ ਇਸ ਤੋਂ ਬਾਹਰ ਵਿਆਹ ਨਹੀਂ ਸਨ ਕਰਦੇ...ਦੱਤ, ਮੋਹਨ, ਛਿੱਬਰ, ਬਾਲੀ, ਵੈਦ, ਲੌ ਤੇ ਬਮਾਲ। ਲੌ ਤੇ ਬਮਾਲ ਨੂੰ ਇਹ ਵੀ ਹੇਠਲੀ ਜ਼ਾਤ ਦੇ ਮੰਨਦੇ ਸਨ...ਆਪਣੇ ਦੱਤ ਨਾਲ ਤਾਂ ਵਿਆਹ ਹੋ ਨਹੀਂ ਸਕਦੇ ਤੇ ਚਾਰ ਜ਼ਾਤਾਂ ਰਹਿ ਜਾਂਦੀਆਂ ਸਨ...ਪਾਰਸੀਆਂ ਤੇ ਮੁਸਲਮਾਨਾਂ ਵਾਲਾ ਹਿਸਾਬ ਸੀ...ਇਥੋਂ ਤੱਕ ਕਿ ਮਾਸੀ-ਭੂਆ ਦੇ ਬੱਚਿਆਂ ਨਾਲ ਵਿਆਹ ਹੋ ਜਾਂਦੇ ਸਨ...ਦੂਜਾ ਸਾਡੇ ਇਤਿਹਾਸਕ ਤੱਥ ਬੜੇ ਦਿਲਚਸਪ ਨੇ-ਫ਼ੌਜ, ਪੁਲੀਸ ਵਿਚ ਤਾਂ ਇਹ ਬਾਅਦ ਵਿਚ ਜਾਣ ਲੱਗੇ, ਪਹਿਲਾਂ ਤੋਂ ਹੀ ਇਹ ਯੋਧੇ ਸਨ...ਹਰੇਕ ਮੁਲਕ ਦੀ ਫ਼ੌਜ ਨਾਲ ਜਾ ਕੇ ਰਲ਼ ਜਾਂਦੇ ਸਨ...ਜ਼ਿਆਦਾ ਗਿਣਤੀ ਵਿਚ ਅਫ਼ਗਾਨ ਫ਼ੌਜ ਵਿਚ ਚਲੇ ਜਾਂਦੇ ਸਨ...ਸਾਡੇ ਦੱਤਾਂ ਦਾ ਜਿਹੜਾ ਪੁਰਵਜ ਸੀ-ਭਾਪਾ ਰਾਹਬ...ਤੇ ਭਾਪਾ ਰਾਹਬ (ਪੱਛਮੀ ਪੰਜਾਬ ਵਿਚ ਵੀਰ-ਵੂਰ ਤਾਂ ਕਹਿੰਦੇ ਨਹੀਂ ਸਨ...ਭਾਪਾ ਹੀ ਚੱਲਦਾ ਸੀ) ਦੇ ਸੱਤ ਮੁੰਡੇ ਸਨ...ਤੇ ਉਹ ਪੀਰ ਮੁਹੰਮਦ ਦੇ ਦੋਹਤਿਆਂ (ਸ਼ੀਆ) ਵਾਸਤੇ ਲੜੇ ਸਨ। ਮੁਸਲਮਾਨਾਂ ਦੇ ਅਸੀਂ ਬੜੇ ਨੇੜੇ ਸਾਂ...ਸਾਡੇ ਰੀਤੀ-ਰਿਵਾਜ਼ ਵੀ ਕਾਫ਼ੀ ਮੁਸਲਮਾਨਾਂ ਨਾਲ ਮਿਲਦੇ ਨੇ....। (ਖੁਸ਼ਵੰਤ ਸਿੰਘ ਨੇ ਵੀ ਇਕ ਵਾਰ ਆਪਣੇ ਕਾਲਮ ਵਿਚ ਇਸ ਦਾ ਜ਼ਿਕਰ ਕੀਤਾ ਸੀ)

*ਦੱਤ ਸੁਲਤਾਨ*
*ਹਿੰਦੂ ਦਾ ਧਰਮ ਮੁਸਲਮਾਨ*
*ਵਾਹ! ਦੱਤ ਸੁਲਤਾਨ*
*ਅੱਧਾ ਹਿੰਦੂ, ਅੱਧਾ ਮੁਸਲਮਾਨ*

ਹੁਣ ਜਦੋਂ ਮੁਸਲਮਾਨਾਂ ਪ੍ਰਤੀ ਏਨੀ ਨਫ਼ਰਤ ਚੱਲ ਰਹੀ ਐ ਤੇ ਕਈ ਇਤਿਹਾਸਕਾਰ ਜ਼ਿਕਰ ਕਰਦੇ ਹਨ ਕਿ ਕੋਈ ਵੇਲਾ ਸੀ ਜਦੋਂ ਅੱਧਾ ਹਿੰਦੂ ਹੋਣਾ ਤੇ ਅੱਧਾ ਮੁਸਲਮਾਨ ਹੋਣਾ ਮਨਜ਼ੂਰ ਸੀ। ਭਾਪਾ ਰਾਹਬ ਤੇ ਉਹਦੇ 7 ਮੁੰਡੇ ਉਸ ਕਰਬਲਾ ਦੀ ਲੜਾਈ ਵਿਚ ਮਾਰੇ ਗਏ ਸਨ...ਜਿਹੜੀਆਂ ਉਨ੍ਹਾਂ ਦੀਆਂ ਵਿਧਵਾਵਾਂ ਸਨ, ਉਨ੍ਹਾਂ ਨੂੰ ਮੁਸਲਮਾਨਾਂ ਨੇ ਪਨਾਹ ਦਿੱਤੀ ਔਰ ਮੇਰੇ ਭਰਾ ਬੜੇ ਹਿੰਦੂ ਨੇ ਤੇ ਇਸ ਗੱਲੋਂ ਖ਼ਫ਼ਾ ਹੋ ਜਾਂਦੇ ਨੇ। ਸੋ, ਇਹ ਧੱਕੜਪੁਣਾ ਮੇਰੇ ਅੰਦਰ ਵੀ ਰਿਹਾ...ਐਕਸਪ੍ਰੈੱਸ ਦੌਰਾਨ ਵੀ...ਜਦੋਂ ਤਕ ਕੋਈ ਵਿਵਾਦ ਨਾ ਹੋਵੇ, ਉਦੋਂ ਤਕ ਕੋਈ ਖ਼ਬਰ ਨਹੀਂ ਬਣਦੀ।

ਮੈਨੂੰ ਯਾਦ ਐ ਜਦੋਂ ਯੂਨੀਵਰਸਿਟੀ ਹੁੰਦੀ ਸਾਂ ਤਾਂ ਬੜਾ ਖ਼ੂਬਸੂਰਤ ਨੌਜਵਾਨ ਲੀਡਰ ਹੁੰਦਾ ਸੀ...ਜਤਿੰਦਰ ਵਿਰਕ। ਉਹਨੇ ਸਾਡੇ ਕੋਲ ਪ੍ਰੈੱਸ ਨੋਟ ਲੈ ਕੇ ਆਉਣੇ...ਉਦੋਂ ਮੈਂ ਐਕਸਪ੍ਰੈੱਸ ਵਿਚ ਸੀ...22 ਕੁ ਵਰ੍ਹਿਆਂ ਦੀ ਹੋਵਾਂਗੀ...ਤੇ ਅਸੀਂ ਉਹਦੇ ਪ੍ਰੈੱਸ ਨੋਟ ਇਸੇ ਕਰਕੇ ਲਾ ਦੇਣੇ ਕਿ ਉਹ ਬੜਾ ਸੋਹਣਾ-ਸੁਨੱਖਾ ਸੀ। ਇਕ ਦਿਨ ਮੈਂ ਸ਼ੇਖਰ ਗੁਪਤਾ ਨਾਲ ਬੈਠੀ ਹੋਈ ਸਾਂ...ਹੋਰ ਵੀ ਪੱਤਰਕਾਰ ਬੈਠੇ ਸਨ ਤੇ ਜਤਿੰਦਰ ਵਿਰਕ ਉਥੋਂ ਦੀ ਲੰਘਦੈ ਤੇ ਮੈਂ ਕਹਿਨੀ ਆਂ-"ਦੇਖੋ ਏਨੀਆਂ ਇਨ੍ਹਾਂ ਦੀਆਂ ਖ਼ਬਰਾਂ ਲਵਾਈਆਂ ਨੇ ਤੇ ਇਹਨੂੰ ਹੈਲੋ ਵੀ ਨਹੀਂ ਕਹਿਣਾ ਆਉਂਦਾ।' ਉਹ ਮੈਨੂੰ ਹੁਣ ਸਮਝ ਆਉਂਦੈ ਕ ਹੈਲੋ ਕਰਨਾ ਉਹਦੇ ਕਲਚਰ ਦਾ ਹਿੱਸਾ ਨਹੀਂ ਸੀ...। ਸ਼ੇਖਰ ਮੈਨੂੰ ਕਹਿੰਦਾ-"ਅੱਛਾ, ਇਹ ਹੈਲੋ ਨਹੀਂ ਕਰ ਰਿਹਾ...ਇੰਜ ਕਰ ਤੂੰ ਇਕ ਖ਼ਬਰ ਇਨ੍ਹਾਂ ਦੇ ਖ਼ਿਲਾਫ਼ ਲਾ ਦੇ...ਇਹ ਸਵੇਰੇ-ਸ਼ਾਮ ਹੈਲੋ ਕਰੇਗਾ। ਹਾ...ਹਾ...। ਐਕਸਪ੍ਰੈੱਸ ਵਾਲਾ ਸੀਨੀਅਰ ਜਗਤਾਰ ਮੈਨੂੰ ਮਜ਼ਾਕ ਕਰਦਾ ਹੁੰਦਾ ਸੀ ਕਿ ਇਹ ਸਾਡੀ ਖਾੜਕੂ ਬਾਹਮਣੀ ਐ...। ਮੇਰਾ ਇਹ ਗੱਲ ਦੱਸਣ ਦਾ ਮਤਲਬ ਐ ਕਿ ਇਹ ਸਾਡੇ ਕਲਚਰ, ਸਾਡੇ ਸੁਭਾਅ ਦਾ ਹਿੱਸਾ ਸੀ। ਮੁਹਜਾਲਾਂ ਬਾਰੇ ਇਕ ਗੱਲ ਬੜੀ ਮਸ਼ਹੂਰ ਸੀ...ਸਾਡੇ ਇਥੇ ਮੁਹਜਾਲਾਂ ਦਾ ਇਕ ਭਵਨ ਐ...ਸ਼ਾਇਦ 24 ਸੈਕਟਰ ਵਿਚ...ਇਥੇ ਮਹੀਨਾਵਾਰ ਮੀਟਿੰਗ ਹੁੰਦੀ ਸੀ ਔਰ ਕਹਿੰਦੇ ਨੇ ਜਦੋਂ ਇਹ ਮੀਟਿੰਗ ਹੁੰਦੀ ਸੀ ਤਾਂ ਬਾਂਸ ਬਾਜ਼ਾਰ ਵਿਚ ਬਾਂਸ ਘੱਟ ਪੈ ਜਾਂਦੇ ਸਨ। ਹੁਣ ਮੈਂ ਉਹ ਗੱਲ ਦਸਣੀ ਆਂ-ਇਨ੍ਹਾਂ ਵਿਚੋਂ ਇਕ ਬਣ ਗਿਆ ਆਰੀਆ ਸਮਾਜੀ, ਇਕ ਸਨਾਤਨੀ...ਜਦੋਂ ਮੀਟਿੰਗ ਹੋਈ ਤਾਂ ਆਰੀਆ ਸਮਾਜੀ ਨੇ ਕਿਹਾ ਕਿ ਵਿਧਵਾ ਵਿਆਹ ਹੋਣੇ ਚਾਹੀਦੇ ਨੇ...ਸੈਕਟਰੀ ਜਿਹੜਾ ਸੀ ਉਹ ਸਨਾਤਨ ਧਰਮੀ ਸੀ...ਉਹਨੂੰ ਗੁੱਸਾ ਚੜ੍ਹ ਗਿਆ ਕਿ ਇਹਨੇ ਕਿਹਾ ਤਾਂ ਕਿਹਾ ਕਿਵੇਂ...ਕਹਿੰਦਾ-ਅੱਛਾ, ਤੇਰੀ ਮਾਂ ਵਿਧਵੈ ਤੇ ਮੇਰਾ ਪਿਓ ਰੰਡਵੈ...ਆ ਇਨ੍ਹਾਂ ਦਾ ਵਿਆਹ ਕਰੀਏ...ਕਹਿੰਦੇ ਨੇ ਉਹ ਬਾਂਸ ਚੱਲੇ, ਪੁਛੋ ਨਾ।

ਮੈਨੂੰ ਦੇਖ ਕੇ ਕੋਈ ਦੱਤ ਨਹੀਂ ਸਮਝਦਾ...ਬੰਗਾਲਣ ਸਮਝਦੇ ਨੇ ਤੇ ਫੇਰ ਮੈਨੂੰ ਸਪਸ਼ਟੀਕਰਨ ਦੇਣਾ ਪੈਂਦੈ...ਮੈਂ ਮਜ਼ਾਕ ਕਰਦੀ ਹੁੰਦੀ ਸਾਂ ਕਿ ਆਈ ਐਮ ਸੁਨੀਲ ਦੱਤ'ਸ ਵਰਾਇਟੀ...ਹੁਣ ਮੈਂ ਕਹਿਨੀ ਆਂ ਸੰਜੇ ਦੱਤ ਵਰਾਇਟੀ...ਹਾ...ਹਾ...। ਸੋ ਇਸ ਤਰ੍ਹਾਂ ਦਾ ਪਿਛੋਕੜ ਐ ਮੇਰਾ...।

***ਸਵਾਲ*** : ਭਾਰਤੀ ਸਮਾਜ ਕਿਸੇ ਔਰਤ ਵਲੋਂ ਸ਼ਰਾਬ, ਸਿਗਰਟ ਦੀ ਵਰਤੋਂ ਕਰਨ ਨੂੰ ਹਿਕਾਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਹੈ। ਇਨ੍ਹਾਂ ਕੈਰੀਆਂ ਨਜ਼ਰਾਂ ਦਾ ਮੁਕਾਬਲਾ ਤੁਸੀਂ ਕਿਵੇਂ ਕਰਦੇ ਆਏ ਹੋ?

***ਨਿਰੂਪਮਾ*** : ਮੈਂ 6 ਭਰਾਵਾਂ ਦੀ ਭੈਣ...ਤੇ ਸਾਰੇ ਇਕ ਤੋਂ ਇਕ ਧਾੜਵੀ...ਮੇਰੇ ਵੱਡੇ ਭੈਣਜੀ ਬੱਸ ਦੇਵੀ ਵਾਂਗ ਸਨ...ਬੀਜੀ ਸਾਡੇ ਬੜੇ ਦਲੇਰ ਸਨ...ਜਦੋਂ ਉਨ੍ਹਾਂ ਦਾ ਵਿਆਹ ਹੋਇਆ ਤਾਂ ਡੈਡੀ ਸਾਹਿਬ ਨੇ ਉਨ੍ਹਾਂ ਨੂੰ ਮੂੰਹ ਦਿਖਾਈ ਦਿੱਤੀ-ਸੈਕਸ਼ਪੀਅਰ ਦਾ ਨਾਵਲ 'ਟੇਮਿੰਗ ਆਫ਼ ਦਾ ਸ਼ੂਅ'। ਬੀਜੀ ਕਹਿੰਦੇ-ਮੈਨੂੰ ਬੜਾ ਗੁੱਸਾ ਆਇਆ...ਕਹਿੰਦੇ-ਉਸ ਵੇਲੇ ਤਾਂ ਮੈਂ ਨਾ ਬੋਲੀ ਪਰ ਇਹ ਸੋਚ ਲਿਆ, ਦੇਖਦਿਆਂ ਕੌਣ ਕਿਹਨੂੰ ਪਿਛੇ ਛੱਡਦੈ...ਸਾਡੇ ਪਰਿਵਾਰ ਦੀਆਂ ਸਾਰੀਆਂ ਹੀ ਔਰਤਾਂ ਬੜੀਆਂ ਮਜ਼ਬੂਤ ਸਨ...ਬੀਜੀ ਹੀ ਨਹੀਂ...ਮੇਰੀਆਂ ਚਾਚੀਆਂ ਵੀ ਧੜੱਲੇਦਾਰ ਔਰਤਾਂ ਸਨ। ਐਕਸਪ੍ਰੈੱਸ ਜੁਆਇਨ ਕਰਨ ਤੋਂ ਪਹਿਲਾਂ ਤਾਂ ਮੈਂ ਬੜੀ ਬੀਬੀ ਜਿਹੀ ਬੱਚੀ ਸਾਂ...ਜਦੋਂ ਮੈਂ ਕਾਲਜ ਵਿਚ ਸਾਂ ਤਾਂ ਮੇਰੀਆਂ ਸੇਹਲੀਆਂ ਸਿਗਰਟਾਂ ਪੀਂਦੀਆਂ ਸਨ ਤੇ ਮੈਂ ਕਹਿੰਦੀ ਹੁੰਦੀ ਸਾਂ ਕਿ ਕਿਵੇਂ ਮਾਪਿਆਂ ਦੇ ਪੈਸੇ ਫੂਕ ਰਹੀਆਂ ਨੇ...ਬੀਜੀ ਲਈ ਤਾਂ ਬੀਬੀ ਸੀ ਪਰ ਜਦੋਂ ਘਰ ਦੀ ਹਾਲਤ ਖ਼ਰਾਬ ਹੋਣੀ ਸ਼ੁਰੂ ਹੋਈ ਤਾਂ ਉਨ੍ਹਾਂ ਨੇ ਭਰਾਵਾਂ, ਖ਼ਾਸ ਤੌਰ 'ਤੇ ਛੋਟੇ ਨੂੰ ਕਿਹਾ ਕਿ ਜਦੋਂ ਤਕ ਆਪਣੇ ਪੈਰਾਂ ਸਿਰ ਨਹੀਂ ਹੋ ਜਾਂਦੇ, ਉਦੋਂ ਤਕ ਸ਼ਰਾਬ, ਸਿਗਰਟ 'ਤੇ ਪੈਸੇ ਨਾ

ਫੂਕਣਾ। ਉਨ੍ਹਾਂ ਨੇ ਵੀ ਫੇਰ ਜਿਉਂ ਹੀ ਨੌਕਰੀ ਲੱਗੀ ਤਾਂ ਖੁੱਲ੍ਹੇਆਮ ਸਿਗਰਟਾਂ ਦੇ ਧੂੰਏ ਉਡਾਏ...ਅੱਛਾ ਹੁਣ ਘਰ ਵਿਚ ਮੈਨੂੰ ਭਰਾਵਾਂ ਦੇ ਬਰਾਬਰ ਹੱਕ ਮਿਲੇ ਹੋਏ ਸਨ ਤੇ ਮੈਨੂੰ ਵੀ ਲੱਗਾ ਕਿ ਮੇਰੇ ਲਈ ਵੀ ਹੁਣ ਇਹ ਰੂਲ ਨੇ...ਮੈਂ ਸਿਗਰਟ ਤਾਂ ਪੀਤੀ ਪਰ ਸ਼ਰਾਬ ਹਾਲੇ ਸ਼ੁਰੂ ਨਹੀਂ ਸੀ ਕੀਤੀ...ਨਾਲੇ ਸਿਗਰਟ ਦੇ ਮਾਮਲੇ ਵਿਚ ਤਾਂ ਅੰਮ੍ਰਿਤਾ ਸਾਡੇ ਲਈ ਆਦਰਸ਼ ਸੀ। ਉਸ ਵੇਲੇ ਸਿਗਰਟ ਪੀਣਾ ਬੌਧਿਕਤਾ ਨਾਲ ਜੋੜਿਆ ਜਾਂਦਾ ਸੀ...ਇਹ ਵੀ ਵਹਿਮ ਸੀ ਕਿ ਲਿਖਣ ਵਾਸਤੇ ਥੋਡੇ ਲਈ ਸਿਗਰਟ ਬਹੁਤ ਜ਼ਰੂਰੀ ਐ...। ਜਦੋਂ ਮੈਂ 'ਇੰਡੀਅਨ ਐਕਸਪ੍ਰੈੱਸ' ਵਿਚ ਸਾਂ ਤਾਂ ਉਥੇ ਬੜੀਆਂ ਸਮਾਰਟ ਜਿਹੀਆਂ ਕੁੜੀਆਂ ਸਨ...ਜਦੋਂ ਟਰੇਨਿੰਗ ਚੱਲ ਰਹੀ ਸੀ ਤਾਂ ਮੈਂ ਡੈਸਕ 'ਤੇ 'ਕੱਲੀ ਹੁੰਦੀ ਸਾਂ...ਕੋਈ ਦੋਸਤ ਨਹੀਂ ਸੀ...ਉਨ੍ਹਾਂ ਨੇ ਜਦੋਂ ਸਿਗਰਟ ਪੀਣ ਜਾਣਾ ਤਾਂ ਮੈਨੂੰ ਪੁਛਣਾ...ਤਦ ਤੱਕ ਮੈਂ ਪੀਤੀ ਨਹੀਂ ਸੀ ਤੇ ਮੈਂ ਕਹਿਣਾ ਹਾਂ ਜ਼ਰੂਰ...ਤੇ ਮੈਂ ਉਨ੍ਹਾਂ ਨਾਲ ਕਸ਼ ਲੈਣ ਚਲੇ ਜਾਣਾ...ਮੈਨੂੰ ਇਹ ਹੁੰਦਾ ਸੀ ਕਿ ਮੈਂ ਗਰੁੱਪ ਨਾਲ ਜਾ ਰਹੀ ਆਂ...ਮੇਰੇ ਦੋਸਤ ਬਣ ਰਹੇ ਨੇ...ਮੈਨੂੰ ਸਿਗਰਟ ਪੀਣਾ ਨਹੀਂ ਸੀ ਆਉਂਦਾ..ਪਤਾ ਹੀ ਨਹੀਂ ਸੀ ਕਿ ਕਸ਼ ਕਿਵੇਂ ਖਿਚੀਦੈ...ਕੁੜੀਆਂ ਨੇ ਮੈਨੂੰ ਸਿਗਰਟ ਦਿੱਤੀ ਤਾਂ ਮੈਂ ਕਿਹਾ, ਨਹੀਂ ਨਹੀਂ...ਮੈਂ ਥੋਡੇ ਨਾਲ ਹੀ ਇਕ-ਦੋ ਕਸ਼ ਲੈ ਲਵਾਂਗੀ...ਕਿਉਂਕਿ ਮੈਨੂੰ ਤਾਂ ਬਾਲਣੀ ਵੀ ਨਹੀਂ ਸੀ ਆਉਂਦੀ..ਉਨ੍ਹਾਂ ਨੇ ਜਦੋਂ ਆਪਣੀ ਸਿਗਰਟ ਮੈਨੂੰ ਦੇਣੀ ਤਾਂ ਮੂੰਹ ਵਿਚ ਲੈ ਕੇ ਭਾਫ਼ ਇਧਰ-ਉਧਰ ਕਰ ਦੇਣੀ...। ਉਦੋਂ ਮੇਰੀ ਇਕ ਦੋਸਤ ਹੁੰਦੀ ਸੀ, ਉਹਨੇ ਮੈਨੂੰ ਦੱਸਿਆ ਕਿ ਉਸ ਨੇ ਪਾਣੀ ਪੀ ਪੀ ਕੇ ਸਿਗਰਟ ਪੀਣਾ ਸਿਖਿਐ...ਜਦੋਂ ਮੈਂ ਦੋ ਹਫ਼ਤੇ ਲਈ ਦਿੱਲੀ ਜਾਣਾ ਤਾਂ ਉਥੇ ਕੈਫ਼ੇ ਵਿਚ ਜਾ ਕੇ ਮੈਂ ਸਿਗਰਟ ਪੀਣਾ ਸਿੱਖਿਆ...ਉਥੇ ਸਾਰੇ ਹੀ ਪੀਂਦੇ ਸਨ...ਸੋ, ਐਕਸਪ੍ਰੈੱਸ ਵਿਚ ਬੈਠ ਕੇ ਤਾਂ ਪੀ ਲੈਂਦੀ ਸਾਂ ਕਿਉਂਕਿ ਉਥੇ ਕੋਈ ਮਨਾਹੀ ਨਹੀਂ ਸੀ...ਸਾਡੇ ਸੀਨੀਅਰ ਤਾਂ ਹੱਥ ਵਿਚ ਡਰਿੰਕ ਲੈ ਕੇ, ਸਿਗਰਟ ਫੜ ਕੇ ਲੈਕਚਰ ਵੀ ਦੇ ਦਿੰਦੇ ਸਨ...ਅੱਜ ਕੱਲ੍ਹ ਤਾਂ ਤੁਸੀਂ ਇਹ ਕੁਝ ਨਹੀਂ ਕਰ ਸਕਦੇ...ਉਸ ਤੋਂ ਬਾਅਦ ਮੈਂ ਆਪਣੇ ਵੱਡੇ ਭਰਾ ਨਾਲ ਡਰਿੰਕ ਲੈਣੀ ਸ਼ੁਰੂ ਕੀਤੀ...ਕਿਉਂਕਿ ਉਸ ਵੇਲੇ 'ਕੱਲੀ ਕੁੜੀ ਜਾ ਕੇ ਤਾਂ ਖ਼ਰੀਦ ਨਹੀਂ ਸੀ ਸਕਦੀ ਤੇ ਪ੍ਰੈੱਸ ਕਲੱਬ 'ਚ ਹਾਲੇ ਸੀ ਨਹੀਂ...ਉਹ ਵੀ ਸਿਪ ਕੁ ਲੈ ਲੈਣੀ...ਸਿਪ ਕੁ ਤਾਂ ਵੈਸੇ ਵੀ ਸਾਡੇ ਟੱਬਰ ਵਿਚ ਉਂਜ ਹੀ ਦੇ ਦਿੰਦੇ ਸਨ...ਸਿਗਰਟ ਮੈਂ ਛੁਪ ਕੇ ਪੀਂਦੀ ਸਾਂ, ਬਾਥਰੂਮ ਵਿਚ ਜਾ ਕੇ...ਬਾਕੀ ਘਰ ਵਿਚ ਧੂੰਆਂ ਤਾਂ ਹੁੰਦਾ ਹੀ ਸੀ...ਮੇਰੀ ਭਾਬੀ ਪੀਂਦੀ ਸੀ...ਮੇਰੇ ਭਰਾ ਪੀਂਦੇ ਸਨ...ਭਾਬੀ ਮੇਰੀ ਬੜੀ ਸਮਾਰਟ ਔਰਤ ਸੀ...ਇਕ ਦਿਨ ਕਿਤੇ ਮੈਂ ਬਾਥਰੂਮ ਵਿਚ ਜਾ ਕੇ ਸਿਗਰਟ ਪੀਤੀ...ਉਸ ਤੋਂ ਬਾਅਦ ਬੀਜੀ ਚਲੇ ਗਏ...ਜਦੋਂ ਉਨ੍ਹਾਂ ਨੂੰ ਪਤਾ ਚਲਿਆ ਤਾਂ ਬਾਹਰ ਆ ਕੇ ਉਨ੍ਹਾਂ ਨੇ ਮੇਰੇ ਕੱਸ ਕੇ ਚੰਡ ਮਾਰੀ...ਬੜਾ ਰੋਣਾ-ਪਿੱਟਣਾ ਪਿਆ। ਮੈਂ ਕਿਹਾ, ਤੁਸੀਂ ਬੜਾ ਫ਼ਰਕ ਕਰਦੇ ਓ...ਤੁਸੀਂ ਈ ਤਾਂ ਮੁੰਡਿਆਂ ਨੂੰ ਕਿਹਾ ਸੀ ਕਿ ਜਦੋਂ ਥੋਡੀ ਨੌਕਰੀ ਲੱਗ ਜਾਏ ਤਾਂ ਤੁਸੀਂ ਪੀਣਾ, ਉਸ ਤੋਂ ਪਹਿਲਾਂ ਨਹੀਂ...ਮੈਂ ਕਿਹਾ, ਮੇਰੇ ਵਾਸਤੇ ਵੀ ਉਹੀ ਰੂਲ ਹੋਣੇ ਚਾਹੀਦੇ ਨੇ...ਬਾਅਦ ਵਿਚ ਉਨ੍ਹਾਂ ਨੇ ਮੈਨੂੰ ਕਹਿਣਾ ਛੱਡ ਦਿੱਤਾ...।

ਮੈਂ ਤੁਹਾਨੂੰ ਆਪਣੀ ਖ਼ੁਦਕੁਸ਼ੀ ਦੀ ਕੋਸ਼ਿਸ਼ ਦਾ ਕਿੱਸਾ ਸੁਣਾਉਂਦੀ ਹਾਂ...ਕਿਉਂਕਿ ਇਥੇ ਨਾਲ ਰਲਦੈ...। ਬੀਜੀ ਨੇ ਜਦੋਂ ਮੈਨੂੰ ਥੱਪੜ ਮਾਰਿਆ ਤਾਂ '79 ਦੀ ਗੱਲ ਐ...ਫਰਵਰੀ 1980 ਵਿਚ ਪਿਆਰ ਤੋਂ ਨਿਰਾਸ਼ ਹੋ ਕੇ ਮੈਂ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ...ਉਨ੍ਹਾਂ ਵੇਲਿਆਂ ਦੀ ਗੱਲ ਐ ਜਦੋਂ ਐਕਸਪ੍ਰੈੱਸ ਵਿਚ ਮੈਨੂੰ ਸਾਰੇ ਬੜਾ ਪਿਆਰ ਕਰਦੇ ਸਨ...ਮੈਂ ਸਟਾਰ ਵਾਂਗ ਸਾਂ ਉਥੇ...ਮੈਂ ਟਿਕ ਟਵੰਟੀ ਤੇ ਕੰਪੋਜ਼ ਦੀਆਂ ਚਾਰ ਗੋਲੀਆਂ ਲੈ ਲਈਆਂ...ਮੈਨੂੰ ਪਤਾ ਨਹੀਂ ਸੀ ਕਿ ਟਿਕ ਟਵੰਟੀ ਦੀ ਬੇਸ ਕੈਰੋਸਿਨ ਤੇਲ ਵਾਲੀ ਹੁੰਦੀ ਐ...ਉਲਟੀਆਂ-ਟੱਟੀਆਂ ਲੱਗ ਗਈਆਂ...ਸਰੀਰ ਵਿਚ ਜਾਨ ਘੱਟ ਗਈ...ਇਧਰ-ਉਧਰ ਡਿੱਗਦੀ ਫਿਰਾਂ...ਬੀਜੀ ਦੀ ਨੀਂਦ ਖੁੱਲ੍ਹ ਗਈ...ਉਨ੍ਹਾਂ ਸੋਚਿਆ ਮੈਂ ਡਰਿੰਕ ਕਰਕੇ ਆਈ ਆਂ...ਕਹਿੰਦੇ, ਇਹ ਵੀ ਆਪਣੇ ਭਰਾਵਾਂ ਤੋਂ ਘੱਟ ਨਹੀਂ...ਵਗੈਰਾ ਵਗੈਰਾ...ਮੈਂ ਬਾਕਾਇਦਾ ਖ਼ੁਦਕੁਸ਼ੀ ਨੋਟ ਲਿਖਿਆ-ਮੇਰੀ ਸਿਲਾਈ ਵਾਲੀ ਮਸ਼ੀਨ (ਮੈਂ ਕਰਜ਼ਾ ਲੈ ਕੇ ਖ਼ਰੀਦੀ ਹੋਈ ਸੀ), ਪੱਥਰ, ਪੇਟਿੰਗ ਫਲਾਣੇ ਫਲਾਣੇ ਨੂੰ ਦੇ ਦੇਣਾ...ਹਾ...ਹਾ...। ਬੀਜੀ ਨੇ ਸੋਚਿਆ ਸ਼ਰਾਬ ਦੇ ਨਸ਼ੇ ਵਿਚ ਬੋਲੀ ਜਾਂਦੀ ਐ...ਉਨ੍ਹਾਂ ਇਕ ਜ਼ੋਰ ਦਾ ਥੱਪੜ ਜੜਿਆ...ਮੈਂ ਫੇਰ ਦੱਸਿਆ ਕਿ ਮੈਂ ਤਾਂ ਕੰਪੋਜ਼ ਲਈ ਐ ਤਾਂ ਬੀਜੀ ਫਟਾ-ਫਟ ਅੰਦਰ ਗਏ...ਨਮਕ ਵਾਲਾ ਪਾਣੀ ਬਣਾ ਕੇ ਲਿਆਏ...ਜਦੋਂ ਮੈਂ ਪੀਤਾ ਤਾਂ ਅੰਦਰੋਂ ਮਾਸ ਦੇ ਟੁਕੜੇ ਨਿਕਲਣ...ਵੱਡਾ ਭਰਾ ਕਿਉਂਕਿ ਮੈਡੀਕਲ ਰਿਪਰਿਜ਼ੈਂਟੇਟਿਵ ਸੀ...ਉਹ ਕਹਿੰਦਾ ਬੀਜੀ ਇਹਨੇ ਕੁਝ ਹੋਰ ਖਾਧੈ...ਰਾਤੀ ਦੋ ਵਜੇ ਆਟੋ ਲਿਆਂਦਾ ਤੇ ਮੈਨੂੰ ਹਸਪਤਾਲ ਲੈ ਕੇ ਗਏ...15 ਕੁ ਦਿਨ ਮੈਂ ਪੀ.ਜੀ.ਆਈ. ਰਹੀ...ਉਨ੍ਹਾਂ ਨੂੰ ਡਰ ਸੀ ਕਿ ਸਰੀਰਕ ਤੌਰ 'ਤੇ ਕਈ ਸਮੱਸਿਆਵਾਂ ਆਉਣਗੀਆਂ...ਇਕ ਇੰਜੈਕਸ਼ਨ ਬੜੀ ਮੁਸ਼ਕਲ ਨਾਲ ਮਿਲਿਆ...ਜੇ ਨਾ ਮਿਲਦਾ ਤਾਂ ਪੂਰਾ ਖ਼ੂਨ ਬਦਲਣਾ ਪੈਣਾ ਸੀ...ਪੀ.ਜੀ.ਆਈ. ਵਾਲਿਆਂ ਨੇ ਕਹਿ ਦਿੱਤਾ ਸੀ ਕਿ ਇਹ ਗੰਭੀਰ ਮਾਨਸਿਕ ਪੀੜਾ ਵਿਚੋਂ ਲੰਘ ਰਹੀ ਐ ਤੇ ਇਹਨੂੰ ਇਲਾਜ ਦੀ ਜ਼ਰੂਰਤ ਐ... ਦਵਾਈਆਂ ਖਾ ਕੇ ਮੈਂ ਸਾਰਾ ਦਿਨ ਸੁੱਤੀ ਰਹਿੰਦੀ ਸਾਂ...ਚਾਰ ਦਿਨਾਂ ਮਗਰੋਂ ਜਦੋਂ ਮੈਂ ਐਮਰਜੈਂਸੀ ਵਿਚੋਂ ਬਾਹਰ ਆਈ...ਬੀਜੀ ਬਾਹਰ ਕਾਰੀਡੋਰ ਵਿਚ ਬੈਠੇ ਹੋਏ ਤੇ ਦੋ ਜ਼ਨਾਨੀਆਂ ਆਪੋ ਵਿਚੀਂ ਬੈਠੀਆਂ ਗੱਲਾਂ ਕਰ ਰਹੀਆਂ ਸਨ-ਇਥੇ ਪੜ੍ਹੀ-ਲਿਖੀ ਇਕ ਕੁੜੀ ਆਈ ਹੋਈ ਐ...ਬੜੀ ਲਾਇਕ ਸੀ ਪਰ ਉਹਦਾ ਦਿਮਾਗ਼ ਖ਼ਰਾਬ ਹੋ ਗਿਐ...ਬੀਜੀ ਤਾਂ ਸੁਣ ਕੇ ਪਸੀਨੋ-ਪਸੀਨੇ ਹੋ ਗਏ...।

ਜਿਹੜਾ ਤੁਸੀਂ ਸਵਾਲ ਪੁਛਿਐ, ਉਹਦੇ ਨਾਲ ਇਸ ਤਰ੍ਹਾਂ ਸਬੰਧ ਜੁੜਦੈ ਕਿ ਜਦੋਂ ਤੁਸੀਂ ਸਮਾਜ ਦੇ ਮਨਜ਼ੂਰਸ਼ੁਦਾ ਰਾਹ 'ਤੇ ਨਹੀਂ ਹੋ ਤੇ ਤੁਹਾਨੂੰ ਐਡਜਸਟ ਕਰਨਾ ਮੁਸ਼ਕਲ ਹੁੰਦੈ...ਰਲਵੀਆਂ-ਮਿਲਵੀਆਂ ਕਦਰਾਂ-ਕੀਮਤਾਂ...ਇਕ ਪਾਸੇ ਤੁਸੀਂ ਸਮਾਜ ਨਾਲ ਜੁੜੇ ਓ, ਦੂਜੇ ਪਾਸੇ ਉਨ੍ਹਾਂ ਰਵਾਇਤਾਂ ਨੂੰ ਤੋੜ ਵੀ ਰਹੇ ਹੋ...। ਡਾਕਟਰਾਂ ਨੇ ਮੇਰੇ ਕਾਰਡ 'ਤੇ ਲਿਖਿਆ ਸੀ-ਗੰਭੀਰ ਮਾਨਸਿਕ ਰੋਗੀ, ਡਰੱਗ ਥਰੈਪੀ, ਹਵਾ-ਪਾਣੀ ਬਦਲਣ ਦੀ ਸਲਾਹ...ਜੇ ਨਹੀਂ ਠੀਕ ਹੁੰਦਾ ਤਾਂ ਇਲੈਕਟ੍ਰਿਕ ਸ਼ਾਰਟ ਦੀ ਵੀ ਲੋੜ ਪੈ ਸਕਦੀ ਐ...ਜ਼ਾਹਰ ਐ ਇਹ ਪੁਲੀਸ ਕੇਸ ਵੀ ਬਣਨਾ ਸੀ...ਜਦੋਂ ਪੁਲੀਸ ਨੇ ਪੁਛਿਆ ਤਾਂ ਮੈਂ ਦੱਸਿਆ ਕਿ ਸਿਰ ਦੁੱਖ ਰਿਹਾ ਸੀ ਤੇ ਗ਼ਲਤੀ ਨਾਲ ਮਾਂ ਦੀ ਕੰਪੋਜ਼ ਲੈ ਲਈ...। ਜੇ ਮੈਂ ਮਰ ਜਾਂਦੀ ਤਾਂ ਮੇਰੇ ਪ੍ਰੇਮੀ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਹੋਣਾ... ਨਾ ਉਹਨੂੰ ਕੋਈ ਫ਼ਰਕ ਪੈਣਾ ਸੀ। ਹਾ...ਹਾ...। ਉਦੋਂ ਇਕ ਐਮੀਰਕਨ ਥੈਰੇਪਿਸਟ ਆਇਆ ਹੋਇਆ ਸੀ...ਉਹ ਐਂਟੀ ਥੈਰੇਪਿਸਟ ਸੀ...ਨੌਜਵਾਨ ਸੀ ਬੋਰਿੰਗ ਜਿਹਾ...ਆ ਕੇ ਮੇਰੇ ਕੋਲ ਬਹਿ ਜਾਂਦਾ ਸੀ ਤੇ ਨੋਟਸ ਲੈਂਦਾ ਰਹਿੰਦਾ ਸੀ...ਮੈਂ ਸੱਚ ਦੱਸੀ ਜਾਣਾ ਤੇ ਸ਼ਾਇਦ ਮੈਨੂੰ ਹੋਰ ਪਾਗ਼ਲ ਸਮਝਦਾ ਹੋਣੈ...ਖ਼ੈਰ, ਜਿਸ ਦਿਨ ਮੈਂ ਵਾਪਸ ਜਾ ਰਹੀ ਸਾਂ...ਤਾਂ ਭੱਜਿਆ ਭੱਜਿਆ ਮੇਰੇ ਕੋਲ ਆਇਆ...ਉਹ ਬੀਜੀ ਨੂੰ ਕਹਿੰਦਾ, ਇਹਨੂੰ ਵਾਪਸ ਨਾ ਇੱਥੇ ਲੈ ਕੇ ਆਉਣਾ...ਦਵਾਈ ਬੰਦ ਕਰ ਦੇਣਾ, ਜੇ ਬਹੁਤ ਹੀ ਲੋੜ ਪਵੇ ਤਾਂ ਅੱਧੀ ਗੋਲੀ ਦੇਣਾ... ਇਹਨੂੰ ਕੁਝ ਨਹੀਂ ਹੋਇਆ... ਇਹ ਜਿਵੇਂ ਦੀ ਐ, ਇਹਨੂੰ ਇਵੇਂ ਦੀ ਰਹਿਣ ਦਿਓ। ਬੱਸ ਫੇਰ ਆਪਣੀ ਸਿਗਰਟ ਵੀ ਖੁੱਲ੍ਹ ਗਈ...ਫੇਰ ਬੀਜੀ ਕਹਿਣ...ਸਿਗਰਟ ਪੀ....ਹਾ...ਹਾ...। ਡਰਿੰਕਿੰਗ ਮੇਰੀ ਪ੍ਰੈੱਸ ਕਲੱਬ ਤੋਂ ਸ਼ੁਰੂ ਹੋਈ...ਦਰਅਸਲ, ਇਥੋਂ ਖੁੱਲ੍ਹ ਮਿਲੀ, ਉਂਜ ਤਾਂ ਭਰਾ ਖ਼ਰੀਦ ਕੇ ਦੇਣ ਜਾਂ ਦੋਸਤ ਲੈ ਕੇ ਦੇਣ...ਪ੍ਰੈੱਸ ਕਲੱਬ ਜਾਣਾ... ਸਟੂਲ 'ਤੇ ਬੈਠਣਾ...ਤਿੰਨ ਰੁਪਏ ਦਾ ਗਿਲਾਸ ਹੁੰਦਾ ਸੀ ਉਦੋਂ...ਅਸਲ ਵਿਚ ਮੈਨੂੰ ਘਰੋਂ ਤੇ ਦਫ਼ਤਰੋਂ ਪੂਰੀ ਸਪੋਰਟ ਮਿਲੀ... ਉਥੇ ਦੋ-ਤਿੰਨ ਹੋਰ ਕੁੜੀਆਂ ਆਈਆਂ, ਚੰਗੇ ਘਰਾਂ ਤੋਂ ਸਨ... ਉਹ ਸਿਗਰਟ ਪੀਂਦੀਆਂ ਸਨ... ਉਨ੍ਹੀਂ ਦਿਨੀਂ ਅਸੀਂ ਨਿਊਜ਼ ਰੂਮ ਵਿਚ ਪੀਂਦੇ ਸਾਂ...ਮੈਂ ਨਾਲ ਨਾਲ ਟਾਈਪ ਕਰੀ ਜਾਣਾ ਤੇ ਨਾਲ ਸਿਗਰਟ ਸੁਲਗਾਈ ਜਾਣਾ... ਉਨ੍ਹਾਂ ਵਿਚੋਂ ਇਕ ਕੁੜੀ ਹੁੰਦੀ ਸੀ ਜੋ ਬਹੁਤ ਬੁਰਾ ਮੰਨਦੀ ਸੀ...ਕਹਿੰਦੀ ਹੁੰਦੀ ਸੀ ਕਿ ਸ਼ਰਾਬ ਤਾਂ ਗ਼ਲਤ ਬੰਦੇ ਪੀਂਦੇ ਨੇ ਪਰ ਅੱਜ ਉਹ ਟਕਾ ਕੇ ਵਾਈਨ ਪੀਂਦੀ ਐ...ਕੁਝ ਦੌਰ ਦਾ, ਮਾਹੌਲ ਦਾ ਵੀ ਅਸਰ ਹੁੰਦੈ...ਜਿਹੜੀਆਂ ਉਦੋਂ ਨਹੀਂ ਸੀ ਪੀਂਦੀਆਂ, ਅੱਜ ਪੀ ਲੈਂਦੀਆਂ ਨੇ...। ਸਾਡੇ ਨਿਊਜ਼ ਐਡੀਟਰ ਹੁੰਦੇ ਸਨ ਜਸਵੰਤ ਸਿੰਘ, ਟ੍ਰਿਬਿਊਨ ਤੋਂ ਆਏ ਸਨ... ਉਹ ਉਨ੍ਹਾਂ ਕੁੜੀਆਂ ਨੂੰ ਮੂੰਹ 'ਤੇ ਹੀ ਕਹਿ ਦਿੰਦੇ ਸਨ ਕਿ 'ਆਈ ਡੌਂਟ ਲਾਈਕ ਦਿਸ...ਕੁੜੀਆਂ ਸ਼ਰਾਬ-ਸਿਗਰਟ ਪੀਂਦੀਆਂ ਚੰਗੀਆਂ ਨਹੀਂ ਲਗਦੀਆਂ।' ਉਨ੍ਹਾਂ ਅੱਗੋਂ ਕਹਿਣਾ-ਨੀਰੂ ਵੀ ਤਾਂ ਪੀਂਦੀ ਐ... ਉਨ੍ਹਾਂ ਕਹਿਣਾ, ਨਈਂ...ਨਈਂ ਨੀਰੂ ਦੀ ਗੱਲ ਹੋਰ ਐ...। ਸ਼ਾਇਦ ਮੈਂ ਮਿਹਨਤ ਬਹੁਤ ਕਰਦੀ ਸੀ ਤੇ ਉਨ੍ਹਾਂ ਨੂੰ ਇਸ ਕਰਕੇ ਮੇਰਾ ਸਿਗਰਟ ਵਗੈਰਾ ਪੀਣਾ ਬੁਰਾ ਨਹੀਂ ਸੀ ਲਗਦਾ।

***ਸਵਾਲ*** : ਤੁਹਾਨੂੰ ਆਪਣੀ ਇਸ ਜੀਵਨ ਸ਼ੈਲੀ ਦੇ ਚਲਦਿਆਂ ਕਦੇ ਕਿਸੇ ਅਣਸੁਖਾਵੇਂ ਮਾਹੌਲ ਵਿਚੋਂ ਲੰਘਣਾ ਪਿਆ ਹੋਵੇ, ਕਿਸੇ ਘਟਨਾ ਦਾ ਜ਼ਿਕਰ ਕਰਨਾ ਚਾਹੋਗੇ?

***ਨਿਰੂਪਮਾ*** : ਅਣਸੁਖਾਵਾਂ ਇਸ ਤਰ੍ਹਾਂ ਲੱਗਾ ਕਿ ਜਦੋਂ ਜਵਾਨੀ ਵੀ ਨਿਕਲ ਗਈ...ਮੈਂ 40 ਸਾਲ ਕੁ ਦੀ ਸੀ...'ਇੰਡੀਅਨ ਐਕਸਪ੍ਰੈੱਸ' ਵਿਚ ਹੀ ਸਾਂ ਉਦੋਂ ਵੀ... ਉਦੋਂ ਤਕ ਏ.ਸੀ. ਲੱਗ ਗਏ ਸਨ ਨਿਊਜ਼ ਰੂਮ ਵਿਚ ਤੇ ਏ.ਸੀ. ਵਿਚ ਬੈਠ ਕੇ ਤੁਸੀਂ ਸਿਗਰਟ ਨਹੀਂ ਪੀ ਸਕਦੇ...ਬਾਹਰ ਕਮਰਾ ਬਣਿਆ ਹੋਇਆ ਸੀ...ਸੋਫ਼ੇ ਦੇ ਨਾਲ ਹੀ ਵੱਡੀਆਂ ਵੱਡੀਆਂ ਐਸ਼ ਟਰੇਅ ਪਈਆਂ ਹੁੰਦੀਆਂ ਸਨ... ਉਦੋਂ ਜਨਸੱਤਾ ਤੋਂ ਇਕ ਲੜਕਾ ਸੀ ਰੌਸ਼ਨ (ਜਨਸੱਤਾ ਦਾ ਰੂਮ ਵੀ ਸਾਡੇ ਨਾਲ ਹੀ ਹੁੰਦਾ ਸੀ) ਮੇਰੇ ਕੋਲ ਆਇਆ ਤੇ ਆਉਂਦਿਆਂ ਹੀ ਮੇਰੀਆਂ ਦੋ ਉਂਗਲਾਂ ਮਰੋੜੀਆਂ ਤੇ ਸਿਗਰਟ ਖੋਹ ਲਈ...ਮੈਂ ਜਾ ਕੇ ਐਡੀਟਰ ਨੂੰ ਸ਼ਿਕਾਇਤ ਕਰ ਦਿੱਤੀ...ਕਿਉਂਕਿ ਉਦੋਂ ਕੋਈ ਸਿਗਰਟ 'ਤੇ ਪਾਬੰਦੀ ਵੀ ਨਹੀਂ ਸੀ...ਅਗਲੇ ਦਿਨ ਫੇਰ ਉਹਨੇ ਮੇਰੇ ਕੋਲੋਂ ਮੁਆਫ਼ੀ ਮੰਗੀ। ਉਦੋਂ ਆਰ.ਐਸ.ਐਸ. ਵਾਲਿਆਂ ਤੋਂ ਚਿੜ ਹੋਣੀ ਸ਼ੁਰੂ ਹੋਈ ਕਿ ਅੱਜ ਕਹਿ ਰਹੇ ਨੇ ਕਿ ਤੇਰੀ ਸਿਗਰਟ ਚੰਗੀ ਨਹੀਂ ਲਗਦੀ...ਕੱਲ੍ਹ ਨੂੰ ਕਹਿਣਗੇ ਤੇਰੀ ਸ਼ਕਲ ਚੰਗੀ ਨਹੀਂ ਲਗਦੀ...ਵੱਟ ਦਿਸ ਨੌਨਸੈਂਸ...ਸਾਡਾ ਹਰਿਆਣਾ ਦਾ ਰਿਪੋਰਟਰ ਸੀ ਵਿਜਅਨ ਜੇਤਲੀ... ਉਹ ਦੂਜੀਆਂ ਕੁੜੀਆਂ ਨੂੰ ਕਹਿੰਦਾ ਹੁੰਦਾ ਸੀ...ਡੌਂਟ ਬੀ ਲਾਈਕ ਨਿਰੂਪਮਾ...ਬ੍ਰਾਹਮਣ ਪਰਿਵਾਰਾਂ ਦੀਆਂ ਕੁੜੀਆਂ ਸਿਗਰਟਾਂ ਨਹੀਂ ਪੀਂਦੀਆਂ... ਉਹਦੇ ਕੋਲੋਂ ਦੂਰ ਰਿਹਾ ਕਰੋ...। ਮੈਂ ਮੰਨਦੀ ਆਂ ਸਿਗਰਟ ਸਰੀਰ ਲਈ ਠੀਕ ਨਹੀਂ...ਪਰ ਸਾਰੀਆਂ ਚੀਜ਼ਾਂ...ਭ੍ਰਿਸ਼ਟਾਚਾਰ, ਚੋਰੀ, ਠੱਗੀ ਨੂੰ ਤੁਸੀਂ ਜਾਇਜ਼ ਠਹਿਰਾਓ ਤੇ ਇਕ ਸਿਗਰਟ ਨੂੰ ਤੁਸੀਂ ਭੰਡਣਾ ਸ਼ੁਰੂ ਕਰ ਦਿਓ...ਇਹ ਕਿਥੋਂ ਤਕ ਜਾਇਜ਼ ਹੈ...ਡਰਿੰਕਿੰਗ ਮੇਰੀ ਕਦੇ ਜ਼ਿਆਦਾ ਨਹੀਂ ਹੋਈ...ਬੱਸ ਮਸਾਂ ਡੇਢ ਕੁ ਪੈੱਗ...ਕਦੇ ਓਵਰ ਡਰੰਕ ਨਹੀਂ ਹੋਈ...ਨਾਲੇ ਏਨੇ ਪੈਸੇ ਵੀ ਨਹੀਂ ਸਨ ਹੁੰਦੇ...ਮੇਰੇ ਨਾਲ ਇਕ ਸੁਸ਼ੀਲ ਬਾਲੀ ਹੁੰਦਾ ਸੀ... ਉਹਨੇ ਮੇਰੇ ਵਾਸਤੇ ਰਮ ਦਾ ਇਕ ਪੈੱਗ ਆਰਡਰ ਕਰਨਾ...ਗਰਮ ਪਾਣੀ ਪਾ ਕੇ ਪੀ ਲੈਣਾ....ਮੈਂ ਕਹਿਣਾ-ਥੈਂਕ ਯੂ ਬਾਲੀ ਸਾਹਿਬ ਨੋ ਮੋਰ... ਉਨ੍ਹਾਂ ਨੇ ਕਹਿਣਾ-ਹਾਫ਼ ਵਨ...ਬੱਸ ਇਸ ਕਰਕੇ ਡੇਢ ਤੋਂ ਕਦੇ ਵਧਿਆ ਹੀ ਨਹੀਂ...ਕਈ ਸਾਲ ਉਨ੍ਹਾਂ ਨੇ ਮੈਨੂੰ ਡੇਢ ਪੈੱਗ ਪਿਲਾਇਆ...ਹਾ...ਹਾ...। ਪ੍ਰੈੱਸ ਕਲੱਬ ਘਰ ਦੇ ਰਸਤੇ ਵਿਚ ਹੀ ਸੀ ਤੇ ਏਨੇ ਸਾਲ ਡੇਢ ਪੈੱਗ ਬਾਲੀ ਸਾਹਿਬ ਦੇ ਖਾਤੇ ਵਿਚੋਂ ਹੀ ਗਿਆ...।



1977 : ਗੁਜਰਾਤੀ ਲੇਖਕ ਉਮਾ ਸ਼ੰਕਰ ਜੋਸ਼ੀ ਨਾਲ।

## ਵਾਪਸੀ ਦਾ ਦੌਰ

***ਸਵਾਲ*** : ਪੰਜਾਬ ਵਿਚ ਕਾਲੇ ਦਿਨਾਂ ਦੇ ਦੌਰ ਦੌਰਾਨ ਤੁਹਾਡੀ ਕਲਮ ਖ਼ੂਬ ਬੋਲਦੀ ਰਹੀ। ਕਿਸ ਤਰ੍ਹਾਂ ਦਾ ਹੈ ਤੁਹਾਡੇ ਮਨ 'ਤੇ ਉਸ ਸੰਤਾਪੇ ਹੋਏ ਦੌਰ ਦਾ ਅਸਰ?

***ਨਿਰੂਪਮਾ*** : ਬਹੁਤ ਦਰਦਨਾਕ ਦੌਰ ਸੀ...ਹਰ ਦਿਸ਼ਾ ਵਿਚ ਵਾਪਸੀ ਦਾ ਦੌਰ ਸੀ...ਚਾਹੇ ਉਹ ਸਾਹਿਤ ਹੋਵੇ, ਚਾਹੇ ਉਹ ਕਲਾ ਦਾ ਖੇਤਰ ਹੋਵੇ, ਲਗਦਾ ਸੀ ਇਹ ਸਭ ਖ਼ਤਮ ਹੋ ਗਿਐ...ਜਿਵੇਂ ਹੁਣ ਕਦੇ ਮੁੜਨਾ ਹੀ ਨਹੀਂ। ਪਾਤਰ ਦੀਆਂ ਹੀ ਲਾਈਨਾਂ ਸਨ-ਢਾਈ ਨਦੀਆਂ ਦਾ ਪੰਜਾਬ ਹੋਵੇਗਾ... ਜਾਂ ਮੇਰਾ ਕਾਤਲ ਨਹੀਂ ਕੋਈ, ਮੇਰੇ ਹੱਥੋਂ ਕਿਸੇ ਦੀ ਹਤਿਆ ਨਹੀਂ ਹੋਈ...। ਉਸ ਦੌਰ ਦਾ ਰਿਸ਼ਤਿਆਂ 'ਤੇ ਵੀ ਅਸਰ ਪਿਆ...ਇਹ ਨਹੀਂ ਸੀ ਕਿ ਕੋਈ ਲਹਿਰ ਚੱਲ ਰਹੀ ਐ...ਸਰਕਾਰ ਦਮਨਕਾਰੀ ਐ...ਪ੍ਰਗਤੀਵਾਦੀ ਲੋਕਾਂ ਨੇ ਪ੍ਰਚਾਰ ਸ਼ੁਰੂ ਕੀਤਾ ਕਿ ਮੈਂ ਹਿੰਦੂ ਤੇ ਮੇਰੀ ਪਤਨੀ ਸਿੱਖ ਐ ਜਾਂ ਮੈਂ ਸਿੱਖ ਆਂ ਤੇ ਮੇਰੀ ਪਤਨੀ ਹਿੰਦੂ ਐ...ਨਿੱਜੀ ਰਿਸ਼ਤਿਆਂ ਬਾਰੇ ਤੁਹਾਨੂੰ ਤਾਂ ਦਸਣਾ ਪਿਆ ਕਿ ਉਸ ਮਾਹੌਲ ਵਿਚ ਇਹ ਸੁਨੇਹਾ ਦਿੱਤਾ ਜਾ ਸਕੇ ਕਿ ਅਸੀਂ ਸਾਰੇ ਇਕ ਹਾਂ...। ਜਦੋਂ ਸੁਮੀਤ ਦਾ ਕਤਲ ਹੋਇਆ ਤਾਂ ਕਿਸੇ ਨੇ ਇਹ ਸੋਚਿਆ ਵੀ ਨਹੀਂ ਹੋਵੇਗਾ...ਏਨਾ ਨਿੱਘਾ ਜਿਹਾ ਉਹਦਾ ਸੁਭਾਅ ਸੀ...। ਫਿਰਕੂ ਧਰੁਵੀਕਰਨ ਬਹੁਤ ਜ਼ਿਆਦਾ ਹੋ ਗਈ ਸੀ। ਫੇਰ ਸਿੱਖ ਕਤਲੇਆਮ ਹੋਇਆ...ਮੇਰੀ ਮਾਂ ਦਾ ਘਰ ਸੀ 8 ਸੈਕਟਰ ਵਿਚ ਤੇ ਮੇਰੇ ਮਾਮਾ ਜੀ ਰਹਿੰਦੇ ਸਨ ਜਨਕਪੁਰੀ ਦਿੱਲੀ ਵਿਚ... ਉਨ੍ਹਾਂ ਦੇ ਬਿਲਕੁਲ ਨਾਲ ਗਵਾਂਢੀ ਸਨ-ਬਲਜੀਤ ਆਂਟੀ... ਮੇਰੇ ਮਾਮੀ ਜੀ ਦੀ ਬੜੀ ਗੰਭੀਰ ਜਿਹੀ ਚਿੱਠੀ ਆਈ...ਕਿ ਭੈਣਜੀ ਜੇ ਹਾਲਾਤ ਜ਼ਿਆਦਾ ਵਿਗੜ ਗਏ ਤਾਂ ਤੁਸੀਂ ਆਪਸ ਵਿਚ ਘਰ ਬਦਲ ਲੈਣਾ...ਬਰਾਬਰ ਜਿਹਾ ਹੀ ਥਾਂ ਐ...ਓਨੀ ਕੁ ਕੀਮਤ ਬਣਨੀ ਐ...। ਕਹਿਣ ਦਾ ਭਾਵ ਹਾਲਾਤ ਇਥੋਂ ਤਕ ਚਲੇ ਗਏ ਸਨ।

ਜਦੋਂ ਆਪਰੇਸ਼ਨ ਬਲਿਊ ਸਟਾਰ ਹੋਇਆ ਤਾਂ ਸਿੱਖ ਮਹਿਸੂਸ ਕਰ ਰਹੇ ਸਨ, ਗਿਣੇ-ਚੁਣੇ ਛੱਡ ਕੇ ਹਿੰਦੂਆਂ ਨੇ ਇਹ ਮਹਿਸੂਸ ਨਹੀਂ ਕੀਤਾ...ਲਗਦਾ ਸੀ ਕਿ ਹੁਣ ਅੱਤਵਾਦ ਖ਼ਤਮ ਹੋ ਜਾਏਗਾ...ਦਰਬਾਰ ਸਾਹਿਬ ਨਾਲ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਨੇ...ਹਿੰਦੂਆਂ 'ਤੇ ਇਸ ਗੱਲ ਦਾ ਅਸਰ ਨਹੀਂ ਹੋ ਰਿਹਾ ਸੀ...ਕੁਝ ਨੂੰ ਲਗਦਾ ਸੀ ਕਿ ਉਥੇ ਗ਼ਲਤ ਲੋਕ ਬੈਠੇ ਸਨ...ਕੁਝ ਕੁਝ ਸਿੱਖਾਂ 'ਤੇ ਵੀ ਇਸ ਦਾ ਅਸਰ ਨਹੀਂ ਸੀ, ਜਿਵੇਂ ਉਸ ਵੇਲੇ ਦਾ ਡੀ.ਸੀ. ਸੀ ਰਮੇਸ਼ ਇੰਦਰ ਸਿੰਘ, ਹੁਣ ਕਿਤਾਬ ਵੀ ਲਿਖ ਰਿਹੈ...ਕਹਿੰਦੈ-ਕਿ ਤੁਸੀਂ ਅੰਦਰਲੇ ਹਾਲਾਤ ਮਹਿਸੂਸ ਨਹੀਂ ਕਰ ਸਕਦੇ। ਖ਼ੈਰ, ਉਦੋਂ ਲੋਕਾਂ ਦੀਆਂ ਭਾਵਨਾਵਾਂ ਨੂੰ ਬੜੀ ਡੂੰਘੀ ਸੱਟ ਵੱਜੀ ਸੀ...ਮੈਂ ਇਕੋ ਬੰਦੇ ਕੋਲੋਂ ਸੁਣਿਆ, ਮੇਰੀ ਦੋਸਤ ਦੇ ਪਿਤਾ, ਜੋ ਉਦੋਂ ਬ੍ਰਿਗੇਡੀਅਰ ਸਨ... ਉਨ੍ਹਾਂ ਨੇ ਦੱਸਿਆ ਕਿ ਜਨਰਲ ਸੁੰਦਰ ਜੀ ਨਾਲ ਉਹ ਡਰਿੰਕ ਲੈ ਰਹੇ ਸਨ ਕਿ ਜਦੋਂ ਇੰਦਰਾ ਗਾਂਧੀ ਦਾ ਫ਼ੋਨ ਆਇਆ ਕਿ ਇਸ ਤਰ੍ਹਾਂ ਕਰਨੈ...ਤੇ ਕਹਿੰਦਾ ਮੈਂ ਕੰਬ ਗਿਆ...। ਉਹਦਾ ਇਕ ਹੋਰ ਕਾਰਨ ਵੀ ਸੀ ਕਿ ਦੱਖਣ ਵਿਚ ਧਰਮ ਨਾਲ ਜ਼ਿਆਦਾ ਭਾਵਨਾਵਾਂ ਜੁੜੀਆਂ ਹੋਈਆਂ ਨੇ, ਜਦਕਿ ਜਿਹੜੇ ਸ਼ਹਿਰੀ ਲੋਕ ਸਨ ਔਰ ਧਰਮ ਨਾ ਮੰਨਣ ਵਾਲੇ ਸ਼ੌਕੀਨ, ਸੁਮੀਤ ਵਰਗਿਆਂ ਨੇ ਬੜੀ ਬਰਾਬਰ ਦੀ ਟੱਕਰ ਦਿੱਤੀ....। ਭਿੰਡਰਾਂਵਾਲੇ ਤੋਂ ਬਾਅਦ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਸੀ ਅਮਰੀਕ ਸਿੰਘ ਤੇ ਕਿਸੇ ਨੇ ਕਿਹਾ ਕਿ ਅਮਰੀਕ ਸਿੰਘ ਦਾ ਹਾਲੀ ਤੇ ਵਿਆਹ ਹੋਇਆ ਸੀ ਤੇ ਸ਼ੌਕੀਨ ਕਹਿੰਦਾ-ਸ਼ੰਮੀ (ਸੁਮੀਤ) ਦੇ ਵਿਆਹ ਨੂੰ ਵੀ ਜ਼ਿਆਦਾ ਦੇਰ ਨਹੀਂ ਹੋਈ ਸੀ। ਸੋ, ਬੜਾ ਹੀ ਅਜੀਬ ਦੌਰ ਸੀ...ਰਲਿਆ-ਮਿਲਿਆ, ਦੁਚਿਤੀ ਵਿਚ ਪਿਆ। ਬੜੀਆਂ ਸਟੋਰੀਆਂ ਕੀਤੀਆਂ ਉਸ ਦੌਰ ਦੀਆਂ...ਮਾਨਵਤਾ ਦੇ ਪੱਖੋਂ। ਦੋ ਸਟੋਰੀਆਂ ਮੇਰੀਆਂ ਸਨ ਇਕ ਕੁਮਾਰ ਵਿੱਕਲ ਦੀ ਕਵਿਤਾ ਤੇ ਦੂਜੀ ਮੇਰੀ ਭਾਬੀ ਤੇ ਚਾਰ ਸਾਲ ਦੀ ਭਤੀਜੀ 'ਤੇ। ਉਹ ਅੰਮ੍ਰਿਤਸਰ ਤੋਂ ਚੰਡੀਗੜ੍ਹ ਆ ਰਹੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਬੱਸ ਰੋਕ ਕੇ ਇਕ ਪੁਲੀਸ ਵਾਲੇ ਨੇ ਇਕ ਸਿੱਖ ਦੀ ਏਨੀ ਬੁਰੀ ਤਰ੍ਹਾਂ ਤਲਾਸ਼ੀ ਲਈ... ਉਹਦਾ ਖਾਣੇ ਵਾਲਾ ਡੱਬਾ ਖੋਲ੍ਹ ਕੇ ਦੇਖਿਆ...ਤੇ ਬੱਚੀ ਵਾਰ ਵਾਰ ਪੁੱਛ ਰਹੀ ਸੀ ਕਿ ਅੰਕਲ ਦਾ ਟਿਫ਼ਨ ਕਿਉਂ ਖੋਲ੍ਹ ਕੇ ਦੇਖਿਆ? ਇਸੇ ਤਰ੍ਹਾਂ ਐਨ.ਐਸ. ਰਤਨ ਹੋਰਾਂ ਦੀ ਪਤਨੀ ਹਿੰਦੂ ਸੀ ਤੇ ਉਨ੍ਹਾਂ ਦਾ ਬੇਟਾ ਸੀ ਅਭੀ ਜੋ ਹੁਣ ਨਹੀਂ ਰਿਹਾ- ਉਹਨੇ ਮਜ਼ਾਕ ਬਣਾਇਆ ਹੋਇਆ ਸੀ ਕਿ ਮੰਮੀ ਤੋਂ ਪਾਕਿਟ ਮਨੀ ਲੈਣੀ ਹੋਵੇ ਤਾਂ ਭਿੰਡਰਾਵਾਲੇ ਦੀ ਨਿੰਦਾ ਕਰ ਦਿਓ ਤੇ ਜੇ ਪਾਪਾ ਤੋਂ ਲੈਣੀ ਹੋਵੇ ਤਾਂ ਭਿੰਡਰਾਵਾਲੇ ਦੀ ਤਾਰੀਫ਼ ਕਰ ਦਿਓ...ਹਾ...ਹਾ। ਮੈਂ ਤਿੰਨ-ਚਾਰ ਬੱਚਿਆਂ ਨੂੰ 'ਕੱਠੇ ਕਰਕੇ ਸਟੋਰੀ ਕੀਤੀ ਸੀ-ਚਿਲਡਰਨ ਆਫ਼ ਦੀ ਟਰਬਲ ਟੈਂਕ-। ਤੇ ਵਿੱਕਲ ਦੀ ਕਵਿਤਾ ਸੀ-ਏ ਜੋ ਸੜਕ ਪਰ ਖ਼ੂਨ ਬਹਿ ਰਹਾ ਹੈ ਕਿਸੀ ਹਿੰਦੂ ਕਾ ਹੈ ਜਾਂ ਕਿਸੇ ਸਿੱਖ ਕਾ...ਤੇ ਜਦੋਂ ਇਹ ਦੌਰ ਖ਼ਤਮ ਹੋਇਆ ਤਾਂ ਰਾਤੋ-ਰਾਤ ਹੋ ਗਿਆ। ਫੇਰ 'ਹਸਦਾ-ਖੇਡਦਾ' ਪੰਜਾਬ ਹੋ ਗਿਆ... ਉਸ ਦੌਰ ਵਿਚ ਅਖ਼ਬਾਰਾਂ 14-15 ਸਾਲਾਂ ਦੇ ਬੱਚਿਆਂ


1939 : ਬੀਜੀ ਅਤੇ ਪਿਤਾ


ਨਾਨੀ ਮੂਲਾ ਦਈ


ਭਾਬੀ ਨਾਲ


1941 : ਭੈਣਜੀ ਸਾਵਿਤਰੀ ਤੇ ਵੀਰ ਅਰਵਿੰਦ


1959 : ਬਚਪਨ ਦੀ ਤਸਵੀਰ।

ਦੇ ਮੁਕਾਬਲੇ ਵਿਚ ਮਰੇ ਹੋਣ ਦੀਆਂ ਖ਼ਬਰਾਂ ਨਾਲ ਭਰੀਆਂ ਹੁੰਦੀਆਂ ਸਨ...ਫਰੰਟ ਪੇਜ 'ਤੇ ਹੁੰਦਾ ਸੀ ਕਿ ਐਨੇ ਬੰਦੇ ਮਾਰੇ ਗਏ...ਫਲਾਨਾ...ਫਲਾਨਾ...। ਤੇ ਹੁਣ ਰਾਤੋ-ਰਾਤ ਸਭ ਬਦਲ ਜਾਣ ਦਾ ਪ੍ਰਚਾਰ ਹੋ ਰਿਹਾ ਸੀ-ਖਾਸ ਤੌਰ 'ਤੇ ਬੇਅੰਤ ਸਿੰਘ ਤੇ ਕੇ.ਪੀ.ਐਸ. ਗਿੱਲ ਪ੍ਰਚਾਰ ਕਰ ਰਹੇ ਸਨ-ਪ੍ਰੈੱਸ ਕਾਨਫਰੰਸਾਂ ਸੱਦ ਸੱਦ ਕੇ ਗੱਲਾਂ ਕਰ ਰਹੇ ਸਨ-ਇਨ੍ਹਾਂ ਦੇ ਸਭਿਆਚਾਰਕ ਵਿੰਗ ਦੀਆਂ ਕੁੜੀਆਂ ਨੂੰ ਸਿਰਾਂ 'ਤੇ ਜਾਗੋਆਂ ਚੁਕਾ ਕੇ ਗਵਾਇਆ ਜਾਂਦਾ ਸੀ-ਸੁੱਖਾਂ ਦਾ ਰਾਜ ਲਿਆਉਣ ਵਾਲਿਆ...ਵਗੈਰਾ ਵਗੈਰਾ...ਅਖ਼ਬਾਰਾਂ ਦੀਆਂ ਸੁਰਖ਼ੀਆਂ ਭਰੀਆਂ ਹੋਣੀਆਂ ਕਿ ਦੇਖੋ ਪੰਜਾਬ ਵਿਚ ਕਿੰਨੀ ਸ਼ਾਂਤੀ ਐ ਜਦਕਿ ਅੰਦਰੋਂ ਪੰਜਾਬ ਹਿਲ ਗਿਆ ਸੀ...ਏਨੇ ਮਾਸੂਮ ਕਤਲ ਹੋਏ...ਏਨੇ ਦੁਖਾਂਤ ਵਾਪਰੇ। ਦੋਵੇਂ ਪਾਸਿਆਂ ਦਾ ਨੁਕਸਾਨ ਹੋਇਆ। ਸਿੱਖਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਹੋਇਆ...ਏਨਾ ਧਰੁਵੀਕਰਨ ਹੋਇਆ ਕਿ ਮੇਰਾ ਇਕ ਚਚੇਰਾ ਭਰਾ ਸੀ ਤੇ ਉਹ ਗੁਰਦਾਸਪੁਰ ਵਿਆਹਿਆ ਹੋਇਆ ਸੀ ਤੇ ਜਿਹੜੇ ਕਦੋਂ ਦੇ ਸਿੱਖ ਹੋਏ ਹੋਏ ਸਨ...ਹੈ ਤੇ ਉਹ ਪੰਡਤ ਸਨ ਪਰ ਜ਼ਮੀਨਾਂ ਵਾਲੇ ਸਨ ਤੇ ਉਵੇਂ ਹੀ ਗੁਰਦੁਆਰੇ ਜਾਣਾ...ਤੇ ਮੇਰੇ ਭਰਾ ਦਾ ਘਰ ਸ਼ੰਕਰਪੁਰੀ ਦਿੱਲੀ ਵਿਚ ਸੀ...ਇਥੇ ਸਭ ਤੋਂ ਵੱਧ ਸਿੱਖਾਂ ਦਾ ਕਤਲੇਆਮ ਹੋਇਆ- ਉਹਨੇ ਕਹਿਣਾ-ਦੇਖੋ, ਹੁਣ ਇਹ ਥੋੜ੍ਹਾ ਦਬ ਗਏ ਨੇ...ਸਾਡਾ ਦੁੱਧ ਵਾਲਾ ਆਉਂਦੈ ਨਾ, ਪਹਿਲਾਂ ਇਹ ਇੰਜ ਅੱਖਾਂ 'ਚ ਅੱਖਾਂ ਪਾ ਕੇ ਦੇਖਦਾ ਸੀ ਤੇ ਹੁਣ ਜ਼ਰਾ ਨੀਵੀਂ ਪਾਈ ਹੁੰਦੀ ਐ...ਮਤਲਬ ਔਸਤਨ ਹਿੰਦੂ ਖ਼ੁਸ਼ ਸਨ। ਮੇਰਾ ਭਰਾ ਬੜਾ ਸਫਲ ਵਪਾਰੀ ਸੀ...ਚੰਡੀਗੜ੍ਹ ਦਾ ਪੜ੍ਹਿਆ-ਲਿਖਿਆ ਤੇ ਬੜੇ ਮਾਣ ਨਾਲ ਕਹਿੰਦਾ ਸੀ, 'ਹਮ ਕੋਈ ਸਰਦਾਰ ਇੰਪਲਾਈ ਨਹੀਂ ਰਖੇਂਗੇ...ਯੇ ਹਮਾਰੀ ਪੋਲਸੀ ਹੈ...।' ਅੱਛਾ ਦੂਜੇ ਪਾਸੇ 8 ਸੈਕਟਰ ਵਿਚ ਜਿਹੜਾ ਬੀਜੀ ਵਾਲਾ ਘਰ ਸੀ, ਉਹਦੀ ਉਪਰਲੀ ਮੰਜ਼ਿਲ 'ਤੇ ਸਿੱਖ ਪਰਿਵਾਰ ਰਹਿੰਦਾ ਸੀ ਤੇ ਵਿਚ ਵਾਲੀ ਵਿਚ ਹਿੰਦੂ ਪਰਿਵਾਰ ਸੀ... ਉਹ ਦੋਵੇਂ ਪਰਿਵਾਰ ਛੋਟੀਆਂ ਛੋਟੀਆਂ ਗੱਲਾਂ 'ਤੇ ਲੜਦੇ ਰਹਿੰਦੇ ਸਨ...। ਤੇ ਇਹੋ ਜਿਹੇ ਵੀ ਲੋਕ ਸਨ ਜੋ ਇਸ ਭਿਆਨਕ ਦੌਰ ਵਿਚ ਵੀ ਧਰਮ ਨੂੰ ਭੁਲਾ ਕੇ ਇਕ-ਦੂਜੇ ਦੀ ਮਦਦ ਲਈ ਖੜ੍ਹੇ ਸਨ।

ਮੈਂ ਅਕਸਰ ਪਟਿਆਲਾ ਯੂਨੀਵਰਸਿਟੀ ਲਾਲੀ ਜੀ ਨੂੰ ਮਿਲਣ ਜਾਂਦੀ ਸਾਂ... ਉਹ ਕਹਿੰਦੇ ਹੁੰਦੇ ਸਨ ਕਿ ਦੇਖੋ ਕਿ ਇਕ ਵਕਤ 1947 ਦਾ ਸੀ ਤੇ ਇਕ ਵਕਤ ਏ.ਕੇ. 47 ਦਾ ਹੈ...ਇਕ ਦਿਨ ਅਸੀਂ ਬੈਠੇ ਹੋਏ ਸਾਂ...ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋਫੈਸਰ ਸਨ ਸੁਰਜੀਤ ਲੀ, ਸੁੱਚਾ ਸਿੰਘ ਗਿੱਲ ਸਨ। ਮੈਂ ਕਿਹਾ ਕਿ ਇੰਜ ਦੇ ਹਾਲਾਤ ਮੁੜ ਆਉਣਗੇ? ਲੀ ਕਹਿੰਦਾ ਨਹੀਂ। ਤਾਂ ਤਕ 'ਤੇ ਉਦਾਰੀਕਰਨ ਆ ਗਿਆ ਸੀ...ਸੈਟੇਲਾਈਟ ਟੈਲੀਵਿਜ਼ਨ ਆ ਗਿਆ ਸੀ... ਉਹ ਕਹਿੰਦਾ-ਹੁਣ ਜਿਹੜਾ ਪਲੱਸ ਟੂ ਵਿਚ ਮੁੰਡੈ, ਉਹਦਾ ਆਦਰਸ਼ ਭਿੰਡਰਾਂਵਾਲਾ ਨਹੀਂ ਐ, ਮਾਈਕਲ ਜੈਕਸਨ ਐ...ਹੁਣ ਉਹ ਵਾਲ ਨਹੀਂ ਰੱਖਣਾ ਚਾਹੁੰਦਾ, ਉਹ ਮਾਈਕਲ ਜੈਕਸਨ ਬਣਨਾ ਚਾਹੁੰਦੈ...ਸੋ, ਉਹ ਦਿਨ ਹੁਣ ਵਾਪਸ ਨਹੀਂ ਆਉਣਗੇ। ਉਹ ਅਰਬਨ ਅਲੀਟ ਦੀ ਗੱਲ ਕਰ ਰਹੇ ਸਨ।

ਹਾਂ, ਮੈਂ ਇਕ ਵੱਖਰੀ ਤਰ੍ਹਾਂ ਦੀ ਕਹਾਣੀ ਲਿਖੀ ਸੀ 'ਨਵੰਬਰ '84 ਦੀ ਇਕ ਸ਼ਾਮ'। ਉਹ ਕਹਾਣੀ ਇੰਜ ਸੀ ਕਿ ਜਿਹੜਾ ਮੱਧ ਵਰਗ ਐ, ਉਹਨੇ ਆਪਣਾ ਰੰਗਾ-ਰੰਗ ਪ੍ਰੋਗਰਾਮ ਖ਼ਤਮ ਨਹੀਂ ਕੀਤਾ...ਇਥੋਂ ਤਕ ਕਿ ਜਦੋਂ ਪੰਜਾਬ ਬਲ ਰਿਹਾ ਸੀ ਉਦੋਂ ਵੀ...।

**ਸਵਾਲ** : ਅਜੀਤ ਕੌਰ ਹੋਰਾਂ ਨੇ ਤਾਂ ਇਸ ਦੌਰ ਬਾਰੇ ਲਿਖਿਆ ਪਰ ਅੰਮ੍ਰਿਤਾ ਪ੍ਰੀਤਮ ਹੋਰਾਂ ਦਾ ਅਜਿਹਾ ਕੁਝ ਦੇਖਣ-ਸੁਣਨ ਨੂੰ ਨਹੀਂ ਮਿਲਿਆ, ਤੁਸੀਂ ਇਸ ਨੂੰ ਕਿਸ ਤਰ੍ਹਾਂ ਦੇਖਦੇ ਹੋ?

**ਨਿਰੂਪਮਾ** : ਉਦੋਂ ਇੰਦਰਾ ਗਾਂਧੀ ਨੂੰ ਜਿਹੜੇ ਪਸੰਦ ਕਰਦੇ ਸਨ, ਇਨ੍ਹਾਂ ਹਾਲਾਤ ਮਗਰੋਂ ਉਹ ਵੀ ਹੈਰਾਨ-ਪ੍ਰੇਸ਼ਾਨ ਹੋ ਗਏ ਸਨ। ਅਜੀਤ ਕੌਰ ਹੋਰਾਂ ਨੇ ਤਾਂ ਮੈਨੂੰ ਕਿਹਾ ਸੀ ਕਿ ਦੇਖ ਇਥੇ ਦਿੱਲੀ ਆ ਕੇ ਕੀ ਕੁਝ ਹੋ ਗਿਆ...ਬਹੁਤ ਉਦਾਸ ਸਨ। ਅੰਮ੍ਰਿਤਾ ਜੀ ਵੀ ਇੰਦਰਾ ਗਾਂਧੀ ਦੇ ਨੇੜੇ ਰਹੇ ਨੇ...ਪਰ ਪੰਜਾਬ ਦੇ ਮਾਹੌਲ ਨੇ...ਦਰਬਾਰ ਸਾਹਿਬ 'ਤੇ ਹਮਲੇ ਨੇ ਉਨ੍ਹਾਂ ਨੂੰ ਵੀ ਪ੍ਰੇਸ਼ਾਨ ਕੀਤਾ ਸੀ...ਹਾਂ, ਉਨ੍ਹਾਂ ਨੇ ਕੁਝ ਲਿਖਿਆ ਨਹੀਂ...ਸ਼ਾਇਦ ਕਾਂਗਰਸ ਦਾ ਥੋੜ੍ਹਾ ਅਸਰ ਹੋਵੇ... ਉਂਜ ਵੀ ਅੰਮ੍ਰਿਤਾ ਜੀ ਉਸ ਵੇਲੇ ਜੋਤਿਸ਼ ਬਾਰੇ, ਅਧਿਆਤਮ ਬਾਰੇ ਲਿਖਣ ਲੱਗ ਪਏ ਸਨ...ਇਹ ਵੀ ਇਕ ਪੜਾਅ ਸੀ ਉਨ੍ਹਾਂ ਦਾ। ਅੰਮ੍ਰਿਤਾ ਜੀ ਬੜੇ ਦੁਖੀ ਸਨ ਪਰ ਉਨ੍ਹਾਂ ਦਾ ਇਹ ਵੀ ਵਿਚਾਰ ਸੀ ਜਦੋਂ ਇੰਦਰਾ ਗਾਂਧੀ ਮਾਰੀ ਗਈ ਕਿ ਹਾਲੇ ਤਕ ਕਿਸੇ ਨੇ ਸਿੱਖਾਂ ਨੂੰ ਗ਼ਦਾਰ ਨਹੀਂ ਸੀ ਕਿਹਾ....ਫਿਊਡਲ ਸੋਚ ਵੀ ਸੀ....ਅਧਿਆਤਮਵਾਦੀ ਸ਼ਾਇਦ ਕੁਝ ਵੱਖਰੇ ਤਰ੍ਹਾਂ ਸੋਚਦੇ ਨੇ...ਇਸੇ ਤਰ੍ਹਾਂ ਮਨਜੀਤ ਟਿਵਾਣਾ ਅਧਿਆਤਮਵਾਦੀ ਹੋ ਗਈ...ਫੇਰ ਵੀ ਮਨਜੀਤ ਨੇ ਆਪਣੀਆਂ ਕਵਿਤਾਵਾਂ ਵਿਚ ਪੰਜਾਬ ਸੰਤਾਪ ਦਾ ਜ਼ਿਕਰ ਕੀਤਾ ਸੀ...। ਦੂਜਾ ਅਜੀਤ ਕੌਰ ਦੇ ਲੇਖ ਦਾ ਪੰਜਾਬੀ ਖੱਬੇ ਪੱਖੀਆਂ ਨੇ ਬੜਾ ਬੁਰਾ ਮਨਾਇਆ ਕਿ ਸਾਡੇ ਤਾਂ ਲੋਕ ਮਾਰੇ ਗਏ ਹੁਣ ਤੁਹਾਨੂੰ ਲਹੂ.... ਤੇ ਅਜੀਤ ਕੌਰ ਦਾ ਜਵਾਬ ਸੀ ਮੈਨੂੰ ਏਨਾ ਭਿੰਡਰਾਂਵਾਲੇ ਦਾ ਫ਼ਿਕਰ ਨਹੀਂ...ਮੈਂ ਉਨ੍ਹਾਂ ਲੋਕਾਂ ਦੀ ਗੱਲ ਕਰ ਰਹੀ ਆਂ ਜਿਹੜੇ ਮਾਸੂਮ ਮਾਰੇ ਗਏ...। ਦਰਅਸਲ ਜਿਹੜਾ ਲਿਬਰਲ ਵੀ ਸੀ ਨਾ, ਉਹਨੂੰ ਸਾਈਡ ਲੈਣੀ ਪੈ ਰਹੀ ਸੀ...। ਹਾਂ ਖ਼ੁਸ਼ਵੰਤ ਸਿੰਘ ਹੋਰਾਂ ਨਾਲ ਉਸ ਵੇਲੇ ਅਜੀਤ ਕੌਰ ਦੇ ਘਰੇ ਮੇਰੀਆਂ ਮੁਲਾਕਾਤਾਂ ਹੋਈਆਂ। ਖ਼ੁਸ਼ਵੰਤ ਸਿੰਘ ਨੂੰ ਬੜੀਆਂ ਧਮਕੀਆਂ ਵਾਲੇ ਖ਼ਤ ਆਉਂਦੇ ਸਨ ਹਾਲਾਂਕਿ ਬਲਿਊ ਸਟਾਰ ਆਪਰੇਸ਼ਨ ਵੇਲੇ ਉਨ੍ਹਾਂ ਨੇ ਆਪਣਾ ਪਦਮ ਸ੍ਰੀ ਵਾਪਸ ਕਰ ਦਿੱਤਾ ਸੀ...ਇਕ ਖ਼ਤ ਕਿਸੇ ਨੇ ਲਿਖਿਆ ਕਿ ਤੈਨੂੰ ਸੋਧ ਦਿਆਂਗੇ...ਖੁਸ਼ਵੰਤ ਹੋਰਾਂ ਦੀ ਆਦਤ ਸੀ ਕਿ ਉਹ ਹਰ ਕਿਸੇ ਚਿੱਠੀ ਦਾ ਜਵਾਬ ਦਿੰਦੇ ਸਨ- ਉਹ ਕਹਿੰਦੇ-ਮੈਂ ਪੋਸਟ ਕਾਰਡ 'ਤੇ ਜਵਾਬ ਲਿਖਿਆ-ਤੂੰ ਪਹਿਲਾਂ ਆਪਣੀ ਅੰਗਰੇਜ਼ੀ ਸੁਧਾਰ। ਇਟ ਇਜ਼ ਡਫਰਸ ਡੈੱਥ, ਨਾਟ ਡਾਗਜ਼ ਡੈੱਥ। ਹਾ...ਹਾ...। ਉਸ ਦੌਰ ਦੇ ਤਾਂ ਚੁਟਕਲੇ ਵੀ ਉਦਾਸੇ ਹੋ ਗਏ ਸਨ...। ਦਰਅਸਲ, ਜਿਹੜੇ ਅਸਲੋਂ ਧਰਮ ਨਿਰਪੱਖ ਲੋਕ ਹੁੰਦੇ ਨੇ, ਉਨ੍ਹਾਂ ਨੂੰ ਆਪਣੇ ਭਾਈਚਾਰੇ ਦਾ ਪੱਖ ਰੱਖਣਾ ਆਉਣਾ ਚਾਹੀਦਾ ਹੈ...ਜੋ ਉਸ ਵੇਲੇ ਹੋ ਨਹੀਂ ਸੀ ਰਹੀ...

**ਸਵਾਲ** : ਤੁਸੀਂ ਵੁਮੈਨ ਸਟੱਡੀ ਗਰੁੱਪ 'ਹਮਸ਼ੀਰਾ' ਦੇ ਕਨਵੀਨਰ ਵੀ ਹੋ, ਕਿਸ ਤਰ੍ਹਾਂ ਜੁੜੇ ਇਸ ਗਰੁੱਪ ਨਾਲ ਤੇ ਕੀ ਹੈ 'ਹਮਸ਼ੀਰਾ' ਦਾ ਉਦੇਸ਼?

**ਨਿਰੂਪਮਾ** : ਸਾਡੀ ਇਕ ਦੋਸਤ ਸੀ ਕਿਸ਼ਵਰ, ਸਾਈਕੋਲੋਜੀ ਦੀ ਪ੍ਰੋਫੈਸਰ ਸੀ...ਤੇ ਉਹ ਔਰਤਾਂ ਦੇ ਹੱਕਾਂ ਬਾਰੇ ਗੱਲਾਂ ਕਰਦੀ ਸੀ...ਇਕ ਮਧੂ ਵੀ ਸੀ...ਇਨ੍ਹਾਂ ਨੇ ਔਰਤ ਦਿਹਾੜਾ ਮਨਾਇਆ...ਇਕ ਸੈਮੀਨਾਰ ਕਰਵਾਇਆ...ਦਰਅਸਲ, ਜਿਹੜੀ ਔਰਤਾਂ ਦੀ ਲਹਿਰ ਸੀ, ਉਹ ਪੰਜਾਬ ਅੰਦਰ ਦਾਖ਼ਲ ਨਾ ਹੋ ਸਕੀ...ਬੜੀ ਕੋਸ਼ਿਸ਼ ਕੀਤੀ ਬਾਹਰਲੇ ਗਰੁੱਪਾਂ ਨੇ...। ਇਹਦਾ ਇਕ ਕਾਰਨ ਤਾਂ ਇਹ ਸੀ ਕਿ ਪੰਜਾਬ ਦਾ ਸਮਾਜਕ ਕਾਰਜ ਗੁਰਦੁਆਰਿਆਂ ਰਾਹੀਂ ਹੁੰਦਾ ਸੀ...ਔਰ ਬੜਾ ਮਜ਼ਬੂਤ ਸੀ...ਮੈਂ ਇਕ ਵਾਰ ਘਰੇਲੂ ਹਿੰਸਾ 'ਤੇ ਸਟੋਰੀ ਵੀ ਕਰਨ ਗਈ ਸੀ...ਜ਼ਨਾਨੀਆਂ ਘਰਵਾਲੇ ਪ੍ਰਤੀ ਰਖਿਆਤਮਕ ਹੋ ਜਾਂਦੀਆਂ ਨੇ ਜਦੋਂ ਉਨ੍ਹਾਂ ਨੂੰ ਪੁਛ ਲਿਆ ਜਾਵੇ ਕਿ ਤੁਹਾਡੇ ਨਾਲ ਕੁੱਟਮਾਰ ਤਾਂ ਨਹੀਂ ਕਰਦਾ... ਉਹ ਕਹਿੰਦੀਆਂ ਸਨ ਕਿ ਤੁਸੀਂ ਘਰਾਂ ਦੀਆਂ ਗੱਲਾਂ ਕਿਉਂ ਪੁਛਦੇ ਹੋ...ਮਾਰਦੈ ਤਾਂ ਆਪਣੀ ਵਹੁਟੀ ਨੂੰ ਮਾਰਦੈ...ਕਿਸੇ ਹੋਰ ਨੂੰ ਕੀ...। ਇਸੇ ਕਰਕੇ ਇਹ ਯਤਨ ਕੀਤੇ ਗਏ ਕਿ ਇਥੋਂ ਦੀਆਂ ਔਰਤਾਂ ਨੂੰ ਥੋੜ੍ਹਾ ਜਾਗਰੂਕ ਕੀਤਾ ਜਾਵੇ...ਸੋ, ਅਦਾਰਾ ਬਣਾਇਆ ਪਰ ਸਾਡੇ ਤੋਂ ਨਾ ਤਾਂ ਕਦੇ ਰਜਿਸਟਰ ਕਰਵਾ ਹੋਇਆ, ਨਾ ਹੋਰ ਕੁਝ...ਜਦੋਂ ਲੋੜ ਪੈਣੀ ਤਾਂ ਇਸ ਨਾਂ ਹੇਠ ਬਿਆਨ ਜਾਰੀ ਕਰ ਦੇਣਾ...ਰੋਸ ਵਿਖਾਵਾ ਕਰ ਦੇਣਾ... ਉਸ ਦੌਰ ਵਿਚ ਕਾਫੀ ਰੋਸ ਵਿਖਾਵੇ ਕੀਤੇ ਸਨ...ਫੈਸ਼ਨ ਸ਼ੋਅ ਦੇ ਖ਼ਿਲਾਫ਼ ਕਿ ਔਰਤ ਨੂੰ ਕੋਈ ਵਸਤੂ ਨਾ ਸਮਝਿਆ ਜਾਵੇ...ਜਾਂ ਅਸੀਂ ਸੈਮੀਨਾਰ ਕਾਫ਼ੀ ਕਰਵਾਏ...ਹੁਣ ਵੀ ਜਦੋਂ ਕਦੇ ਲੋੜ ਪੈਂਦੀ ਐ ਅਸੀਂ 'ਹਮਸ਼ੀਰਾ' ਵਰਤ ਲੈਂਦੇ ਹਾਂ...ਇਹ ਕੋਈ ਮਾਨਤਾ ਪ੍ਰਾਪਤ ਸੰਸਥਾ ਜਾਂ ਗੈਰ ਸਰਕਾਰੀ ਸੰਸਥਾ ਨਹੀਂ ਬਣ ਸਕੀ...। ਪਰ ਹੁਣ ਤੁਸੀਂ ਦੇਖੋ ਹਾਲਾਤ ਕਿੰਨੇ ਬਦਲ ਗਏ ਨੇ...ਹਰ ਪਾਸੇ ਫ਼ੈਸ਼ਨ ਸ਼ੋਅ ਹੀ ਰਹਿ ਗਏ ਨੇ...ਆਪਣੇ ਹੀ ਦੋਸਤਾਂ-ਮਿੱਤਰਾਂ ਦੇ ਬੱਚੇ ਫ਼ੈਸ਼ਨ ਕੋਰਸ ਕਰ ਰਹੇ ਨੇ...ਮਾਡਲਿੰਗ ਕਰ ਰਹੇ ਨੇ....1994 ਵਿਚ ਤਾਂ ਮੈਨੂੰ ਫ਼ੈਸ਼ਨ ਸ਼ੋਅ ਕਵਰ ਕਰਨ ਲਈ ਭੇਜਿਆ ਗਿਆ...ਹਾ...ਹਾ.... ਮੈਂ ਹੈੱਡਲਾਈਨ ਲਿਖੀ ਸੀ-ਇਨ ਟਾਈਮਜ਼ ਵੈੱਨ ਦਾ ਫੈਸ਼ਨ ਇਜ਼ ਓਨਲੀ ਮੂਵਮੈਂਟ...ਇਸੇ ਤਰ੍ਹਾਂ ਚਲੀ ਗਈ ਤੇ ਸ਼ਾਇਦ ਕਿਸੇ ਨੂੰ ਸਮਝ ਨਹੀਂ ਆਈ ਸੀ...। ਹਾ...ਹਾ...।

## ਮੀਡੀਆ ਦੀ ਭੂਮਿਕਾ

**ਸਵਾਲ** : ਗੁਜਰਾਤ ਦੰਗਿਆਂ ਬਾਰੇ ਜਾਂ ਬਾਬਰੀ ਮਸਜਿਦ ਬਾਰੇ ਆਪਣੇ ਕੋਈ ਨਿੱਜੀ ਤਜਰਬੇ ਸਾਂਝੇ ਕਰੋ?

**ਨਿਰੂਪਮਾ** : ਬਾਬਰੀ ਮਸਜਿਦ ਤੋਂ ਬਾਅਦ ਇਹ ਪੂਰੀ ਤਰ੍ਹਾਂ ਸਪਸ਼ਟ ਸੀ ਕਿ ਸਾਡੇ ਮੁਲਕ ਦੀ ਸਿਆਸਤ ਹੁਣ ਕਿਸ ਪਾਸੇ ਜਾ ਰਹੀ ਐ। ਭਾਜਪਾ ਦਾ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਹੁਣ ਕਹਿੰਦੈ-'ਗ਼ਲਤੀ ਹੋਈ' ਪਰ ਜਦੋਂ ਇਹ ਕੁਝ ਵਾਪਰਿਆ ਤਾਂ ਬਹੁਤ ਭਿਆਨਕ ਮੰਜ਼ਰ ਸੀ। ਇਨ੍ਹਾਂ ਦਾ ਰਾਮ ਰੱਥ ਜਿੱਥੇ ਜਾਂਦਾ ਸੀ, ਪਿਛੇ ਪਿਛੇ ਕਤਲੋਗਾਰਤ ਹੁੰਦੀ ਸੀ। ਉਸ ਦੌਰ ਦੀ ਬਾਬਰੀ ਮਸਜਿਦ ਬਾਰੇ ਇਕ ਕਹਾਣੀ ਮੈਨੂੰ ਬੜੀ ਅੱਛੀ ਲੱਗੀ ਸੀ। ਮਲਿਆਲਮ ਦੇ ਲੇਖਕ ਐਨ.ਐਸ. ਮਾਧਵਨ ਨੇ ਲਿਖੀ ਸੀ ਕਹਾਣੀ 'ਬਲੂ ਪੈਂਸਿਲ।'

ਉਸ ਵੇਲੇ 'ਇੰਡੀਅਨ ਐਕਸਪ੍ਰੈੱਸ' ਦਾ ਸੰਪਾਦਕ ਪ੍ਰਭੂ ਚਾਵਲਾ ਸੀ...ਜਿਹਦਾ ਪਿਛੋਕੜ ਆਰ.ਐਸ.ਐਸ. ਐ। ਉਦੋਂ ਅਖ਼ਬਾਰ ਦੀ ਹੈੱਡਲਾਈਨ ਗਈ ਸੀ-'ਡਿਸਪਿਊਟਡ ਸਟਰਕਚਰ ਡੈਮੋਲਿਸ਼' ਤੇ ਐਨ.ਐਸ. ਮਾਧਵਨ ਦੀ ਪਤਨੀ ਉਦੋਂ 'ਇੰਡੀਅਨ ਐਕਸਪ੍ਰੈੱਸ' ਵਿਚ ਕੰਮ ਕਰਦੀ ਸੀ, ਓਹਨੇ ਉਹ ਦੌਰ ਵਿਚ ਸਭ ਕੁਝ ਦੇਖਿਆ, ਜਦੋਂ ਮੁਲਗਾਉਂਕਰ ਐਡੀਟਰ ਸੀ। ਓਹਨੇ ਕਲਪਨਾ ਕੀਤੀ ਕਿ ਜੇ ਪ੍ਰਭੂ ਚਾਵਲਾ ਨਾ ਹੋਏ ਤੇ ਮੁਲਗਾਉਂਕਰ ਹੁੰਦਾ ਤਾਂ ਕੀ ਹੁੰਦਾ...ਉਹ ਐਡੀਟਰ ਬੜਾ ਪ੍ਰੇਸ਼ਾਨ ਐ...ਦਫ਼ਤਰ ਆਉਂਦਾ ਫੇਰ ਜਲਦੀ ਚਲਾ ਜਾਂਦੈ...ਕਿਸੇ ਮੁਸਲਿਮ ਦੋਸਤ ਦੇ ਘਰ ਜਾ ਕੇ ਖਾਣਾ ਖਾਂਦੈ...ਡੈਸਕ 'ਤੇ ਉਹਦਾ ਮਜ਼ਾਕ ਬਣ ਰਿਹੈ ਕਿ ਜਦੋਂ ਵੀ ਕੋਈ ਵਿਵਾਦਤ ਖ਼ਬਰ ਹੁੰਦੀ ਐ, ਐਡੀਟਰ ਦੇ ਸਿਰ ਵਿਚ ਦਰਦ ਹੁੰਦੈ ਤੇ ਉਹ ਗਾਇਬ ਹੋ ਜਾਂਦੈ। ਤੇ ਡੈਸਕ 'ਤੇ ਇਕ ਮੁਸਲਿਮ ਕੁੜੀ ਐ ਜਿਹਦੇ ਕੋਲ ਕਾਪੀ ਐਡਿਟ ਹੋਣ ਵਾਸਤੇ ਆਉਂਦੀ ਐ...ਸਾਰੇ ਮਜ਼ਾਕ ਬਣਾ ਰਹੇ ਨੇ...ਉਹ ਲੜਕੀ ਅਲੱਗ-ਥਲੱਗ ਜਿਹਾ ਮਹਿਸੂਸ ਕਰਦੀ ਐ...ਉਹਨੂੰ ਸਮਝ ਨਹੀਂ ਆ ਰਹੀ ਕਿ ਕੀ ਹੈੱਡਲਾਈਨ ਦਿਆਂ? ਤੇ ਉਹ ਹੈੱਡਲਾਈਨ ਦਿੰਦੀ ਐ-'ਡਿਸਪਿਊਟਡ ਸਟਰੱਕਚਰ ਡੈਮੋਲਿਸ਼ਡ'। ਏਨੀ ਦੇਰ ਨੂੰ ਉਹ ਐਡੀਟਰ ਵਾਪਸ ਆ ਜਾਂਦੈ...ਉਹ ਕਾਪੀ ਚੈੱਕ ਕਰਨ ਲਗਦੈ ਤੇ ਉਹਦੇ ਕੋਲ ਲਾਲ ਪੈੱਨ ਨਹੀਂ ਸੀ ਤੇ ਉਹ ਬਲਿਊ ਪੈੱਨ ਨਾਲ ਹੀ 'ਡਿਸਪਿਊਟਡ ਸਟਰੱਕਚਰ' 'ਤੇ ਲੀਕ ਮਾਰ ਕੇ ਲਿਖ ਦਿੰਦੈ-'ਬਾਬਰੀ ਮਸਜਿਦ'।

ਗੁਜਰਾਤ ਦੰਗਿਆਂ ਵੇਲੇ ਮੀਡੀਆ ਖਾਸ ਤੌਰ 'ਤੇ ਅੰਗਰੇਜ਼ੀ ਮੀਡੀਆ ਨੇ ਬਹੁਤ ਚੰਗੀ ਭੂਮਿਕਾ ਅਦਾ ਕੀਤੀ ਸੀ, ਜਿਹਦੀ ਕਿਸੇ ਨੂੰ ਉਮੀਦ ਨਹੀਂ ਸੀ। ਬਾਬਰੀ ਮਸਜਿਦ ਵੇਲੇ ਵੀ ਮੀਡੀਆ ਲਗਭਗ ਇਕ ਪਾਸੜ ਹੋ ਗਿਆ ਸੀ ਪਰ ਗੁਜਰਾਤ ਦੰਗਿਆਂ ਵੇਲੇ ਇਸ ਤਰ੍ਹਾਂ ਨਹੀਂ ਹੋਇਆ...। ਉਚੇਚੀਆਂ ਖੋਜਾਂ ਕਰਕੇ ਰਿਪੋਰਟਰਾਂ ਨੇ ਖ਼ਬਰਾਂ ਲਿਆਂਦੀਆਂ। ਉਸ ਵੇਲੇ ਵੀ ਮਾਧਵਨ ਨੇ ਕਹਾਣੀ ਲਿਖੀ ਸੀ- ਇਕ ਤਸਵੀਰ ਜਿਸ ਵਿਚ ਮੁਸਲਮਾਨ ਲੜਕਾ ਹੱਥ ਜੋੜ ਕੇ ਖੜ੍ਹਾ ਕਿ ਮੈਨੂੰ ਨਾ ਮਾਰੋ, ਨੂੰ ਲੈ ਕੇ ਉਨ੍ਹਾਂ ਕਹਾਣੀ ਲਿਖੀ ਸੀ। ਉਨ੍ਹੀਂ ਦਿਨੀਂ ਮੈਂ ਦਿੱਲੀ ਸਾਂ ਪਰ ਦੰਗਿਆਂ ਮਗਰੋਂ ਮੈਂ ਵੜੋਦਾ (ਵੜੋਦਾ ਨੂੰ ਗੁਜਰਾਤ ਦੀ ਬੋਹਤ ਨਗਰੀ ਕਿਹਾ ਜਾਂਦੈ, ਕਿਉਂਕਿ ਇਥੇ ਬੋਹਤ ਬਹੁਤ ਨੇ, ਰਿਆਸਤੀ ਸ਼ਹਿਰ ਐ) ਗਈ ਸੀ... ਉਥੇ ਕਲਾਕਾਰਾਂ ਨੇ ਕਲਾ ਪ੍ਰਦਰਸ਼ਨੀ ਲਾਈ ਸੀ... ਬਹੁਤ ਹੀ ਜ਼ਿਆਦਾ ਪ੍ਰਭਾਵਸ਼ਾਲੀ। ਇਕ ਤੋਂ ਇਕ ਕਲਾਕ੍ਰਿਤੀ ਕਮਾਲ ਦੀ ਸੀ...ਉਨ੍ਹਾਂ ਵਿਚੋਂ ਇਕ ਮੈਨੂੰ ਯਾਦ ਐ ਕਿ ਬੋਹੜ ਦਾ ਰੁੱਖ ਲਟ ਲਟ ਬਲ ਰਿਹੈ...ਉਹਦਾ ਸਿਰਲੇਖ ਸੀ-'ਬੈਨੀਅਨ ਟਰੀਜ਼ ਬਰਨਿੰਗ'। ਇਸ ਤੋਂ ਇਲਾਵਾ ਦੋ ਲੋਕਾਂ ਦੇ ਅਨੁਭਵ ਮੈਨੂੰ ਯਾਦ ਨੇ। ਇਕ ਮੈਂ ਉਰਦੂ ਦੇ ਵੱਡੇ ਸ਼ਾਇਰ ਨੂੰ ਮਿਲਣ ਗਈ...ਉਹ ਤਰੀਫ਼ਾਂ ਤੇ ਤਰੀਫ਼ਾਂ ਕਰੀ ਜਾਣ...ਗੁਜਰਾਤੀ ਸਭਿਆਚਾਰ ਦੀਆਂ ਗੱਲਾਂ...ਕਹਿੰਦੇ, ਦੰਗਿਆਂ ਤੋਂ ਬਾਅਦ ਉਨ੍ਹਾਂ ਨੂੰ ਕਵੀ ਦਰਬਾਰ ਲਈ ਸੱਦਾ ਆਇਆ ਕਿ ਆ ਕੇ ਕੋਈ ਆਪਣੀ ਭਾਈਚਾਰਕ ਸਾਂਝ 'ਤੇ ਕਵਿਤਾ ਪੜ੍ਹੋ। ਅੱਗੋਂ ਉਹ ਕਹਿੰਦਾ ਕਿ ਨਹੀਂ ਹੁਣ ਨਹੀਂ ਭਾਈਚਾਰਕ ਸਾਂਝ 'ਤੇ ਕਵਿਤਾ ਨਹੀਂ ਪੜ੍ਹੀ ਜਾ ਸਕਦੀ, ਹੁਣ ਤਾਂ ਤੁਸੀਂ ਮੈਨੂੰ ਚੁਰਾਹੇ ਵਿਚ ਖੜ੍ਹਾ ਕਰ ਦਿਓ ਤੇ ਅੱਗ ਲਾ ਦਿਓ।

ਇਕ ਪੇਂਟਰ ਲੜਕੀ ਮਿਲੀ...ਜਿਸ ਨੇ ਦੱਸਿਆ-'ਮੈਂ ਜਦੋਂ ਕਾਲਜ ਵਿਚ ਸੀ ਤਾਂ ਮੈਨੂੰ ਮੁਸਲਿਮ ਲੜਕੇ ਨਾਲ ਪਿਆਰ ਹੋ ਗਿਆ ਪਰ ਘਰ ਦਾ ਇਹ ਅਣਲਿਖਿਆ ਕਾਨੂੰਨ ਸੀ ਕਿ ਤੁਸੀਂ ਹੋਰ ਜੋ ਮਰਜ਼ੀ ਕਰੋ ਪਰ ਮੁਸਲਮਾਨ ਘਰ ਵਿਚ ਵਿਆਹ ਨਹੀਂ ਕਰਵਾਉਣਾ। ਖ਼ੈਰ, ਉਹਦਾ ਵਿਆਹ ਠਾਕੁਰ ਪਰਿਵਾਰ ਵਿਚ ਹੋਇਆ ਤੇ ਤਲਾਕ ਵੀ ਹੋ ਗਿਆ। ਮੈਨੂੰ ਕਹਿੰਦੀ ਐ-ਸ਼ਾਇਦ ਜੇ ਮੇਰਾ ਉਸ ਲੜਕੇ ਨਾਲ ਵਿਆਹ ਹੋ ਗਿਆ ਹੁੰਦਾ, ਇਹ ਰੋਕਾਂ ਨਾ ਹੁੰਦੀਆਂ ਤਾਂ ਮੇਰਾ ਅੱਜ ਜਿੰਨਾ ਬੁਰਾ ਹਾਲ ਨਾ ਹੁੰਦਾ।

ਅਖ਼ਬਾਰਾਂ ਨੇ ਚੰਗੀ ਰਿਪੋਰਟਿੰਗ ਕੀਤੀ ਪਰ ਕੁਝ ਲੋਕਾਂ ਨੇ ਇਹ ਪ੍ਰਚਾਰ ਵੀ ਕੀਤਾ ਕਿ ਜੋ ਹੋਇਆ ਠੀਕ ਹੋਇਆ, ਇੰਜ ਹੀ ਹੋਣਾ ਚਾਹੀਦਾ ਸੀ ਮੁਸਲਮਾਨਾਂ ਨਾਲ।

**ਸਵਾਲ** : ਤੁਹਾਡੀਆਂ ਕਵਿਤਾਵਾਂ ਅਤੇ ਲੇਖਾਂ ਵਿਚ ਨਿੱਜੀ ਜ਼ਿੰਦਗੀ ਦੀ ਵੀ ਬਹੁਤ ਝਲਕ ਮਿਲਦੀ ਹੈ। ਕਿਸ ਤਰ੍ਹਾਂ ਦੇ ਕੌੜੇ-ਕੁਸੈਲੇ ਤਜਰਬਿਆਂ ਨਾਲ ਲਬਰੇਜ਼ ਹੈ ਤੁਹਾਡੀ ਜ਼ਿੰਦਗੀ?

**ਨਿਰੂਪਮਾ** : ਆਮ ਲੋਕਾਂ ਵਰਗੇ ਹੀ ਨੇ...ਕੋਈ ਬਹੁਤੇ ਵੱਡੇ ਨਹੀਂ...ਬਾਕੀ ਗੱਲ ਇੰਜ ਵੇ ਕਿ ਤੁਹਾਡਾ ਕਿਸੇ ਸਥਿਤੀ ਪ੍ਰਤੀ ਰਿਐਕਸ਼ਨ ਕੀ ਐ...ਤੁਸੀਂ ਹਾਲਾਤ ਮੁਤਾਬਕ ਕਿਵੇਂ ਆਪਣੇ ਆਪ ਨਾਲ ਸਿੱਝਦੇ ਹੋ...ਜਿਸ ਦੌਰ ਵਿਚੋਂ ਮੈਂ ਲੰਘ ਆਈ ਹਾਂ...ਹੁਣ ਲਗਦੈ ਕੋਈ ਖ਼ਾਸ ਗੱਲ ਹੀ ਨਹੀਂ ਸੀ। ਜਵਾਨੀ ਵੇਲੇ ਸੰਵੇਦਨਸ਼ੀਲਤਾ, ਉਮੀਦ ਜ਼ਿਆਦਾ ਹੁੰਦੀ ਐ...ਦੂਜਾ ਜਦੋਂ ਤੁਸੀਂ ਆਲੇ-ਦੁਆਲੇ ਪਰਿਵਾਰ ਦੇ ਸੁਰੱਖਿਅਕ ਘੇਰੇ ਵਿਚੋਂ ਨਿਕਲ ਕੇ ਬਾਹਰ ਆਉਂਦੇ ਹੋ ਤੇ ਹਕੀਕਤਾਂ ਨਾਲ ਦੋ-ਚਾਰ ਹੁੰਦੇ ਹੋ ਤਾਂ ਜ਼ਿੰਦਗੀ ਬਹੁਤ ਮੁਸ਼ਕਲ ਲਗਦੀ ਐ।

**ਸਵਾਲ** : ਤੇ ਕੋਈ ਅਜਿਹੀ ਘਟਨਾ ਜਿਹੜੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਰੋਜ਼ ਵਾਪਰੇ ਪਰ ਮੁੜ ਉਸ ਤਰ੍ਹਾਂ ਦੇ ਪਲ ਕਦੇ ਆਏ ਹੀ ਨਹੀਂ?

**ਨਿਰੂਪਮਾ** : ਮੈਨੂੰ ਆਪਣੇ ਪਰਿਵਾਰ ਦੀਆਂ ਗੱਲਾਂ ਬਹੁਤ ਯਾਦ ਆਉਂਦੀਆਂ ਨੇ...ਸਾਡੇ ਪਰਿਵਾਰ ਵਿਚ ਅਣਹੋਣੀਆਂ ਬੜੀਆਂ ਵਾਪਰਦੀਆਂ ਰਹੀਆਂ...ਇਕ ਮੇਰੀ ਭੈਣ ਸੀ ਜਿਸ ਦੀ ਜ਼ਿੰਦਗੀ ਵਿਚ ਦੁੱਖ ਹੀ ਦੁੱਖ ਸਨ, ਦੂਜਾ ਮੇਰੇ ਤੋਂ ਵੱਡੇ ਭਰਾ ਨੇ ਖ਼ੁਦਕੁਸ਼ੀ ਕਰ ਲਈ ਸੀ...ਉਹ ਬਹੁਤ ਯਾਦ ਆਉਂਦੈ। ਬੱਸ, ਚੇਤਾ ਆਪਣੇ ਪਰਿਵਾਰ ਦੇ ਆਲੇ-ਦੁਆਲੇ ਹੀ ਘੁੰਮਦਾ ਰਹਿੰਦੈ...ਸੁਪਨਿਆਂ ਵਿਚ ਵੀ।

ਉਂਜ ਮੈਂ ਖ਼ੁਸ਼ਮਿਜਾਜ਼ ਔਰਤ ਆਂ...ਜ਼ਿੰਦਗੀ ਦਾ ਭਰਪੂਰ ਆਨੰਦ ਮਾਣਦੀ ਆਂ...ਕੁਛ ਨਾ ਕੁਛ ਐਸਾ ਹੋ ਹੀ ਜਾਂਦੈ, ਜਿਹੜਾ ਲਗਦੈ ਕਿ ਬਹੁਤ ਵਧੀਐ। ਹਾਂ, ਮੈਨੂੰ ਚੇਤੇ ਆਇਆ, ਜਦੋਂ ਮੈਂ 'ਇੰਡੀਅਨ ਐਕਸਪ੍ਰੈੱਸ' ਵਿਚ ਸਾਂ ਤਾਂ ਦਫ਼ਤਰ ਤੋਂ ਘਰ ਜਾਂਦਿਆਂ ਰਸਤੇ ਵਿਚ ਪ੍ਰੈੱਸ ਕਲੱਬ ਪੈਂਦਾ ਸੀ। ਉਥੇ ਅੰਦਰ ਵੜਦਿਆਂ ਹੀ ਇਕ ਟੇਬਲ ਹੁੰਦਾ ਸੀ...ਉਹਨੂੰ ਕਹਿੰਦੇ ਸਨ-'ਮੀਡੀਆ ਅਪਡੇਟ ਟੇਬਲ'। ਉਥੇ ਸਾਰੇ ਸੀਨੀਅਰ ਜਰਨਲਿਸਟ ਬੈਠਦੇ ਸਨ-ਪੂਰੀ ਸਿਆਸਤ ਰਿੜਕੀ ਜਾਂਦੀ ਸੀ...ਕੌਣ ਕਿਹੜੀ ਨੌਕਰੀ ਛੱਡ ਕੇ, ਕਿਹੜੇ ਮੀਡੀਆ ਵਿਚ ਗਿਐ...। ਹੁਣ ਤੁਸੀਂ ਉਥੇ ਜਾਓ ਤਾਂ ਪ੍ਰਾਪਰਟੀਆਂ ਦੀਆਂ ਕੀਮਤਾਂ 'ਤੇ ਚਰਚਾ ਹੋ ਰਹੀ ਹੁੰਦੀ ਐ...ਹਾ...ਹਾ...। ਪੂਰਾ ਮਾਹੌਲ ਬਦਲ ਗਿਆ, ਜੋ ਹੁਣ ਆਉਣਾ ਮੁਸ਼ਕਲ ਐ।

(ਚਲਦਾ)

# GEF Seniors Housing SAKAW Terrace Accepting Applications

## South Asian Long Term Care Foundation

is happy to share this information:

**The deadline is May 31, 2018 at 4:30 pm.**

- There are Supportive Living - Lodge units (70) and Independent Living - Apartment units (88).
- On-site amenities include hair salon, exercise facility, tuck shop, theatre room, multifaith room, two courtyards, and a communal greenhouse.
- Food will meet the Canada Food Guide.
- Canadian Citizen/10 years residency.
- First applicant must be at least 65 years old and second applicant must be 60 years old.
- For lodge there are standard subsidized rooms and market rooms.
- For apartments there are one and two bedroom units (affordable and market).
- Please go to www.gef.org for Sakaw Terrace Brochure and application form.
- You have to provide information on your income, line 150 from the most current tax year from the notice of assessment. Foreign pensions are also included.
- Please mark SAKAW TERRACE as your first choice.

### Application Process:

- You can call GEF's main office for forms 780-482-6561
- Fill the forms, and drop it off in person at GEF building
- Mail to GEF Seniors Housing, Central Services, 14220-109Avenue, Edmonton, AB T5N 4B3
- Scan the filled form and email to housinginfo@gef.org

* Please note that after application is submitted, you will receive a letter confirming receipt of your application and the application will be placed in a lottery on May 8. In person interviews will take place with each qualified applicant starting, mid-May

**Contact SALTCF for help in filling in the forms or answering questions.**

**Harchand Grewal: 780-952-9550**

**Mohyuddin Mirza: 780-463-0652**

email: southasianseniorfoundation@gmail.com

# ਮਦੀਹਾ ਗੌਹਰ ਦੀ ਮੌਤ ਨਾਲ ਭਾਰਤ-ਪਾਕਿ ਨੂੰ ਜੋੜਨ ਵਾਲੀ ਕੜੀ ਟੁੱਟੀ

ਸਰਬਜੀਤ ਸਿੰਘ ਧਾਲੀਵਾਲ

ਉਹ ਔਰਤ ਜਿਸਦੇ ਹਰ ਸਾਹ ਨਾਲ ਰੰਗਮੰਚ ਧੜਕਦਾ ਸੀ, ਜੋ ਪਾਕਿਸਤਾਨ ਵਰਗੇ ਮੁਲਕ ਵਿੱਚ ਵੀ ਰੰਗਮੰਚ ਰਾਹੀਂ ਔਰਤਾਂ ਦੇ ਹੱਕ ਦੀ ਗੱਲ ਕਰਦੀ ਸੀ, ਜੋ ਪਾਕਿਸਤਾਨ ਦੀ ਹਕੂਮਤ ਨੂੰ ਵੀ ਵੰਗਾਰਦੀ ਸੀ, ਜੋ ਪਾਕਿਸਤਾਨ ਦੀ ਕੱਟੜਪੰਥੀ ਧਾਰਮਿਕ ਮੂਲਵਾਦ ਨੂੰ ਵੀ ਲਲਕਾਰਦੀ ਸੀ।

ਜੋ ਦੋਵਾਂ ਮੁਲਕਾਂ ਵਿਚ ਅਮਨ ਤੇ ਦੋਸਤੀ ਲਈ ਇਕ ਲਹਿਰ ਬਣਕੇ ਵਿਚਰਦੀ ਸੀ, ਜੋ ਦੋਵਾਂ ਮੁਲਕਾਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਹੱਸਦੇ, ਗਲਵਕੜੀਆਂ ਪਾਉਂਦੇ ਵੇਖਣਾ ਚਾਹੁੰਦੀ ਸੀ, ਜੋ ਦੋਵਾਂ ਮੁਲਕਾਂ ਵਿਚਾਲੇ ਰੰਗਮੰਚ ਦੇ ਸਾਂਝੇ ਪੁੱਲ ਵਜੋਂ ਕੰਮ ਕਰਦੀ ਸੀ, ਉਹ ਮਦੀਹਾ ਗੌਹਰ ਸਾਨੂੰ ਸਭ ਨੂੰ ਅਲਵਿਦਾ ਕਹਿ ਗਈ।

ਮਦੀਹਾ ਪਿਛਲੇ 35 ਸਾਲਾਂ ਤੋਂ ਪਾਕਿਸਤਾਨ ਵਿੱਚ ਅਗਾਂਹਵਧੂ, ਸਾਰਥਿਕ ਸੁਨੇਹੇ ਵਾਲਾ ਰੰਗਮੰਚ ਕਰ ਰਹੇ ਸਨ। ਉਨ੍ਹਾਂ ਨੇ 35 ਸਾਲ ਪਹਿਲਾਂ 'ਅਜੋਕਾ ਥੀਏਟਰ ਲਾਹੌਰ' ਦੀ ਸਥਾਪਨਾ ਕੀਤੀ ਤੇ ਪਹਿਲਾ ਨਾਟਕ ਭਾਰਤੀ ਨਾਟਕਕਾਰ ਬਾਦਲ ਸਰਕਾਰ ਦਾ ਲਿਖਿਆ 'ਜਲੂਸ' ਨਾਟਕ ਲਾਹੌਰ ਵਿਚ ਖੇਡਿਆ।

ਪਾਕਿਸਤਾਨ ਦੀ ਹਕੂਮਤ ਨੇ ਉਸਨੂੰ ਲਾਹੌਰ ਦੇ ਕਿਸੇ ਥੀਏਟਰ ਹਾਲ ਜਾਂ ਸੜਕ 'ਤੇ ਨਾਟਕ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਤਾਂ ਇਹ ਨਾਟਕ ਉਨ੍ਹਾਂ ਨੇ ਆਪਣੀ ਮਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਵਿੱਚ ਲੋਕਾਂ ਨੂੰ ਇਕੱਠਾ ਕਰਕੇ ਖੇਡਿਆ। ਉਨ੍ਹਾਂ ਨੇ ਲਗਾਤਾਰ ਥੀਏਟਰ ਕੀਤਾ ਤੇ ਪਾਕਿਸਤਾਨੀ ਰੰਗਮੰਚ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੱਕ ਲੈ ਕੇ ਗਏ। ਉਨ੍ਹਾਂ ਨੇ ਭਾਰਤ ਵਿੱਚ 100 ਤੋਂ ਵੱਧ ਵਾਰ ਨਾਟਕ ਖੇਡੇ, ਦੁਨੀਆਂ ਦੇ 30-40 ਮੁਲਕਾਂ ਵਿੱਚ ਪਾਕਿਸਤਾਨੀ ਥੀਏਟਰ ਨੂੰ ਮਾਣ ਦਵਾਇਆ।

ਉਨ੍ਹਾਂ ਨੇ ਉੱਚ ਕੋਟੀ ਦਾ ਥੀਏਟਰ ਕੀਤਾ, ਤੇ ਪਾਕਿਸਤਾਨੀ ਰੰਗਮੰਚ ਦੀ ਮਸੀਹਾ ਬਣ ਗਏ। ਉਨ੍ਹਾਂ ਦੇ ਰੰਗਮੰਚ ਸਫ਼ਰ ਵਿੱਚ ਉਨ੍ਹਾਂ ਦੇ ਪਤੀ ਸ਼ਾਹਿਦ ਨਦੀਮ ਨੇ ਉਸ ਲਈ ਉੱਚ ਪਾਏ ਦੇ ਨਾਟਕ ਲਿਖੇ ਤੇ ਉਨ੍ਹਾਂ ਦੇ ਦੋਵੇਂ ਪੁੱਤਰਾਂ ਨੇ ਉਨ੍ਹਾਂ ਦੇ ਨਾਟਕਾਂ ਵਿੱਚ ਭੂਮਿਕਾਵਾਂ ਨਿਭਾਈਆਂ।

ਉਨ੍ਹਾਂ ਲਈ ਲਾਹੌਰ ਤੇ ਅੰਮ੍ਰਿਤਸਰ ਕੋਈ ਦੋ ਸ਼ਹਿਰ ਨਹੀਂ ਸਨ, ਉਹ ਹਮੇਸ਼ਾਂ ਕਹਿੰਦੇ, "ਇਨ੍ਹਾਂ ਦੋਵਾਂ ਸ਼ਹਿਰਾਂ ਦੇ ਪਾਣੀ ਦੀ ਮਿਠਾਸ ਇੱਕੋ ਜਿਹੀ ਹੈ, ਦੋਵਾਂ ਸ਼ਹਿਰਾਂ ਦੇ ਸ਼ਹਿਰੀਆਂ ਦਾ ਖਾਣ-ਪੀਣ ਇਕੋ ਜਿਹਾ ਹੈ, ਇਕੋ ਜਿਹੀ ਤਹਜ਼ੀਬ ਤੇ ਇਕੋ ਜਿਹਾ ਸੱਭਿਆਚਾਰ ਹੈ।"

ਮਦੀਹਾ ਗੌਹਰ ਮੇਰੇ ਲਈ ਮੇਰੇ ਪਰਿਵਾਰ ਦਾ ਹਿੱਸਾ ਸੀ, ਉਹ 2003 'ਚ ਨਾਟਕ 'ਬੁੱਲ੍ਹਾ' ਲੈ ਕੇ ਭਾਰਤ ਆਏ ਤਾਂ ਇੰਝ ਲੱਗਾ ਕਿ ਜਿਵੇਂ ਦੋਵ੍ਹਾਂ ਮੁਲਕਾਂ ਵਿਚ ਠੰਡੀ ਹਵਾ ਦਾ ਬੁੱਲਾ ਵਗਿਆ ਹੋਵੇ ਤੇ ਫੇਰ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ ਲਾਹੌਰ-ਅੰਮ੍ਰਿਤਸਰ ਵਿਚਾਲੇ ਬੱਸਾਂ ਵੀ ਚਲਾ ਦਿੱਤੀਆਂ, ਤੇ ਦੋਨਾਂ ਮੁਲਕਾਂ ਵਿੱਚ ਅਮਨ ਤੇ ਦੋਸਤੀ ਦੀਆਂ ਗੱਲਾਂ ਹੋਣ ਲੱਗੀਆਂ।

ਮਦੀਹਾ ਨਿੱਤ ਨਵਾਂ ਨਾਟਕ ਕਰਨ ਨੂੰ ਕਾਹਲੀ ਹੁੰਦੀ ਸੀ, ਉਸਨੂੰ 1947 ਦੀ ਵੰਡ ਦਾ ਬਹੁੱਤ ਦੁਖ ਸੀ, ਉਸਦੀ ਆਖਰੀ ਫੇਰੀ ਦਸੰਬਰ 2017 ਦੀ ਅੰਮ੍ਰਿਤਸਰ ਦੀ ਹੈ, ਉਹ ਆਈ ਤੇ ਪਾਰਟੀਸ਼ਨ ਮਿਊਜ਼ਮ ਵਿਚ ਬੈਠਕੇ ਧਾਹਾਂ ਮਾਰ-ਮਾਰ ਕੇ ਰੋਈ।

ਉਹ ਹਰ ਇੱਕ ਲਈ ਚੰਗੀ ਦੋਸਤ, ਬਹੁਤ ਸਾਰਿਆਂ ਦੀ ਭੈਣ ਤੇ ਸਭ ਤੋਂ ਵੱਧ ਉਹ ਬੇਹੱਦ ਮਿਲਾਪੜੀ ਇੱਕ ਚੰਗੀ ਇਨਸਾਨ ਸੀ। ਉਨ੍ਹਾਂ ਦੀ ਚੰਗੀ ਇਨਸਾਨੀਅਤ ਨੇ ਹੀ ਉਨ੍ਹਾਂ ਕੋਲੋਂ ਨਾਟਕ 'ਦੁੱਖ ਦਰਿਆ', 'ਬੁੱਲ੍ਹਾ', 'ਦਾਰਾ', 'ਕਾਲਾ ਮੇਂਡਾ ਭੇਸ', 'ਕਾਰੀ ਕਰੇਂਦੇ ਨੀ ਮਾਂ', 'ਕੌਨ ਹੈ ਯੇ ਗੁਸਤਾਖ਼' ਵਰਗੇ ਨਾਟਕ ਕਰਵਾਏ।

ਪਾਕਿਸਤਾਨ ਵਿੱਚ ਉਨ੍ਹਾਂ ਦੇ ਪਤੀ ਸ਼ਾਹਿਦ ਨਦੀਮ ਨੇ ਪਹਿਲੀ ਵਾਰ ਭਗਤ ਸਿਘ ਬਾਰੇ ਨਾਟਕ ਲਿਖਿਆ ਤੇ ਮਦੀਹਾ ਨੇ ਖੇਡਿਆ। ਇਹ ਨਾਟਕ ਉਨ੍ਹਾਂ ਨੇ ਭਗਤ ਸਿੰਘ ਦੇ ਜਨਮ ਸਥਾਨ (ਬੰਗਾ) ਪਾਕਿਸਤਾਨ ਵਿਚ ਵੀ ਜਾ ਕੇ ਖੇਡਿਆ।

ਉਹ ਨਿਤ ਨਵੇਂ ਰੰਗਮੰਚ ਦੇ ਮੇਲੇ ਲਾਉਣ ਲਈ ਉਤਸੁਕ ਰਹਿੰਦੇ। ਉਨ੍ਹਾਂ ਨੇ ਹਿੰਦ-ਪਾਕਿ ਮਿੱਤਰਤਾ ਲਈ ਦੋਵ੍ਹਾਂ ਮੁਲਕਾਂ ਦੀਆਂ ਟੀਮਾਂ ਨੂੰ ਲਾਹੌਰ ਬੁਲਾ-ਬੁਲਾ ਕੇ ਕਦੇ 'ਪੰਜ ਪਾਣੀ ਥੀਏਟਰ ਫੈਸਟੀਵਲ', ਕਦੇ 'ਹਮਸਾਇਆ ਥੀਏਟਰ ਫੈਸਟੀਵਲ', ਕਦੇ 'ਜਨਾਨੀ ਥੀਏਟਰ ਫੈਸਟੀਵਲ, ਕਦੇ 'ਮਿੱਤਰਤਾ ਥੀਏਟਰ ਫੈਸਟੀਵਲ', ਤੇ ਕਦੇ 'ਅਮਨ ਥੀਏਟਰ ਫੈਸਟੀਵਲ' ਕੀਤੇ।

ਉਨ੍ਹਾਂ ਨੇ ਆਪਣੇ ਨਾਟਕਾਂ ਦੇ ਮੇਲੇ ਇਧਰਲੇ ਪਾਸੇ ਭਾਰਤ ਵਿੱਚ ਵੀ ਵਾਰ-ਵਾਰ ਕੀਤੇ। ਉਹ ਅਮਨ ਤੇ ਦੋਸਤੀ ਦੀ ਗੱਲ ਕਦੇ ਰੰਗਮੰਚ ਰਾਹੀਂ, ਤੇ ਕਦੇ ਸੈਮੀਨਾਰ ਰਾਹੀਂ ਤੇ ਕਦੇ ਇੰਟਰਵਿਊ ਰਾਹੀਂ ਕਰਦੇ। ਉਹ ਨਿੱਤ ਨਵਾਂ ਰੰਗਮੰਚ ਦਾ ਸੰਵਾਦ ਰਚਾਉਂਦੇ ਸੀ।

ਉਹ ਏਨਾਂ ਕੁ ਅੰਮ੍ਰਿਤਸਰ ਆਉਂਦੇ ਸੀ ਕਿ ਅਸੀਂ ਹੱਸਕੇ ਕਹਿਣਾ ਕਿ ਹੁਣ ਅੰਮ੍ਰਿਤਸਰ ਨੂੰ ਵੀ ਮਦੀਹਾ ਦੇ ਆਉਣ ਦੀ ਇੰਤਜ਼ਾਰ ਰਹਿੰਦੀ ਹੈ। ਦੋਵ੍ਹਾਂ ਮੁਲਕਾ ਦੇ ਕਲਾਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਿਆਂ ਕਰਨ ਲਈ ਉਨ੍ਹਾਂ ਨੇ ਸੰਸਥਾ ਬਣਾਈ 'ਆਪਾਂ' (ਆਲ ਪ੍ਰਫਾਰਮਿੰਗ ਆਰਟਿਸਟ ਨੈਟਵਰਕ) ਤੇ ਇਸ ਸੰਸਥਾ ਦੇ ਬੈਨਰ ਹੇਠ ਉਸਨੇ ਰੰਗਮੰਚ ਦੇ ਰੰਗਾਂ ਦੇ ਕਈ ਵੱਡੇ ਕੰਮ ਕੀਤੇ।

ਉਹ ਪਾਕਿਸਤਾਨੀ ਟੀ.ਵੀ. ਨਾਟਕਾਂ ਦੀ ਵੀ ਪ੍ਰਸਿੱਧ ਅਭਿਨੇਤਰੀ ਸੀ, ਉਸ ਵਲੋਂ ਟੀ. ਵੀ. ਸੀਰੀਅਲ 'ਨੀਲੇ ਹਾਥ' ਵਿੱਚ ਨਿਭਾਇਆ ਕਿਰਦਾਰ ਦਰਸ਼ਕਾਂ ਦੇ ਚੇਤਿਆਂ ਵਿਚ ਹਮੇਸ਼ਾ ਤਾਜ਼ਾ ਰਹੇਗਾ। ਉਹ ਅਭਿਨੇਤਰੀ ਸੀ, ਉਹ ਨਿਰਦੇਸ਼ਕ ਸੀ, ਸਮਾਜਿਕ ਸਰੋਕਾਰਾਂ ਨਾਲ ਜੁੜੀ ਅਗਾਂਹ ਵਧੂ ਕਾਰਕੁਨ ਸੀ। ਉਨ੍ਹਾਂ ਨੇ ਪਾਕਿਸਤਾਨੀ ਹਕੂਮਤ ਨਾਲ ਵੀ ਟੱਕਰ ਲਈ ਤੇ ਜੇਲ੍ਹ ਗਏ।

ਉਨ੍ਹਾਂ ਨੇ 14 ਅਗਸਤ ਦੀ ਰਾਤ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਉਂਦਿਆਂ ਪਾਕਿਸਤਾਨੀ ਕੱਟੜਪੰਥੀਆਂ ਤੇ ਪੁਲਿਸ ਵਾਲਿਆਂ ਕੋਲੋਂ ਲਾਠੀਆਂ ਵੀ ਖਾਧੀਆਂ, ਪਰ ਉਹ ਅਮਨ ਦਾ ਹੋਕਾ ਦੇਣੋਂ ਨਾ ਰੁਕੇ।



ਮਦੀਹਾ ਗੌਹਰ ਤੁਰੀ ਫਿਰਦੀ ਇੱਕ ਸੰਸਥਾ ਸੀ, ਉਨ੍ਹਾਂ ਦੇ ਟਰੇਂਡ ਕੀਤੇ ਕਲਾਕਾਰ ਹੁਣ ਪਾਕਿਸਤਾਨੀ ਟੀ.ਵੀ. ਤੇ ਪਾਕਿਸਤਾਨੀ ਫ਼ਿਲਮਾਂ ਦੇ ਵੀ ਵੱਡੇ ਕਲਾਕਾਰ ਹਨ। ਉਹ ਹਮੇਸ਼ਾਂ ਕੁਝ ਨਵਾਂ ਕਰਨ ਤੇ ਨਵਾਂ ਸਿਖਣ ਲਈ ਤੱਤਪਰ ਰਹਿੰਦੇ ਸਨ। ਉਹ ਆਪਣੇ ਰੰਗਮੰਚ ਕਲਾਕਾਰਾਂ ਨੂੰ ਟਰੇਨਿੰਗ ਦਿਵਾਉਣ ਲਈ ਹਰ ਸਾਲ ਜੂਨ ਮਹੀਨੇ ਵਿੱਚ ਅੰਮ੍ਰਿਤਸਰ ਮੇਰੇ ਕੋਲ ਇੱਕ ਮਹੀਨੇ ਲਈ ਭੇਜਦੇ।

ਅਸੀਂ ਅੰਮ੍ਰਿਤਸਰ ਤੇ ਲਾਹੌਰ ਦੇ ਕਲਾਕਾਰਾਂ ਨੇ ਮਿਲਕੇ ਨਾਟਕ 'ਯਾਤਰਾ-1947' ਵੀ ਤਿਆਰ ਕੀਤਾ, ਤੇ ਦੋਵੇਂ ਮੁਲਕਾਂ ਵਿਚ ਉਸਦੇ ਕਈ ਸ਼ੋਅ ਕੀਤੇ। ਉਹ ਰੰਗਮੰਚ ਕਰਦਿਆਂ, ਨਾਟਕ ਮੇਲੇ ਲਾਉਂਦਿਆਂ, ਸੈਮੀਨਾਰ ਕਰਦਿਆਂ, ਕਦੇ ਵੀ ਰੁਕਦੇ ਨਹੀਂ ਸਨ, ਅੱਕਦੇ ਨਹੀਂ ਸਨ। ਥੱਕਦੇ ਨਹੀਂ ਸਨ।

ਲਗਭਗ ਪਿਛਲੇ 4-5 ਸਾਲਾਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ, ਉਪਰੇਸ਼ਨ ਵੀ ਕਰਵਾ ਰਹੀ ਸਨ, ਕੀਮੋ ਵੀ ਕਰਵਾ ਰਹੇ ਸਨ, ਪਰ ਦੋਵ੍ਹਾਂ ਮੁਲਕਾਂ ਵਿਚ ਨਾਟਕ ਮੇਲੇ ਲਾਉਣੋਂ ਨਹੀਂ ਸਨ ਰੁਕੇ। ਖ਼ਾਸ ਤੌਰ 'ਤੇ ਪਿਛਲੇ 4-5 ਸਾਲਾਂ ਵਿੱਚ ਉਨ੍ਹਾਂ ਨੇ ਦੋਵਾਂ ਮੁਲਕਾਂ ਵਿਚ 20 ਤੋਂ ਵੱਧ ਰੰਗਮੰਚ ਮੇਲੇ ਲਾਏ।

ਉਹ ਆਪਣੀ ਬੀਮਾਰੀ ਕੋਲੋਂ ਹਾਰਨਾ ਨਹੀਂ ਸੀ ਚਾਹੁੰਦੇ, ਉਹ ਬੀਮਾਰੀ ਨਾਲ ਲੜਦੇ ਰਹੇ, ਇਨ੍ਹਾਂ ਆਖ਼ਰੀ ਦਿਨਾਂ ਵਿੱਚ ਵੀ 15 ਦਿਨ ਪਹਿਲਾਂ ਲਾਹੌਰ ਵਿਖੇ ਤਿੰਨ ਰੋਜ਼ਾ 'ਆਜ਼ਾਦੀ ਥੀਏਟਰ ਫੈਸਟੀਵਲ' ਕੀਤਾ। ਪੰਦਰਾਂ ਦਿਨ ਪਹਿਲਾਂ ਉਨ੍ਹਾਂ ਦੀ ਜੋ ਦਵਾਈ ਪਾਕਿਸਤਾਨ ਤੋਂ ਨਹੀਂ ਸੀ ਮਿਲ ਰਹੀ, ਉਹ ਮੈਂ ਇਧਰੋਂ ਦਿੱਲੀ ਤੋਂ ਲੈ ਕੇ ਇੱਕ ਦਿਨ ਦੇ ਵਿੱਚ-ਵਿੱਚ ਲਾਹੌਰ ਭੇਜੀ ਤਾਂ ਜੋ ਮਦੀਹਾ ਠੀਕ ਹੋ ਜਾਵੇ।

ਹੁਣ ਮਦੀਹਾ ਨੂੰ ਕਿਸੇ ਦਵਾਈ ਦੀ ਲੋੜ ਨਹੀਂ ਪੈਣੀ, ਉਹ ਮਦੀਹਾ ਜੋ ਹਕੂਮਤਾਂ ਨਾਲ ਟੱਕਰ ਲੈਂਦੇ ਸੀ, ਕਦੇ ਹਾਰੇ ਨਹੀਂ ਸੀ, ਬੀਮਾਰੀ ਹੱਥੋਂ ਹਾਰ ਗਏ।

ਉਨ੍ਹਾਂ ਨੇ ਪਾਕਿਸਤਾਨੀ ਅੱਤਵਾਦ ਦੇ ਖ਼ਿਲਾਫ਼ ਸਟੇਜ 'ਤੇ ਖੜ੍ਹੇ ਹੋ ਕੇ ਕਿਹਾ, 'ਥੀਏਟਰ ਅਗੇਂਸਟ ਤਾਲਿਬਾਨ'। ਉਨ੍ਹਾਂ ਨੇ ਪਾਕਿਸਤਾਨੀ ਕੱਟੜਪੰਥੀ ਮੁਲਾ-ਮੁਲਾਣਿਆਂ ਨੂੰ ਵੰਗਾਰਿਆ ਤੇ 'ਬੁਰਕਾ' ਪਰੰਪਰਾ ਦੇ ਖ਼ਿਲਾਫ਼ ਨਾਟਕ ਖੇਡਿਆ "ਬੁਰਕਾ ਵਗੈਂਜਾ"।

ਇਹ ਨਾਟਕ ਬੈਨ ਕਰ ਦਿੱਤਾ ਗਿਆ, ਪਰ ਉਸਨੇ ਫਰ ਵੀ ਇਹ ਨਾਟਕ ਖੇਡਿਆ ਤੇ ਕੱਟੜਪੰਥੀਆਂ ਨੂੰ ਵੰਗਾਰਿਆ। ਲਾਹੌਰ ਵਿਚ ਜਦੋਂ ਬਸੰਤ ਫੈਸਟੀਵਲ ਬੈਨ ਕੀਤਾ ਗਿਆ ਤਾਂ ਉਸਨੇ ਫਿਰ ਨਾਟਕ ਖੇਡਿਆ "ਲੋ ਫਿਰ ਬਸੰਤ ਆਈ"। ਉਸਨੇ ਮਜ਼ਦੂਰਾਂ ਦੇ ਹੱਕ 'ਚ ਨਾਟਕ "ਇੱਟ" ਵੀ ਖੇਡਿਆ ਤੇ ਧੀਆਂ ਦੇ ਹੱਕ 'ਚ "ਝੱਲੀ ਕਿੱਥੇ ਜਾਵੇ", "ਸ਼ਰਮ ਦੀ ਗੱਲ", "ਥੱਪੜ" ਤੇ "ਧੀ ਰਾਣੀ" ਖੇਡੇ।

ਮਦੀਹਾ ਗੌਹਰ ਦੀ ਯਾਦ ਅੰਮ੍ਰਿਤਸਰ ਦੇ ਕੋਨੇਂ-ਕੋਨੇ ਗਲੀਆਂ ਬਾਜ਼ਾਰਾਂ ਵਿਚ ਵਸੀ ਹੈ, ਉਹ ਅੰਮ੍ਰਿਤਸਰ ਆਉਂਦੀ ਤਾਂ ਕਦੇ ਮੇਰੇ ਰੰਗਮੰਚ ਭਵਨ ਵਿੱਚ, ਕਦੇ ਪੰਜਾਬ ਨਾਟਸ਼ਾਲਾ ਵਿਚ, ਕਦੇ ਵਿਰਸਾ ਵਿਹਾਰ ਵਿੱਚ, ਕਦੇ ਪ੍ਰੀਤ ਨਗਰ, ਕਦੇ ਆਰਟ ਗੈਲਰੀ ਤੇ ਕਦੇ ਅੰਮ੍ਰਿਤਸਰ ਦੇ ਸ਼ਾਪਿੰਗ ਸੈਂਟਰਾਂ 'ਚ, ਕਦੇ ਖਾਣੇ ਵਾਲੀਆਂ ਦੁਕਾਨਾਂ, ਕਦੇ ਸਪਰਿੰਗ ਡੇਲ ਸਕੂਲ, ਕਦੇ ਪੁਲ ਕੰਜਰੀ, ਕਦੇ ਹਾਸ਼ਮ ਸ਼ਾਹ ਦੇ ਮੇਲੇ ਤੇ ਕਦੇ ਕਿਤੇ ਤੇ ਕਦੇ ਕਿਤੇ, ਮਦੀਹਾ ਅੰਮ੍ਰਿਤਸਰ ਵਿਚ ਕਿੱਥੇ ਨਹੀਂ ਸੀ।

ਅੱਜ ਲਾਹੌਰ ਵੀ ਉਦਾਸ ਹੈ, ਅੱਜ ਅੰਮ੍ਰਿਤਸਰ ਵੀ ਉਦਾਸ ਹੈ। ਮਦੀਹਾ ਸਾਡਾ ਤਾਂ ਲਾਹੌਰ ਹੀ ਤੇਰੇ ਨਾਲ ਵੱਸਦਾ ਸੀ, ਤੂੰ ਨਾਟਕਾਂ ਦੇ ਮੇਲੇ ਲਾਉਣੇ ਸ਼ੁਰੂ ਕੀਤੇ ਤੇ ਇਧਰਲੇ ਪੰਜਾਬ ਦੇ ਕਲਾਕਾਰਾਂ ਨੇ ਲਾਹੌਰ ਦੇ ਦਰਸ਼ਨ ਕੀਤੇ। ਮਦੀਹਾ ਦੀ ਦੋਵਾਂ ਮੁਲਕਾਂ ਨੂੰ, ਇਸ ਧਰਤੀ ਨੂੰ, ਸੰਵੇਦਨਸ਼ੀਲ ਲੋਕਾਂ ਨੂੰ, ਇਨਸਾਨਾਂ ਅੰਦਰ ਵਸਦੀ ਸੰਵੇਦਨਸ਼ੀਲਤਾ ਨੂੰ ਹਾਲੇ ਬੜੀ ਲੋੜ ਸੀ।

*- ਬੀਬੀਸੀ ਪੰਜਾਬੀ ਤੋਂ ਧੰਨਵਾਦ ਸਹਿਤ*

## ਮਦੀਹਾ ਗੌਹਰ ਬਾਰੇ ਆਪਣੇ ਜਜ਼ਬਾਤ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ ਮੋਨਾ ਰਾਣਾ ਨੇ...

### ਪ੍ਰੋ. ਮਦੀਹਾ ਦਾ ਪਾਨ ਲਾਉਣ ਦਾ ਸਟਾਈਲ

"ਸੰਨ 1984 ਦੀ ਗੱਲ ਏ, ਜਦੋਂ ਮੈਂ 12ਵੀਂ ਜਮਾਤ 'ਚ ਪੜ੍ਹਦੀ ਸੀ, ਮਦੀਹਾ ਗੌਹਰ ਸਾਡੇ ਕਾਲਜ ਵਿੱਚ ਅੰਗਰੇਜ਼ੀ ਪੜ੍ਹਾਉਣ ਲਈ ਆਈ। ਉਦੋਂ ਤੱਕ ਮਦੀਹਾ ਗੌਹਰ ਮਸ਼ਹੂਰ ਹੋ ਚੁੱਕੀ ਸੀ।"

"ਸਾਡੇ ਲਈ ਇਹ ਬੜੀ ਨਵੇਕਲੀ ਤੇ ਦਿਲਚਸਪ ਗੱਲ ਸੀ ਕਿ ਉਹ ਸਾਡੇ ਕਾਲਜ 'ਚ ਪ੍ਰੋਫ਼ੈਸਰ ਬਣ ਕੇ ਆਈ ਸੀ।" "ਇਹ ਉਹ ਦੌਰ ਸੀ ਜਦੋਂ ਮੋਬਾਈਲ ਫ਼ੋਨ ਤੇ ਇੰਟਰਨੈੱਟ ਨਹੀਂ ਆਏ ਸਨ ਤੇ ਕੁੜੀਆਂ ਅਤੇ ਉਨ੍ਹਾਂ ਦੀਆਂ ਟੀਚਰਾਂ ਬਾਹਰ ਦੇ ਦੇਸ਼ਾਂ ਦੇ ਫ਼ੈਸ਼ਨ ਬਹੁਤਾ ਨਹੀਂ ਸੀ ਕਰਦੀਆਂ।"

"ਪਰ ਮਦੀਹਾ ਗੌਹਰ ਦਾ ਪਾਨ ਲਾਉਣ ਦਾ ਅੰਦਾਜ਼ ਬਾਕੀਆਂ ਔਰਤਾਂ ਨਾਲੋਂ ਮੌਡਰਨ ਸੀ, ਇਸ ਲਈ ਸਾਰੀਆਂ ਕੁੜੀਆਂ ਮਦੀਹਾ ਨੂੰ ਵੇਖ-ਵੇਖ ਕੇ ਬੜੀਆਂ ਖ਼ੁਸ਼ ਹੁੰਦੀਆਂ ਸਨ।" "ਮਦੀਹਾ ਨੇ ਕੁਝ ਮਹੀਨੇ ਸਾਨੂੰ ਅੰਗਰੇਜ਼ੀ ਪੜ੍ਹਾਈ ਤੇ ਬੜੀ ਚੰਗੀ ਪੜ੍ਹਾਈ।"

### ਮੌਡਰਨ ਅੰਦਾਜ਼ ਤੇ ਅੰਗਰੇਜ਼ੀ 'ਤੇ ਫ਼ਿਦਾ ਸਨ ਕੁੜੀਆਂ

"ਕਾਲਜ ਸਮੇਂ ਮਦੀਹਾ ਦਾ ਕਲਾਸ 'ਚ ਅੰਦਾਜ਼ ਕਾਫ਼ੀ ਸਖ਼ਤ ਰਿਹਾ।"

"ਉਹ ਆਪਣੀਆਂ ਸ਼ਾਗਿਰਦਾਂ ਨਾਲ ਬਹੁਤੀ ਘੁਲਦੀ-ਮਿਲਦੀ ਨਹੀਂ ਸੀ, ਲਿਹਾਜ਼ਾ ਉਸ ਨਾਲ ਗੱਪਾਂ ਮਾਰਨ ਦਾ ਕਦੇ ਮੌਕਾ ਨਹੀਂ ਮਿਲਿਆ।" "ਸਾਰੀਆਂ ਕੁੜੀਆਂ ਉਸ ਦੇ ਮੌਡਰਨ ਅੰਦਾਜ਼ ਤੇ ਅੰਗਰੇਜ਼ੀ ਬੋਲਣ ਦੇ ਤਰੀਕੇ 'ਤੇ ਫ਼ਿਦਾ ਹੁੰਦੀਆਂ ਸਨ।"

### ਔਰਤਾਂ ਦੇ ਹੱਕ ਲਈ ਚੁੱਕੀ ਆਵਾਜ਼

"ਮਦੀਹਾ ਗੌਹਰ ਨੇ ਬਤੌਰ ਰੰਗ ਕਰਮੀ ਔਰਤਾਂ ਦੇ ਹੱਕ-ਹਕੂਕ ਲਈ ਆਪਣੇ ਥਿਏਟਰ ਰਾਹੀਂ ਆਵਾਜ਼ ਚੁੱਕਣ ਦੀ ਕੋਸ਼ਿਸ਼ ਕੀਤੀ।" "ਉਸ ਦੀ ਇਸ ਕੋਸ਼ਿਸ਼ ਨੇ ਸਾਰੀਆਂ ਕੁੜੀਆਂ ਦੇ ਦਿਲਾਂ ਵਿੱਚ ਉਸ ਦਾ ਇੱਕ ਅਲੱਗ ਹੀ ਮੁਕਾਮ ਬਣਾਇਆ ਹੋਇਆ ਸੀ।"

"ਜਿੱਥੇ ਕੁਝ ਕੁੜੀਆਂ ਉਸ ਦੇ ਪਾਨ ਲਾਉਣ ਦੇ ਅੰਦਾਜ਼ ਨੂੰ ਅਪਨਾਉਣ ਦੀ ਚਾਹਤ ਰੱਖਦੀਆਂ ਸਨ, ਉੱਥੇ ਹੀ ਕੁਝ ਅਜਿਹੀਆਂ ਵੀ ਸਨ ਜੋ ਮਦੀਹਾ ਗੌਹਰ ਵਾਂਗ ਔਰਤਾਂ ਦੇ ਹਕੂਕ ਲਈ ਕੰਮ ਕਰਨ ਦੀ ਖ਼ੁਆਇਸ਼ ਵੀ ਰੱਖਦੀਆਂ ਸਨ।"

"ਮਦੀਹਾ ਗੌਹਰ ਨੇ ਆਮ ਲੋਕਾਂ ਅਤੇ ਖ਼ਾਸ ਤੌਰ 'ਤੇ ਔਰਤਾਂ ਦੀ ਸਮੱਸਿਆਵਾਂ ਲਈ ਤੇ ਔਰਤਾਂ ਨੂੰ ਤਾਲੀਮ ਤੋਂ ਮਹਿਰੂਮ ਕਰਨ ਦੇ ਵਿਰੁੱਧ ਜਿਹੜਾ ਕੰਮ ਕੀਤਾ ਉਹ ਉਨ੍ਹਾਂ ਦੀਆਂ ਸ਼ਾਗਿਰਦਾਂ ਵਿਚਾਲੇ ਉਨ੍ਹਾਂ ਦੀ ਸ਼ੌਹਰਤ ਦੀ ਵਜ੍ਹਾ ਬਣਿਆ।" "ਆਪਣੀਆਂ ਸ਼ਾਗਿਰਦਾਂ ਲਈ ਉਹ ਇੱਕ ਆਈਡਲ ਔਰਤ ਬਣ ਗਈ।"

### ਮਦੀਹਾ ਗੌਹਰ ਨਾਲ ਮੇਰੀ ਜਾਣ-ਪਛਾਣ

"ਮਦੀਹਾ ਗੌਹਰ ਨਾਲ ਮੇਰੀ ਮੁਲਾਕਾਤ ਇਸ ਤਰ੍ਹਾਂ ਹੋਈ ਕਿ ਉਹ ਵੀ ਸਰਕਾਰੀ ਕਾਲਜ 'ਚ ਪੜ੍ਹਦੇ ਸਨ ਅਤੇ ਸਾਡੇ ਤੋਂ ਸੀਨੀਅਰ ਸਨ। ਉਸ ਦੌਰਾਨ ਥਿਏਟਰ ਵਿੱਚ ਇੱਕ ਦਿਨ ਉਨ੍ਹਾਂ ਪੁੱਛਿਆ, "ਤੁਹਾਡੇ ਵਿੱਚੋਂ ਡਰਾਮਾ ਕੌਣ-ਕੌਣ ਕਰੇਗਾ?"

"ਅਸੀਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਡਰਾਮਾ ਤੁਹਾਡੇ ਨਾਲ ਸ਼ੁਰੂ ਕਰਾਂਗੇ ਤੇ ਉਨ੍ਹਾਂ ਨੇ ਉਸ ਸਮੇਂ ਫ਼ਿਰ ਸਾਡਾ ਆਡੀਸ਼ਨ ਲਿਆ। ਕੁਝ ਦੋਸਤਾਂ ਨੂੰ ਨਾਲ ਲੈ ਕੇ ਅਸੀਂ ਡਰਾਮਾ ਸ਼ੁਰੂ ਕੀਤਾ, ਜਿਸ ਦਾ ਨਾਂ ਸੀ 'ਜਲੂਸ'।" "ਅਸੀਂ ਇਸ ਡਰਾਮੇ ਦੀ ਰਿਹਰਸਲ ਸਰਕਾਰੀ ਕਾਲਜ ਦੇ ਓਪਨ ਏਅਰ ਥਿਏਟਰ ਵਿੱਚ ਸ਼ੁਰੂ ਕਰ ਦਿੱਤੀ।" "ਉਹ ਮਾਰਸ਼ਲ ਲਾਅ ਦਾ ਦੌਰ ਸੀ ਤੇ ਜਲੂਸ ਡਰਾਮਾ ਐਂਟੀ ਮਾਰਸ਼ਲ ਲਾਅ ਸੀ।" "ਜਦੋਂ ਇਸ ਬਾਬਤ ਪ੍ਰਿੰਸਿਪਲ ਨੂੰ ਖ਼ਬਰ ਹੋਈ ਕਿ ਅਸੀਂ ਇਹ ਡਾਰਾਮਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਤਾਂ ਉਨ੍ਹਾਂ ਨੇ ਸਾਡੇ 'ਤੇ ਬੈਨ ਲਗਾ ਦਿੱਤਾ।" ਆਖ਼ਿਰ ਅਸੀਂ ਡਰਾਮਾ ਲੈ ਕੇ ਮਦੀਹਾ ਗੌਹਰ ਸਾਹਿਬਾ ਦੇ ਘਰ ਚਲੇ ਗਏ ਤੇ ਉੱਥੇ ਅਸੀਂ ਡਰਾਮੇ ਦੀ ਰਿਹਰਸਲ ਕੀਤੀ।

# ਧਰਮ ਨਿਰਪੱਖਤਾ, ਘੱਟ ਗਿਣਤੀਆਂ ਅਤੇ ਮਾਨਵੀ ਅਧਿਕਾਰਾਂ ਦੇ ਮੁੱਦਈ ਸਨ : ਰਾਜਿੰਦਰ ਸੱਚਰ



– ਡਾ. ਮੁਹੰਮਦ ਇਦਰੀਸ

ਰਾਜਿੰਦਰ ਸੱਚਰ ਦਾ ਜਨਮ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਭੀਮ ਸੈਨ ਸੱਚਰ ਦੇ ਘਰ ਲਾਹੌਰ ਵਿਖੇ 20 ਦਸੰਬਰ 1923 ਨੂੰ ਹੋਇਆ ਸੀ। ਮੁੱਢਲੀ ਸਿੱਖਿਆ ਡੀ.ਏ.ਵੀ ਸਕੂਲ, ਲਾਹੌਰ ਤੋਂ ਪਾਸ ਕਰਨ ਉਪਰੰਤ ਉਚੇਰੀ ਪੜਾਈ ਸਰਕਾਰੀ ਕਾਲਜ, ਲਾਹੌਰ ਅਤੇ ਲਾਅ ਕਾਲਜ, ਲਾਹੌਰ ਤੋਂ ਲਾਅ ਦੀ ਡਿਗਰੀ ਪ੍ਰਾਪਤ ਕੀਤੀ ਸੀ। ਉਨ੍ਹਾਂ ਨੇ 22 ਅਪ੍ਰੈਲ 1952 ਨੂੰ ਆਜ਼ਾਦੀ ਉਪਰੰਤ ਸ਼ਿਮਲਾ ਕੋਰਟ ਵਿਖੇ ਵਕੀਲ ਵਜੋਂ ਕਾਰਜ ਸ਼ੁਰੂ ਕੀਤਾ ਅਤੇ 1960 ਵਿੱਚ ਸਰਵ ਉਚ ਅਦਾਲਤ ਨਵੀਂ ਦਿੱਲੀ ਵਿਖੇ ਵਕਾਲਤ ਕਰਨੀ ਸ਼ੁਰੂ ਕੀਤੀ। ਵਕਾਲਤ ਦੌਰਾਨ ਰਜਿਦਰ ਸੱਚਰ ਕੋਲ ਸਿਵਲ, ਫੌਜਦਾਰੀ ਅਤੇ ਲਗਾਨ ਨਾਲ ਸਬੰਧਤ ਵਧੇਰੇ ਕੇਸ ਆਉਂਦੇ ਸਨ।

12 ਫਰਵਰੀ 1970 ਨੂੰ ਰਾਜਿਦਰ ਸੱਚਰ ਦੀ ਨਿਯੁਕਤੀ ਦਿੱਲੀ ਹਾਈ ਕੋਰਟ ਦੇ ਐਡੀਸ਼ਨਲ ਜੱਜ ਵਜੋਂ ਪਹਿਲਾਂ ਦੋ ਸਾਲ ਅਤੇ 1972 ਨੂੰ ਦਿੱਲੀ ਹਾਈ ਕੋਰਟ ਦਾ ਸਥਾਈ ਜੱਜ ਨਿਯੁਕਤ ਹੋਏ। 15 ਮਈ 1975ਤੋਂ 10 ਮਈ 1976 ਰਜਿਦਰ ਸੱਚਰ ਦੀ ਇੱਛਾ ਵਿਰੁੱਧ ਰਾਜਸਥਾਨ ਹਾਈ ਕੋਰਟ ਦੀ ਬਦਲੀ ਸਿਕੱਮ ਤੋਂ ਕੀਤੀ ਗਈ। ਇਸ ਬਦਲੀ ਦਾ ਕਾਰਨ ਰਜਿਦਰ ਸੱਚਰ ਦਾ ਉਸ ਸਮੇਂ ਲਗਾਈ ਗਈ ਐਮਰਜੈਂਸੀ ਨੂੰ ਕਾਨੂੰਨੀ ਨਜ਼ਰੀਏ ਤੋਂ ਅਸਵੀਕਾਰ ਕਰਨਾ ਸੀ। ਐਮਰਜੈਂਸੀ ਖਤਮ ਹੋਣ ਉਪਰੰਤ 9 ਜੁਲਾਈ 1977 ਨੂੰ ਰਾਜਸਥਾਨ ਤੋਂ ਦਿੱਲੀ ਹਾਈ ਕੋਰਟ ਦੀ ਬਦਲੀ ਹੋਈ ਸੀ। ਦਿੱਲੀ ਹਾਈ ਕੋਰਟ ਦੇ ਮੁਖੀ ਜੱਜ ਵਜੋਂ ਸੇਵਾ ਨਿਭਾਉਣ ਉਪਰੰਤ ਉਨ੍ਹਾਂ ਦੀ ਸੇਵਾ ਮੁਕਤੀ 22 ਦਸੰਬਰ 1985 ਨੂੰ ਹੋਈ ਸੀ।

ਰਾਸ਼ਟਰੀ ਪੱਧਰ ਤੇ ਸੇਵਾ ਦੌਰਾਨ ਰਜਿਦਰ ਸੱਚਰ ਦੁਆਰਾ ਨਿਆਂਇਕ ਪ੍ਰਣਾਲੀ ਵਿੱਚ ਸੁਧਾਰ ਹਿੱਤ ਕਦੇ ਵੀ ਅਹੁਦੇ ਦੀ ਦੁਰਵਰਤੋਂ ਜਾਂ ਕੋਈ ਗੈਰ ਇਖਲਾਕੀ, ਗੈਰ-ਕਾਨੂੰਨੀ ਕੰਮ ਨਹੀਂ ਕੀਤਾ ਗਿਆ। ਇਸ ਕਾਰਨ ਭਾਵੇਂ ਉਨ੍ਹਾਂ ਦੀ ਕਈ ਵਾਰ ਬਦਲੀ ਵੀ ਹੋਈ, ਪਰੰਤੂ ਰਾਸ਼ਟਰੀ ਹਿੱਤਾਂ, ਭਾਈਚਾਰਚ ਸਾਂਝ, ਮਾਨਵੀ ਅਧਿਕਾਰਾਂ ਦੀ ਰਾਖੀ ਲਈ ਤੱਤਪਰਤਾ, ਘੱਟ ਗਿਣਤੀਆਂ ਦੇ ਹਿਤੈਸੀ, ਔਰਤਾਂ ਅਤੇ ਬੱਚਿਆਂ ਦੀ ਰਾਖੀ ਲਈ ਕੀਤੇ ਯਤਨਾਂ ਅਤੇ ਫ਼ੈਸਲਿਆਂ ਕਾਰਨ ਸਰਕਾਰਾਂ ਦੁਆਰਾ ਰਜਿਦਰ ਸੱਚਰ ਨੂੰ ਕਈ ਅਹਿਮ ਕਮੇਟੀਆਂ ਅਤੇ ਨਿਆਇਕ ਸੁਧਾਰਾਂ ਹਿੱਤ ਜ਼ਿੰਮੇਵਾਰੀਆਂ ਸੌਪੀਆਂ ਗਈਆਂ ਸਨ। ਜਿੰਨ੍ਹਾਂ ਵਿੱਚ ਕੰਪਨੀਜ਼ ਐਕਟ ਅਤੇ ਵਪਾਰਕ ਰਵਾਇਤਾਂ ਸਬੰਧੀ ਕਮੇਟੀ ਦੇ ਮੁਖੀ 1978, 1984 ਵਿੱਚ ਉਦਯੋਗਿਕ ਝਗੜਿਆਂ ਸਬੰਧੀ ਫੈਸਲੇ ਮਜ਼ਦੂਰਾਂ ਦੀਆਂ ਤਨਖਾਹਾਂ, ਪ੍ਰਾਈਵੇਟ ਸੈਕਟਰ ਵਿੱਚ ਸੁਧਾਰ ਆਦਿ ਸ਼ਾਮਲ ਸਨ।

ਰਜਿੰਦਰ ਸੱਚਰ ਦੁਆਰਾ ਬੁਨਿਆਦੀ ਤੌਰ ਤੇ ਘੱਟ ਗਿਣਤੀਆਂ ਵਿਸ਼ੇਸ਼ ਰੂਪ ਵਿੱਚ ਮੁਸਲਮਾਨਾਂ ਅਤੇ ਸਿੱਖਾਂ ਦੇ ਰਾਸ਼ਟਰੀ, ਆਰਥਿਕ, ਸਮਾਜਿਕ , ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਆਦਿ ਖੇਤਰਾਂ ਵਿੱਚ ਬਰਾਬਰਤਾ ਦੇ ਹੱਕਾਂ ਦੀ ਪੈਰ੍ਹਵਾਈ ਕੀਤੀ ਗਈ ਹੈ। ਉਨ੍ਹਾਂ ਦੇ ਜੀਵਨ ਦੇ ਇਸ ਪੱਖ ਵਿੱਚ ਦੋ ਮਹੱਤਵਪੂਰਨ ਦਲੀਲਾਂ ਸੰਖੇਪ ਵਿੱਚ ਵਰਨਣ ਹਨ। ਪਹਿਲੀ ਭਾਰਤ ਦੀ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਨਵੰਬਰ 1984 ਵਿੱਚ ਭਾਰਤ ਦੇ ਵੱਖ-ਵੱਖ ਸ਼ਹਿਰਾਂ ਸਿੱਖਾਂ ਉਪਰ ਹੋਏ ਹਮਲਿਆਂ ਨਾਲ ਹੈ।

ਪਬਲਿਕ ਯੂਨੀਅਨ ਫਾਰ ਡੈਮੋਕਰੇਟਿਕ ਰਾਇਟਸ ਵਲੋਂ ਤੱਥਾਂ ਤੇ ਅਧਾਰਤ ਦਿੱਲੀ ਹਾਈ ਕੋਰਟ ਵਿੱਚ ਕੀਤੀ ਤੇ ਰਜਿਦਰ ਸੱਚਰ ਵੱਲੋਂ ਪੁਲਿਸ ਨੂੰ ਸੰਮਨ ਜਾਰੀ ਕੀਤੇ ਗਏ ਕਿ ਦੰਗਿਆਂ ਦੌਰਾਨ ਜਿਹੜੇ ਨੇਤਾਵਾਂ ਦੀ ਭੂਮਿਕਾ ਦਾ ਵਰਣਨ ਬਿਆਨ ਹਲਫ਼ੀਆ ਵਿੱਚ ਹੈ ਉਨ੍ਹਾਂ ਵਿਰੁੱਧ ਕੇਸ ਦਾਖਲ ਕੀਤੇ ਜਾਣ। ਰਾਜਨੀਤਕ ਦਖਲ ਅੰਦਾਜੀ ਕਾਰਨ ਇਹ ਕੇਸ ਰਜਿਦਰ ਸੱਚਰ ਦੀ ਕੋਰਟ ਤੋਂ ਬਦਲ ਦਿੱਤਾ ਗਿਆ ਸੀ।

2004 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਨਣ ਉਪਰੰਤ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੁਆਰਾ ਮਾਰਚ 2005 ਵਿੱਚ ਭਾਰਤੀ ਮੁਸਲਿਮ ਸਮਾਜ ਵਿੱਚ ਸੁਧਾਰ ਕਰਨ ਹਿੱਤ ਸੱਚਰ ਕਮੇਟੀ ਦਾ ਨਿਰਮਾਣ ਕੀਤਾ ਗਿਆ। ਇਸ ਕਮੇਟੀ ਵਿੱਚ ਰਜਿਦਰ ਸੱਚਰ ਨਾਲ ਸੈਕਟਰੀ ਮੈਂਬਰ ਅਬੂਸਾਲੇਹ ਸ਼ਰੀਫ ਸੀ। 17 ਨਵੰਬਰ 2006 ਨੂੰ ਸੱਚਰ ਕਮੇਟੀ ਦੁਆਰਾ ਪ੍ਰਧਾਨ ਮੰਤਰੀ ਨੂੰ ਵਿਸਥਾਰ ਪੂਰਵਕ ਰੂਪ ਵਿੱਚ ਮੁਸਲਿਮ ਭਾਈਚਾਰੇ ਦੀ ਸਮਾਜਿਕ, ਆਰਥਿਕ ਅਤੇ ਸਿੱਖਿਅਕ ਅਵਸਥਾ ਬਾਰੇ ਰਿਪੋਰਟ ਦਿੱਤੀ ਗਈ। ਰਿਪੋਰਟ ਦੇ ਦੋ ਭਾਗ ਸਨ। ਪਹਿਲੇ ਭਾਗ ਵਿਚ ਆਜ਼ਾਦੀ ਉਪਰੰਤ ਮੁਸਲਿਮ ਸਮਾਜ ਦੀਆਂ ਸਮੱਸਿਆਵਾਂ ਗਰੀਬੀ, ਅਣਪੜਤਾ, ਬੇਰੁਜ਼ਗਾਰੀ ਅਤੇ ਰਾਸ਼ਟਰੀ ਪੱਧਰ ਤੇ ਬਰਾਬਰਤਾ ਨਾ ਮਿਲਣ ਆਦਿ ਨੂੰ ਉਜਾਗਰ ਕੀਤਾ ਗਿਆ ਸੀ, ਦੂਸਰੇ ਭਾਗ ਵਿਚ ਸਿੱਖਿਆ ਦੇ ਖੇਤਰ ਵਿੱਚ ਉੱਚਾ ਚੁੱਕਣ ਲਈ ਸਰਕਾਰ ਨੂੰ ਸੁਝਾਅ ਦਿੱਤੇ ਗਏ ਸਨ। ਸੁਝਾਵਾਂ ਅਨੁਸਾਰ ਨਿਆਂ, ਪੁਲਿਸ, ਸੈਨਾ,ਸਿਵਲ ਅਤੇ ਪ੍ਰਸ਼ਾਸ਼ਨਿਕ ਨੌਕਰੀਆਂ ਪ੍ਰਾਪਤ ਲਈ ਮੁਸਲਮਾਨਾਂ ਵਿੱਚ ਸਿੱਖਿਆ ਨੂੰ ਵਿਸ਼ੇਸ਼ ਰੂਪ ਵਿੱਚ ਉਤਸ਼ਾਹਿਤ ਕਰਨਾਂ ਸੀ ਤਾਂ ਜੋ ਉਨ੍ਹਾਂ ਵਿੱਚ ਅਜ਼ਾਦੀ ਉਪਰੰਤ ਵੱਧ ਰਹੀ ਅਰਾਜਕਤਾ ਅਤੇ ਘੱਟ ਗਿਣਤੀ ਹੋਣ ਦੀ ਹੀਣ ਭਾਵਨਾ ਨੂੰ ਖਤਮ ਕੀਤਾ ਜਾ ਸਕੇ।

## ਡੇਰਾ ਸੱਚਾ ਸੌਦਾ ਖ਼ਿਲਾਫ਼ ਬਿਨਾਂ ਫ਼ੀਸ ਤੋਂ ਪੱਤਰਕਾਰ ਛਤਰਪਤੀ ਦੇ ਵਕੀਲ ਬਣੇ ਸੀ ਰਾਜਿੰਦਰ ਸੱਚਰ

ਭਾਰਤ ਵਿੱਚ ਮੁਸਲਮਾਨਾਂ ਦੀ ਤਰਸਯੋਗ ਆਰਥਿਕ, ਸਮਾਜਿਕ ਅਤੇ ਵਿਦਿਅਕ ਹਾਲਤ ਨੂੰ ਸਾਹਮਣੇ ਲਿਆਉਣ ਵਾਲੀ ਸੱਚਰ ਕਮੇਟੀ ਦੀਆਂ ਸਿਫਾਰਿਸ਼ਾਂ ਕਿਸੇ ਨਾ ਕਿਸੇ ਪੱਖੋਂ ਭਾਰਤ ਦੀ ਸਮਾਜਿਕ ਬਹਿਸ ਦਾ ਹਿੱਸਾ ਰਹੀਆਂ ਹਨ।

ਇਹ ਕਮੇਟੀ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਰਾਜਿੰਦਰ ਸੱਚਰ ਦੀ ਪ੍ਰਧਾਨਗੀ ਹੇਠ ਬਣਾਈ ਗਈ ਸੀ। ਰਾਜਿੰਦਰ ਸੱਚਰ ਦਾ ਨਾਂ ਭਾਰਤ ਵਿੱਚ ਨਾਗਰਿਕ ਆਜ਼ਾਦੀ ਦੇ ਝੰਡਾਬਰਦਾਰ ਵਜੋਂ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੀ ਮੌਤ ਨਾਲ ਉਹ ਆਵਾਜ਼ ਭਾਵੇਂ ਦੁਬਾਰਾ ਨਹੀਂ ਸੁਣਾਈ ਦੇਵੇਗੀ ਪਰ ਉਸ ਦੀ ਗੂੰਜ ਹਮੇਸ਼ਾ ਸੁਣਦੀ ਰਹੇਗੀ।

ਐਮਰਜੈਂਸੀ ਦੌਰਾਨ ਜਦੋਂ ਅਨੇਕਾਂ ਜੱਜ ਸੱਤਾ ਜੇ ਸਾਹਮਣੇ ਘਿਸੜ ਰਹੇ ਸਨ। ਉਸ ਸਮੇਂ ਨਾਗਰਿਕ ਆਜ਼ਾਦੀ ਦੇ ਅੰਦੋਲਨ ਦੇ ਪ੍ਰਮੁੱਖ ਚਿਹਰੇ ਵਜੋਂ ਸੱਤਾ ਦੇ ਸਾਹਮਣੇ ਨਾ ਝੁਕਣ ਕਰਕੇ ਜਸਟਿਸ ਸੱਚਰ ਦੀਆਂ ਬਦਲੀਆਂ ਕੀਤੀਆਂ ਗਈਆਂ ਪਰ ਉਹ ਕਿਸੇ ਸਾਹਮਣੇ ਝੁਕੇ ਨਹੀਂ।

ਮੁਲਕ ਵਿੱਚ ਮੌਲਿਕ ਅਧਿਕਾਰਾਂ ਦੇ ਪੱਖ ਵਿੱਚ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਪੋਟਾ ਵਰਗੇ ਕਾਨੂੰਨ ਖਿਲਾਫ਼ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਮਜ਼ਬੂਤੀ ਨਾਲ ਚੁੱਕੀ। ਕਾਨੂੰਨੀ ਪ੍ਰਕਿਰਿਆਵਾਂ ਦਾ ਉਲੰਘਣ ਕਰਨ ਵਾਲੀਆਂ ਘਟਨਾਵਾਂ ਖਿਲਾਫ਼ ਸਟੈਂਡ ਲੈਣ ਵਾਲੇ ਇਸ ਸੰਗਠਨ ਦੇ ਮੁਖੀ ਰਾਜਿੰਦਰ ਸੱਚਰ ਹੀ ਸਨ।

ਮੈਨੂੰ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਮਿਲਣ ਦਾ ਪਹਿਲਾ ਅਵਸਰ 2004 ਵਿੱਚ ਮਿਲਿਆ ਸੀ। 2002 ਵਿੱਚ ਹਰਿਆਣਾ ਦੇ ਸਿਰਸਾ ਦੇ ਨਿਡਰ ਪੱਤਰਕਾਰ ਛਤਰਪਤੀ ਦਾ ਕਤਲ ਕਰ ਦਿੱਤਾ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਸ ਕੇਸ ਦੀ ਸੀ. ਬੀ. ਆਈ. ਜਾਂਚ ਦੇ ਹੁਕਮ ਦਿੱਤੇ। ਇਨ੍ਹਾਂ ਹੁਕਮਾਂ ਖਿਲਾਫ਼ ਡੇਰਾ ਸੱਚਾ ਸੌਦਾ (ਜਿਸ 'ਤੇ ਕਤਲ ਦਾ ਇਲਜ਼ਾਮ ਸੀ) ਨੇ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ ਸੀ।

ਸਿਰਸਾ ਵਿੱਚ ਛਤਰਪਤੀ ਦੇ ਮਿੱਤਰਾਂ ਵਿੱਚ ਚਰਚਾ ਹੋਈ ਕਿ ਸੁਪਰੀਮ ਕੋਰਟ ਵਿੱਚ ਡੇਰੇ ਖਿਲਾਫ਼ ਕਿਹੜਾ ਵਕੀਲ ਮਜ਼ਬੂਤੀ ਨਾਲ ਖੜ੍ਹਾ ਹੋ ਸਕਦਾ ਹੈ, ਜਿਹੜਾ ਬਿਨਾਂ ਫੀਸ ਛਤਰਪਤੀ ਦੇ ਪਰਿਵਾਰ ਲਈ ਕਾਨੂੰਨੀ ਲੜਾਈ ਲੜ ਸਕੇ। ਉਸ ਸਮੇਂ ਰਾਜਿੰਦਰ ਸੱਚਰ ਹੋਰਾਂ ਦਾ ਨਾਮ ਹੀ ਸਾਰਿਆਂ ਦੀ ਜ਼ੁਬਾਨ 'ਤੇ ਸੀ। ਇਹੀ ਫੈਸਲਾ ਹੋਇਆ ਕਿ ਉਨ੍ਹਾਂ ਨੂੰ ਮਿਲ ਕੇ ਇਸ ਬਾਰੇ ਬੇਨਤੀ ਕੀਤੀ ਜਾਵੇ।

ਉਸ ਸਮੇਂ ਯੋਗੇਂਦਰ ਯਾਦਵ ਦੇ ਹਵਾਲੇ ਨਾਲ ਅੰਸ਼ੁਲ ਛਤਰਪਤੀ (ਪੱਤਰਕਾਰ ਛਤਰਪਤੀ ਦੇ ਪੁੱਤਰ) ਅਤੇ ਦੋਸਤ ਵੀਰੇਂਦਰ ਭਾਟੀਆ ਨਾਲ ਰਾਜਿੰਦਰ ਸੱਚਰ ਨੂੰ ਉਨ੍ਹਾਂ ਦੇ ਘਰੇ ਪਹਿਲੀ ਵਾਰ ਮੈਂ ਨਿੱਜੀ ਤੌਰ ਉੱਤੇ ਮਿਲਿਆ ਸੀ। ਛੱਤਰਪਤੀ ਦੇ ਕਤਲ ਦੇ ਕੇਸ ਵਿੱਚ ਜਦੋਂ ਉਨ੍ਹਾਂ ਨੂੰ ਡੇਰੇ ਦੀ ਭੂਮਿਕਾ ਬਾਰੇ ਦੱਸਿਆ ਗਿਆ ਤਾਂ ਉਹ ਡੇਰੇ ਦੀ ਤਾਕਤ ਦੀ ਪਰਵਾਹ ਕੀਤਾ ਬਿਨਾਂ ਤੁਰੰਤ ਹੀ ਬਿਨਾਂ ਫੀਸ ਦੇ ਕੇਸ ਕੜਨ ਲਈ ਤਿਆਰ ਹੋ ਗਏ।

ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚੋਂ ਸੀਬੀਆਈ ਜਾਂਚ ਦਾ ਹਾਈ ਕੋਰਟ ਦਾ ਫੈਸਲਾ ਬਰਕਰਾਰ ਰਖਵਾਇਆ। ਜਿਸ ਮਗਰੋਂ ਹੋਈ ਜਾਂਚ ਕਰਕੇ ਡੇਰਾ ਮੁਖੀ ਅੱਜ ਵੀ ਕਤਲ ਦੇ ਕੇਸ ਵਿੱਚ ਮੁਲਜ਼ਮ ਵਜੋਂ ਤਰੀਕਾਂ ਭੁਗਤ ਰਹੇ ਹਨ। ਇਸ ਮਗਰੋਂ ਉਨ੍ਹਾਂ ਨਾਲ ਸਮਾਜਵਾਦੀ ਅੰਦੋਲਨ ਅਤੇ ਬਦਲਵੀਂ ਸਿਆਸਤ ਦੀ ਧਾਰਾ ਨੂੰ ਪੱਕਿਆਂ ਕਰਨ ਦੇ ਯਤਨ ਕਰਨ ਵਾਲੇ ਸਾਥੀ ਵਜੋਂ ਮੁਲਾਕਾਤ ਹੁੰਦੀ ਰਹੀ।

ਸਾਲ 2009 ਵਿੱਚ ਲੋਕ ਰਾਜਨੀਤਕ ਮੰਚ ਬਣਨ ਸਬੰਧੀ ਬੈਠਕਾਂ ਵਿੱਚ ਉਨ੍ਹਾਂ ਦੀ ਮੁੱਦਿਆਂ ਪ੍ਰਤੀ ਪਹੁੰਚ ਅਤੇ ਵਿਚਾਰਕ ਸਪੱਸ਼ਟਤਾ ਨੇ ਮੈਨੂੰ ਕਾਫ਼ੀ ਪ੍ਰਭਾਵਿਤ ਕੀਤਾ। ਰਾਜਿੰਦਰ ਸੱਚਰ ਇਸ ਮੰਚ ਦੇ ਪ੍ਰਧਾਨਗੀ ਮੰਡਲ ਦੇ ਮੈਂਬਰ ਸਨ। ਸਾਲ 2010-11 ਵਿੱਚ ਉਹ ਦੇਸ ਭਰ ਦੇ ਸਮਾਜਵਾਦੀਆ ਵਿਚਾਰਕਾਂ ਨੂੰ ਇੱਕ ਮੰਚ 'ਤੇ ਲਿਆਉਣ ਵਾਲੀ ਮੁਹਿੰਮ ਦਾ ਅਹਿਮ ਹਿੱਸਾ ਰਹੇ। ਇਸੇ ਦੌਰਾਨ ਚੰਡੀਗੜ੍ਹ ਵਿੱਚ ਦੇਸ ਭਰ ਦੇ ਸਮਾਜਵਾਦੀਆਂ ਦੀ ਬੈਠਕ ਦਾ ਪ੍ਰਬੰਧ ਹੋਇਆ, ਜਿਸ ਵਿੱਚ ਜਸਟਿਸ ਸੱਚਰ ਨੇ ਬਦਲਵੀਂ ਸਿਆਸਤ ਦੀ ਦਸ਼ਾ ਤੇ ਦਿਸ਼ਾ ਨੂੰ ਸਭ ਦੇ ਸਾਹਮਣੇ ਰੱਖਿਆ ਅਤੇ ਤਤਕਾਲੀ ਹਾਲਾਤ ਦਾ ਬੇਬਾਕੀ ਨਾਲ ਜ਼ਿਕਰ ਕੀਤਾ। ਉੱਥੇ ਹੋਈ ਲੰਮੀ ਤੇ ਖੁੱਲ੍ਹੀ ਚਰਚਾ ਵਿੱਚ ਪਤਾ ਲੱਗਿਆ ਕਿ ਇਸ ਮਾਮਲੇ ਵਿੱਚ ਉਨ੍ਹਾਂ ਦਾ ਨਜ਼ਰੀਆ ਕਿੰਨਾ ਸਪੱਸ਼ਟ ਸੀ।

ਸਾਲ 1923 ਵਿੱਚ ਜਨਮੇ ਜਸਟਿਸ ਸੱਚਰ ਲਹਿੰਦੀ ਉਮਰੇ ਨਵੀਂ ਸਿਆਸੀ ਪਾਰਟੀ ਸੋਸ਼ਲਿਸਟ ਇੰਡੀਆ ਦੇ ਮਜ਼ਬੂਤ ਸਾਥੀ ਵਜੋਂ ਖੜ੍ਹੇ ਹੋਏ। ਪੀਪਲਜ਼ ਯੂਨੀਅਨ ਆਫ਼ ਸਿਵਲ ਲਿਬਰਟੀਜ਼ ਦੇ ਲੰਬੇ ਸਮੇਂ ਤੋਂ ਮਜ਼ਬੂਤ ਥੰਮ ਰਹੇ ਰਾਜਿੰਦਰ ਸੱਚਰ ਨਾਲ ਇਸ ਸੰਗਠਨ ਦੀਆਂ ਬੈਠਕਾਂ ਦੌਰਾਨ ਚੰਡੀਗੜ੍ਹ ਵਿੱਚ ਮਿਲਣ ਦਾ ਕਈ ਵਾਰ ਮੌਕਾ ਮਿਲਿਆ। ਹਰ ਬੈਠਕ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਦੱਸਦੀ ਸੀ ਕਿ ਕਿਸੇ ਵਿਚਾਰ ਬਾਰੇ ਉਨ੍ਹਾਂ ਦੀ ਗਹਿਰੀ ਪ੍ਰਤੀਬੱਧਤਾ ਕਿਸ ਹੱਦ ਤੱਕ ਮਿਹਨਤ ਅਤੇ ਲਗਨ ਚੋਂ ਪੈਦਾ ਹੁੰਦੀ ਸੀ।

ਜਸਟਿਸ ਸੱਚਰ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਮਨੁੱਖੀ ਸੁਰੱਖਿਆ ਅਤੇ ਕਾਨੂੰਨ ਦੀ ਸਮੀਖਿਆ ਕਰਨ ਵਾਲੀਆਂ ਅਨੇਕਾਂ ਕਮੇਟੀਆਂ ਦੇ ਮੈਂਬਰ ਰਹੇ। ਉਨ੍ਹਾਂ ਦਾ ਯੋਗਦਾਨ ਇਨ੍ਹਾਂ ਸਭ ਗਤੀਵਿਧੀਆਂ ਵਿੱਚ ਬੇਹੱਦ ਪ੍ਰਖ਼ਤਾ ਰਿਹਾ। ਭਾਵੇਂ ਉਹ ਕੰਪਨੀਜ਼ ਐਕਟ ਦੀ ਸਮੀਖਿਆ ਦਾ ਮਾਮਲਾ ਹੋਵੇ, ਇੰਡਸਟਰੀਅਲ ਡਿਸਪਿਊਟ ਐਕਟ ਜਾਂ ਫੇਰ ਪ੍ਰੋਟੈਕਸ਼ਨ ਆਫ਼ ਹਿਊਮਨ ਰਾਈਟਸ ਦੀ ਸਮਿਖਿਆ ਦਾ ਮਾਮਲਾ ਹੋਵੇ। ਨਾਗਰਿਕ ਆਜ਼ਾਦੀ ਦੇ ਪਹਿਰੇਦਾਰ ਵਜੋਂ 1990 ਵਿੱਚ ਕਸ਼ਮੀਰ ਦੀ ਸਥਿਤੀ ਨੂੰ ਲੈ ਕੇ ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਅਧਿਕਾਰਾਂ ਨਾਲ ਵਾਬਸਤਾ ਕਈ ਘਟਨਾਵਾਂ ਨਾਲ ਜੁੜੇ ਮਾਮਲਿਆਂ ਵਿੱਚ ਇੱਕ ਰਿਪੋਰਟ ਉਨ੍ਹਾਂ ਦੀ ਅਗਵਾਈ ਅਤੇ ਸਹਿਯੋਗ ਨਾਲ ਪੀਯੂਸੀਐਲ ਨੇ ਜਾਰੀ ਕੀਤੀ ਸੀ। ਅਦਾਲਤ ਵਿੱਚ ਜੱਜ ਬਣਨ ਤੋਂ ਪਹਿਲਾਂ ਅਤੇ ਫੇਰ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਨੇ ਵਕੀਲ ਵਜੋਂ ਪੋਟਾ ਦੇ ਮਾਮਲੇ ਤੋਂ ਲੈ ਕੇ ਤਾਮਿਲਨਾਡੂ ਵਿੱਚ ਹੋਈ ਅੰਦੋਲਨਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਤੱਕ ਦੇ ਅਨੇਕ ਕੇਸਾਂ ਨੂੰ ਅਦਾਲਤ ਵਿੱਚ ਮਜ਼ਬੂਤੀ ਨਾਲ ਲੜਿਆ।

ਜਸਟਿਸ ਸੱਚਰ ਨੇ ਕੀਨੀਆ ਵਿੱਚ ਹਾਊਸਿੰਗ ਦੇ ਸਵਾਲ 'ਤੇ ਯੂਨਾਈਟਿਡ ਨੇਸ਼ਨ ਦੇ ਨੁੰਮਾਇੰਦੇ ਵਜੋਂ 2000 ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਇਸ ਦੇ ਨਾਲ ਹੀ ਮੁੰਬਈ ਵਿੱਚ ਝੁੱਗੀ ਝੌਂਪੜੀ ਵਾਲਿਆਂ ਦੇ ਅਧਿਕਾਰਾਂ ਦੀ ਉਲੰਘਣਾਂ ਦੀ ਵੀ ਜਾਂਚ ਰਿਪੋਰਟ ਤਿਆਰ ਕੀਤੀ। ਮਾਰਚ 2005 ਵਿੱਚ ਭਾਰਤ ਦੀ ਕੇਂਦਰ ਸਰਕਾਰ ਨੇ ਜਸਟਿਸ ਸੱਚਰ ਨੂੰ ਮੁਸਲਿਮ ਸਮਾਜ ਦੀ ਆਰਥਿਕ ਅਤੇ ਸਮਾਜਿਕ ਅਤੇ ਵਿਦਿਅਕ ਸਥਿਤੀ ਦੀ ਨਿਸ਼ਾਨਦੇਹੀ ਕਰਕੇ ਰਿਪੋਰਟ ਸੌਂਪਣ ਲਈ ਕਿਹਾ ਸੀ।

ਨਵੰਬਰ 2006 ਵਿੱਚ ਸੌਂਪੀ ਇਸ ਰਿਪੋਰਟ ਵਿੱਚ ਉਨ੍ਹਾਂ ਨੇ ਮੁਸਲਿਮ ਭਾਈਚਾਰੇ ਵਿੱਚ ਵਧ ਰਹੀ ਆਰਥਿਕ ਅਤੇ ਸਮਾਜਿਕ ਅਸੁਰੱਖਿਆ ਦੀ ਨਿਸ਼ਾਨਦੇਹੀ ਕੀਤੀ। ਇਸ ਰਿਪੋਰਟ ਵਿੱਚ ਇਹ ਤੱਥ ਉਭਰਿਆ ਸੀ ਕਿ ਮੁਸਲਿਮ ਆਬਾਦੀ ਦੀ ਨੁਮਾਇੰਦਗੀ ਸਿਵਲ ਸੇਵਾਵਾਂ, ਪੁਲਿਸ, ਫੌਜ ਅਤੇ ਸਿਆਸਤ ਵਿੱਚ ਵੀ ਘੱਟ ਹੈ।

*– ਰਾਜੀਵ ਗੋਦਾਰਾ*

*ਵਕੀਲ, ਪੰਜਾਬ ਤੇ ਹਰਿਆਣਾ ਹਾਈ ਕੋਰਟ*

# ਲਹਿੰਦੇ ਪੰਜਾਬ ਦੀ ਗ਼ਜ਼ਲਗੋਈ ਦੀ ਅੱਕਾਸੀ

ਪੁਸਤਕ 'ਰਹਿਤਲ ਵਲੀਆਂ ਵਰਗੀ' ਲਹਿੰਦੇ ਪੰਜਾਬ ਦੇ ਵਾਸੀ ਸ਼ਾਇਰ ਇਰਸ਼ਾਦ ਸੰਧੂ ਦੁਆਰਾ ਸਿਰਜੀਆਂ ਗ਼ਜ਼ਲਾਂ ਦਾ ਮਜ਼ਮੂਆ ਹੈ। ਇਹ ਗ਼ਜ਼ਲਾਂ ਸ਼ਾਹਮੁਖੀ ਪੰਜਾਬੀ ਵਿੱਚ ਪ੍ਰਕਾਸ਼ਿਤ ਹੋਈਆਂ ਸਨ ਜਿਨ੍ਹਾਂ ਨੂੰ ਨਵਦੀਪ ਭੁਨੀਰ ਨੇ ਗੁਰਮੁਖੀ ਵਿੱਚ ਲਿਪੀਅੰਤਰ ਕੀਤਾ ਹੈ। 94 ਸਫ਼ਿਆਂ ਵਿੱਚ ਫੈਲੀਆਂ 74 ਗ਼ਜ਼ਲਾਂ ਲਹਿੰਦੇ ਪੰਜਾਬ ਦੀ ਗ਼ਜ਼ਲਗੋਈ ਦਾ ਨਮੂਨਾ ਪੇਸ਼ ਕਰਦੀਆਂ ਹਨ। ਪਾਕਿਸਤਾਨੀ ਪੰਜਾਬ ਦੀ ਗ਼ਜ਼ਲ ਭਾਰਤੀ ਪੰਜਾਬ ਦੀ ਗ਼ਜ਼ਲ ਦਾ ਬਰ ਮੇਚਣ ਦੀ ਕੋਸ਼ਿਸ਼ ਤਾਂ ਕਰਦੀ ਰਹੀ ਹੈ, ਪਰ ਉਸਦਾ ਆਪਣਾ ਹੀ ਰੰਗ ਹੈ। ਦੋਵਾਂ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ ਦੀ ਲਿੱਪੀ ਵੱਖ ਵੱਖ ਹੋਣ ਕਰਕੇ ਸ਼ਬਦਾਵਲੀ ਤੇ ਲਹਿਜੇ ਵਿੱਚ ਵੀ ਅੰਤਰ ਆ ਗਿਆ ਹੈ। ਇਰਸ਼ਾਦ ਸੰਧੂ ਦੀ ਸ਼ਬਦਾਵਲੀ ਸਾਂਝੇ ਪੰਜਾਬ ਦੀ ਪੁਰਾਣੀ ਤੇ ਲੋਕ ਮੁਖੀ ਹੈ। ਸਾਡੇ ਵਿਰਸੇ ਵਿੱਚੋਂ ਜੋ ਵਸਤਾਂ ਗੁੰਮ ਹੋ ਚੁੱਕੀਆਂ ਹਨ, ਇਰਸ਼ਾਦ ਉਨ੍ਹਾਂ ਨੂੰ ਸੁਰਜੀਤ ਕਰਨ ਦੇ ਯਤਨ ਵਿੱਚ ਹੈ।

ਇਨ੍ਹਾਂ ਸ਼ਿਅਰਾਂ ਵਿੱਚ ਵਰਤੇ ਗਏ ਚਿੰਨ੍ਹ ਖੂਹੀ, ਭੌਣੀ, ਬੋਕਾ ਅਤੇ ਲਾਂ ਹੁਣ ਦੀ ਪੀੜ੍ਹੀ ਦੀ ਸਮਝ ਤੋਂ ਬਾਹਰ ਹਨ। ਸ਼ਾਇਰ ਨੇ ਆਪਣੀਆਂ ਗ਼ਜ਼ਲਾਂ ਵਿੱਚ ਸ੍ਰੇੜ, ਲਾਲੀ, ਖੂਹ, ਕਿੱਕਰਾਂ, ਟਾਹਲੀ, ਪਿੱਪਲ, ਤੂਤ, ਢਾਂਡੇ, ਬੇਰ ਚੁਗਣੇ, ਟਾਂਡੇ, ਬਾਊ ਜੀ, ਲੇਖਾਂ ਸੜੀਆਂ, ਲੋਹੜਾ, ਬਲਾਵਾਂ ਆਦਿ ਚਿਹਨ ਤੇ ਬਿੰਬ ਵਰਤ ਕੇ ਪੁਰਾਤਨ ਪੰਜਾਬ ਦੇ ਦਰਸ਼ਨ ਕਰਵਾਏ ਹਨ। ਕਈ ਸ਼ਬਦ ਅਜਿਹੇ ਵੀ ਵਰਤੇ ਹਨ ਜੋ ਮਾਰੂਸ ਭਾਵ ਚੇਤਨਾ 'ਚੋਂ ਪਰੇ ਜਾ ਚੁੱਕੇ ਹਨ ਜਿਵੇਂ ਕੜਮੀ ਤਸਵੀਰ, ਮਈਅਤ ਆਦਿ। ਸ਼ਾਇਰ ਦੀ ਜ਼ੁਬਾਨ ਪੇਂਡੂ ਹੈ। ਉਹ ਹੱਕ, ਸੱਚ, ਲੁੱਟ ਖਸੁੱਟ ਅਤੇ ਸਮਾਜ ਦੇ ਘਿਨਾਉਣੇ ਵਰਤਾਰਿਆਂ ਨੂੰ ਦੇਸੀ ਜ਼ੁਬਾਨ ਵਿੱਚ ਪੇਸ਼ ਕਰਦਾ ਹੈ। ਲਿਪੀਅੰਤਰ ਮਿਆਰੀ ਹੈ। ਸ਼ਾਇਰ ਨੇ ਕਰੀਬ ਸਾਰੀਆਂ ਗ਼ਜ਼ਲਾਂ ਪਿੰਗਲ ਦੇ ਬਹਿਰਾਂ ਵਿੱਚ ਸਿਰਜੀਆਂ ਹਨ ਜੋ ਸ਼ਲਾਘਾਯੋਗ ਕਾਰਜ ਹੈ।

– ਸੁਲੱਖਣ ਸਰਹੱਦੀ
ਸੰਪਰਕ: 94174-84337




# ਅਨੁਭਵ ਦੇ ਖ਼ਜ਼ਾਨੇ ਵਿੱਚੋਂ ਨਿਕਲੇ ਲੇਖ

ਓਮ ਪ੍ਰਕਾਸ਼ ਗਾਸੋ ਨੂੰ ਲੇਖਕ ਦਾ ਖਿਤਾਬ ਮਿਲਿਆਂ ਅੱਧੀ ਸਦੀ ਤੋਂ ਵੀ ਵਧੇਰੇ ਸਮਾਂ ਹੋ ਗਿਆ। ਮਿਹਨਤੀ ਤੇ ਸਿਰੜੀ ਸਾਹਿਤਕਾਰ ਦੀ ਕਲਮ ਹੁਣ ਤਕ ਦੋ ਦਰਜਨ ਤੋਂ ਵੱਧ ਨਾਵਲ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ ਅਤੇ ਤਕਰੀਬਨ ਇੰਨੀਆਂ ਹੀ ਹੋਰ ਰਚਨਾਵਾਂ ਜਿਨ੍ਹਾਂ ਵਿੱਚ ਕਵਿਤਾਵਾਂ ਵੀ ਹਨ ਅਤੇ ਸਾਹਿਤ ਤੇ ਸੱਭਿਆਚਾਰ ਨਾਲ ਸਬੰਧਿਤ ਹੋਰ ਪੁਸਤਕਾਂ ਵੀ।

ਉਸ ਦੀਆਂ ਪੁਸਤਕਾਂ ਹਿੰਦੀ ਭਾਸ਼ਾ ਵਿੱਚ ਵੀ ਛਪੀਆਂ ਹਨ ਅਤੇ ਗਾਸੋ ਨੂੰ ਅਨੇਕਾਂ ਸਰਕਾਰੀ ਅਤੇ ਗ਼ੈਰ-ਸਰਕਾਰੀ ਇਨਾਮ-ਸਨਮਾਨ ਹਾਸਲ ਹੋਏ ਹਨ। ਇੰਨੀਆਂ ਪ੍ਰਾਪਤੀਆਂ ਕਰ ਚੁੱਕੇ ਇਸ ਲੇਖਕ ਦਾ ਸਾਹਿਤਕ ਸਫ਼ਰ ਹਾਲੇ ਵੀ ਬੇਰੋਕ ਤੇ ਬੇਟੋਕ ਜਾਰੀ ਹੈ। ਅੱਠ ਦਹਾਕਿਆਂ ਦੀ ਉਮਰ ਵਿੱਚ ਉਸ ਨੇ ਅਨੇਕਾਂ ਸਾਹਿਤਕ ਉਤਰਾਅ ਚੜ੍ਹਾਅ ਵੇਖੇ ਹੋਣਗੇ।




ਇਸ ਦੇ ਬਾਵਜੂਦ ਉਹ ਅਡੋਲ ਆਪਣੀ ਲਿਖਣ-ਮਸਤੀ ਵਿੱਚ ਲੀਨ ਹੈ। ਪੁਸਤਕ 'ਵਿੱਦਿਆ ਅਤੇ ਵਿਦਿਆਰਥੀ' ਦੇ ਸਿਰਲੇਖ ਤੋਂ ਹੀ ਜ਼ਾਹਿਰ ਹੈ ਕਿ ਇਹ ਪੁਸਤਕ ਵਿੱਦਿਆ ਅਤੇ ਵਿਦਿਆਰਥੀਆਂ ਦੀ ਰੁਚੀ ਨੂੰ ਮੁੱਖ ਰੱਖ ਕੇ ਲਿਖੀ ਜਾਪਦੀ ਹੈ। ਬੇਸ਼ੱਕ ਸਾਰੇ ਹੀ ਨਿੱਕੇ ਨਿੱਕੇ ਲੇਖ ਆਮ ਪਾਠਕ ਜਾਂ ਵਿਦਿਆਰਥੀਆਂ ਦੇ ਪੜ੍ਹਨ ਯੋਗ ਹਨ, ਪਰ ਵਿਦਵਾਨ ਲੇਖਕ ਹਰ ਪਾਠਕ ਨੂੰ ਆਪਣੇ ਵਰਗਾ ਹੀ ਵਿਦਵਾਨ ਤੇ ਗਿਆਨਵਾਨ ਬਣਾਉਣਾ ਲੋਚਦਾ ਹੈ। ਉਸ ਨੂੰ ਇੱਕ ਨਹੀਂ, ਅਨੇਕਾਂ ਫ਼ਿਕਰ ਹਨ। ਆਪਣੇ ਲੇਖ 'ਵਡਮੁੱਲੇ ਵਾਕ' ਵਿੱਚ ਉਹ ਆਕਾਸ਼, ਧਰਤੀ ਦੀ ਬਾਤ ਪਾਉਂਦਿਆਂ ਜ਼ਿੰਦਗੀ ਨੂੰ ਨਾਚ ਤੇ ਸਾਗਰ ਦੇ ਵਹਿਣ ਵਿੱਚ ਵੀ ਲੈ ਜਾਂਦਾ ਹੈ।

ਵਿਭਿੰਨ ਵਿਸ਼ਿਆਂ ਨਾਲ ਲੈਸ ਸਾਰੇ ਹੀ ਲੇਖਾਂ ਨੂੰ ਹਰ ਪਾਠਕ ਆਪੋ ਆਪਣੇ ਹਿਸਾਬ ਨਾਲ ਪੜ੍ਹ, ਵਾਚ ਸਕਦਾ ਹੈ। ਹਰ ਇੱਕ ਲੇਖ ਵਿੱਚੋਂ ਸਦਾ ਵਾਂਗ ਗਾਸੋ ਦਾ ਤਜਰਬਾ ਅਤੇ ਸ਼ਖ਼ਸੀਅਤ ਦਾ ਝਲਕਾਰਾ ਆਪਮੁਹਾਰੇ ਹੀ ਪੈਂਦਾ ਹੈ। ਤਤਕਰਾ-ਰਹਿਤ ਇਸ ਪੁਸਤਕ ਦੇ ਹੋਰ ਲੇਖ ਵੀ ਜਾਣਕਾਰੀ ਭਰਪੂਰ ਹਨ। ਮਿਸਾਲ ਵਜੋਂ: ਗਾਂਧੀ ਜੀ ਦਾ ਜਨਮ ਅਸਥਾਨ ਪੋਰਬੰਦਰ, ਰਾਜਸਥਾਨ ਦੇ ਰੰਗ, ਸ਼ਬਦ ਅਤੇ ਸਹੂਲੀਅਤ, ਸਿਆਣਪ ਭਰਪੂਰ ਪਾਠ, ਵਿਸ਼ੇਸ਼ ਚੇਤਾਵਨੀਆਂ ਆਦਿ। 'ਤ੍ਰਿਵੇਣੀ' ਨਿਬੰਧ ਆਕਾਰ ਪੱਖੋਂ ਸਭ ਤੋਂ ਵੱਡਾ ਹੈ ਤੇ ਸੂਰਜ ਦਾ ਪ੍ਰਕਾਸ਼ ਸਭ ਤੋਂ ਛੋਟਾ। ਪਾਠਕਾਂ ਲਈ ਸਾਰੇ ਹੀ ਲੇਖ ਲਾਹੇਵੰਦ ਹਨ ਕਿਉਂਕਿ ਇਹ ਲੇਖ ਬਹੁਤ ਸਿਆਣਪੀ ਬਾਤਾਂ ਪਾਉਂਦੇ ਹਨ। ਇਸ ਅਨੁਭਵੀ ਲੇਖਕ ਨੂੰ ਲਿਖਣ ਦੀ ਜਾਚ ਖ਼ੂਬ ਹੈ। ਉਹ ਸਾਹਿਤਕ, ਵਿੱਦਿਅਕ ਖੇਤਰ ਅਤੇ ਸਮਾਜ ਵਿੱਚ ਤਬਦੀਲੀ ਦੀ ਇੱਛਾ ਰੱਖਦਾ ਹੈ। ਇਹ ਬਦਲਾਅ ਕਿਵੇਂ ਆਵੇਗਾ, ਇਸ ਬਾਰੇ ਤਾਂ ਸੂਝਵਾਨ ਪਾਠਕ ਹੀ ਵਧੇਰੇ ਪ੍ਰਭਾਸ਼ਾਲੀ ਢੰਗ ਨਾਲ ਦੱਸ ਸਕਦੇ ਹਨ।

– ਸੁਖਮਿੰਦਰ ਸੇਖੋਂ
ਸੰਪਰਕ: 98145-07693

# ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਂਦੀ ਕਹਾਣੀ

ਨਾਵਲ, ਕਹਾਣੀ, ਕਵਿਤਾ, ਖੋਜ ਕਾਰਜ ਤੇ ਮੁਲਾਕਾਤਾਂ ਤੋਂ ਇਲਾਵਾ ਅਨੁਵਾਦ ਤੇ ਸੰਪਾਦਨਾ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਬਲਬੀਰ ਪਰਵਾਨਾ ਦੀ ਸਾਹਿਤਕ ਹੋਂਦ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ। 'ਸਾਈਨ-ਵੈਲਯੂ ਦਾ ਜਲੌਅ' ਉਸ ਦੀ ਕਹਾਣੀਆਂ ਦੀ ਨਵੀਂ ਪੁਸਤਕ ਹੈ ਜਿਸ ਵਿੱਚ ਤੇਰ੍ਹਾਂ ਕਹਾਣੀਆਂ ਸ਼ਾਮਿਲ ਹਨ।

ਇਨ੍ਹਾਂ ਕਹਾਣੀਆਂ ਦੇ ਪਾਠ ਉਪਰੰਤ ਸਾਫ਼ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਉਦੇਸ਼ ਪੂੰਜੀਵਾਦ ਦੇ ਪ੍ਰਭਾਵ ਹੇਠ ਪੈਦਾ ਹੋਏ ਲਾਲਚੀ, ਸਵਾਰਥੀ ਤੇ ਹਉਮੈਵਾਦੀ ਸੰਸਾਰ ਦੇ ਸੱਚ ਨੂੰ ਉਜਾਗਰ ਕਰਨਾ ਹੈ। ਸਥਾਪਿਤ ਪ੍ਰਬੰਧ ਬੰਦੇ ਨੂੰ ਜਿਸ ਚੌਧਰ, ਸ਼ੁਹਰਤ, ਇੱਜ਼ਤ ਤੇ ਮਾਣ ਸਨਮਾਨ ਦਾ ਆਦਰਸ਼ ਦਿੰਦਾ ਹੈ, ਉਹ ਕਿਸੇ ਲਿਆਕਤ ਜਾਂ ਕਾਬਲੀਅਤ 'ਤੇ ਆਧਾਰਿਤ ਨਾ ਹੋ ਕੇ ਧਨ-ਦੌਲਤ ਦਾ ਕ੍ਰਿਸ਼ਮਾ ਹੈ।




ਇਸੇ ਕਰਕੇ ਸਰਮਾਏਦਾਰੀ ਵਿਵਸਥਾ ਵਿੱਚ ਬੰਦਾ ਵੱਧ ਤੋਂ ਵੱਧ ਪੈਸਾ ਇਕੱਤਰ ਕਰਨ ਲਈ ਜਾਇਜ਼-ਨਾਜਾਇਜ਼ ਦੇ ਫ਼ਰਕ ਨੂੰ ਭੁਲਾ ਕੇ ਹਰ ਹੀਲੇ ਧਨਵਾਨ ਹੋਣ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਰਾਹ ਪੈਂਦਾ ਹੈ। ਇਸ ਸੋਚ ਨੇ ਹੀ ਸਮੁੱਚੇ ਸਮਾਜ ਤੇ ਸੰਸਾਰ ਵਿੱਚ ਬੁਰਾਈਆਂ ਤੇ ਵਿਗਾੜ ਪੈਦਾ ਕੀਤੇ ਹਨ। ਇੱਥੋਂ ਤਕ ਕਿ ਸਮੂਹੀ ਤੇ ਸਾਂਝੇ ਹਿਤਾਂ ਖ਼ਾਤਰ ਸੰਘਰਸ਼ ਕਰਨ ਵਾਲੀਆਂ ਕਮਿਊਨਿਸਟ ਪਾਰਟੀਆਂ ਦੇ ਕਈ ਆਗੂ ਵੀ ਪੈਸੇ ਤੇ ਖਾਸ ਸੁਖ-ਸਹੂਲਤਾਂ ਵਾਲੀ ਜ਼ਿੰਦਗੀ ਦੀ ਚਕਾਚੌਂਧ ਤੋਂ ਬਚ ਨਹੀਂ ਸਕੇ। ਫਲਸਰੂਪ ਆਪਣੀ ਨਿੱਜੀ ਆਰਥਿਕ ਤਰੱਕੀ ਲਈ ਉਨ੍ਹਾਂ ਪਾਰਟੀ ਦੇ ਆਦਰਸ਼ਾਂ ਨਾਲ ਦਗਾ ਹੀ ਨਹੀਂ ਕੀਤਾ ਸਗੋਂ ਸੁਹਿਰਦ ਤੇ ਇਮਾਨਦਾਰ ਕਾਡਰ ਨੂੰ ਨਿਰਉਤਸ਼ਾਹਿਤ ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡੀ। 'ਦੀਨ ਕੇ ਹੇਤ' ਅਤੇ 'ਬੰਦ ਗੇਟ ਤੇ ਵਿਚਾਰਾ ਇਨਕਲਾਬ' ਨਾਂ ਦੀਆਂ ਕਹਾਣੀਆਂ ਇਸ ਪੱਖ ਤੋਂ ਮਿਸਾਲੀ ਆਖੀਆਂ ਜਾ ਸਕਦੀਆਂ ਹਨ।

ਪ੍ਰੈੱਸ ਦੇ ਦਿਸਦੇ ਅਤੇ ਅੰਦਰਲੇ ਸੱਚ ਦੇ ਫ਼ਰਕ ਦਾ ਖੁਲਾਸਾ ਕਰਨ ਵਿੱਚ ਵੀ ਪਰਵਾਨਾ ਨੇ ਵਿਸ਼ੇਸ਼ ਦਿਲਚਸਪੀ ਲਈ ਹੈ। ਸਰਮਾਏਦਾਰੀ ਦੇ ਵਿਕਾਸ ਨੇ ਰਵਾਇਤੀ ਕਦਰਾਂ ਕੀਮਤਾਂ ਦਾ ਘਾਣ ਕਰਕੇ ਜੋ ਨਵੀਂ ਸੰਸਕ੍ਰਿਤੀ ਸਿਰਜੀ ਹੈ ਉਸ ਵਿੱਚ ਨਿੱਜੀ ਹਿਤਾਂ ਦੇ ਸਾਹਮਣੇ ਸਮੂਹੀ ਹਿਤਾਂ ਦੇ ਅਪ੍ਰਸੰਗਿਕ ਹੋ ਜਾਣ ਦੇ ਕਾਰਨਾਂ ਨਾਲ ਇਹ ਕਹਾਣੀਆਂ ਖ਼ਾਸ ਤੌਰ 'ਤੇ ਸੰਵਾਦ ਰਚਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ ਗੱਲ ਇਹ ਵੀ ਹੈ ਕਿ ਇਹ ਵਾਪਰ ਰਹੇ ਅਣਮਨੁੱਖੀ ਅਤੇ ਅਣਸੁਖਾਵੇਂ ਉਪਰ ਝੂਰਨ ਤੇ ਖਿਝਣ ਦੀ ਬਜਾਏ ਇਸ ਅਹੁਰ ਦੀ ਜੜ੍ਹ ਤੋਂ ਜਾਣੂ ਕਰਾਉਣ ਦੀ ਸਾਰਥਕ ਕੋਸ਼ਿਸ਼ ਹਨ। ਦਲੀਲ ਭਰਪੂਰ ਹੋਣਾ ਬਲਬੀਰ ਪਰਵਾਨਾ ਦੀ ਹਰ ਲਿਖਤ ਦੀ ਵਿਸ਼ੇਸ਼ਤਾ ਰਹਿੰਦੀ ਹੈ ਤੇ ਇਹ ਖ਼ੂਬੀ ਇਨ੍ਹਾਂ ਕਹਾਣੀਆਂ ਵਿੱਚ ਵੀ ਪੂਰੀ ਤਰ੍ਹਾਂ ਹਾਜ਼ਰ ਹੈ।

– ਡਾ. ਸੁਖਵਿੰਦਰ ਸਿੰਘ
ਸੰਪਰਕ : 94178-18095

# ਮਨੁੱਖੀ ਆਤਮਾ ਦੀ ਤਲਾਸ਼ ਦੀਆਂ ਕਹਾਣੀਆਂ

ਪੰਜਾਬੀ ਵਿੱਚ 'ਜਿਗਰਪਾਰੇ' ਲਈ ਗਗਨ ਪਾਕਿਸਤਾਨੀ ਨੂੰ ਯਾਦ ਕੀਤਾ ਜਾਂਦਾ ਹੈ। ਖਲੀਲ ਜਿਬਰਾਨ ਦੇ ਇਸ ਪੈਰੋਕਾਰ ਨੇ ਇਸ ਨਵੀਂ ਸਿਨਫ਼ ਨੂੰ ਆਪਣੇ ਜੀਵਨ ਕਾਲ ਵਿੱਚ ਜੋ ਬੁਲੰਦੀਆਂ ਬਖ਼ਸ਼ੀਆਂ, ਉਸ ਦਾ ਕੋਈ ਸਾਨੀ ਨਹੀਂ। 'ਜਿਗਰਪਾਰੇ' ਇਨਸਾਨੀ ਸੋਚ, ਸੱਚ ਤੇ ਕੱਚ 'ਤੇ ਗੰਭੀਰ ਚਿੰਤਨ ਪੇਸ਼ ਕਰਦੇ ਹਨ। ਲੇਖਕ ਡਾ. ਸੁਰਜੀਤ ਕੁੰਜਾਹੀ ਦੇ ਕਹਿਣ ਮੁਜਬ, "ਜਿਗਰਪਾਰਾ ਇੱਕ ਕਹਾਣੀ ਘੜਦਾ ਹੈ। ਇੱਕ ਕਥਾਨਕ ਅਤੇ ਮੂਲ ਵਿਸ਼ੇ ਦੇ ਪ੍ਰਗਟੀਕਰਨ ਵਿੱਚ ਚਿੰਨ੍ਹਵਾਦੀ ਹੋਣ ਨਾਤੇ ਸੰਕੇਤ ਸੂਚਕਾਂ ਦੀ ਵਰਤੋਂ ਰੱਜ ਕੇ ਕਰਦਾ ਹੈ। ਕਹਾਣੀ ਦੀ ਉਤਲੀ ਸਤਹਿ 'ਤੇ ਰੋਜ਼ਾਨਾ ਦੇ ਜੀਵਨ ਸੰਕੇਤ ਅਦੁੱਤੀ ਕਹਾਣੀ ਸੁਣਾਉਂਦੇ ਨੇ। ਕਈ ਗੂੜ੍ਹ ਗਿਆਨ ਬਿਆਨਦੇ ਤੇ ਘੋਖਦੇ ਨੇ। ਇਸ ਸਾਰੀ ਕਥਾ ਦੇ ਨਿਚੋੜ ਵਜੋਂ ਜੀਵਨ ਦੀ ਇੱਕ ਮਹਾਨ ਸਚਾਈ ਉੱਭਰਦੀ ਏ। ਇਹੋ ਸਚਾਈ ਜਿਗਰਪਾਰੇ ਨੂੰ ਮਹਾਨ ਰਚਨਾ ਬਣਾ ਦੇਂਦੀ ਹੈ। ਜਿਗਰਪਾਰਾ, ਸਾਹਿਤਕਾਰ ਅਤੇ ਕੁਦਰਤ ਦੀ ਸੁੰਦਰਤਾ ਦਾ ਤਾਲਮੇਲ ਬਣਦਾ ਹੋਇਆ, ਉਹ ਅਲੰਕਰਿਤ ਬਿਆਨ ਹੈ ਜਿਸਦੀ ਸ਼ਬਦਾਵਲੀ ਵਿੱਚ ਮਾਂ ਦੀਆਂ ਲੋਰੀਆਂ ਤੋਂ ਲੈ ਕੇ ਹਨੇਰਿਆਂ ਦੀ ਤਪਸ਼ ਵੀ ਕਿਰਦੀ ਲੱਗਦੀ ਹੈ।"




ਲੇਖਕ ਦੀਆਂ ਇਨ੍ਹਾਂ ਸਤਰਾਂ ਤੋਂ ਹੀ ਪੁਸਤਕ 'ਬੰਦ ਕਿਤਾਬ' ਵਿਚਲੇ ਜਿਗਰਪਾਰਿਆਂ ਦੀ ਥਾਹ ਪਾਈ ਜਾ ਸਕਦੀ ਹੈ। ਲੇਖਕ ਇਨ੍ਹਾਂ ਨੂੰ 'ਜਿਗਰਪਾਰੇ' ਵਿੱਚ ਕਹਾਣੀਆਂ ਆਖਦਾ ਹੈ। ਇਹ ਕਹਾਣੀਆਂ ਆਮ ਕਹਾਣੀਆਂ ਜਿਹੀਆਂ ਨਹੀਂ ਹਨ। ਇਨ੍ਹਾਂ ਨੂੰ ਸੁਣਨ ਤੇ ਸਮਝਣ ਲਈ ਬਿਰਤੀ ਦਾ ਇਕਾਗਰ ਹੋਣਾ ਲਾਜ਼ਮੀ ਹੈ। ਥੋੜ੍ਹੀ ਜਿਹੀ ਬਿਰਤੀ ਉਖੜਨ 'ਤੇ ਹੀ ਇਨ੍ਹਾਂ ਕਹਾਣੀਆਂ ਦੇ ਛੂਈ-ਮੂਈ ਹੋ ਜਾਣ ਦਾ ਤੌਖ਼ਲਾ ਬਣਿਆ ਰਹਿੰਦਾ ਹੈ। ਕਹਾਣੀ ਦੀ ਸ਼ੈਲੀ ਸੂਖ਼ਮ ਹੋਣ ਕਾਰਨ ਇਹ ਜਲਦੀ ਪਕੜ ਵਿੱਚ ਨਹੀਂ ਆਉਂਦੀਆਂ। ਇਨ੍ਹਾਂ ਕਹਾਣੀਆਂ ਨੂੰ ਪਕੜ ਵਿੱਚ ਲਿਆਉਣ ਲਈ ਬਹੁਤ ਹੀ ਸੂਝਵਾਨ ਪਾਠਕ ਦੀ ਲੋੜ ਹੈ। ਇਸ ਦੇ ਪਾਤਰ ਭਾਵੇਂ ਲਹੂ ਮਾਸ ਦੇ ਬਣੇ ਹੋਏ ਹਨ, ਪਰ ਸੂਖ਼ਮ ਸੋਚ ਉਨ੍ਹਾਂ ਦੇ ਅੰਗ-ਸੰਗ ਰਹਿੰਦੀ ਹੈ। ਉਸਦੀ ਸਮੱਸਿਆ ਦੁਨਿਆਵੀ ਹੋਣ ਦੇ ਨਾਲ ਨਾਲ ਆਤਮਿਕ ਵੀ ਹੈ। ਹਰ ਕਹਾਣੀ ਜਾਂ ਜਿਗਰਪਾਰਾ ਇੱਕ ਪ੍ਰਵਚਨ ਵਾਂਗ ਚਲਦਾ ਹੈ ਜਿਸ ਰਾਹੀਂ ਮਾਨਵ ਦੀ ਥਾਹ ਪਾਉਣ ਦਾ ਯਤਨ ਹੈ। ਇਹ ਸਲੀਕਾ ਹੈ ਜਿਸ ਰਾਹੀਂ ਮਨੁੱਖ ਦੀ ਹੋਣੀ ਤੇ ਹੋਂਦ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਵਿੱਚ ਲੇਖਕ ਨੇ ਚੌਵੀ ਕਹਾਣੀਆਂ ਸ਼ਾਮਲ ਕੀਤੀਆਂ ਹਨ ਜਿਨ੍ਹਾਂ ਰਾਹੀਂ ਮਨੁੱਖ ਦੇ ਅਸਤਿੱਤਵ ਦੀਆਂ ਅਨੇਕਾਂ ਸਮੱਸਿਆਵਾਂ ਤੇ ਅਕਾਂਖਿਆਵਾਂ 'ਤੇ ਝਾਤ ਪਾਈ ਜਾ ਸਕੀ ਹੈ।

# ਭਾਰ ਘਟਾਓ, ਚੁਸਤੀ ਲਿਆਓ



ਅੱਜਕਲ ਲੋਕ ਡਾਈਟਿੰਗ ’ਤੇ ਡਾਈਟਿੰਗ ਕਰੀ ਜਾਂਦੇ ਹਨ ਪਰ ਫਿਰ ਵੀ ਕਈ ਵਾਰ ਸਰੀਰ ਦਾ ਲੋੜ ਅਨੁਸਾਰ ਭਾਰ ਘੱਟ ਨਹੀਂ ਹੁੰਦਾ, ਸਗੋਂ ਵਧਦਾ ਹੀ ਜਾਂਦਾ ਹੈ। ਸਮੱਸਿਆ ਹੈ-ਤੁਹਾਡੇ ਪਾਚਣ ਪ੍ਰਕਿਰਿਆ ਦੀ, ਜਿਸ ਨਾਲ ਤੁਹਾਡੇ ਸਰੀਰ ਦੀ ਕੈਲੋਰੀ ਖਤਮ ਹੋਣ ਦੀ ਗਤੀ ਨਿਰਧਾਰਤ ਹੁੰਦੀ ਹੈ। ਜੇਕਰ ਇਹ ਕਿਰਿਆ ਤੇਜ਼ ਹੋ ਜਾਂਦੀ ਹੈ ਤਾਂ ਸਰੀਰ ਵਿਚ ਕੈਲੋਰੀ ਤੇਜ਼ੀ ਨਾਲ ਅਤੇ ਸੌਖੀ ਨਸ਼ਟ ਹੋ ਜਾਂਦੀ ਹੈ ਅਤੇ ਜੇਕਰ ਇਹ ਕਿਰਿਆ ਮੰਦ ਹੈ ਤਾਂ ਤੁਹਾਡੇ ਵੱਲੋਂ ਗ੍ਰਹਿਣ ਕੀਤੀ ਗਈ ਕੈਲੋਰੀ ਦਾ ਜ਼ਿਆਦਾ ਹਿੱਸਾ ਤੁਹਾਡੇ ਸਰੀਰ ਵਿਚ ਚਰਬੀ ਦੇ ਰੂਪ ਵਿਚ ਜਮ੍ਹਾਂ ਹੋ ਜਾਂਦਾ ਹੈ।

ਪਰ ਨਿਰਾਸ਼ ਹੋਣ ਦੀ ਲੋੜ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਪਾਚਣ ਪ੍ਰਣਾਲੀ ਨੂੰ ਤੇਜ਼ ਕਰਨਾ ਸੰਭਵ ਹੈ, ਜਿਸ ਨਾਲ ਤੁਸੀਂ ਕੈਲੋਰੀ ਨਸ਼ਟ ਕਰਕੇ ਜਲਦੀ ਹੀ ਭਾਰ ਘੱਟ ਕਰ ਸਕਦੇ ਹੋ।

**ਭੋਜਨ ਵਿਚ ਚਿਕਨਾਈ ਦੀ ਮਾਤਰਾ ਘੱਟ ਕਰੋ :** ਵਧੇਰੇ ਚਿਕਨਾਈ, ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਵਾਲੀਆਂ ਚੀਜ਼ਾਂ ਖਾਣ ਨਾਲ ਚਰਬੀ ਜ਼ਿਆਦਾ ਵਧਦੀ ਹੈ। ਭਾਵੇਂ ਇਨ੍ਹਾਂ ਵਿਚ ਕੈਲੋਰੀ ਦੀ ਮਾਤਰਾ ਇਕੋ ਜਿਹੀ ਕਿਉਂ ਨਾ ਹੋਵੇ।

ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਚਰਬੀ ਤੁਹਾਡੀ ਪਾਚਣ ਪ੍ਰਕਿਰਿਆ ਨੂੰ ਇਨ੍ਹਾਂ ਹੋਰ ਖਾਧ ਪਦਾਰਥਾਂ ਦੀ ਤੁਲਨਾ ਵਿਚ ਮੰਦ ਕਰ ਦਿੰਦੀ ਹੈ। ਮਾਹਿਰਾਂ ਅਨੁਸਾਰ ਕਾਰਬੋਹਾਈਡ੍ਰੇਟ ਦੀਆਂ ਸੌ ਕੈਲੋਰੀ ਦੀ ਚਰਬੀ ਵਿਚ ਤਬਦੀਲ ਕਰਨ ਦੀ ਕਿਰਿਆ ਵਿਚ ਸਰੀਰ 23 ਕੈਲੋਰੀ ਇਸਤੇਮਾਲ ਕਰ ਲੈਂਦਾ ਹੈ ਜਦੋਂ ਕਿ ਖਾਧ ਪਦਾਰਥਾਂ ਤੋਂ ਪ੍ਰਾਪਤ ਚਰਬੀ ਨੂੰ ਸੌ ਕੈਲੋਰੀ ਚਰਬੀ ਵਿਚ ਬਦਲਣ ਲਈ ਸਿਰਫ 3 ਕੈਲੋਰੀ ਨਸ਼ਟ ਕਰਦਾ ਹੈ। ਇਸ ਦਾ ਮਤਲਬ ਹੈ ਸਰੀਰ ਵਿਚ ਚਰਬੀ ਦੇ ਰੂਪ ਵਿਚ ਵਧੇਰੇ ਕੈਲੋਰੀ ਜਮ੍ਹਾਂ ਹੋ ਜਾਵੇਗੀ ਅਤੇ ਪ੍ਰੋਟੀਨ ਅਤੇ ਕਾਰਬੋਰੇਟ ਨਾਲ ਭਰਪੂਰ ਭੋਜਨ ਤੁਹਾਡੀ ਪਾਚਣ ਪ੍ਰਕਿਰਿਆ, ਚਰਬੀ ਵਾਲੇ ਭੋਜਨ ਦੇ ਮੁਕਾਬਲੇ ਤੇਜ਼ ਹੋਵੇਗੀ।

**ਉਚਿਤ ਕਾਰਬੋਹਾਈਡ੍ਰੇਟ ਵਾਲੇ ਭੋਜਨ ਦੀ ਚੋਣ ਕਰੋ :** ਸਾਰੇ ਕਾਰਬੋਹਾਈਡ੍ਰੇਟ ਇਕੋ ਜਿਹੇ ਨਹੀਂ ਹੁੰਦੇ। ਕੁਝ ਸਾਧਾਰਨ ਕਾਰਬੋਹਾਈਡ੍ਰੇਟ ਜਿਵੇਂ ਚੀਨੀ ਅਤੇ ਸ਼ਹਿਦ, ਜਿਨ੍ਹਾਂ ਖਾਧ ਪਦਾਰਥਾਂ ਵਿਚ ਇਨ੍ਹਾਂ ਦਾ ਪ੍ਰਯੋਗ ਹੁੰਦਾ ਹੈ, ਟੌਫੀਆਂ, ਬਿਸਕੁਟ ਆਦਿ ਕੈਲੋਰੀ ਦੇ ਜ਼ਿਆਦਾ ਹੋਣ ਦੇ ਕਾਰਨ ਡਾਇਟਿੰਗ ਦੇ ਲਈ ਉਲਟ ਹੋ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਵਿਚ ਪੌਸ਼ਕ ਤੱਤਾਂ ਦੀ ਵੀ ਕਮੀ ਹੁੰਦੀ ਹੈ।

ਸਾਧਾਰਨ ਕਾਰਬੋਹਾਈਡ੍ਰੇਟ, ਇੰਸੁਲਿਨ ਨਾਮੀ ਹਾਰਮੋਨ ਦੇ ਉਤਪਾਦਨ ਨੂੰ ਵਧਾਉਂਦੇ ਹਨ। ਇਹ ਹਾਰਮੋਨ ਦੀ ਰਕਤ ਪ੍ਰਵਾਹ ਵਿਚ ਚੀਨੀ ਨੂੰ ਕੋਸ਼ਿਕਾਵਾਂ ਵਿਚ ਪਹੁੰਚਾਉਣ ਲਈ ਜ਼ਿੰਮੇਵਾਰ ਹਨ। ਸੰਸ਼ਲਿਸਟ ਕਾਰਬੋਹਾਈਡ੍ਰੇਟ ਯੁਕਤ ਭੋਜਨ ਸਾਡੇ ਲਈ ਉੱਤਮ ਹੈ, ਜਿਵੇਂ ਸਬਜ਼ੀਆਂ, ਅਣਛਾਣੇ ਆਟੇ ਦੀ ਰੋਟੀ ਆਦਿ।

**ਭੋਜਨ ਨਿਯਮਤ ਸਮੇਂ ’ਤੇ ਲਓ :** ਜੇਕਰ ਤੁਸੀਂ ਇਕ ਸਮੇਂ ਦਾ ਭੋਜਨ ਛੱਡ ਕੇ ਦੂਜੇ ਸਮੇਂ ਜ਼ਿਆਦਾ ਖਾ ਲਓਗੇ ਤਾਂ ਤੁਹਾਡਾ ਭਾਰ ਵਧ ਸਕਦਾ ਹੈ। ਇਹ ਦੇਖਿਆ ਗਿਆ ਹੈ ਕਿ ਲੋਕ ਜੋ ਇਕ ਵਾਰ ਵਿਚ ਜ਼ਿਆਦਾ ਭੋਜਨ ਖਾਂਦੇ ਉਹ ਉਨ੍ਹਾਂ ਲੋਕਾਂ ਤੋਂ ਮੋਟੇ ਹੁੰਦੇ ਹਨ, ਜੋ ਥੋੜ੍ਹਾ-ਥੋੜ੍ਹਾ ਭੋਜਨ ਵਾਰ-ਵਾਰ ਖਾਂਦੇ ਹਨ। ਇਸ ਲਈ ਆਪਣੀ ਪਾਚਣ ਕਿਰਿਆ ਨੂੰ ਠੀਕ ਰੱਖਣ ਲਈ ਹਰ ਰੋਜ਼ ਤਿੰਨ ਵਾਰ ਸੰਤੁਲਿਤ ਭੋਜਨ ਲਓ।

**ਸਮੁਚਿਤ ਕੈਲੋਰੀ ਗ੍ਰਹਿਣ ਕਰੋ :** ਜਦੋਂ ਤੁਸੀਂ ਜ਼ਰੂਰਤ ਤੋਂ ਘੱਟ ਕੈਲੋਰੀ ਸੇਵਨ ਕਰਦੇ ਹੋ ਤਾਂ ਨਾ ਸਿਰਫ ਤੁਸੀਂ ਲੋੜੀਂਦੀ ਪੌਸ਼ਟਿਕਤਾ ਤੋਂ ਵਾਂਝੇ ਹੁੰਦੇ ਹੋ, ਬਲਕਿ ਤੁਹਾਡਾ ਸਰੀਰ ਇਸ ਖਾਣੇ ਦੀ ਕਮੀ ਨੂੰ ਭੁੱਖੇ ਰਹਿਣ ਦਾ ਸੰਕੇਤ ਮੰਨ ਲੈਂਦਾ ਹੈ। ਨਤੀਜੇ ਵਜੋਂ ਊਰਜਾ ਬਚਾਉਣ ਦੇ ਲਈ ਤੁਹਾਡੇ ਸਰੀਰ ਦੀ ਪਾਚਣ ਕਿਰਿਆ ਮੰਦੀ ਪੈ ਜਾਂਦੀ ਹੈ ਅਤੇ ਘੱਟ ਕੈਲੋਰੀ ਵਾਲੀ ਖੁਰਾਕ ਨਾਲ ਭਾਰ ਘੱਟ ਹੋਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਘੱਟ ਖਾਣ ਨਾਲ ਸਰੀਰ ਕੈਲੋਰੀ ਘੱਟ ਨਸ਼ਟ ਕਰਦਾ ਹੈ। ਇਸ ਲਈ ਤੁਸੀਂ ਜਦੋਂ ਡਾਇਟਿੰਗ ਕਰੋ ਤਾਂ ਵਿਟਾਮਿਨ ਅਤੇ ਖਣਿਜ ਭਰਪੂਰ ਭੋਜਨ ਲਓ, ਜੋ ਜ਼ਰੂਰੀ ਪੌਸ਼ਟਿਕਤਾ ਦੀ ਪੁਸ਼ਟੀ ਕਰੇ।

**ਨਿਯਮਤ ਕਸਰਤ ਕਰੋ :** ਜੇਕਰ ਤੁਸੀਂ ਭੋਜਨ ਨਿਯਮਤ ਰੂਪ ਵਿਚ ਕਰਦੇ ਹੋ ਅਤੇ ਨਾਲ-ਨਾਲ ਕਸਰਤ ਵੀ ਕਰਦੇ ਹੋ ਤਾਂ ਤੁਹਾਡਾ ਭਾਰ ਜਲਦੀ ਘੱਟ ਹੋ ਜਾਵੇਗਾ। ਕਸਰਤ ਨਾਲ ਨਾ ਸਿਰਫ ਕੈਲੋਰੀ ਨਸ਼ਟ ਹੁੰਦੀ ਹੈ, ਬਲਕਿ ਤੁਹਾਡੀ ਪਾਚਣ ਕਿਰਿਆ ਕਸਰਤ ਕਰਨ ਦੇ ਬਾਅਦ ਤੇਜ਼ ਰਹਿੰਦੀ ਹੈ ਅਤੇ ਕੁਝ ਘੰਟਿਆਂ ਤੱਕ ਤੁਹਾਡੀ ਕੈਲੋਰੀ ਵਧੇਰੇ ਮਾਤਰਾ ਵਿਚ ਨਸ਼ਟ ਹੁੰਦੀ ਹੈ। ਕਸਰਤ ਨਾਲ ਤੁਹਾਡਾ ਭਾਰ ਵੀ ਸਥਿਰ ਰਹਿੰਦਾ ਹੈ।

ਐਰੋਬਿਕ ਐਕਸਰਸਾਈਜ਼ ਕਰਨ ਨਾਲ ਤੁਹਾਡਾ ਪੂਰਾ ਸਰੀਰ ਹਰਕਤ ਵਿਚ ਆਉਂਦਾ ਹੈ। ਅਜਿਹੀ ਕਸਰਤ ਨਾਲ ਪਾਚਣ ਕਿਰਿਆ ਵੀ ਤੇਜ਼ ਹੁੰਦੀ ਹੈ। ਕਸਰਤ ਦਾ ਸਮਾਂ ਨਿਸਚਿਤ ਕਰੋ ਅਤੇ ਅਜਿਹੀ ਕਸਰਤ ਅਪਣਾਓ ਜੋ ਤੁਹਾਡੇ ਲਈ ਆਸਾਨ ਹੋਵੇ, ਘੁੰਮਣਾ, ਸਾਈਕਿਲੰਗ ਆਦਿ। ਹਰ ਦੂਜੇ ਦਿਨ ਘੱਟੋ-ਘੱਟ 30 ਮਿੰਟ ਤੱਕ ਕਸਰਤ ਕਰੋ, ਨਹੀਂ ਤਾਂ ਤੁਹਾਡੇ ਸਰੀਰ ਨੂੰ ਪਾਚਣ ਕਿਰਿਆ ਦੇ ਸੁਧਾਰ ਦਾ ਕੋਈ ਲਾਭ ਨਹੀਂ ਮਿਲੇਗਾ।

**- ਕਨਕ ਤਿਵਾੜੀ ਕਨੂ**

# ਤਾਂਬੇ ਦੇ ਭਾਂਡੇ ਵਿਚ ਪਾਣੀ ਪੀਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਫ਼ਾਇਦੇ

**ਨਵੀਂ ਦਿੱਲੀ :** ਤਾਂਬੇ ਦੇ ਬਰਤਨ ’ਚ ਪਾਣੀ ਪੀਂਦੇ ਤੁਸੀਂ ਬਹੁਤ ਸਾਰੇ ਲੋਕਾਂ ਨੂੰ ਦੇਖਿਆ ਅਤੇ ਸੁਣਿਆ ਹੋਵੇਗਾ। ਆਯੁਰਵੇਦ ’ਚ ਤਾਂਬੇ ਦੇ ਬਰਤਨ ’ਚ ਪਾਣੀ ਪੀਣਾ ਬਹੁਤ ਸਿਹਤੰਦ ਦੱਸਿਆ ਗਿਆ ਹੈ ਕਿਉਂਕਿ ਤਾਂਬੇ ਦਾ ਪਾਣੀ ਸਰੀਰ ’ਚ ਤਿੰਨ ਦੋਸ਼ਾਂ (ਵਾਤ, ਕਫ ਤੇ ਪਿਤ) ਨੂੰ ਸੰਤੁਲਿਤ ਕਰਨ ’ਚ ਸਮਰੱਥ ਹੈ। ਇਹ ਪਾਣੀ ਸਰੀਰ ਦੇ ਕਈ ਰੋਗ ਬਿਨਾਂ ਦਵਾਈ ਦੇ ਠੀਕ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਸਰੀਰ ਦੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਦਾ ਹੈ। ਰਾਤ ਵੇਲੇ ਤਾਂਬੇ ਦੇ ਬਰਤਨ ’ਚ ਰੱਖੇ ਪਾਣੀ ਨੂੰ ‘ਤਾਮਰਜਲ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਹਾਲਾਂਕਿ ਇਸ ਪਾਣੀ ਦਾ ਸੁਆਦ ਥੋੜ੍ਹਾ ਵੱਖਰਾ ਹੁੰਦਾ ਹੈ ਪਰ ਇਹ ਪਾਣੀ ਕਦੇ ਬੇਹਾ ਨਹੀਂ ਹੁੰਦਾ। ਇਸ ਬਰਤਨ ’ਚ ਪਾਣੀ ਪੀਣ ਦੇ ਬਹੁਤ ਸਾਰੇ ਫਾਇਦੇ ਹਨ, ਜਿਨ੍ਹਾਂ ਬਾਰੇ ਕਾਫੀ ਲੋਕ ਨਹੀਂ ਜਾਣਦੇ। ਜੇਕਰ ਤੁਸੀਂ ਸਕਿਨ ’ਤੇ ਫਾਈਨ ਲਾਈਨ ਨੂੰ ਲੈ ਕੇ ਪ੍ਰੇਸ਼ਾਨ ਹੋ ਤਾਂ ਤਾਂਬੇ ਦੇ ਬਰਤਨ ’ਚ ਪਾਣੀ ਜ਼ਰੂਰ ਪੀਓ। ਇਸ ਨਾਲ ਨਵੀਆਂ ਕੋਸ਼ਿਕਾਵਾਂ ਪੈਦਾ ਹੁੰਦੀਆਂ ਹਨ, ਜਿਸ ਨਾਲ ਮੁਹਾਸੇ ਅਤੇ ਸਕਿਨ ਸੰਬੰਧੀ ਕੋਈ ਸਮੱਸਿਆ ਨਹੀਂ ਹੁੰਦੀ। ਇਸ ਤੋਂ ਇਲਾਵਾ ਚਮੜੀ ’ਚ ਨਿਖਾਰ ਆਉਂਦਾ ਹੈ।



**ਪੇਟ ਦੀ ਸਮੱਸਿਆ :** ਬੇਵਕਤ ਖਾਣਾ ਜਾਂ ਫਿਰ ਫਾਸਟ ਫੂਡ ਦੀ ਜ਼ਿਆਦਾ ਵਰਤੋਂ ਕਰਨ ਨਾਲ ਅੱਜਕਲ ਲੋਕਾਂ ਨੂੰ ਪੇਟ ਸੰਬੰਧੀ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ’ਚ ਜੇਕਰ ਤੁਸੀਂ ਰੋਜ਼ ਸਵੇਰੇ ਖਾਲੀ ਪੇਟ ਤਾਂਬੇ ਦੇ ਬਰਤਨ ’ਚ ਰੱਖਿਆ ਪਾਣੀ ਪੀਓ ਤਾਂ ਤੁਹਾਨੂੰ ‘ਡਾਇਰੀਆ’ ਅਤੇ ਪੇਟ ਦੀਆਂ ਹੋਰ ਬੀਮਾਰੀਆਂ ਨਹੀਂ ਹੋਣਗੀਆਂ। ਇਸ ਤੋਂ ਇਲਾਵਾ ਇਹ ਪਾਚਨ ਕਿਰਿਆ ਨੂੰ ਵੀ ਸਹੀ ਢੰਗ ਨਾਲ ਕੰਮ ਕਰਨ ’ਚ ਮਦਦ ਕਰਦਾ ਹੈ।

**ਯਾਦਸ਼ਕਤੀ ਮਜ਼ਬੂਤ :** ਹਰ ਰੋਜ਼ ਤਾਂਬੇ ਦੇ ਬਰਤਨ ’ਚ ਰੱਖਿਆ ਪਾਣੀ ਪੀਣਾ ਦਿਮਾਗ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਪਾਣੀ ਨਾਲ ਯਾਦਸ਼ਸ਼ਕਤੀ ਤੇਜ਼ ਹੁੰਦੀ ਹੈ।

**ਪਾਚਨ ਕਿਰਿਆ ਬਿਹਤਰ :** ਰਾਤ ਵੇਲੇ ਤਾਂਬੇ ਦੇ ਬਰਤਨ ’ਚ ਪਾਣੀ ਪਾ ਕੇ ਰੱਖ ਦਿਓ ਅਤੇ ਸਵੇਰੇ ਖਾਲੀ ਪੇਟ ਇਸ ਦੀ ਵਰਤੋਂ ਕਰਨ ਨਾਲ ਪਾਚਨ ਕਿਰਿਆ ’ਚ ਸੁਧਾਰ ਹੁੰਦਾ ਹੈ। ਰੋਜ਼ਾਨਾ ਇਸ ਪਾਣੀ ਨੂੰ ਪੀਣ ਨਾਲ ਪੇਟ ਦਰਦ, ਗੈਸ, ਐਸੀਡਿਟੀ ਅਤੇ ਕਬਜ਼ ਵਰਗੀਆਂ ਪ੍ਰੇਸ਼ਾਨੀਆਂ ਵੀ ਦੂਰ ਹੋ ਜਾਂਦੀਆਂ ਹਨ।

**ਥਾਇਰਾਈਡ ’ਤੇ ਕੰਟਰੋਲ :** ਸਰੀਰ ’ਚ ਹਾਰਮੋਨਸ ਅਸੰਤੁਲਨ ਕਾਰਨ ਹੀ ਥਾਇਰਾਈਡ ਦੀ ਬੀਮਾਰੀ ਹੁੰਦੀ ਹੈ, ਜਿਸ ਨਾਲ ਜਾਂ ਤਾਂ ਭਾਰ ਤੇਜ਼ੀ ਨਾਲ ਘਟਦਾ ਹੈ ਜਾਂ ਵਧਦਾ ਹੈ। ਤਾਂਬੇ ਦੇ ਬਰਤਨ ’ਚ ਰੱਖਿਆ ਪਾਣੀ ਪੀਣ ਨਾਲ ਥਾਇਰਾਈਡ ਦੇ ਹਾਰਮੋਨਸ ਕੰਟਰੋਲ ’ਚ ਰਹਿੰਦੇ ਹਨ।

**ਗਠੀਆ :** ਤਾਂਬੇ ’ਚ ਐਂਟੀਇੰਫਲਾਮੈਟ੍ਰੀ ਗੁਣ ਹੁੰਦੇ ਹਨ ਜੋ ਜੋੜਾਂ ਦੇ ਦਰਦ ਅਤੇ ਸੋਜ ਨੂੰ ਘੱਟ ਕਰਦੇ ਹਨ। ਇਸ ਪਾਣੀ ਨੂੰ ਪੀਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਇਹ ਸਰੀਰ ਤੋਂ ਜ਼ਹਿਰੀਲੇ ਤੱਤ ਬਾਹਰ ਕੱਢਦਾ ਹੈ ਜਿਸ ਨਾਲ ਜੋੜਾਂ ਦੇ ਦਰਦ ਅਤੇ ਸੋਜ ਤੋਂ ਰਾਹਤ ਮਿਲਦੀ ਹੈ।

**ਅਨੀਮੀਆ :** ਜ਼ਿਆਦਾਤਰ ਭਾਰਤੀ ਔਰਤਾਂ ’ਚ ਖੂਨ ਦੀ ਕਮੀ ਹੁੰਦੀ ਹੈ, ਜਿਸ ਨਾਲ ਸਿਹਤ ਨਾਲ ਜੁੜੀਆਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਨੀਮੀਆ ਦੇ ਰੋਗੀ ਨੂੰ ਤਾਂਬੇ ਦੇ ਬਰਤਨ ’ਚ ਪਾਣੀ ਪੀਣ ਨਾਲ ਲਾਭ ਹੁੰਦਾ ਹੈ। ਤਾਂਬਾ ਡਾਇਟ ’ਚ ਸ਼ਾਮਲ ਆਇਰਨ ਨੂੰ ਆਸਾਨੀ ਨਾਲ ਸੋਖ ਲੈਂਦਾ ਹੈ, ਜਿਸ ਨਾਲ ਸਰੀਰ ’ਚ ਛੇਤੀ ਹੀ ਖੂਨ ਦੀ ਕਮੀ ਪੂਰੀ ਹੋ ਜਾਂਦੀ ਹੈ।

**ਸਰੀਰ ਦੀ ਅੰਦਰੂਨੀ ਸਫਾਈ :** ਸਰੀਰ ਨੂੰ ਡਿਟਾਕਸ ਕਰਨਾ ਬਹੁਤ ਜ਼ਰੂਰੀ ਹੈ। ਇਸ ਨਾਲ ਬੀਮਾਰੀਆਂ ਦੂਰ ਅਤੇ ਸਰੀਰ ਸਿਹਤਮੰਦ ਰਹਿੰਦਾ ਹੈ। ਇਸ ਨਾਲ ਹਾਨੀਕਾਰਕ ਬੈਕਟੀਰੀਆ ਬਾਡੀ ਤੋਂ ਬਾਹਰ ਨਿਕਲ ਜਾਂਦੇ ਹਨ, ਜੋ ਕਿਡਨੀ ਅਤੇ ਲਿਵਰ ਨੂੰ ਸਾਫ ਰੱਖਦਾ ਹੈ।

# ਕਈ ਬੀਮਾਰੀਆਂ ਨੂੰ ਜੜ੍ਹੋਂ ਖਤਮ ਕਰਦਾ ਹੈ ਅੰਬ

**ਨਵੀਂ ਦਿੱਲੀ :** ਭਾਰਤੀ ਅੰਬ ਸਾਰੀ ਦੁਨੀਆਂ ’ਚ ਆਪਣੇ ਸੁਆਦ ਲਈ ਮਸ਼ਹੂਰ ਹੈ। ਭਾਰਤ ’ਚ ਮੁੱਖ ਰੂਪ ’ਚ 12 ਕਿਸਮਾਂ ਦੇ ਅੰਬ ਹੁੰਦੇ ਹਨ। ਅੰਬ ਦੀ ਵਰਤੋਂ ਸਿਰਫ ਫਲ ਦੇ ਤੌਰ ’ਤੇ ਹੀ ਨਹੀਂ ਸਗੋਂ ਚਟਨੀ, ਪੰਨਾ, ਜੂਸ, ਕੈਂਡੀ, ਆਚਾਰ, ਖਟਾਈ, ਸ਼ੇਕ, ਅੰਬ ਪਾਪੜ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਬਣਾਉਣ ’ਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਅੰਬ ਖਾਣ ਨਾਲ ਸਰੀਰ ਕਈ ਬੀਮਾਰੀਆਂ ਤੋਂ ਵੀ ਬਚਿਆ ਰਹਿੰਦਾ ਹੈ। ਅੰਬ ਖਾਣ ਨਾਲ ਸਿਹਤ ਨੂੰ ਕਈ ਫਾਇਦੇ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਅੰਬ ਖਾਣ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਨ੍ਹਾਂ ਬਾਰੇ...

**ਕੈਂਚਰ ਤੋਂ ਬਚਾਅ :** ਅੰਬ ’ਚ ਮੌਜੂਦ ਐਂਟੀਆਕਸੀਡੈਂਟ ਕੈਂਸਰ ਤੋਂ ਬਚਾਅ ਕਰਦਾ ਹੈ। ਇਸ ’ਚ ਫਿਟਨੈੱਸ ਦੇ ਅਜਿਹੇ ਗੁਣ ਮੌਜੂਦ ਹੁੰਦੇ ਹਨ ਜੋ ਕੈਂਸਰ ਤੋਂ ਬਚਾਅ ਕਰਨ ’ਚ ਮਦਦਗਾਰ ਹੁੰਦੇ ਹਨ।

**ਅੱਖਾਂ ਲਈ ਫਾਇਦੇਮੰਦ :** ਅੰਬ ’ਚ ਵਿਟਾਮਿਨ ਏ ਭਰਪੂਰ ਹੁੰਦਾ ਹੈ ਜੋ ਅੱਖਾਂ ਲਈ ਵਰਦਾਨ ਹੈ। ਇਸ ਨਾਲ ਅੱਖਾਂ ਦੀ ਰੌਸ਼ਨੀ ਬਣੀ ਰਹਿੰਦੀ ਹੈ।

**ਕੋਲੈਸਟਰੋਲ ਨਿਯਮਿਤ ਰੱਖਣ ’ਚ :** ਅੰਬ ’ਚ ਫਾਈਬਰ ਅਤੇ ਵਿਟਾਮਿਨ ਸੀ ਖੂਬ ਹੁੰਦਾ ਹੈ। ਜੋ ਸਰੀਰ ’ਚ ਕੋਲੈਸਟਰੋਲ ਦੀ ਮਾਤਰਾ ਨੂੰ ਕੰਟਰੋਲ ’ਚ ਰੱਖਦੇ ਹਨ।

**ਚਮੜੀ ਲਈ ਫਾਇਦੇਮੰਦ :** ਅੰਬ ਦੇ ਗੁਦੇ ਦਾ ਪੈਕ ਲਗਾਉਣ ਨਾਲ ਉਸ ਨੂੰ ਚਿਹਰੇ ’ਤੇ ਮਲਣ ਨਾਲ ਚਿਹਰੇ ’ਤੇ ਨਿਖਾਰ ਆਉਂਦਾ ਹੈ ਅਤੇ ਵਿਟਾਮਿਨ ਸੀ ਇਨਫੈਕਸ਼ਨ ਤੋਂ ਬਚਾਅ ਕਰਦਾ ਹੈ।

**ਪਾਚਨ ਕਿਰਿਆ ਨੂੰ ਠੀਕ ਰੱਖੇ :** ਅੰਬ ’ਚ ਅਜਿਹੇ ਅੰਜ਼ਾਈਮਸ ਹੁੰਦੇ ਹਨ ਜੋ ਪ੍ਰੋਟੀਨ ਨੂੰ ਤੋੜਣ ਦਾ ਕੰਮ ਕਰਦੇ ਹਨ। ਇਸ ਨਾਲ ਭੋਜਨ ਜਲਦੀ ਪਚ ਜਾਂਦਾ ਹੈ। ਜਿਸ ਨਾਲ ਪੇਟ ਨਾਲ ਸਬੰਧੀ ਕੋਈ ਸਮੱਸਿਆ ਨਹੀਂ ਹੁੰਦੀ।

**ਮੋਟਾਪਾ ਘੱਟ ਕਰੇ :** ਮੋਟਾਪਾ ਘੱਟ ਕਰਨ ਲਈ ਅੰਬ ਇਕ ਚੰਗਾ ਉਪਾਅ ਹੈ। ਅੰਬ ਦੀ ਗੁਠਲੀ ’ਚ ਮੌਜੂਦ ਰੇਸ਼ੇ ਸਰੀਰ ਦੀ ਫਾਲਤੂ ਚਰਬੀ ਨੂੰ ਘੱਟ ਕਰਨ ’ਚ ਬਹੁਤ ਹੀ ਫਾਇਦੇਮੰਦ ਹੁੰਦੇ ਹਨ। ਅੰਬ ਖਾਣ ਦੇ ਬਾਅਦ ਭੁੱਖ ਵੀ ਘੱਟ ਲੱਗਦੀ ਹੈ, ਜਿਸ ਨਾਲ ਓਵਰ ਈਟਿੰਗ ਦਾ ਖਤਰਾ ਘੱਟ ਹੋ ਜਾਂਦਾ ਹੈ।



# ਵਿਦੇਸ਼ੀ ਦੌਰਿਆਂ ਲਈ ਭਾਰਤੀ ਕ੍ਰਿਕਟ ਟੀਮ ਦਾ ਐਲਾਨ

## ਕੋਹਲੀ ਦੀ ਥਾਂ ਨਾਇਰ ਭਾਰਤੀ ਟੈਸਟ ਟੀਮ ’ਚ ਸ਼ਾਮਲ; ਰੋਹਿਤ ਬਾਹਰ



**ਨਵੀਂ ਦਿੱਲੀ (ਨਦਬ) :** ਅਫ਼ਗਾਨਿਸਤਾਨ ਖ਼ਿਲਾਫ ਇੱਥੇ ਹੋਣ ਵਾਲੇ ਇੱਕੋ-ਇੱਕ ਟੈਸਟ ਲਈ ਕਪਤਾਨ ਵਿਰਾਟ ਕੋਹਲੀ ਦੀ ਥਾਂ ਭਾਰਤੀ ਟੀਮ ਵਿੱਚ ਕਰਨਾਟਕ ਦੇ ਬੱਲੇਬਾਜ਼ ਕਰੁਣ ਨਾਇਰ ਨੂੰ ਥਾਂ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸੀਨੀਅਰ ਬੱਲੇਬਾਜ਼ ਰੋਹਿਤ ਸ਼ਰਮਾ ਨੂੰ ਭਾਰਤੀ ਟੀਮ ਵਿੱਚੋਂ ਬਾਹਰ ਕਰ ਦਿੱਤਾ ਹੈ। ਨਾਇਰ ਦੀ ਟੀਮ ਵਿੱਚ ਵਾਪਸੀ ਹੈਰਾਨ ਕਰਨ ਵਾਲੀ ਹੈ। ਅਜਿੰਕਿਆ ਰਹਾਣੇ ਨੂੰ ਭਾਰਤ ਦੀ ਕਪਤਾਨੀ ਸੌਂਪੀ ਗਈ ਹੈ, ਜੋ ਇਤਿਹਾਸਕ ਇੱਕੋ-ਇੱਕ ਟੈਸਟ ਵਿੱਚ 15 ਮੈਂਬਰੀ ਟੀਮ ਦੀ ਅਗਵਾਈ ਕਰੇਗਾ। ਇਹ ਟੈਸਟ 14 ਜੂਨ ਤੋਂ ਸ਼ੁਰੂ ਹੋ ਰਿਹਾ ਹੈ। ਇਸ ਮੈਚ ਦੌਰਾਨ ਕੋਹਲੀ ਜੁਲਾਈ ਵਿੱਚ ਇੰਗਲੈਂਡ ਖ਼ਿਲਾਫ਼ ਸ਼ੁਰੂ ਹੋਣ ਵਾਲੇ ਦੌਰੇ ਦੀ ਤਿਆਰੀ ਲਈ ਸਰੀ ਵੱਲੋਂ ਕਾਉਂਟੀ ਕ੍ਰਿਕਟ ਖੇਡਣ ਵਿੱਚ ਰੁਝਿਆ ਹੋਵੇਗਾ। ਐਮ.ਐਸ.ਕੇ. ਪ੍ਰਸਾਦ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਮੀਟਿੰਗ ਮਗਰੋਂ ਟੀਮਾਂ ਦਾ ਐਲਾਨ ਕੀਤਾ ਹੈ। ਰਹਾਣੇ ਨੂੰ ਹਾਲਾਂਕਿ ਇੰਗਲੈਂਡ ਦੌਰੇ ਦੇ ਇੱਕ ਰੋਜ਼ਾ ਕੌਮਾਂਤਰੀ ਟੀਮ ਤੋਂ ਬਾਹਰ ਕਰ ਦਿਤਾ ਹੈ। ਅੰਬਾਤੀ ਰਾਇਡੂ ਅਤੇ ਲੋਕੇਸ਼ ਰਾਹੁਲ ਦੀ ਇਸ ਦੌਰੇ ਲਈ ਵਾਪਸੀ ਹੋਈ ਹੈ, ਜਦਕਿ ਨੌਜਵਾਨ ਤੇਜ਼ ਗੇਂਦਬਾਜ਼ ਸਿਧਾਰਥ ਕੌਲ ਨੂੰ ਆਈਪੀਐਲ ਵਿੱਚ ਲਗਾਤਾਰ ਚੰਗੇ ਪ੍ਰਦਰਸ਼ਨ ਦਾ ਇਨਾਮ ਆਇਰਲੈਂਡ ਅਤੇ ਇੰਗਲੈਂਡ ਖ਼ਿਲਾਫ਼ ਟੀ-20 ਮੈਚਾਂ ਲਈ ਟੀਮ ਵਿੱਚ ਸ਼ਾਮਲ ਕਰਕੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੋਹਲੀ ਨੂੰ ਆਇਰਲੈਂਡ ਖ਼ਿਲਾਫ਼ ਦੋ ਟੀ-20 ਮੈਚਾਂ ਦੀ ਲੜੀ ਲਈ ਕਪਤਾਨ ਐਲਾਨਿਆ ਗਿਆ ਹੈ।

**ਅਫਗਾਨਿਸਤਾਨ ਖ਼ਿਲਾਫ਼ ਭਾਰਤੀ ਟੈਸਟ ਟੀਮ :** ਅਜਿੰਕਿਆ ਰਹਾਣੇ (ਕਪਤਾਨ), ਸ਼ਿਖਰ ਧਵਨ, ਮੁਰਲੀ ਵਿਜੇ, ਲੋਕੇਸ਼ ਰਾਹੁਲ, ਚੇਤੇਸ਼ਵਰ ਪੁਜਾਰਾ, ਕਰੁਣ ਨਾਇਰ, ਰਿਧੀਮਾਨ ਸਾਹਾ, ਆਰ ਅਸ਼ਵਿਨ, ਰਵਿੰਦਰ ਜਡੇਜਾ, ਕੁਲਦੀਪ ਯਾਦਵ, ਉਮੇਸ਼ ਯਾਦਵ, ਮੁਹੰਮਦ ਸ਼ਮੀ, ਹਾਰਦਿਕ ਪਾਂਡਿਆ, ਇਸ਼ਾਂਤ ਸ਼ਰਮਾ, ਸ਼ਰਦੂਲ ਠਾਕੁਰ।

**ਆਇਰਲੈਂਡ ਅਤੇ ਇੰਗਲੈਂਡ ਖ਼ਿਲਾਫ਼ ਦੋ ਮੈਚਾਂ (ਟੀ-20) ਲਈ ਟੀਮ :** ਵਿਰਾਟ ਕੋਹਲੀ (ਕਪਤਾਨ), ਸ਼ਿਖਰ ਧਵਨ, ਰੋਹਿਤ ਸ਼ਰਮਾ, ਲੋਕੇਸ਼ ਰਾਹੁਲ, ਸੁਰੇਸ਼ ਰੈਣਾ, ਮਨੀਸ਼ ਪਾਂਡੇ, ਮਹਿੰਦਰ ਸਿੰਘ ਧੋਨੀ, ਦਿਨੇਸ਼ ਕਾਰਤਿਕ, ਯੁਜ਼ਵੇਂਦਰ ਚਾਹਲ, ਕੁਲਦੀਪ ਯਾਦਵ, ਵਾਸ਼ਿੰਗਟਨ ਸੁੰਦਰ, ਭੁਵਨੇਸ਼ਵਰ ਕੁਮਾਰ, ਜਸਪ੍ਰੀਤ ਬੁਮਰਾਹ, ਹਾਰਦਿਕ ਪਾਂਡਿਆ, ਸਿਧਾਰਥ ਕੌਲ ਅਤੇ ਉਮੇਸ਼ ਯਾਦਵ।

**ਇੰਗਲੈਂਡ ਖ਼ਿਲਾਫ਼ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ ਲਈ ਟੀਮ :** ਵਿਰਾਟ ਕੋਹਲੀ (ਕਪਤਾਨ), ਸ਼ਿਖਰ ਧਵਨ, ਰੋਹਿਤ ਸ਼ਰਮਾ, ਲੋਕੇਸ਼ ਰਾਹੁਲ, ਸ਼੍ਰੇਅਸ ਅਈਅਰ, ਅੰਬਾਤੀ ਰਾਇਡੂ, ਮਹਿੰਦਰ ਸਿੰਘ ਧੋਨੀ, ਦਿਨੇਸ਼ ਕਾਰਤਿਕ, ਯੁਜ਼ਵੇਂਦਰ ਚਾਹਲ, ਕੁਲਦੀਪ ਯਾਦਵ, ਵਾਸ਼ਿੰਗਟਨ ਸੁੰਦਰ, ਭੁਵਨੇਸ਼ਵਰ ਕਮਾਰ, ਜਸਪ੍ਰੀਤ ਬੁਮਰਾਹ, ਹਾਰਦਿਕ ਪਾਂਡਿਆ, ਸਿਧਾਰਥ ਕੌਲ ਅਤੇ ਉਮੇਸ਼ ਯਾਦਵ।

## ਆਸਟ੍ਰੇਲੀਆ ’ਚ ਦਿਨ-ਰਾਤ ਦਾ ਟੈਸਟ ਨਹੀਂ ਖੇਡੇਗਾ ਭਾਰਤ

**ਨਵੀਂ ਦਿੱਲੀ :** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਕ੍ਰਿਕਟ ਆਸਟਰੇਲੀਆ (ਸੀਏ) ਨੂੰ ਕੋਰਾ ਜਵਾਬ ਦਿੰਦਿਆਂ ਅਧਿਕਾਰਤ ਤੌਰ ਸੂਚਿਤ ਕੀਤਾ ਹੈ ਕਿ ਭਾਰਤ ਇਸ ਸਾਲ ਦੇ ਅਖ਼ੀਰ ਵਿੱਚ ਆਪਣੇ ਆਸਟਰੇਲੀਆ ਦੌਰੇ ਮੌਕੇ ਦਿਨ-ਰਾਤ ਟੈਸਟ ਮੈਚ ਨਹੀਂ ਖੇਡੇਗਾ।

ਕ੍ਰਿਕਟ ਆਸਟਰੇਲੀਆ ਫਲੱਡ ਲਾਈਟਾਂ ਵਿੱਚ ਗੁਲਾਬੀ ਗੇਂਦ ਨਾਲ ਟੈਸਟ ਮੈਚ ਕਰਵਾਉਣ ’ਤੇ ਜ਼ੋਰ ਪਾ ਰਿਹਾ ਹੈ। ਪਿਛਲੇ ਕੁੱਝ ਸਾਲਾਂ ਤੋਂ ਉਥੋਂ ਦਾ ਦੌਰਾ ਕਰਨ ਵਾਲੀਆਂ ਟੀਮਾਂ ਦਿਨ-ਰਾਤ ਦਾ ਮੈਚ ਖੇਡਦੀਆਂ ਰਹੀਆਂ ਹਨ। ਭਾਰਤੀ ਬੋਰਡ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਲਾਲ ਗੇਂਦ ਦੇ ਰਵਾਇਤੀ ਮੈਚਾਂ ਤੋਂ ਪਿੱਛੇ ਨਹੀਂ ਹਟੇਗਾ।

ਮੁੱਖ ਕੋਚ ਰਵੀ ਸ਼ਾਸਤਰੀ ਦੀ ਅਗਵਾਈ ਵਾਲੇ ਭਾਰਤੀ ਟੀਮ ਦੇ ਪ੍ਰਬੰਧਨ ਨੇ ਪ੍ਰਸ਼ਾਸਕਾਂ ਦੀ ਕਮੇਟੀ (ਸੀਏ) ਨੂੰ ਦੱਸਿਆ ਕਿ ਟੀਮ ਨੂੰ ਦਿਨ-ਰਾਤ ਮੈਚ ਦੀ ਤਿਆਰੀ ਲਈ ਘੱਟ ਤੋਂ ਘੱਟ 18 ਮਹੀਨਿਆਂ ਦੀ ਲੋੜ ਪਵੇਗੀ। ਇਸ ਮਗਰੋਂ ਕਾਰਜਕਾਰੀ ਸਕੱਤਰ ਅਮਿਤ ਚੌਧਰੀ ਨੂੰ ਸੀਏ ਦੇ ਮੁੱਖ ਕਾਰਜਕਾਰੀ ਜੇਮਜ਼ ਸਦਰਲੈਂਡ ਤਕ ਸੁਨੇਹਾ ਪਹੁੰਚਾਉਣ ਲਈ ਕਿਹਾ ਗਿਆ। ਸੀਏ ਚਾਹੁੰਦਾ ਹੈ ਕਿ ਐਡੀਲੇਡ ਵਿੱਚ ਛੇ ਤੋਂ ਦਸ ਦਸੰਬਰ ਤਕ ਹੋਣ ਵਾਲਾ ਪਹਿਲਾ ਟੈਸਟ ਮੈਚ ਗੁਲਾਬੀ ਗੇਂਦ ਨਾਲ ਖੇਡਿਆ ਜਾਵੇ।

ਪਿਛਲੇ ਹਫ਼ਤੇ ਸਦਰਲੈਂਡ ਨੇ ਆਸਟਰੇਲੀਆ ਵਿੱਚ ਇਕ ਰੇਡੀਓ ਸਟੇਸ਼ਨ ਨੂੰ ਕਿਹਾ ਸੀ ਕਿ ਭਾਰਤ ਇਸ ਲਈ ਗੁਲਾਬੀ ਗੇਂਦ ਨਾਲ ਮੈਚ ਨਹੀਂ ਖੇਡਣਾ ਚਾਹੁੰਦਾ ਕਿਉਂਕਿ ਉਹ ਲੜੀ ਜਿੱਤਣ ਲਈ ਬੇਤਾਬ ਹੈ। ਆਸਟ੍ਰੇਲੀਆ ਨੇ ਘਰੇਲੂ ਧਰਤੀ ’ਤੇ ਅਜੇ ਤਕ ਕੋਈ ਦਿਨ-ਰਾਤ ਟੈਸਟ ਮੈਚ ਨਹੀਂ ਗੁਆਇਆ। ਭਾਰਤੀ ਖਿਡਾਰੀਆਂ ਵਿੱਚ ਸਿਰਫ਼ ਚੇਤੇਸ਼ਵਰ ਪੁਜਾਰਾ ਅਤੇ ਮੁਰਲੀ ਵਿਜੇ ਨੇ ਹੀ ਦਲੀਪ ਟਰਾਫੀ ਵਿੱਚ ਗੁਲਾਬੀ ਗੇਂਦ ਨਾਲ ਦਿਨ-ਰਾਤ ਮੈਚ ਖੇਡਿਆ ਹੈ।

## ਫੁਟਬਾਲ : ਕੌਮੀ ਕੈਂਪ ਲਈ 30 ਖਿਡਾਰੀਆਂ ਦੀ ਚੋਣ



**ਨਵੀਂ ਦਿੱਲੀ :** ਕੌਮੀ ਫੁਟਬਾਲ ਕੋਚ ਸਟੀਫਨ ਕੌਂਸਟੇਨਟਾਈਨ ਨੇ ਪਹਿਲੀ ਜੂਨ ਤੋਂ ਮੁੰਬਈ ਵਿੱਚ ਹੋਣ ਵਾਲੇ ਹੀਰੋ ਇੰਟਰਕੌਂਟੀਨੈਂਟਲ ਕੱਪ ਤੋਂ ਪਹਿਲਾਂ ਟੀਮ ਦੇ ਅਭਿਆਸ ਕੈਂਪ ਲਈ 30 ਖਿਡਾਰੀਆਂ ਦੀ ਚੋਣ ਕੀਤੀ ਹੈ।

ਇਹ ਖਿਡਾਰੀ ਮੁੰਬਈ ਵਿੱਚ ਲੱਗਣ ਵਾਲੇ ਕੈਂਪ ਲਈ 16 ਮਈ ਨੂੰ ਇਕੱਠੇ ਹੋਣਗੇ ਜਦਕਿ ਜੇਐਸਡਬਲਿਊ ਬੰਗਲੌਰ ਐਫਸੀ ਦੇ ਖਿਡਾਰੀ 18 ਮਈ ਨੂੰ ਇਸ ਕੈਂਪ ਦਾ ਹਿੱਸਾ ਬਣਨਗੇ। ਭਾਰਤੀ ਟੀਮ ਹੀਰੋ ਇੰਟਰਕੌਂਟੀਨੈਂਟਲ ਕੱਪ ਵਿੱਚ ਕੀਨੀਆ, ਨਿਊਜ਼ੀਲੈਂਡ ਤੇ ਚੀਨੀ ਤਾਇਪੇ ਨਾਲ ਮੱਥਾ ਲਾਏਗੀ, ਜੋ ਏਐਫਸੀ ਏਸ਼ੀਆ ਕੱਪ ਯੂਏਈ 2019 ਦੀਆਂ ਤਿਆਰੀਆਂ ਦਾ ਹਿੱਸਾ ਹੈ।

ਕੌਂਸਟੇਨਟਾਈਨ ਨੇ ਇੰਟਰਕੌਂਟੀਨੈਂਟਲ ਕੱਪ ਨੂੰ ‘ਚੰਗੀਆਂ ਟੀਮਾਂ ਖ਼ਿਲਾਫ਼ ਖੇਡਣ ਦਾ ਮੌਕਾ’ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, ‘ਕੀਨਿਆਈ ਟੀਮ ਸਰੀਰਕ ਮਜ਼ਬੂਤੀ ਤੇ ਤਾਕਤ ਲਈ ਮਕਬੂਲ ਹੈ। ਟੂਰਨਾਮੈਂਟ ਸਾਡੇ ਲਈ ਕਾਫ਼ੀ ਅਹਿਮ ਹੋਵੇਗਾ।’ ਕੋਚ ਨੇ ਸਿਖਲਾਈ ਕੈਂਪ ਦੀ ਅਹਿਮੀਅਤ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਖਿਡਾਰੀਆਂ ਨੂੰ ਕਈ ਚੀਜ਼ਾਂ ’ਤੇ ਧਿਆਨ ਦੇਣਾ ਹੋਵੇਗਾ। ਉਨ੍ਹਾਂ ਕਿਹਾ, ‘ਮੈਂ ਹਮੇਸ਼ਾਂ ਜ਼ਿਆਦਾ ਬਦਲ ਰੱਖਣ ਨੂੰ ਤਰਜੀਹ ਦਿੰਦਾ ਹਾਂ, ਕਿਉਂਕਿ ਹੋ ਸਕਦਾ ਹੈ ਮੇਰੇ ਨਾਲ ਜਿਹੜਾ ਖਿਡਾਰੀ ਹੈ, ਉਹ ਸੱਟ ਜਾਂ ਫ਼ਿਰ ਖਰਾਬ ਲੈਅ ਕਰਕੇ ਉਪਲਬਧ ਨਾ ਹੋਵੇ।’ ਕੋਚ ਨੇ ਕਿਹਾ ਕਿ ਭਵਿੱਖ ਵਿੱਚ ਕੁਝ ਸਖ਼ਤ ਫ਼ੈਸਲੇ ਲੈਣੇ ਪੈ ਸਕਦੇ ਹਨ।

ਕੈਂਪ ਲਈ ਚੁਣੇ ਗਏ ਖਿਡਾਰੀਆਂ ’ਚ ਗੋਲਕੀਪਰ : ਗੁਰਪ੍ਰੀਤ ਸਿੰਘ ਸੰਧੂ, ਵਿਸ਼ਾਲ ਕੇਥ, ਅਮਰਿੰਦਰ ਸਿੰਘ, ਸੰਜੀਵਨ ਘੋਸ਼। ਡਿਫੈਂਡਰ ਲਾਲਰੂਥਾਰਾ, ਦੇਵਿੰਦਰ ਸਿੰਘ, ਪ੍ਰੀਤਮ ਕੋਟਾਲ, ਅਨਾਸ ਏਦਾਥੋਡਿਕਾ, ਸੰਦੇਸ਼ ਝੀਂਗਣ, ਸਲਾਮ ਰੰਜਨ ਸਿੰਘ, ਜੇਰੀ ਲਾਲਰਿੰਜੁਆਲਾ, ਨਾਰਾਇਣ ਦਾਸ, ਸੁਭਾਸ਼ੀਸ਼ ਬੋਸ। ਮਿਡਫੀਲਡਰ : ਉਦਾਂਤਾ ਸਿੰਘ, ਲਾਲਦਾਨਮਾਵਿਆ ਰਾਲਟੇ, ਸੇਈਮਿਨਲੇਨ ਡੋਂਗੇਲ, ਧਨਪਾਲ ਗਣੇਸ਼, ਸੌਵਿਕ ਚੱਕਰਵਰਤੀ, ਮੁਹੰਮਦ ਰਫ਼ੀਕ, ਰੌਲਿਨ ਬੋਰਜੇਸ, ਪ੍ਰਣਯ ਹਲਦਰ, ਅਨਿਰੁਧ ਥਾਪਾ, ਬਿਕਾਸ਼ ਜੈਰੂ, ਹਲੀਚਰਨ ਨਾਰਜਰੀ। ਫਾਰਵਰਡਃ ਸੁਨੀਲ ਛੇਤਰੀ, ਬਲਵੰਤ ਸਿੰਘ, ਮਨਵੀਰ ਸਿੰਘ, ਐਲਨ ਦਿਓਰੀ ਆਦਿ ਸ਼ਾਮਲ ਹਨ।

## ਦੇਸ਼ ਲਈ ਹੋਰ ਤਮਗੇ ਜਿੱਤਣਾ ਟੀਚਾ : ਮਨੂ ਭਾਕਰ

**ਨਵੀਂ ਦਿੱਲੀ :** ਗੋਲਡ ਕੋਸਟ ਰਾਸ਼ਟਰਮੰਡਲ ਖੇਡਾਂ ਵਿਚ ਸੋਨ ਤਮਗਾ ਜਿੱਤਣ ਵਾਲੀ 16 ਸਾਲਾ ਨਿਸ਼ਾਨੇਬਾਜ਼ ਮਨੂ ਭਾਕਰ ਨੇ ਦੇਸ਼ ਲਈ ਏਸ਼ੀਆਈ ਖੇਡਾਂ ਸਮੇਤ ਅੰਤਰਰਾਸ਼ਟਰੀ ਪ੍ਰਤੀਯੋਗਿਤਾਵਾਂ ’ਚ ਹੋਰ ਤਮਗੇ ਜਿੱਤਣ ਦਾ ਟੀਚਾ ਰੱਖਿਆ ਹੈ।



ਹਰਿਆਣਾ ਦੇ ਝੱਜਰ ਦੀ ਮਨੂ ਨੇ ਮਹਿਲਾ ਹਾਈਜੀਨ ਬ੍ਰਾਂਡ ਪੀ-ਸੇਫ ਦੀ ਬ੍ਰਾਂਡ ਅੰਬੈਸਡਰ ਨਿਯੁਕਤ ਕੀਤੇ ਜਾਣ ਤੋਂ ਬਾਅਦ ਕਿਹਾ ਕਿ ਮੇਰਾ ਅਭਿਆਸ ਜ਼ੋਰਾਂ ’ਤੇ ਚੱਲ ਰਿਹਾ ਹੈ। ਮੇਰੀ ਪੂਰੀ ਕੋਸ਼ਿਸ਼ ਰਹੇਗੀ ਕਿ ਮੈਂ ਅੱਗੇ ਵੀ ਦੇਸ਼ ਲਈ ਤਮਗੇ ਜਿੱਤਾਂ।

ਮਨੂ ਨੇ ਦੱਸਿਆ ਕਿ ਉਸ ਨੇ ਹੁਣ ਜਰਮਨੀ ਵਿਚ ਜੂਨੀਅਰ ਅਤੇ ਸੀਨੀਅਰ ਵਿਸ਼ਵ ਕੱਪ ਵਿਚ ਹਿੱਸਾ ਲੈਣ ਜਾਣਾ ਹੈ। ਇਸ ਤੋਂ ਬਾਅਦ ਉਸ ਦੇ ਸਾਹਮਣੇ ਏਸ਼ੀਆਈ ਖੇਡਾਂ ਦੀ ਸਖਤ ਚੁਣੌਤੀ ਹੋਵੇਗੀ। ਫਿਰ ਉਹ ਯੁਵਾ ਉਲੰਪਿਕ ਖੇਡਾਂ ਅਤੇ ਵਿਸ਼ਵ ਚੈਂਪੀਅਨਸ਼ਿਪ ਵਿਚ ਹਿੱਸਾ ਲਵੇਗੀ। ਰਾਸ਼ਟਰਮੰਡਲ ਖੇਡਾਂ ਦੇ ਮੁਕਾਬਲੇ ਏਸ਼ੀਆਈ ਖੇਡਾਂ ਦੀ ਚੁਣੌਤੀ ਨੂੰ ਜ਼ਿਆਦਾ ਸਖ਼ਤ ਹੋਣ ਦੇ ਸਵਾਲ ’ਤੇ ਮਨੂ ਨੇ ਕਿਹਾ ਕਿ ਤੁਹਾਨੂੰ ਤਮਗਾ ਕਦੇ ਹੱਥ ਵਿਚ ਰੱਖ ਕੇ ਨਹੀਂ ਮਿਲਦਾ।

ਇਸ ਦੇ ਲਈ ਮਿਹਨਤ ਕਰਨੀ ਪੈਂਦੀ ਹੈ ਤੇ ਇਸ ਨੂੰ ਜਿੱਤਣਾ ਪੈਂਦਾ ਹੈ। ਏਸ਼ੀਆਈ ਖੇਡਾਂ ਦਾ ਪੱਧਰ ਕਾਫੀ ਵੱਖਰਾ ਹੈ। ਇਸ ’ਚ ਜ਼ਿਆਦਾ ਦੇਸ਼ ਹਿੱਸਾ ਲੈਂਦੇ ਹਨ ਪਰ ਤਮਗਾ ਜਿੱਤਣ ਲਈ ਮੈਨੂੰ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨਾ ਪਵੇਗਾ ਅਤੇ ਮੈਂ ਇਸ ਦੇ ਲਈ ਪੂਰੀ ਕੋਸ਼ਿਸ਼ ਕਰਾਂਗੀ।

DASHMESH TIRE & LUBE

All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication

Enough Parking Space

Do Service on Remote Locations Including weighing scales
vehicle inspection by certified machines

ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।

Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

ਮੁਲਾਕਾਤ Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE REALTOR
50 SunnyVale Gate, Unit # 7,
Brampton, ON L6S 0C4

WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
Dave Johal
Culture Stone | Bricks
Blocks | Glass Blocks
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.
stpelectric@hotmail.com Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੂਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192

HARRY'S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Super Visa Insurance
Life, Critical Illness, Accident
& Sickness and Health product
Serving community for 18 years
ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਜਸਵੀਰ ਦਿਉਲ ਨੂੰ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ
JASVIR DEOL
780-906-4497
jdeol@deolinsurance.com

### ਨਾਮਵਰ ਸਿੰਘ ਮੁਲਾਕਾਤ ਦੀ ਖਿੜਕੀ 'ਚੋਂ

# ਵੱਖ ਵਿਚਾਰਧਾਰਾ ਵਾਲੀ ਸਰਕਾਰ ਆ ਜਾਣ ਤੋਂ ਬਾਅਦ ਕੀ ਲੋਕ ਨੌਕਰੀਆਂ ਛੱਡ ਦਿੰਦੇ ਹਨ : ਨਾਮਵਰ ਸਿੰਘ

ਪਿਛਲੇ ਦਿਨੀਂ ਪੱਤਰਕਾਰ ਰਵੀਸ਼ ਕੁਮਾਰ ਨੇ ਪ੍ਰਾਈਮ ਟਾਈਮ ਵਿੱਚ ਹਿੰਦੀ ਦੇ ਸਿਰਮੌਰ ਅਲੋਚਕ ਨਾਮਵਰ ਸਿੰਘ ਨਾਲ ਕੀਤੀ ਗਈ ਮੁਲਾਕਾਤ ਦੀ ਵੀਡੀਉ ਸਾਂਝੀ ਕੀਤੀ, ਜਿਸਨੂੰ ਲੈ ਕੇ ਹਿੰਦੀ ਦੇ ਸਾਹਿਤਕ ਹਲਕਿਆਂ ਵਿੱਚ ਅਤੇ ਸੋਸ਼ਲ ਮੀਡੀਆ 'ਤੇ ਤਿੱਖੀ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਪਰ ਇਹ ਪਹਿਲੀ ਵਾਰ ਨਹੀਂ ਜਦੋਂ ਨਾਮਵਰ ਸਿੰਘ ਨੂੰ ਲੈ ਕੇ ਇਸ ਤਰ੍ਹਾਂ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਹੋਇਆ ਹੈ।

ਜਦੋਂ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ਵੱਲੋਂ ਉਹਨਾਂ ਦਾ 90ਵਾਂ ਜਨਮ ਦਿਨ ਮਨਾਇਆ ਗਿਆ ਸੀ ਉਦੋਂ ਵੀ ਸਾਹਿਤਕ ਹਲਕਿਆਂ ਵਿੱਚ ਨਾਮਵਰ ਦੀ ਪਹੁੰਚ ਨੂੰ ਲੈ ਕੇ ਵਿਵਾਦ ਹੋਇਆ ਸੀ। ਇਸ ਤਰ੍ਹਾਂ ਦਾ ਹੀ ਵਿਵਾਦ ਉਹਨਾਂ ਦੇ ਮੰਤਰ ਉਚਾਰਣ ਨੂੰ ਲੈ ਕੇ ਹੈ। ਅਸਲ ਵਿੱਚ ਨਾਮਵਰ ਸਿੰਘ ਕਈ ਦਹਾਕਿਆਂ ਤੱਕ ਹਿੰਦੀ ਅਲੋਚਨਾ ਦੇ ਖੇਤਰ ਵਿੱਚ ਛਾਇਆ ਰਿਹਾ ਹੈ। ਇਸ ਸਮੇਂ ਨੂੰ ਪ੍ਰਗਤੀਸ਼ੀਲ ਅਲੋਚਨਾ ਦਾ ਸੁਨਹਿਰਾ ਦੌਰ ਕਿਹਾ ਜਾ ਸਕਦਾ ਹੈ ਉਹਨਾਂ ਦੁਆਰਾ ਪ੍ਰਗਤੀਸ਼ੀਲ ਨਜ਼ਰੀਏ ਤੋਂ ਕੀਤੀ ਗਈ ਅਲੋਚਨਾ ਦਾ ਨਾ ਸਿਰਫ਼ ਹਿੰਦੀ ਉੱਤੇ ਸਗੋਂ ਦੇਸ਼ ਦੀਆਂ ਦੂਜੀਆਂ ਭਸ਼ਾਵਾਂ ਦੇ ਸਾਹਿਤ 'ਤੇ ਵੀ ਗਹਿਰਾ ਅਸਰ ਪਿਆ ਹੈ। ਉਹਨਾਂ ਦੇ ਸਾਹਿਤਕ ਰਸੂਖ ਦੀ ਚਰਚਾ ਰਾਜਨੀਤਿਕ ਹਲਕਿਆਂ ਵਿੱਚ ਵੀ ਸੀ। ਲੰਮਾ ਸਮਾਂ ਇਹ ਅਫ਼ਵਾਹ ਵੀ ਰਹੀ ਕਿ ਉਹਨਾਂ ਨੂੰ ਛੇਤੀ ਹੀ ਰਾਜ ਸਭਾ ਦਾ ਮੈਂਬਰ ਵੀ ਬਣਾਇਆ ਜਾ ਸਕਦਾ ਹੈ। ਉਹਨਾਂ ਦੇ ਇਸ ਪ੍ਰਭਾਵ 'ਤੇ ਹਿੰਦੀ ਦੇ ਕਈ ਨਾਮੀ ਅਲੋਚਕ ਕੁੜਦੇ ਰਹੇ। ਅਸਲ ਵਿੱਚ ਨਾਮਵਰ ਦੀ ਚੜ੍ਹਤ ਤੋਂ ਬਾਅਦ ਅਲੋਚਕਾਂ ਵਿੱਚ ਜਿਹੜਾ ਮੁਕਾਬਲਾ ਸਾਹਮਣੇ ਆਇਆ ਉਹ ਪੜ੍ਹਣ ਲਿਖਣ ਨੂੰ ਲੈ ਕੇ ਘੱਟ ਸੀ ਰਾਜਨੀਤਿਕ ਰਸੂਖ ਨੂੰ ਲੈ ਕੇ ਜ਼ਿਆਦਾ ਸੀ। ਇਹੀ ਕਾਰਣ ਹੈ ਕਿ ਨਾਮਵਰ ਸਿੰਘ ਦੀਆਂ ਗੈਰ ਸਾਹਿਤਕ ਸਰਗਰਮੀਆਂ ਨੂੰ ਲੈ ਕੇ ਕਈ ਵਿਵਾਦ ਸਾਹਮਣੇ ਆਏ ਹਨ ਜਾ ਲਿਆਂਦੇ ਗਏ ਹਨ।

ਇਸ ਕੜੀ ਵਿੱਚ ਹੀ ਅਸੀਂ ਤਾਜ਼ੇ ਵਿਵਾਦ ਨੂੰ ਦੇਖ ਸਕਦੇ ਹਾਂ। ਨਾਮਵਰ ਸਿੰਘ ਉਮਰ ਦੇ ਉਸ ਪੜਾਅ 'ਤੇ ਹੈ ਜਿਸ ਪੜਾਅ 'ਤੇ ਪਹੁੰਚ ਕੇ ਕਿਸੇ ਵੀ ਵਿਅਕਤੀ ਲਈ ਸਮਾਜਿਕ ਸਰਗਰਮੀਆਂ ਵਿੱਚ ਹਿੱਸਾ ਲੈਣਾ ਆਪਣੀਆ ਸਰੀਰਕ ਕਮਜ਼ੋਰੀਆਂ ਕਾਰਣ ਲਗਭਗ ਅਸੰਭਵ ਹੋ ਜਾਂਦਾ ਹੈ। ਅਜਿਹੇ ਸਮੇਂ ਵਿੱਚ ਉਹਨਾਂ ਨਾਲ ਕੀਤੀ ਗਈ ਮੁਲਾਕਾਤ ਦੌਰਾਨ ਉਹਨਾਂ ਦੁਆਰਾ ਕਹੇ ਗਏ ਕੁੱਝ ਵਾਕਾਂ ਨੂੰ ਵਿਵਾਦ ਦਾ ਰੂਪ ਦੇਣਾ ਉਚਿਤ ਨਹੀਂ ਹੈ ਤੇ ਨਾ ਹੀ ਇਹਨਾਂ ਵਾਕਾਂ ਨੂੰ ਉਹਨਾਂ ਦੁਆਰਾ ਅਲੋਚਨਾ ਦੇ ਖੇਤਰ ਵਿੱਚ ਕੀਤੇ ਗਏ ਪੁਖਤਾ ਕੰਮ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਜਿਹੜੇ ਵਾਕਾਂ ਨੂੰ ਲੈ ਕੇ ਵਿਵਾਦ ਹੈ ਉਹਨਾਂ ਵਿੱਚ ਪਹਿਲਾਂ ਵਾਕ ਹੈ 'ਹਮਾਰਾ ਇਸ਼ਵਰ ਉਨਕੇ ਇਸ਼ਵਰ ਸੇ ਕਮਜ਼ੋਰ ਹੈ ਕਿਆ ਹੈ। ਕੀ ਅਸੀਂ ਇਸ ਵਾਕ ਨੂੰ ਭਾਰਤੀ ਮਾਨਸ ਦੀ ਪਰੰਪਰਾ ਬੋਧ ਨਾਲ ਜੋੜ ਕੇ ਇੱਕ ਲੋਕ ਮੁਹਾਵਰੇ ਦੇ ਰੂਪ ਵਿੱਚ ਨਹੀਂ ਦੇਖ ਸਕਦੇ? ਉਹ ਵੀ ਉਦੋਂ ਜਦੋਂ ਬੋਲਣ ਵਾਲੇ ਦੀ ਉਮਰ 90 ਸਾਲ ਤੋਂ ਉੱਤੇ ਹੋਵੇ ਤੇ ਉਹਦੀ ਆਖ਼ਰੀ ਇੱਛਾ ਆਪਣਾ ਪਿੰਡ ਦੇਖਣ ਦੀ ਹੋਵੇ। ਦੂਜਾ ਉਹਨਾਂ ਨੇ ਆਪਣੇ ਸਾਹਿਤਕ ਸਾਥੀਆਂ ਦੇ ਵਿਛੜਣ ਬਾਰੇ ਗੱਲ ਕਰਦਿਆਂ ਫਿਲਮੀ ਗੀਤ 'ਵਿਛੜੇ ਸਭੀ ਵਾਰੀ ਵਾਰੀ ਦਾ ਹਵਾਲਾ ਦਿੱਤਾ ਹੈ। ਇਸਨੂੰ ਲੈ ਕੇ ਕਈਆਂ ਦਾ ਕਹਿਣਾ ਹੈ ਕਿ ਨਾਮਵਰ ਸਿੰਘ ਨੂੰ ਆਪਣੀ ਗੱਲ ਕਹਿਣ ਲਈ ਫਿਲਮੀ ਗੀਤ ਦਾ ਸਹਾਰਾ ਨਹੀਂ ਲੈਣਾ ਚਾਹੀਦਾ ਸਗੋਂ ਗੰਭੀਰ ਸਾਹਿਤਕ ਕਿਰਤ ਦੀ ਗੱਲ ਕਰਨੀ ਚਾਹੀਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੀ ਫਿਲਮਾਂ ਵਿੱਚ ਲਏ ਜਾਣ ਵਾਲੇ ਗੀਤਾਂ ਅਤੇ ਸਾਹਿਤਕਾਰਾਂ ਦਾ ਕੋਈ ਸਬੰਧ ਨਹੀਂ ਹੁੰਦਾ? ਕੀ ਸਿਨੇਮਾ ਅਤੇ ਸਾਹਿਤ ਦਾ ਕੋਈ ਸਬੰਧ ਨਹੀਂ। ਦੂਜੀ ਗੱਲ ਫਿਰ ਉਹੀ ਹੈ ਕਿ ਉਮਰ ਦੇ ਇਸ ਪੜਾਅ ਵਿੱਚ ਉਹਨਾਂ ਨੂੰ ਜੋ ਵੀ ਸੁੱਝਦਾ ਹੈ ਉਹ ਬੋਲ ਦਿੰਦੇ ਹਨ। ਉਹਨਾਂ ਦੇ ਹੁਣ ਬੋਲੇ ਜਾ ਰਹੇ ਵਾਕਾਂ ਨਾਲ ਪਹਿਲਾਂ ਬੋਲੇ ਗਏ ਵਾਕਾਂ (ਜਦੋਂ ਨਾਮਵਰ ਸਿੰਘ ਜਲੌਅ 'ਚ ਹੁੰਦੇ ਸਨ) ਦੀ ਗੁਣਵੱਤਾ ਨੂੰ ਘਟਾ ਕੇ ਵੇਖਣਾ ਕੀ ਬੇਇਨਸਾਫ਼ੀ ਨਹੀਂ ਹੋਵੇਗੀ?

ਇਸ ਹਵਾਲੇ ਨਾਲ ਅਸੀਂ ਜਿਹੜੀ ਗੱਲ ਕਰ ਸਕਦੇ ਹਾਂ ਉਹ ਇਹ ਹੈ ਕਿ ਸਾਹਿਤਕਾਰ ਅਤੇ ਕ੍ਰਾਂਤੀਕਾਰੀ ਵਿੱਚ ਅੰਤਰ ਹੁੰਦਾ ਹੈ। ਸਾਹਿਤਕਾਰ ਦੀਆਂ ਸੀਮਾਵਾਂ ਹੁੰਦੀਆਂ ਹਨ ਤੇ ਕ੍ਰਾਂਤੀਕਾਰੀ ਸੀਮਾਵਾਂ ਨੂੰ ਤੋੜ ਕੇ ਆਪਣੇ ਆਪ ਨੂੰ ਸਿਰਜਦਾ ਹੈ। ਜਦੋਂ ਅਸੀਂ ਸਾਹਿਤਕਾਰ ਵਿੱਚੋਂ ਕ੍ਰਾਂਤੀਕਾਰੀ ਤਲਾਸਾਂਗੇ ਤਾਂ ਨਿਸਚਿਤ ਤੌਰ 'ਤੇ ਨਿਰਾਸ਼ ਹੋਵਾਂਗੇ। ਇਹ ਨਿਰਾਸ਼ਾ ਹੀ ਕਈ ਵਾਰੀ ਸਾਹਿਤਕਾਰਾਂ ਨਾਲ ਜੁੜੇ ਬੇਬੁਨਿਆਦ ਵਿਵਾਦਾਂ ਨੂੰ ਜਨਮ ਦਿੰਦੀ ਹੈ। ਇਸ ਨਜ਼ਰੀਏ ਤੋਂ ਕਾ ਹੱਦ ਤੱਕ ਉਪਰੋਕਤ ਵਿਵਾਦ ਨੂੰ ਵੀ ਸਮਝਿਆ ਜਾ ਸਕਦਾ ਹੈ।

ਨਾਮਵਰ ਸਿੰਘ ਦੇ ਜਨਮਦਿਨ ਦੇ ਮੌਕੇ 'ਤੇ ਬੀਜੇਪੀ ਆਗੂ ਰਾਜਨਾਥ ਸਿੰਘ ਨੇ ਮੰਚ ਤੋਂ ਬੋਲਦਿਆਂ ਕਿਹਾ ਸੀ ਕਿ 'ਕਦੇ ਮਾਰਕਸਵਾਦੀ ਰਹੇ ਨਾਮਵਰ ਸਿੰਘ। ਇਹ ਵਾਕ ਰਾਜਨਾਥ ਸਿੰਘ ਨੇ ਭਾਵੇਂ ਇੱਕ ਵਾਰ ਕਿਹਾ ਹੈ ਪਰ ਸਾਨੂੰ ਇਸ ਵਾਕ ਵਿਚਲੀ ਮਨਸ਼ਾ ਨੂੰ ਸਮਝਣ ਲਈ ਇਸਨੂੰ ਵਾਰ ਵਾਰ ਸੁਣਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਸ਼ਾਇਦ ਉਪਰੋਕਤ ਮਾਮਲੇ ਦੀ ਕੁੱਝ ਥਾਹ ਲੱਗ ਜਾਵੇ।

ਦਾਦਰੀ ਵਿੱਚ ਗਾਊਮਾਸ ਦੀ ਘਟਨਾ ਵਾਪਰਣ ਤੋਂ ਬਾਅਦ ਲੇਖਕਾਂ ਨੇ ਪੁਰਸ਼ਕਾਰ ਵਾਪਸੀ ਦੀ ਜੋ ਮੁਹਿੰਮ ਵਿੱਢੀ ਸੀ, ਨਾਮਵਰ ਸਿੰਘ ਨੇ ਉਸਦਾ ਵਿਰੋਧ ਕੀਤਾ ਸੀ ਤੇ ਵਿਰੋਧ ਕਰਦਿਆਂ ਕਿਹਾ ਸੀ ਕਿ 'ਵੱਖ ਵਿਚਾਰਧਾਰਾ ਵਾਲੀ ਸਰਕਾਰ ਆ ਜਾਣ ਤੋਂ ਬਾਅਦ ਕੀ ਲੋਕ ਨੌਕਰੀਆਂ ਛੱਡ ਦਿੰਦੇ ਹਨ। ਜੇਕਰ ਇਸ ਵਾਕ ਦੀ ਗੰਭੀਰਤਾ ਨੂੰ ਦੇਖਿਆ ਜਾਵੇ ਤਾਂ ਉਹਨਾਂ ਦਾ ਪੁਰਸ਼ਕਾਰ ਵਾਪਸੀ ਦਾ ਕੀਤਾ ਗਿਆ ਵਿਰੋਧ ਇੱਕ ਤਨਜ਼ ਦਾ ਰੂਪ ਲੈ ਲੈਂਦਾ ਹੈ। ਜਿਸਦਾ ਮਤਲਬ ਮੁਹਿੰਮ ਨੂੰ ਕਮਜ਼ੋਰ ਨਹੀਂ ਸਗੋਂ ਪੁਖ਼ਤਾ ਕਰਨਾ ਹੈ।

ਅਨੁਵਾਦ : ਡਾ. ਹਰਪ੍ਰੀਤ ਕੌਰ
ਅਧਿਐਨ ਵਿਭਾਗ, ਵਰਧਾ,
ਮਹਾਰਾਸ਼ਟਰ।

## ਤੀਸਤਾ ਸੀਤਲਵਾੜ, ਅਰੁਨ ਫਰੇਰਾ ਅਤੇ ਹਰੀਪਾਲ ਦੀਆਂ ਕਿਤਾਬਾਂ ਰਿਲੀਜ਼



ਕੈਲਗਰੀ (ਨਦਬ) : ਦੋ-ਮਾਸਿਕ ਪੰਜਾਬੀ 'ਲੋਕ ਕਾਫ਼ਲਾ' ਦੇ ਸੰਪਾਦਕ, ਸੰਸਾਰ ਪ੍ਰਸਿੱਧ 23 ਕਿਤਾਬਾਂ ਦੇ ਪੰਜਾਬੀ ਅਨੁਵਾਦਕ ਅਤੇ ਜਮਹੂਰੀ ਕਾਰਕੁੰਨ ਬੂਟਾ ਸਿੰਘ ਨਵਾਂ ਸ਼ਹਿਰ ਵਲੋਂ ਆਪਣੀ ਕੈਲਗਰੀ ਫੇਰੀ ਦੌਰਾਨ 28 ਅਪ੍ਰੈਲ ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ, ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 'ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ' ਦੇ ਹਾਲ ਵਿੱਚ ਕਰਵਾਏ ਸਾਂਝੇ ਪ੍ਰੋਗਰਾਮ ਵਿੱਚ ਪੰਜਾਬ ਤੇ ਖਾਸਕਰ ਇੰਡੀਆ ਦੇ ਮੌਜੂਦਾ ਹਾਲਾਤ 'ਤੇ ਇੱਕ ਪ੍ਰਭਾਵਸ਼ਾਲੀ ਲੈਕਚਰ ਦਿੱਤਾ ਗਿਆ। ਇਸ ਮੌਕੇ ਤੀਸਤਾ ਸੀਤਲਵਾੜ ਦੀ ਸਵੈਜੀਵਨੀ 'ਸੰਵਿਧਾਨ ਦੀ ਜਾਂਬਾਜ਼ ਰਾਖਾ' ਦਾ ਪੰਜਾਬੀ ਅਨੁਵਾਦ, ਜਮਹੂਰੀ ਹੱਕਾਂ ਦੇ ਕਾਰਕੁੰਨ ਅਰੁਣ ਫਰੇਰਾ ਦੀ ਮਸ਼ਹੂਰ ਜੇਲ੍ਹ ਡਾਇਰੀ 'ਪਿੰਜਰੇ ਦੇ ਰੰਗ' ਦਾ ਪੰਜਾਬੀ ਅਨੁਵਾਦ ਅਤੇ ਪ੍ਰਵਾਸੀ ਭਾਰਤੀ ਲੇਖਕ ਹਰੀਪਾਲ ਵਲੋਂ ਲਿਖੀ ਕਿਤਾਬ 'ਪੂੰਜੀਵਾਦ ਬਨਾਮ ਕਨੇਡੀਅਨ ਸਮਾਜ' ਵੀ ਲੋਕ-ਅਰਪਣ ਕੀਤੀਆਂ ਗਈਆਂ।

ਬੂਟਾ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਸੱਜੇ ਪੱਖੀ ਵਿਚਾਰਧਾਰਾ ਵਾਲੀਆਂ ਤਾਕਤਾਂ ਦੇ ਸੱਤਾਧਾਰੀ ਹੋਣ ਨਾਲ ਖੁੱਲ੍ਹੀ ਮੰਡੀ ਦੀ ਆਰਥਿਕਤਾ ਦਾ ਬੋਲਬਾਲਾ ਹੈ, ਜੋ ਸਮਾਜਿਕ ਨਾਬਰਾਬਰੀ ਅਤੇ ਆਰਥਕ ਪਾੜੇ ਨੂੰ ਹੋਰ ਜ਼ਿਆਦਾ ਵਧਾ ਰਹੀ ਹੈ। ਕਰੋਨੀ ਕੈਪੀਟਲਿਜ਼ਮ ਹੇਠ ਅਗਾਂਹਵਧੂ ਵਿਚਾਰ, ਲੰਮੇ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਜਮਹੂਰੀ ਸਪੇਸ, ਕਿਰਤ ਕਾਨੂੰਨਾਂ ਸਮੇਤ ਤਮਾਮ ਮਨੁੱਖੀ ਤੇ ਜਮਹੂਰੀ ਅਧਿਕਾਰ, ਸਮਾਜਿਕ ਸੁਰੱਖਿਆ ਅਤੇ ਹੋਰ ਸਹੂਲਤਾਂ ਲਗਾਤਾਰ ਹਮਲੇ ਦੀ ਮਾਰ ਹੇਠ ਹਨ। ਭਾਰਤ ਦੀ ਹੁਕਮਰਾਨ ਜਮਾਤ ਵੀ ਇਸ ਆਲਮੀ ਬੁਰਾਈ ਦੇ ਧੁਰੇ ਦੀ ਭਾਈਵਾਲ ਬਣੀ ਹੋਈ ਹੈ।

ਇਸ ਮੌਕੇ ਤੇ ਕਮਲਪ੍ਰੀਤ ਪੰਧੇਰ ਵਲੋਂ ਤਿੰਨ ਮਤੇ ਪੜ੍ਹ ਕੇ ਸੁਣਾਏ ਗਏ, ਜਿਨ੍ਹਾਂ ਨੂੰ ਸਰੋਤਿਆਂ ਵਲੋਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ। ਪਹਿਲੇ ਮਤੇ ਵਿੱਚ ਜੰਮੂ-ਕਸ਼ਮੀਰ ਵਿੱਚ 8 ਸਾਲ ਬੱਚੀ ਅਸ਼ੀਫਾ ਬਾਨੋ ਦੇ ਸਮੂਹਿਕ ਬਲਾਤਕਾਰ ਤੋਂ ਬਾਅਦ ਬੇਰਹਿਮ ਕਤਲ ਦੀ ਨਿਖੇਧੀ ਤੇ ਇਨਸਾਫ ਦੀ ਮੰਗ ਕੀਤੀ ਗਈ। ਦੂਜੇ ਮਤੇ ਵਿੱਚ ਜਮਹੂਰੀ ਹੱਕਾਂ ਲਈ ਲੜ ਰਹੇ ਪ੍ਰੋ: ਸਾਈਂ ਬਾਬਾ ਸਮੇਤ ਦੇਸ਼ ਭਰ ਦੀਆਂ ਜ਼ੇਲ੍ਹਾਂ ਵਿੱਚ ਬੰਦ ਬੇਗੁਨਾਹ ਲੋਕਾਂ ਲਈ ਇਨਸਾਫ ਤੇ ਰਿਹਾਈ ਦੀ ਮੰਗ ਕੀਤੀ ਗਈ। ਤੀਜੇ ਮਤੇ ਵਿੱਚ ਪਾਕਿਸਤਾਨ ਤੋਂ ਲੋਕ ਹਿੱਤਾਂ ਨੂੰ ਸਮਰਪਿਤ ਥੀਏਟਰ ਕਲਾਕਾਰ ਮਦੀਹਾ ਗੌਹਰ ਦੀ ਮੌਤ ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਮਾਸਟਰ ਭਜਨ ਸਿੰਘ ਵਲੋਂ ਸਟੇਜ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਇਸ ਤੋਂ ਇਲਾਵਾ ਹਰਚਰਨ ਸਿੰਘ ਪਰਹਾਰ ਵਲੋਂ ਬੂਟਾ ਸਿੰਘ ਬਾਰੇ ਜਾਣਕਾਰੀ ਅਤੇ ਸਭ ਨੂੰ ਜੀ ਆਇਆਂ ਆਖਿਆ। ਉਨ੍ਹਾਂ ਲੱਚਰ ਤੇ ਹਿੰਸਕ ਗਾਇਕੀ ਅਤੇ ਜੋਤਸ਼ੀਆਂ ਬਾਬਿਆਂ ਖਿਲਾਫ ਚੱਲ ਰਹੀ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ। ਪ੍ਰਧਾਨ ਜੀਤਇੰਦਰ ਪਾਲ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਹਰੀਪਾਲ ਦੀ ਕਿਤਾਬ ਤੇ ਬਲਜਿੰਦਰ ਸੰਘਾ ਵਲੋਂ ਪ੍ਰਭਾਵਸ਼ਾਲੀ ਪਰਚਾ ਪੜ੍ਹਿਆ ਗਿਆ ਤੇ ਹਰੀਪਾਲ ਵਲੋਂ ਵੀ ਆਪਣੇ ਸੰਖੇਪ ਵਿਚਾਰ ਪੇਸ਼ ਕੀਤੇ ਗਏ ।ਤਰਲੋਚਨ ਸੈਂਭੀ ਤੇ ਹਰਨੇਕ ਬਧਨੀ ਵਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।



# ਮਾਰਕਸ ਅਤੇ ਸੰਸਾਰ ਦਾ ਇਨਕਲਾਬੀਕਰਣ




ਡਾ. ਪੀ.ਆਰ. ਕਾਲੀਆ
ਸੰਪਾਦਕ, ਏਸ਼ੀਅਨ ਟਾਈਮਜ਼
ਐਡਮਿੰਟਨ, ਕੈਨੇਡਾ





ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com


21 ਫ਼ਰਵਰੀ 1848 ਨੂੰ ਲੰਦਨ ਵਿਚ ਇਕ 23 ਪੰਨਿਆਂ ਦਾ ਪੈਂਫਲੈੱਟ ਜਰਮਨ ਵਿਚ ਜਨਮੇ ਕ੍ਰਾਂਤੀਕਾਰੀ ਸਮਾਜ ਸਾਸ਼ਤਰੀਆਂ ਦੇ ਇਕ ਗਰੁੱਪ ਦੁਆਰਾ, ਜਿਸ ਨੂੰ ਕਮਿਊਨਿਸਟ ਲੀਗ ਵਜੋਂ ਜਾਣਿਆ ਜਾਂਦਾ ਸੀ, ਪ੍ਰਕਾਸ਼ਿਤ ਕੀਤਾ ਗਿਆ। ਇਸ ਦਾ ਦਾਅਵਾ ਸੀ ਕਿ ਰੇਲ ਮਾਰਗਾਂ, ਭਾਫ਼ ਨਾਲ ਚੱਲਣ ਵਾਲੇ ਸਮੁੰਦਰੀ ਜਹਾਜ਼ਾਂ, ਦੂਰ ਸੰਚਾਰ ਤੇ ਅਜਿਹੀਆਂ ਕਈ ਹੋਰ ਖੋਜਾਂ ਅਤੇ ਨਵੇਂ ਉਭਾਰਾਂ ਨੇ ਅਣਕਿਆਸੀਆਂ ਪੈਦਾਵਾਰੀ ਸ਼ਕਤੀਆਂ, ਵਿਸ਼ੇਸ਼ ਕਰ ਕੇ ਸੁਤੰਤਰ ਵਪਾਰ ਨੇ ਧਰਤੀ ਨੂੰ ਹੋਰ ਜ਼ਿਆਦਾ ਸੰਸਾਰਕ ਅਤੇ ਬਹੁਸਾਂਸਕ੍ਰਿਤਕ ਬਣਾ ਦਿੱਤਾ ਸੀ। ਵਸਤਾਂ ਅਤੇ ਵਿਚਾਰ ਹੁਣ ਹਰ ਪਾਸੇ ਸਾਂਝੇ ਹੋ ਰਹੇ ਸਨ।

ਪ੍ਰੰਤੂ ਉਤਪਾਦਨ ਦੇ ਨਵੇਂ ਸਾਧਨ, ਸੰਚਾਰ ਅਤੇ ਵਿਤਰਣ ਨੇ ਵੀ ਬੇਸ਼ੁਮਾਰ ਦੌਲਤ ਪੈਦਾ ਕੀਤੀ। ਸਮੱਸਿਆ ਇਹ ਸੀ ਕਿ ਪੈਦਾਵਾਰ ਦੀ ਬਰਾਬਰ ਵੰਡ ਨਹੀਂ ਹੋਈ। ਵਸੋਂ ਦੀ 10 ਪ੍ਰਤੀਸ਼ਤ ਦੇ ਕਬਜ਼ੇ ਹੇਠ ਇਹ ਸਾਰੀ ਸੰਪਤੀ ਸੀ, ਜਦਕਿ ਬਾਕੀ ਨੱਬੇ ਪ੍ਰਤੀਸ਼ਤ ਕੋਲ ਲਗਭਗ ਕੁਝ ਨਹੀਂ ਸੀ। ਨਤੀਜੇ ਵਜੋਂ ਦੋ ਹੀ ਕਿਸਮਾਂ ਦੇ ਲੋਕ ਸਨ। ਇਕ ਉਹ ਜਿਹੜੇ ਸੰਪਤੀ ਰੱਖਦੇ ਸਨ ਅਤੇ ਦੂਜੇ ਉਹ ਜਿਹੜੇ ਉਨਾਂ ਨੂੰ ਆਪਣੀ ਕਿਰਤ ਵੇਚਦੇ ਸਨ। ਉਨਾਂ ਪ੍ਰਸਥਿਤੀਆਂ ਵਿਚ ਇਹ ਅਟੱਲ ਵਿਖਾਈ ਦਿੰਦਾ ਸੀ ਕਿ ਇਕ ਦਿਨ ਸਾਰੇ ਵਿਸ਼ਵ ਦੇ ਕਾਮੇ ਉਠ ਖੜੇ ਹੋਣਗੇ ਅਤੇ ਪ੍ਰਬੰਧ ਨੂੰ ਉਖਾੜ ਸੁੱਟਣਗੇ। ਉਹ ਵਿਅਕਤੀ ਜਿਸ ਨੇ ਇਹ ਪੇਸ਼ੀਨਗੋਈ ਕੀਤੀ, ਇਕ ਜਰਮਨ ਦਾਰਸ਼ਨਿਕ ਕਾਰਲ ਮਾਰਕਸ ਸੀ ਅਤੇ ਉਹ ਪੈਂਫਲਿਟ ਜਿਹੜਾ ਇਹ ਐਲਾਨ ਕਰਦਾ ਸੀ, 'ਕਮਿਊਨਿਸਟ ਮੈਨੀਫੈਸਟੋ' ਸੀ। ਮੈਨੀਫੈਸਟੋ ਕਮਿਊਨਿਸਟ ਲੀਗ ਲਈ ਲਿਖਿਆ ਗਿਆ ਸੀ, ਜਿਹੜੀ ਇੰਗਲੈਂਡ ਆਧਾਰਤ ਇਕ ਰਾਜਨੀਤਕ ਪਾਰਟੀ ਸੀ। ਇਹ ਪਹਿਲੀ ਅੰਤਰ ਰਾਸ਼ਟਰੀ ਕਮਿਊਨਿਸਟ ਜੱਥੇਬੰਦੀ ਸੀ। ਇਹ




(ਪੈਂਫਲਿਟ) ਕਾਰਵਾਈ ਕਰਨ ਦਾ ਇਕ ਸੱਦਾ ਸੀ। (ਇਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਆਕਸਫਾਮ ਅਨੁਸਾਰ 2017 ਵਿਚ ਪੈਦਾ ਹੋਈ ਵਿਸ਼ਵ ਦੀ ਕੁਲ ਦੌਲਤ ਦਾ ਬਿਆਸੀ ਪ੍ਰਤੀਸ਼ਤ ਹਿੱਸਾ ਇਕ ਪ੍ਰਤੀਸ਼ਤ ਲੋਕਾਂ ਕੋਲ ਚਲਾ ਗਿਆ ਹੈ।)

ਕਾਰਲ ਮਾਰਕਸ ਦਾ ਅਸਲੀ ਮੰਤਵ ਪੂੰਜੀਵਾਦੀ ਪ੍ਰਣਾਲੀ ਨੂੰ ਢਹਿ ਢੇਰੀ ਕਰਨ ਵਿਚ ਹਿੱਸਾ ਪਾਉਣਾ ਸੀ ਅਤੇ ਰਾਜ ਸੰਸਥਾਵਾਂ ਨੂੰ ਵੀ ਜਿਹੜੀਆਂ ਇਸ ਨੂੰ ਹੋਂਦ ਵਿਚ ਲਿਆਉਂਦੀਆਂ ਹਨ। ਇਕ ਜਾਗ੍ਰਿਤ ਬੁੱਧੀਜੀਵੀ ਹੋਣ ਵਜੋਂ ਉਹ ਅਜਿਹਾ ਵਿਸ਼ਵ ਚਾਹੁੰਦਾ ਸੀ, ਜਿਹੜਾ ਤਰਕਸੰਗਤ ਅਤੇ ਪਾਰਦਰਸ਼ੀ ਹੋਵੇ ਅਤੇ ਜਿਸ ਵਿਚ ਮਨੁੱਖ ਬਾਹਰੀ ਸ਼ਕਤੀਆਂ ਦੇ ਨਿਰੰਤਰਣ ਤੋਂ ਮੁਕਤ ਹੋਣ। ਬਿਲਕੁਲ ਉਵੇਂ ਜਿਵੇਂ ਡਾਰਵਿਨ ਨੇ ਵਿਕਾਸ ਜਾਂ ਜੈਵਿਕ ਪ੍ਰਕਿਰਤੀ ਦਾ ਨੇਮ ਖੋਜਿਆ। ਮਾਰਕਸ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਦਾ ਨੇਮ ਖੋਜਿਆ। ਸਰਲ ਤੱਥ ਹੈ ਕਿ ਮਨੁੱਖ ਦੀ ਪਹਿਲੀ ਲੋੜ ਗੁਲੀ, ਜੁਲੀ ਤੇ ਕੁੱਲੀ ਹੈ। ਇਸ ਤੋਂ ਮਗਰੋਂ ਹੀ ਰਾਜਨੀਤੀ, ਵਿਗਿਆਨ, ਕਲਾ ਤੇ ਧਰਮ ਦੀ ਥਾਂ ਆਉਂਦੀ ਹੈ। ਇਸ ਤਰਾਂ ਪੈਦਾਵਾਰ ਅਤੇ ਆਰਥਿਕ ਵਿਕਾਸ ਦੀ ਨੀਂਹ ਉੱਪਰ ਉਸਰੀਆਂ ਹੋਈਆਂ ਰਾਜਸੀ ਸੰਸਥਾਵਾਂ ਤੋਂ ਲੋਕਾਂ ਨੇ ਜੋ ਪੱਧਰ ਪ੍ਰਾਪਤ ਕਰ ਲਿਆ, ਉਸ ਰਾਹੀਂ ਹੀ ਕਾਨੂੰਨੀ ਸੰਕਲਪਾਂ, ਕਲਾ ਅਤੇ ਇਥੋਂ ਤਕ ਕਿ ਧਰਮ ਉਪਰਲੇ ਵਿਚਾਰਾਂ ਦੀ ਵਿਆਖਿਆ ਹੋਣੀ ਚਾਹੀਦੀ ਹੈ, ਨਾ ਕਿ ਇਸ ਦੇ ਉਲਟ।

ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਸਾਮਵਾਦ ਦੇ ਨਿਸ਼ਾਨਿਆਂ ਅਤੇ ਕਮਿਊਨਿਸਟ ਮੈਨੀਫੈਸਟੋ ਵਿਚ ਇਕ ਲਹਿਰ ਦੀ ਉਸਾਰੀ ਦੇ ਸਿਧਾਂਤ ਦੀ ਵਿਆਖਿਆ ਕੀਤੀ। ਇਸ ਵਿਆਖਿਆ ਦੀ ਦਲੀਲ ਸੀ ਕਿ ਜਮਾਤੀ ਸੰਘਰਸ਼ ਜਾਂ ਇਕ ਵਰਗ ਦੁਆਰਾ ਦੂਜੇ ਵਰਗ ਦਾ ਸੋਸ਼ਣ ਇਤਿਹਾਸਕ ਤਬਦੀਲੀਆਂ ਪਿਛਲੀ ਮੁੱਖ ਪ੍ਰੇਰਨਾ ਸ਼ਕਤੀ ਹੈ। ਜਮਾਤੀ ਰਿਸ਼ਤੇ ਇਕ ਵਿਸ਼ੇਸ਼ ਕਾਲ ਖੰਡ ਦੇ ਪੈਦਾਵਾਰੀ ਸਾਧਨਾਂ ਨੂੰ ਪਰਿਭਾਸ਼ਿਤ ਕਰਦੇ ਹਨ। ਤਦ ਇਕ ਕ੍ਰਾਂਤੀ ਆਉਂਦੀ ਹੈ ਅਤੇ ਇਕ ਨਵਾਂ ਵਰਗ ਸ਼ਾਸਨ ਵਜੋਂ ਉੱਭਰ ਆਉਂਦਾ ਹੈ। ਇਹ ਪ੍ਰਕਿਰਿਆ 'ਇਤਿਹਾਸ ਦੀ ਯਾਤਰਾ' ਦੀ ਪ੍ਰਤੀਨਿੱਧਤਾ ਕਰਦੀ ਹੈ।




ਜਦੋਂ ਮਾਰਕਸ ਅਤੇ ਏਂਗਲਜ਼ ਨੇ ਇਹ ਐਲਾਨ ਕੀਤਾ ਕਿ ਸਮੁੱਚਾ ਇਤਿਹਾਸ ਜਮਾਤੀ ਸੰਘਰਸ਼ ਦਾ ਇਤਿਹਾਸ ਹੈ, ਉਹ ਬਹਿਸ ਕਰ ਰਹੇ ਸਨ ਕਿ ਸਮਾਜਿਕ ਵਸਤਾਂ ਉੱਪਰ ਨਿਰੰਤਰਣ ਦਾ ਸੰਘਰਸ਼ ਸਮਾਜਿਕ ਤਬਦੀਲੀ ਦਾ ਇਕੋ ਇਕ ਵਾਹਕ ਹੈ। ਇਹ ਤਬਦੀਲੀ ਪ੍ਰਗਤੀਸ਼ੀਲ ਵੀ ਹੋ ਸਕਦੀ ਹੈ ਅਤੇ ਪ੍ਰਤੀਕਿਰਿਆਵਾਦੀ ਵੀ। ਇਹ ਇਕ ਨਿਸ਼ਚਿਤ ਸਮਾਜ ਅਤੇ ਨਿਸ਼ਚਿਤ ਕਾਲਖੰਡ ਵਿਚ ਰਾਜਨੀਤੀ ਅਤੇ ਸਮਾਜਿਕ ਤੇ ਰਾਜਸੀ ਤਾਕਤਾਂ ਦੇ ਸੰਤੁਲਨ ਉੱਪਰ ਨਿਰਭਰ ਕਰਦਾ ਹੈ, ਜਿਵੇਂ ਕਿ ਮਾਰਕਸ ਨੇ ਇਹ ਮਾਮਲਾ ਲੂਈ ਬੋਨਾਪਾਰਟ ਦੀ ਅਠਾਰਵੀਂ ਬਰੂਮੇਰ ਵਿਚ ਉਠਾਇਆ ਸੀ, "ਮਨੁੱਖ ਆਪਣਾ ਇਤਿਹਾਸ ਆਪ ਬਣਾਉਂਦੇ ਹਨ, ਪਰ ਉਹ ਇਸ ਨੂੰ ਆਪਣੀ ਖੁਸ਼ੀ ਨਾਲ ਨਹੀਂ ਬਣਾਉਂਦੇ, ਉਹ ਇਸ ਨੂੰ ਆਪਣੀ ਸਵੈ-ਚੋਣ ਦੀਆਂ ਪ੍ਰਸਥਿਤੀਆਂ ਅਧੀਨ ਵੀ ਨਹੀਂ ਬਣਾਉਂਦੇ, ਸਗੋਂ ਉਹ ਪਹਿਲਾਂ ਤੋਂ ਹੀ ਮੌਜੂਦ ਪ੍ਰਸਥਿਤੀਆਂ ਅਧੀਨ ਬਣਾਉਂਦੇ ਹਨ, ਜਿਹੜੀਆਂ ਕਿ ਅਤੀਤ ਦਵਾਰਾ ਦਿਤੀਆਂ ਅਤੇ ਤਬਦੀਲ ਕੀਤੀਆਂ ਹੁੰਦੀਆਂ ਹਨ। ਸਮੁੱਚੀਆਂ ਮ੍ਰਿਤ ਪੀੜੀਆਂ ਦੀ ਪਰੰਪਰਾ ਜਿਉਂਦਿਆਂ ਦੇ ਦਿਮਾਗਾਂ ਉੱਪਰ ਇਕ ਸੁਪਨੇ ਦੀ ਤਰਾਂ ਛਾਈ ਰਹਿੰਦੀ ਹੈ।

ਦੂਜੀ ਗੱਲ ਜਿਸ ਉੱਪਰ ਕਮਿਊਨਿਸਟ ਮੈਨੀਫੈਸਟੋ ਬਹਿਸ ਕਰਦਾ ਹੈ ਕਿ ਪੂੰਜੀਵਾਦ ਦੀ ਸਮੱਸਿਆ ਇਹ ਹੈ ਕਿ ਇਹ ਤਰਕਸੰਗਤ ਨਹੀਂ ਹੈ। ਪੂੰਜੀ ਇਕੱਤਰੀਕਰਨ ਦੇ ਤਰਕ ਅਤੇ ਵੱਧ ਤੋਂ ਵੱਧ ਮੁਨਾਫ਼ੇ ਪ੍ਰਤੀ ਇਸ ਦੀ ਪ੍ਰਤੀਬੱਧਤਾ ਨੇ ਇਸ ਨੂੰ ਅਜਿਹਾ ਬਣਾਇਆ ਹੈ। ਇਹ ਵਿਸ਼ਵ ਵਿਆਪੀ ਵਾਤਾਵਰਣ ਦੀ ਤਬਾਹੀ ਵੀ ਵੱਡੀ ਤਾਕਤ ਨਾਲ ਕਰਦਾ ਹੈ। ਪੂੰਜੀਵਾਦ ਹਮਲਾਵਾਰ ਢੰਗ ਨਾਲ ਰਾਜਨੀਤੀ ਉੱਪਰ ਦਬਾਅ ਪਾਉਂਦਾ ਹੈ। ਜਿਹੜੀ ਮਾਨਵਤਾ ਦੇ ਪੱਖ ਵਿਚ ਖਲੋਣ ਦੀ, ਆਰਥਿਕ ਬਰਾਬਰੀ ਦੀ ਅਤੇ ਪ੍ਰਕਿਰਤੀ ਦੀ ਕੋਈ ਸੋਝੀ ਨਹੀਂ ਰੱਖਦੀ। ਇਸ ਤੋਂ ਅੱਗੇ ਪੂੰਜੀਵਾਦ ਮਸ਼ੀਨਾਂ ਦੀ ਤਰਕਸੰਗਤ ਵਰਤੋਂ ਕਰਨ ਵਿਚ ਸਮੁੱਚੀ ਪੀੜੀ ਨੂੰ ਉਮਰਾਮਤਾ ਤੋਂ ਬਚਾਉਣ, ਬੇਰੁਜ਼ਗਾਰੀ ਅਤੇ ਰੁਜ਼ਗਾਰ ਤੋਂ ਜਰਾ ਜਿੰਨੀ ਵਿਹਲ ਅਤੇ ਜਿਉਣ ਦੀਆਂ ਆਮ ਹਾਲਾਤ ਪੈਦਾ ਕਰਨ ਵਿਚ ਵੀ ਅਸਫ਼ਲ ਰਿਹਾ ਹੈ। ਆਪਣੇ ਲੋਭ ਅਤੇ ਜਿਨਸੀ ਉਤਪਾਦਨ ਦੀ ਬੇਸੁਰਤਾ ਦੇ ਨਤੀਜੇ ਵਜੋਂ ਉਨਾਂ ਦੇ ਸਾਥੀ ਮਨੁੱਖ ਅਤੇ ਇਥੋਂ ਤਕ ਕਿ ਖੁਦ ਪੂੰਜੀਪਤੀ ਵੀ ਸਥਾਂਈ ਕਿਸਮ ਦੇ ਡਰ ਨੂੰ ਡੋਗਦੇ ਹਨ।

ਇਸ ਲਈ ਮੈਨੀਫੈਸਟੋ ਦੇ ਅਨੁਸਾਰ ਪਹਿਲਾ ਕੰਮ ਕਮਜੋਰਾਂ ਦਾ ਪੱਖ ਲੈਣ ਅਤੇ ਬਹੁਗਿਣਤੀ ਦੇ ਸਸ਼ਕਤੀਕਰਨ ਅਤੇ ਪੂੰਜੀਵਾਦ ਦੇ ਵਿਗਾੜਾਂ ਨੂੰ ਉਲਟਾਉਣ ਲਈ ਰਾਜਸੀ ਤੌਰ 'ਤੇ ਸੰਗਠਿਤ ਹੋਣਾ ਸੀ। ਭਾਵੇਂ ਮਾਰਕਸ ਨੇ ਸਾਮਵਾਦ ਉੱਪਰ ਕੋਈ ਕਿਤਾਬ, ਇਥੋਂ ਤਕ ਕਿ ਕੋਈ ਲੇਖ ਵੀ ਨਹੀਂ ਲਿਖਿਆ, ਤਦ ਵੀ ਉਸ ਦੀ ਦ੍ਰਿਸ਼ਟੀ ਵਿਚ ਸਾਮਵਾਦ ਸ਼ਾਮਲ ਹੈ। ਜਾਇਦਾਦ ਦਾ ਖਾਤਮਾ ਅਤੇ ਭੌਂਇ ਤੋਂ ਭੌਂਇ ਦੀ ਵਰਤੋਂ ਜਨਹਿੱਤ ਲਈ ਕਰਨਾ, ਇਕ ਭਾਸ਼ੀ ਪ੍ਰਗਤੀਵਾਦੀ ਜਾਂ ਵੱਡੇ ਆਮਦਨ ਕਰ, ਸਾਰੇ ਪੁਸ਼ਤੈਨੀ ਅਧਿਕਾਰਾਂ ਦਾ ਖਾਤਮਾ, ਰਾਜ ਦੇ ਹੱਥਾਂ ਵਿਚ ਸਮੁੱਚੇ ਸੰਚਾਰ ਸਾਧਨਾਂ ਅਤੇ ਆਵਾਜਾਈ ਦੇ ਸਾਧਨਾਂ ਦਾ ਕੇਂਦਰੀਕਰਨ, ਸਰਕਾਰੀ ਸਕੂਲਾਂ ਵਿਚ ਸਾਰੇ ਬੱਚਿਆਂ ਦੀ ਮੁਫ਼ਤ ਸਿੱਖਿਆ ਅਤੇ ਕਾਰਖਾਨਿਆਂ 'ਚ ਬਾਲ ਮਜ਼ਦੂਰੀ ਦਾ ਖਾਤਮਾ ਸਾਮਵਾਦੀ ਦ੍ਰਿਸ਼ਟੀ ਦਾ ਹੀ ਹਿੱਸਾ ਹਨ। ਸਾਮਵਾਦ ਦਾ ਮਾਰਗ ਅਪਣਾਉਂਦਿਆਂ ਮਾਰਕਸ ਦਾ ਵਿਸ਼ਵਾਸ਼ ਸੀ ਕਿ ਪੈਦਾ ਕਰਨ ਵਾਲਿਆਂ ਅਤੇ ਪੈਦਾਵਾਰ ਦੇ ਸਾਧਨਾਂ 'ਤੇ ਕਾਬਜ਼ ਲੋਕਾਂ ਦੇ ਵਿਚਕਾਰ ਖਾਈ ਨਿਸ਼ਚਿਤ ਰੂਪ ਵਿਚ ਖਤਮ ਹੋਵੇਗੀ ਅਤੇ ਆਜ਼ਾਦੀ, ਖੁਸ਼ੀ, ਸਵੈ ਨਿਰਭਰਤਾ ਅਤੇ ਸਵੈ-ਸੇਧਿਤ ਵਿਕਾਸ ਦਾ ਬੋਲਬਾਲਾ ਹੋਵੇਗਾ।

ਪ੍ਰੰਤੂ ਮਾਰਕਸ ਅਤੇ ਏਂਗਲਜ਼ ਨੂੰ ਪਛਾਤਾਵਾ ਰਿਹਾ ਹੋਵੇਗਾ ਕਿ ਉਹ ਆਉਣ ਵਾਲੀਆਂ ਕਮਿਊਨਿਸਟ ਪਾਰਟੀਆਂ ਉੱਪਰ ਮੈਨੀਫੈਸਟੋ ਦੀ ਛਾਪ ਦੀ ਪੇਸ਼ੀਨਗੋਈ ਨਹੀਂ ਕਰ ਸਕੇ; ਕਿਸ ਤਰਾਂ ਕਾਮਿਆਂ ਦਾ ਰਾਜ ਪੂੰਜੀਵਾਦੀ ਰਾਜ ਦੇ ਵਾਧੇ ਦੇ ਪ੍ਰਤੀਉੱਤਰ ਵਜੋਂ ਬਹੁਤ ਜ਼ਿਆਦਾ ਤਾਨਾਸ਼ਾਹ ਹੋ ਜਾਵੇਗਾ ਅਤੇ ਸਾਮਵਾਦ ਦੇ ਪ੍ਰਤੀਉੱਤਰ ਵਜੋਂ ਹੀ ਕਿਸ ਤਰਾਂ ਪੂੰਜੀਵਾਦੀ ਰਾਜ ਅੱਗੇ ਵਧਣਗੇ ਅਤੇ ਸੱਭਿਅਕ ਨਜ਼ਰ ਆਉਣਗੇ। ਸਪਸ਼ਟ ਹੈ ਕਿ ਰੂਸੀ ਕ੍ਰਾਂਤੀ ਤੋਂ ਮਗਰੋਂ ਅਤੇ ਫਿਰ ਦੂਜੇ ਵਿਸ਼ਵ ਯੁੱਧ ਤੋਂ ਮਗਰੋਂ ਸਾਮਵਾਦ ਦੇ ਡਰ ਨੇ ਪੂੰਜੀਵਾਦੀ ਸ਼ਾਸਨ ਨੂੰ ਪੈਨਸ਼ਨ ਯੋਜਨਾਵਾਂ, ਰਾਸ਼ਟਰੀ ਸਿਹਤ ਸੇਵਾਵਾਂ, ਘੱਟੋ-ਘੱਟ ਉਜਰਤਾਂ ਵਿਚ ਵਾਧੇ ਅਤੇ ਇਥੋਂ ਤਕ ਕਿ ਅਮੀਰਾਂ ਵਲੋਂ ਗਰੀਬਾਂ ਨੂੰ ਅਦਾਇਗੀ ਲਈ ਮਜ਼ਬੂਰ ਕੀਤਾ।

ਮਾਰਕਸ ਨੇ ਇਸ ਬਾਰੇ ਵੀ ਬਹੁਤ ਘੱਟ ਕਿਹਾ ਕਿ ਕਮਿਊਨਿਸਟ ਸਮਾਜ ਅਧੀਨ ਜੀਵਨ ਦੇ ਕਾਰ-ਵਿਹਾਰ ਨੂੰ ਕਿਵੇਂ ਸੰਚਾਲਿਤ ਕੀਤਾ ਜਾਵੇਗਾ ਅਤੇ ਇਸੇ ਕਰਕੇ ਇਹ ਗੱਲ ਇਨਾਂ ਪ੍ਰਸ਼ਾਸਨਾਂ ਲਈ ਗੰਭੀਰ ਸਮੱਸਿਆ ਬਣ ਗਈ, ਜਿਹੜੇ ਸਾਮਵਾਦ ਨੂੰ ਅਮਲੀਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਨੇ ਸੋਚਿਆ ਕਿ ਸਾਡੇ ਸੰਕਲਪ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ ਸਾਰੇ ਸਾਡੇ ਆਪਣੇ ਸਮੇਂ ਦੀਆਂ ਹਾਲਤਾਂ ਵਿਚੋਂ ਪੈਦਾ ਹੁੰਦੇ ਹਨ, ਜਿਸ ਦਾ ਅਰਥ ਹੈ ਕਿ ਇਹ ਜਾਣਨਾ ਮੁਸ਼ਕਲ ਹੈ ਕਿ ਸਮਾਜਿਕ ਤਬਦੀਲੀ ਦੇ ਦੂਜੇ ਪਾਸੇ ਕੀ ਪਿਆ ਹੈ। ਸਿਧਾਂਤ ਵਿਚ ਕ੍ਰਾਂਤੀ ਮਗਰੋਂ ਸਭ ਕੁੱਝ ਠੀਕ ਹੋ ਜਾਵੇਗਾ, ਜਿਹੜਾ ਹੁਣ ਤਕ ਵੀ ਖੱਬੇ ਕ੍ਰਾਂਤੀਕਾਰੀਆਂ ਦਾ ਮਹਾਨਤਮ ਸੁਪਨਾ ਬਣਿਆ ਹੋਇਆ ਹੈ। ਪ੍ਰੰਤੂ ਮਾਰਕਸ ਇਸ ਬਾਰੇ ਵਧੇਰੇ ਸਪਸ਼ਟ ਸੀ ਕਿ ਕਮਿਊਨਿਸਟ ਸਮਾਜ ਵਿਚ ਕੀ ਨਹੀਂ ਹੋਵੇਗਾ। ਕੋਈ ਨਿੱਜੀ ਅਧਿਕਾਰੀ ਨਹੀਂ ਹੋਣਗੇ ਅਤੇ ਕੋਈ ਰਾਜ (ਜਿਸ ਨੂੰ ਉਹ ਸਰਮਾਏਦਾਰੀ ਦੇ ਸਾਰੇ ਆਮ ਮਾਮਲਿਆਂ ਦਾ ਪ੍ਰਬੰਧ ਕਰਨ ਵਾਲੀ ਕਮੇਟੀ ਕਹਿੰਦਾ ਹੈ) ਨਹੀਂ ਹੋਵੇਗਾ। ਪਾਰਟੀ ਦੀ ਸ਼ਕਲ ਵਿਚ ਰਾਜ, ਇਕ ਸਰਮਾਏਦਾਰੀ ਸੰਕਲਪ ਸਾਬਤ ਹੋਇਆ, ਜਿਸ ਨੂੰ ਵੀਹਵੀਂ ਸਦੀ ਦੇ ਕਮਿਊਨਿਸਟ ਸਾਸ਼ਨਾਂ ਨੇ ਲਾਂਭੇ ਕਰਨਾ ਅਸੰਭਵ ਪਾਇਆ।

ਇਕ ਸੱਚਾ ਕ੍ਰਾਂਤੀਕਾਰੀ ਹੋਣ ਕਰਕੇ ਮਾਰਕਸ ਨੇ ਆਪਣੀਆਂ ਸਾਰੀਆਂ ਲਿਖਤਾਂ ਇਨਕਲਾਬ ਲਈ ਲਿਖੀਆਂ। ਉਸ ਦੀ ਮੌਤ ਉਪਰੰਤ ਉਸ ਦੇ ਨਾਂ 'ਤੇ ਕਮਿਊਨਿਸਟ ਇਨਕਲਾਬ ਆਏ – ਭਾਵੇਂ ਬਿਲਕੁਲ ਉਵੇਂ ਨਹੀਂ ਜਿਵੇਂ ਉਸ ਨੇ ਕਲਪਨਾ ਕੀਤੀ ਸੀ, ਪ੍ਰੰਤੂ ਵੀਹਵੀਂ ਸਦੀ ਦੇ ਮਨੁੱਖ ਤੱਕ ਦੁਨੀਆ ਦੇ ਇਕ ਤਿਹਾਈ ਲੋਕ ਅਜਿਹੇ ਸ਼ਾਸਨਾਂ ਅਧੀਨ ਰਹਿ ਰਹੇ ਸਨ, ਜਿਨਾਂ ਨੂੰ ਉਹ ਠੀਕ ਹੀ ਮਾਰਕਸਵਾਦ ਉੱਪਰ ਆਧਾਰਤ ਕਹਿੰਦੇ ਸਨ। ਇਸ ਗੱਲ ਦਾ ਕਾਫੀ ਮਹੱਤਵ ਹੈ ਕਿਉਂਕਿ ਮਾਰਕਸ ਦਾ ਬੁਨਿਆਦੀ ਸਿਧਾਂਤ ਇਹ ਹੈ ਕਿ ਅਸਲ, ਸਿਧਾਂਤ ਦਾ ਅਨਿੱਖੜ ਅੰਗ ਹੋਣਾ ਚਾਹੀਦਾ ਹੈ। ਉਸ ਦਾ ਪ੍ਰਸਿੱਧ ਨੁਕਤਾ ਹੈ : ਫਿਊਰਬੈਚ ਉੱਪਰ ਖੋਜ ਨਿਖੇਪ' : ਦਾਰਸ਼ਨਿਕ ਹੁਣ ਤੱਕ ਕੇਵਲ ਸੰਸਾਰ ਲਈ ਬਦਲਾਅ ਦੀ ਗੱਲ ਕਰਦੇ ਆਏ ਹਨ, ਜਦਕਿ ਲੋੜ ਇਸ ਨੂੰ ਬਦਲਣ ਦੀ ਹੈ। ਅੱਜਕਲ ਕਹਿੰਦੇ ਹਨ ਕਿ ਉਹ ਦਰਸ਼ਨ ਅਪ੍ਰਸੰਗਿਕ ਹੈ, ਉਸ ਦਾ ਕਹਿਣ ਤੋਂ ਭਾਵ ਇਹ ਵੀ ਸੀ ਕਿ ਦਾਰਸ਼ਨਿਕ ਸਮੱਸਿਆਵਾਂ ਯਥਾਰਥਕ ਜੀਵਨ ਦੀਆਂ ਹਾਲਤਾਂ ਵਿਚੋਂ ਪੈਦਾ ਹੁੰਦੀਆਂ ਹਨ ਅਤੇ ਇਹ ਜੀਵਨ ਦੀਆਂ ਹਾਲਾਤਾਂ, ਸੰਸਾਰ ਦੀ ਮੁੜ ਉਸਾਰੀ ਦੁਆਰਾ ਤਬਦੀਲ ਕਰ ਕੇ ਹੀ ਸੁਲਝਾਈਆਂ ਜਾ ਸਕਦੀਆਂ ਹਨ ਅਤੇ ਮਾਰਕਸ ਦੇ ਵਿਚਾਰ ਸੰਸਾਰ ਦੀ ਪੁਨਗਰ ਸਿਰਜਣਾ ਲਈ ਭਾਵੇਂ 1883 ਵਿਚ ਉਸ ਦੀ ਮੌਤ ਦੇ ਸਮੇਂ ਤਕ ਉਸ ਦੇ ਵਫਾਦਾਰ ਅਤੇ ਜੀਵਨ ਭਰ ਦੇ ਸਾਥੀ ਫਰੈਡਰਿਕ ਏਂਗਲਜ਼ ਤੋਂ ਇਲਾਵਾ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਉਹ ਕਿੰਨਾ ਪ੍ਰਭਾਵਸ਼ਾਲੀ ਬਣ ਗਿਆ ਸੀ, ਭਾਵੇਂ ਕਿ ਉਸ ਦੇ ਸੰਸਕਾਰ ਸਮੇਂ ਕੇਵਲ ਗਿਆਰਾਂ ਜਣੇ ਹੀ ਹਾਜ਼ਰ ਸਨ।

ਮਾਰਕਸ ਦੀ ਸਾਂਖੇਪਿਕ ਅਸਪਸ਼ਟਤਾ ਦਾ ਇਕ ਕਾਰਨ ਇਹ ਹੈ ਕਿ ਉਸ ਦੇ ਜੀਵਨ ਦੇ ਅੰਤ ਤੱਕ ਲਹਿਰਾਂ ਨੇ ਯੂਰਪ ਅਤੇ ਸੰਯੁਕਤ ਰਾਜ ਵਿਚ ਕਾਮਿਆਂ ਦੀ ਹਾਲਤ ਵਿਚ ਸੁਧਾਰ ਲਿਆਉਣ ਵਿਚ ਸਫ਼ਲ ਹੋਣ ਲੱਗੀਆਂ। ਉਹ ਲਹਿਰਾਂ ਕ੍ਰਾਂਤੀਕਾਰੀ ਨਾਲੋਂ ਸੁਧਾਰਵਾਦੀ ਵਧੇਰੇ ਸਨ। ਓਹ ਮਾਰਕਸਵਾਦੀ ਨਹੀਂ ਸਨ। ਕਿਰਤੀ ਲਹਿਰਾਂ ਦੇ ਉਭਾਰ ਨਾਲ ਸਮਾਜਵਾਦੀ ਵਿਚਾਰ ਲਈ ਉਤੇਜਨਾ ਪੈਦਾ ਹੋਈ ਅਤੇ ਉਸ ਨਾਲ ਮਾਰਕਸ ਵਿਚ ਰੁਚੀ ਬਣੀ।

ਜੇਕਰ ਵਲਾਦੀਮੀਰ ਇਲੀਅਚ ਲੈਨਿਨ 1917 ਵਿਚ ਪੀਤਰੋਗਰਾਦ ਵਿਚ ਨਾ ਪਹੁੰਚਿਆ ਹੁੰਦਾ ਅਤੇ ਉਸ ਨੇ ਰੂਸੀ ਕ੍ਰਾਂਤੀ ਦੀ ਅਗਵਾਈ ਨਾ ਸੰਭਾਲੀ ਹੁੰਦੀ ਤਾਂ ਸੰਭਵ ਹੈ ਕਿ ਅੱਜ ਮਾਰਕਸ 'ਵੀਹਵੀਂ ਸਦੀ ਦਾ ਬਹੁਤ ਮਹੱਤਵਪੂਰਨ ਦਾਰਸ਼ਨਿਕ, ਸਮਾਜ ਵਿਗਿਆਨੀ, ਅਰਥ ਸ਼ਾਸਤਰੀ ਅਤੇ ਰਾਜਸੀ ਸਿਧਾਂਤਕਾਰ ਨਾ ਹੁੰਦਾ।' ਰੂਸੀ ਕ੍ਰਾਂਤੀ ਨੇ ਦੁਨੀਆ ਨੂੰ ਮਾਰਕਸ ਦੀ ਪੂੰਜੀਵਾਦ ਦੀ ਆਲੋਚਨਾ ਪ੍ਰਤੀ ਗੰਭੀਰ ਕਰ ਦਿਤਾ। 1917 ਤੋਂ ਮਗਰੋਂ ਸਾਮਵਾਦ ਮਹਿਜ਼ ਖ਼ਾਸ ਖ਼ਿਆਲੀ ਨਾ ਰਿਹਾ।

ਇਹ ਜਾਨਣਾ ਹੈਰਾਨੀਜਨਕ ਹੋਵੇਗਾ ਕਿ ਜਿਨਾਂ ਪੁਸਤਕਾਂ ਲਈ ਮਾਰਕਸ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ, ਸਭ ਤੋਂ ਵੱਧ ਵਿਕਣ ਵਾਲੀਆਂ ਨਹੀਂ ਸਨ। ਕਮਿਊਨਿਸਟ ਮੈਨੀਫੈਸਟੋ ਜਿਉਂ ਹੀ ਪ੍ਰਕਾਸ਼ਿਤ ਹੋਇਆ ਅਲੋਪ ਹੋ ਗਿਆ ਅਤੇ 24 ਸਾਲਾਂ ਤੱਕ ਮੁੜ ਪ੍ਰਕਾਸ਼ਿਤ ਨਹੀਂ ਹੋਇਆ। 'ਕੈਪੀਟਲ' ਨੂੰ ਨਜ਼ਰ ਅੰਦਾਜ਼ ਕਰ ਦਿਤਾ ਗਿਆ, ਜਦੋਂ 1867 ਵਿਚ ਇਸ ਦੀ ਪਹਿਲੀ ਜਿਲਦ ਪ੍ਰਕਾਸ਼ਿਤ ਹੋ ਕੇ ਆਈ। ਚਾਰ ਸਾਲ ਬਾਅਦ ਇਸ ਦੀਆਂ ਇਕ ਹਜ਼ਾਰ ਕਾਪੀਆਂ ਵਿਕੀਆਂ ਅਤੇ 1846 ਤੱਕ ਇਹ ਅੰਗਰੇਜ਼ੀ ਵਿਚ ਅਨੁਵਾਦ ਨਾ ਹੋਈ। 'ਕੈਪੀਟਲ ਵਿਚ ਉਸ ਨੇ ਦੇਖਿਆ ਕਿ ਆਧੁਨਿਕ ਮੁਕਤ ਬਾਜ਼ਾਰ ਆਰਥਿਕਤਾ ਨੇ ਆਪਣੀਆਂ ਤਰਕੀਬਾਂ ਨਾਲ ਵੱਡੇ ਪੱਧਰ 'ਤੇ ਨਾ ਬਰਾਬਰੀਆਂ ਪੈਦਾ ਕੀਤੀਆਂ ਅਤੇ ਉਸ ਨੇ ਉਸ ਵਿਸ਼ਲੇਸ਼ਣ ਵਿਧੀ ਨੂੰ ਵਿਕਸਿਤ ਕੀਤਾ, ਜਿਹੜੀ ਸਾਡੇ ਜੀਵਨ ਦੀਆਂ ਆਰਥਿਕ ਅਤੇ ਸਮਾਜਿਕ ਹਾਲਤਾਂ ਦੇ ਆਰ-ਪਾਰ ਦੇਖਣ ਦੇ ਸਮਰੱਥ ਸੀ। ਕੈਪੀਟਲ ਦੀ ਦੂਜੀ ਤੇ ਤੀਜੀ ਜਿਲਦ ਮਾਰਕਸ ਦੀ ਮੌਤ ਤੋਂ ਮਗਰੋਂ ਪ੍ਰਕਾਸ਼ਿਤ ਹੋਈਆਂ। 'ਫਿਊਰਬਾਥ ਉੱਪਰ ਖੋਜ ਨਿਖੇਪ' ਜਿਹੜਾ ਮਾਰਕਸ ਨੇ 1845

ਵਿਚ ਲਿਖਿਆ ਸੀ, 1888 ਤੋਂ ਪਹਿਲਾਂ ਲੱਭਿਆ ਹੀ ਨਹੀਂ। 'ਜਰਮਨ ਵਿਚਾਰਧਾਰਾ' 1932 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕੀਤੀ ਗਈ। 'ਗਰੰਡਗਈਸੇ' ਸਿਰਲੇਖ ਵਾਲੀ ਪੁਸਤਕ 1939 ਤੱਕ ਅਣਪ੍ਰਕਾਸ਼ਿਤ ਰਹੀ। ਅਣਪ੍ਰਕਾਸ਼ਿਤ ਪੈਰਿਸ ਕਮਿਊਨ ਖਰੜੇ 1959 ਤੱਕ ਅੰਗਰੇਜ਼ੀ ਵਿਚ ਨਹੀਂ ਛਪੇ। ਮਾਰਕਸ ਦੇ ਆਪਣੇ ਜੀਵਨ ਕਾਲ ਵਿਚ ਅੰਤ ਨੂੰ ਜਿਸ ਨੇ ਮਾਰਕਸ ਵੱਲ ਧਿਆਨ ਖਿਚਿਆ, 35 ਪੰਨਿਆਂ ਦਾ ਇਕ ਪੈਂਫਲਿਟ ਫਰਾਂਸ ਵਿਚ ਗ੍ਰਹਿ ਯੁੱਧ ਸੀ, ਜੋ 1871 ਵਿਚ ਪ੍ਰਕਾਸ਼ਿਤ ਹੋਇਆ। ਜਿਸ ਵਿਚ ਉਸ ਨੇ ਸਖ਼ਤੀ ਨਾਲ ਕੁਚਲ ਦਿਤੇ ਗਏ ਪੈਰਿਸ ਕਮਿਊਨ ਦਾ ਸਵਾਗਤ ਕੀਤਾ ਸੀ ਅਤੇ ਇਸ ਨੂੰ ਨਵੇਂ ਸਮਾਜ ਦੀ ਉਸਾਰੀ ਵਲ ਇਕ ਸ਼ਾਨਦਾਰ ਛਲਾਂਗ ਕਿਹਾ ਸੀ।

ਵਿਸ਼ੇਸ਼ ਤੌਰ 'ਤੇ ਬਰਲਿਨ ਦੀਵਾਰ ਦੇ ਡਿੱਗਣ ਅਤੇ ਸੋਵੀਅਤ ਸੰਘ ਦੇ ਅਫ਼ਸਰਸ਼ਾਹੀ ਨਿਜ਼ਾਮ ਦੇ ਢਹਿ ਢੇਰੀ ਹੋਣ ਤੱਕ ਮਾਰਕਸਵਾਦ ਦੇ ਉਨਾਂ ਕਈ ਸੰਕਲਪਾਂ ਉੱਪਰ ਬਹਿਸਾਂ ਹੁੰਦੀਆਂ ਰਹੀਆਂ, ਜਿਨਾਂ ਨੂੰ ਕਦੇ ਅਟਲ ਸੱਚਾਈਆਂ ਮੰਨ ਕੇ ਨਜ਼ਰਅੰਦਾਜ਼ ਕਰ ਦਿਤਾ ਗਿਆ ਸੀ। ਅਸਲੀ ਵਿਚਾਰਕ ਉਨਾਂ ਕਮਜ਼ੋਰੀਆਂ ਨੂੰ ਪਛਾਨਣ ਲਈ ਸੰਘਰਸ਼ ਕਰਦੇ ਨਜ਼ਰ ਆ ਰਹੇ ਸਨ, ਜਿਹੜੀਆਂ ਮਾਰਕਸਵਾਦੀ ਸਿਧਾਂਤ ਦੇ ਚੌਖਟੇ ਵਿਚ ਅਣ-ਨਿਰਧਾਰਿਤ ਪਈਆਂ ਸਨ।

ਨਿਰਸੰਦੇਹ ਮਾਰਕਸ ਦੀਆਂ ਸਾਰੀਆਂ ਪੇਸ਼ੀਨਗੋਈਆਂ ਦੋਸ਼ ਰਹਿਤ ਸਾਬਤ ਨਹੀਂ ਹੋਈਆਂ। ਫਿਰ ਵੀ ਇਹ ਸੱਚ ਹੈ ਕਿ ਮਾਰਕਸਵਾਦੀ ਵਿਧੀ ਤੋਂ ਬਗੈਰ ਸਮਾਜ ਅਤੇ ਇਤਿਹਾਸ ਦੇ ਵਿਕਾਸ ਦੀ ਯੋਗ ਸਮਝ ਸੰਭਵ ਨਹੀਂ ਹੋਵੇਗੀ। ਮਾਰਕਸ ਨੇ ਲਿਖਿਆ ਸੀ, "ਦਾਰਸ਼ਨਿਕ ਕੇਵਲ ਵੱਖ-ਵੱਖ ਤਰੀਕਿਆਂ ਨਾਲ ਸੰਸਾਰ ਦੀ ਵਿਆਖਿਆ ਕਰਦੇ ਹਨ, ਜਦਕਿ ਮਸਲਾ ਇਸ ਨੂੰ ਬਦਲਣ ਦਾ ਹੈ ਅਤੇ ਉਸ ਨੇ ਆਪਣੇ ਤਰੀਕੇ ਨਾਲ ਸੰਸਾਰ ਨੂੰ ਬਦਲਿਆ।" ਦਰਅਸਲ ਮਾਰਕਸ ਨੇ ਸੰਸਾਰ ਨੂੰ ਦੋ ਕੈਂਪਾਂ ਵਿਚ ਵੰਡ ਲਿਆ। ਇਕ ਉਹ ਜਿਹੜੇ ਸਾਰੀਆਂ ਆਸਾਂ ਮਾਰਕਸ ਉੱਪਰ ਰੱਖਦੇ ਸਨ, ਦੂਜੇ ਉਹ ਜਿਹੜੇ ਉਸ ਨੂੰ ਘ੍ਰਿਣਾ ਕਰਦੇ ਸਨ। ਇਕ ਸਮੇਂ ਮਾਰਕਸ ਦਾ ਜਮਾਤ ਰਹਿਤ ਸਮਾਜ ਦਾ ਸੁਪਨਾ ਲੱਖਾਂ ਲੋਕਾਂ ਦੇ ਦਿਲਾਂ ਨੂੰ ਛੂਹ ਗਿਆ ਅਤੇ ਵੀਹਵੀਂ ਸਦੀ ਦੇ ਕੁੱਝ ਸਭ ਤੋਂ ਸ਼ਾਨਦਾਰ ਦਿਮਾਗ਼ ਵੀ ਇਸ ਦੇ ਘੇਰੇ ਵਿਚ ਆ ਗਏ। ਪਿਛਲੇ ਸੌ ਸਾਲਾਂ ਦੀ ਹਰ ਸਮਾਜਿਕ ਲਹਿਰ ਵੀ ਉਸ ਦੇ ਕੰਮਾਂ ਨੇ ਪ੍ਰਭਾਵਿਤ ਕੀਤੀ। ਉਸ ਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ।

ਕੁੱਝ ਵੀ ਹੋਵੇ, ਮਾਰਕਸ ਸਾਮਵਾਦ ਦੀ ਪ੍ਰਕਿਰਤੀ ਦੀ ਵਿਸਥਾਰ ਵਿਚ ਜਾਂਚ ਕਰਨ ਤੋਂ ਇਨਕਾਰ ਕਰਦਾ ਹੈ। ਇਸ ਦਲੀਲ ਨਾਲ ਕਿ ਇਹ ਕੋਈ ਪੂਰਵ ਨਿਸ਼ਚਿਤ ਨੈਤਿਕ ਵਿਚਾਰਾਂ ਦਾ ਨਤੀਜਾ ਨਹੀਂ ਹੋਵੇਗਾ, ਸਗੋਂ ਇਤਿਹਾਸਿਕ ਪ੍ਰਕਿਰਿਆਵਾਂ ਵਿਚੋਂ ਉਭਰੇਗਾ। ਉਸ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਭਵਿੱਖ ਦੇ ਇਨਕਲਾਬੀ ਪ੍ਰਵਾਹ ਵਿਚ ਅਜੇ ਤੱਕ ਸਾਕਾਰ ਨਹੀਂ ਹੋਈਆਂ।

ਆਪਣੀ ਲਿਖਤ ਤੇ ਆਪਣੇ ਕਰੀਅਰ ਵਿਚ ਮਾਰਕਸ ਆਪਣੇ ਸਮੇਂ ਦੀ ਸਥਾਪਿਤ ਸੱਤਾ ਪ੍ਰਤੀ ਸਖ਼ਤ ਵਤੀਰਾ ਰੱਖਦਾ ਸੀ ਅਤੇ ਰਾਜਨੀਤੀ ਅਤੇ ਆਰਥਿਕਤਾ ਉੱਪਰ ਉਸ ਦੀਆਂ ਲਿਖਤਾਂ ਵਿਚ ਉਸ ਮੋਹਰੀ ਆਰਥਿਕਤਾ ਬਾਰੇ ਕੋਈ ਅਗਾਊਂ ਸੰਕੇਤ ਨਹੀਂ ਮਿਲਦਾ, ਜਿਹੜੀ 'ਇਕ ਦੇਸ਼ ਵਿਚ ਸਮਾਜਵਾਦ' ਦੇ




ਯਤਨ ਨਾਲ ਰੂਸ ਵਿਚ 1920 ਅਤੇ 1930 ਵਿਚ ਸਟਾਲਿਨ ਦੀ ਅਗਵਾਈ ਵਿਚ ਉਸਾਰੀ ਗਈ। ਜੇਕਰ ਲੈਨਿਨ, ਟਰਾਟਸਕੀ ਅਤੇ ਬਾਲਸ਼ਵਿਕ ਦੇ ਯਤਨ 1917 ਦੀ ਕ੍ਰਾਂਤੀ ਦੇ ਛੇਤੀ ਮਗਰੋਂ ਉਭਰੇ ਮਾਮਲਿਆਂ ਵਿਚ ਰੁੜ ਨਹੀਂ ਗਏ ਤਾਂ ਇਸ ਦੇ ਕਈ ਕਾਰਨ ਸਨ। ਰੂਸ 1917 ਵਿਚ ਇਕ ਨਿਸ਼ਚਿਤ ਜਗੀਰੂ ਸਾਮਰਾਜ ਸੀ, ਜਿਸ ਵਿਚ ਨਿਰਦਈ ਅਫਸਰਸ਼ਾਹੀ ਉਭਰ ਰਹੀ ਸੀ। ਆਬਾਦੀ ਦਾ ਵੱਡਾ ਹਿੱਸਾ ਅਨਪੜ੍ਹ ਕਿਸਾਨ ਸਨ। ਸਮਾਜਵਾਦੀ ਨਿਸ਼ਾਨੇ ਵਾਲੇ ਮਾਰਕਸਵਾਦੀ ਇਨਕਲਾਬ ਨੂੰ ਅਜਿਹੀ ਪ੍ਰਸਥਿਤੀ ਵਿਚ ਤਕੜੇ ਸੰਘਰਸ਼ ਵਿਚੋਂ ਗੁਜਰਨਾ ਪੈਂਦਾ ਹੈ ਅਤੇ ਇਸ ਨੇ ਸੰਘਰਸ਼ ਕੀਤਾ ਵੀ, ਗ੍ਰਹਿ ਯੁੱਧ, ਬਹੁਦੇਸ਼ੀ ਵਿਦੇਸ਼ੀ ਸ਼ਕਤੀਆਂ ਦਾ ਹਮਲਾ, ਅਕਾਲ, ਆਰਥਿਕ ਅਤੇ ਸੈਨਿਕ ਤਬਾਹੀ ਦੇ ਵਿਰੁੱਧ। ਮਹਾਨ ਇਤਿਹਾਸਕਾਰ ਦਿਮਾਨ ਡੈਨਰ ਲਈ ਰੂਸ ਵਿਚਲੀ ਪ੍ਰਸਥਿਤੀ ਦਾ ਅਰਥ ਇਹ ਸੀ ਕਿ ਸਮਾਜਵਾਦ ਦੀ ਉਸਾਰੀ ਲਈ ਹੁਣ ਤੱਕ ਵੀ ਪਹਿਲੀ ਅਤੇ ਇਕੋ ਇਕ ਕੋਸ਼ਿਸ਼ ਸੰਭਵ ਹਾਲਤਾਂ ਵਿਚ ਪੂਰੀ ਤਰਾਂ ਬੇਕਾਰ ਹੋਵੇਗੀ, ਜਦੋਂ ਤਕ ਪੂਰੀ ਤਰਾਂ ਵੰਡੀ ਹੋਈ ਕਿਰਤ, ਪੁਰਾਣੀਆਂ ਅਤੇ ਜਟਿਲ ਪਰੰਪਰਾਵਾਂ ਦੇ ਉਪਜਾਊ ਪ੍ਰਭਾਵ ਦਾ ਅਜਿਹੀਆਂ ਡਗਮਗਾਉਂਦੀਆਂ ਪਦਾਰਥਕ ਅਤੇ ਸੱਭਿਆਚਾਰਕ ਕੰਗਾਲੀ, ਅਨਿਆਂ ਤੇ ਕਠੋਰਤਾ ਦਾ ਸਮਾਜਵਾਦ ਲਈ ਲਾਭ ਨਹੀਂ ਉਠਾਇਆ ਜਾਂਦਾ।



ਟਰਾਟਸਕੀ ਦਾ ਇਹ ਪ੍ਰਭਾਵ ਸੀ ਕਿ ਕੌਮੀਕ੍ਰਿਤ ਨਿਯੋਜਿਤ ਆਰਥਿਕਤਾ ਨੂੰ ਜਮਹੂਰੀਅਤ ਦੀ ਲੋੜ ਸੀ। ਮਜ਼ਦੂਰ ਜਮਾਤ ਦੇ ਜਮਹੂਰੀ ਨਿਜੀਕਰਨ ਅਤੇ ਪ੍ਰਸ਼ਾਸਨ ਤੋਂ ਬਗੈਰ ਰਾਸ਼ਟਰੀਕਰਨ ਦਾ ਅਤੇ ਯੋਜਨਾਬੰਦੀ ਦਾ ਨਿਜ਼ਾਮ ਇਕ ਵਿਸ਼ੇਸ਼ ਨੁਕਤੇ ਤੋਂ ਸੁੰਗੜ ਜਾਂਦਾ ਹੈ, ਵਿਸ਼ੇਸ਼ ਕਰਕੇ ਇਕ ਆਧੁਨਿਕ, ਸਭਿਅਕ ਅਤੇ ਜਟਿਲ ਆਰਥਿਕਤਾ ਵਿਚ। ਇਹ ਤੱਥ ਉਘੜਵੇਂ ਰੂਪ ਵਿਚ 70ਵਿਆਂ ਦੇ ਸ਼ੁਰੂ ਵਿਚ ਵਾਧਾ ਦਰ ਦੀ ਗਿਰਾਵਟ ਦੇ ਰੂਪ ਵਿਚ ਸਾਹਮਣੇ ਆਇਆ।

ਕੋਨੋਰ ਮੈਨਰੀ ਦੇ ਸ਼ਬਦਾਂ ਵਿਚ, "ਹਰ ਮਾਮਲੇ ਵਿਚ ਮਾਰਕਸ ਖੁਦ ਕਠੋਰਤਾ ਦਾ ਸਖਤ ਵਿਰੁੱਧ ਸੀ ਅਤੇ ਤਾਨਾਸ਼ਾਹ ਸਤਾ ਦਾ ਪੱਕਾ ਵਿਰੋਧੀ ਸੀ। ਉਹ ਬੋਲਣ ਦੀ ਆਜ਼ਾਦੀ, ਜਮਹੂਰੀ ਜਵਾਬਦੇਹੀ ਦੀ ਕੀਮਤ ਵਿਚ ਵਿਸ਼ਵਾਸ਼ ਰੱਖਦਾ ਸੀ ਅਤੇ ਉਸ ਨੇ ਆਪਣੇ ਸਮਿਆਂ ਵਿਚ ਜਰਮਨ ਸੋਸ਼ਲ ਡੈਮੋਕਰੇਟਾਂ ਦਾ ਉਨਾਂ ਦੀ ਰਾਜ ਭਗਤੀ ਲਈ ਵਿਰੋਧ ਕੀਤਾ ਸੀ। ਉਹ ਦਲੀਲ ਦਿੰਦਾ ਸੀ ਕਿ ਜ਼ਮੀਨ ਦੀ ਸਾਂਝੀ ਮਲਕੀਅਤ ਸਵੈ ਇੱਛਾ ਨਾਲ ਹੋਣੀ ਚਾਹੀਦੀ ਹੈ, ਨਾ ਕਿ ਰਾਜ ਦੀ ਉਪਰੋਂ ਥੋਪੀ ਨੀਤੀ ਦੁਆਰਾ।(ਡਾਬਲਿਨ ਰੀਵਿਊ ਆਫ਼ ਬੁਕਸ, ਅੰਕ 99, ਅਪ੍ਰੈਲ 1818) ਹੁਣ ਜੇਕਰ ਅਸੀਂ ਪੁਨਰ ਵਿਚਾਰ ਕਰੀਏ ਕਿ ਮਾਰਕਸ ਕੀ ਸੀ ਤਾਂ ਪਹਿਲੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਉਹ ਇਕ ਆਰਥਿਕ ਆਲੋਚਕ ਅਤੇ ਦਾਰਸ਼ਨਿਕ ਸੀ, ਪੈਗੰਬਰ ਨਹੀਂ ਸੀ। ਸਿਧਾਂਤਕ ਤੌਰ 'ਤੇ ਉਹ ਜੋ ਪਿੱਛੇ ਛੱਡ ਗਿਆ ਹੈ, ਪੂੰਜੀਵਾਦ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਹੈ। ਜਿਥੋਂ ਤਕ ਮਾਰਕਸਵਾਦ ਦਾ ਸਵਾਲ ਹੈ, ਦੋਵੇਂ ਮਾਰਕਸ ਅਤੇ ਲੈਨਿਨ ਵਾਸਤਵਿਕ ਜੀਵਨ ਦੇ ਸਾਧਨ ਦੇ ਆਧਾਰ 'ਤੇ ਪਰਖੇ ਹੋਏ ਸਿਧਾਂਤ ਉੱਪਰ ਜ਼ੋਰ ਦਿੰਦੇ ਹਨ ਅਤੇ ਇਸ ਨੂੰ ਲੰਮੇ ਸਮੇਂ ਦੇ ਹਾਣ ਦਾ ਬਣਾਉਣ ਉੱਪਰ ਵੀ, ਜਿਸ ਲਈ ਕੁਝ ਬਦਲਾਅ ਅਤੇ ਕੁਝ ਕਾਂਟ-ਛਾਂਟ ਵੀ ਕਰਨੀ ਹੋਵੇਗੀ। ਇਸ ਲਈ ਮਾਰਕਸ ਨੇ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਸਕਣ ਦੀ ਉਮੀਦ ਨਹੀਂ ਕੀਤੀ, ਉਨਾਂ ਵਿਚੋਂ ਬਹੁਤ ਸਾਰੀਆਂ ਵਾਰ-ਵਾਰ ਸਾਹਮਣੇ ਆ ਗਈਆਂ ਹਨ। ਸਿਧਾਂਤ ਨੂੰ ਵਿਗਿਆਨ ਅਤੇ ਤਕਨੋਲਾਜੀ ਦੇ ਵਿਕਾਸ ਦੇ ਨਾਲ ਸੁਧਾਰਣ ਦੀ ਲੋੜ ਹੁੰਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਮਾਰਕਸ ਨੇ ਸਿਧਾਂਤ ਅੰਗੂਠੇ ਵਿਚੋਂ ਨਹੀਂ ਚੁੰਘੇ ਸਨ, ਉਸ ਨੇ ਦਾਰਸ਼ਨਿਕ, ਆਰਥਿਕ ਅਤੇ ਸਮਾਜਿਕ ਸਿਧਾਂਤ ਮਹੱਤਵਪੂਰਨ ਲਿਹਾਜ਼ ਨਾਲ ਬਹੁਤ ਵੱਡੇ ਅਰਥ ਸ਼ਾਸਤਰੀਆਂ ਐਡਮ ਸਮਿਥ ਤੇ ਡੇਵਿਡ ਰਿਕਾਰਡੋ ਤੋਂ ਵਿਕਸਿਤ ਕੀਤੇ ਸਨ ਅਤੇ ਫਰੈਡਰਿਕ ਏਂਗਲਜ, ਹੀਗਲ ਅਤੇ ਲੁਕਵਿਗ ਫਿਉਰਬਾਥ ਨੇ ਵੀ ਉਸ ਨੂੰ ਅੱਗੇ ਵਧਾਇਆ। ਇਸ ਨੁਕਤੇ 'ਤੇ ਜ਼ੋਰ ਦੇਣ ਦੀ ਲੋੜ ਹੈ, ਕਿਉਂਕਿ ਅਸੀਂ ਵੀ ਬੀਤੇ ਵਿਚ ਉਨਾਂ ਵਿਦਵਾਨਾਂ ਦੀਆਂ ਖੋਜਾਂ ਪ੍ਰਤੀ ਸੋਚਣਾ ਬੰਦ ਕਰ ਦਿੰਦੇ ਹਾਂ ਅਤੇ ਉਨਾਂ ਵਿਦਵਾਨਾਂ ਦੀਆਂ ਲਿਖਤਾਂ ਪ੍ਰਤੀ ਜਿਹੜੇ ਕਿਸੇ ਪੱਖੋਂ ਮਾਰਕਸ ਤੋਂ ਭਿੰਨ ਵਿਚਾਰ ਰੱਖਦੇ ਹਨ।

ਇਸ ਤਰਾਂ ਸਮੁੱਚੇ ਸਟਾਲਿਨਵਾਦੀ ਕਾਲ ਵਿਚ ਅਨੇਕਾਂ ਰੂਸੀ ਅਤੇ ਯੂਰਪੀਅਨ ਵਿਚਾਰਕਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਦੇ ਅਮਲ ਵਿਚ ਕੋਈ ਨਾ ਕੋਈ ਨੁਕਸ ਮਹਿਸੂਸ ਹੁੰਦਾ ਰਿਹਾ ਅਤੇ ਕੁਝ ਨਾਵਲਕਾਰਾਂ ਅਰਥਰ ਕੋਇਸਟਨਰ, ਜਾਰਜ ਆਰਵੈਲ ਅਤੇ ਅਲੈਗਜੈਂਡਰ ਲੋਥਜੇਵਿਡਸਿਟਨ (ਜਿਨਾਂ ਨੂੰ ਸਾਮਰਾਜੀ ਏਜੰਟ ਗਰਦਾਨਿਆ ਗਿਆ) ਬੁਰਾਈਆਂ ਦਾ, ਪ੍ਰਬੰਧ ਵਿਚ ਵੱਧ ਰਹੇ ਅਮਾਨਵੀਕਰਨ ਦਾ ਅਜਿਹੇ ਪ੍ਰਭਾਵਸ਼ਾਲੀ ਰੂਪਕਾਂ ਜਿਵੇਂ ਕਿ ਦੁਪਹਿਰੇ ਹਨੇਰਾ, ਪਸ਼ੂ ਫਾਰਮ ਅਤੇ ਕੈਂਸਰ ਵਾਰਡ ਵਰਗੇ ਰਾਹੀਂ ਵਰਣਨ ਕਰਨ ਦੀ ਇਮਾਨਦਾਰੀ ਅਤੇ ਦਲੇਰੀ ਰੱਖਦੇ ਸਨ।

ਹਾਂ, ਇਨਾਂ ਸਮਿਆਂ 'ਚ ਮਾਰਕਸਵਾਦੀ ਸਿਧਾਂਤ ਨੂੰ ਜਿਹੜਾ ਸਿਧਾਂਤਕ ਤੌਰ 'ਤੇ ਮਨੁੱਖੀ ਸ਼ਖ਼ਸੀਅਤ ਦੀ ਆਜ਼ਾਦੀ ਦਾ ਚਾਹਵਾਨ ਹੈ, ਉਹ ਜੁਗਤਾਂ ਨਹੀਂ ਮਿਲ ਸਕੀਆਂ, ਜਿਨਾਂ ਰਾਹੀਂ ਇਸ ਨੂੰ ਅਸਲੀ ਜੀਵਨ ਵਿਚ ਢਾਲ ਸਕਣ। ਅਤੇ ਯਥਾਰਥ ਅਸਹਿ ਹੋ ਗਿਆ ਹੈ, ਸਭ ਪਾਸੇ ਇਹ ਤਸ਼ੱਦਦ ਦੀ ਮਸ਼ੀਨਰੀ ਜੋਗਾ ਰਹਿ ਗਿਆ ਹੈ।

21ਵੀਂ ਸਦੀ ਵਿਚ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਮਾਰਕਸਵਾਦੀ ਵਿਰੋਧ ਕ੍ਰਾਂਤੀਕਾਰੀ ਸੰਗਠਨਾਂ ਦੇ ਬਦਲ ਬਣਦੇ ਜਾ ਰਹੇ ਹਨ। ਮਾਰਕਸਵਾਦ ਦੇ ਚੌਖਟੇ ਨੂੰ ਅਸਲੀ ਜੀਵਨ ਵਿਚ ਕਿਵੇਂ ਢਾਲਿਆ ਜਾਵੇ, ਅੱਜ ਦੇ ਸਮੇਂ ਸੰਭਵ ਤੌਰ 'ਤੇ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਇਹ ਮਾਰਕਸਵਾਦ ਦੀ ਪ੍ਰਸੰਗਿਕਤਾ ਦੀ ਪਰਖ ਦਾ ਪੈਮਾਨਾ ਵੀ ਹੈ।

ਮਾਰਕਸ ਨੇ ਖੁਦ ਵੀ ਕੁਝ ਸੰਕੇਤ ਦਿਤੇ ਹਨ ਕਿ ਸਮਾਜਵਾਦੀਆਂ ਨੂੰ ਜੱਥੇਬੰਦ ਕਿਵੇਂ ਹੋਣਾ ਚਾਹੀਦਾ ਹੈ। ਕਮਿਊਨਿਸਟ ਮੈਨੀਫੈਸਟੋ ਵਿਚ ਉਸ ਨੇ ਅਤੇ ਏਂਗਲਜ਼ ਨੇ ਲਿਖਿਆ ਕਿ ਸਮਾਜਵਾਦੀਆਂ ਨੂੰ ਹਰ ਆਰਥਿਕ ਤੇ ਸਿਆਸੀ ਸੰਘਰਸ਼ ਵਿਚ ਸੰਭਵ ਤੌਰ 'ਤੇ ਸ਼ਾਮਲ ਹੋਣਾ ਚਾਹੀਦਾ ਹੈ। ਉਸੇ ਸਮੇਂ ਉਨਾਂ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਇਹ ਸਮਝਾਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਸਰਮਾਏਦਾਰੀ ਪ੍ਰਬੰਧ ਤੋਂ ਛੁਟਕਾਰਾ ਪਾਉਣ ਦੀ ਅਤੇ ਇਸ ਨੂੰ ਸਮਾਜਵਾਦੀ ਸਮਾਜ ਪ੍ਰਬੰਧ ਵਿਚ ਤਬਦੀਲ ਕਰਨ ਦੀ ਵੀ ਲੋੜ ਹੈ। ਮਾਰਕਸ ਦੇ ਸਮਿਆਂ ਨੇ ਅਪਣਾਏ ਗਏ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਦਾ ਕੋਈ ਮੌਕਾ ਨਹੀਂ ਦਿਤਾ। ਜਥੇਬੰਦੀ ਦੇ ਸਵਾਲ 'ਤੇ ਕੰਮ ਕਰਨ ਦਾ ਕਾਰਜ ਭਵਿੱਖ ਦੀਆਂ ਪੀੜੀਆਂ ਹੱਥ ਚਲਾ ਗਿਆ।

ਅਨਮਾਨਤਾ ਹਮੇਸ਼ਾ ਲਈ ਵਧਦੀ ਜਾ ਰਹੀ ਹੈ, ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਇਹ ਅਟਲ ਹੈ। ਸਨਅਤੀ ਪੂੰਜੀਵਾਦ ਇਸ ਨੂੰ ਉਨੀਵੀਂ ਸਦੀ ਵਿਚ ਪਿਛਾਂਹ ਨਹੀਂ ਮੋੜੇਗਾ ਅਤੇ ਵਿੱਤੀ ਪੂੰਜੀਵਾਦ ਵੀਹਵੀਂ ਸਦੀ ਵਿਚ ਨਹੀਂ ਪਰਤੇਗਾ। ਮਾਰਕਸ ਵਿਆਖਿਆ ਕਰਦਾ ਹੈ ਕਿ ਸਾਮੰਤੀ ਕੁਲੀਨਤੰਤਰਾਂ ਤੋਂ ਲੈ ਕੇ ਸਨਅਤੀ ਸਾਮਰਾਜਾਂ ਤੱਕ ਇਤਿਹਾਸ ਦਾ ਪਹੀਆ ਸਭ ਕੁਝ ਰੱਖਣ ਵਾਲੀਆਂ ਅਤੇ ਕੁੱਝ ਵੀ ਨਾ ਰੱਖਣ ਵਾਲੀਆਂ ਜਮਾਤਾਂ-ਬੁਰਜਵਾਜ਼ੀ ਅਤੇ ਪਰੋਲਤਾਰੀ ਦੇ ਟਕਰਾਉ ਨਾਲ ਚੱਲਦਾ ਆ ਰਿਹਾ ਹੈ। ਇਹ ਉਹ ਪੇਸ਼ੀਨਗੋਈ ਹੈ, ਜਿਸ ਦੇ ਅਧੀਨ ਅਸੀਂ 2018 ਵਿਚ ਰਹਿ ਰਹੇ ਹਾਂ। ਅਸਲੀ ਲਾਭ ਉਹ ਲੈਂਦੇ ਹਨ ਜਿਨਾਂ ਕੋਲ ਵੱਡੀ ਤਕਨਾਲੋਜੀ ਹੈ ਅਤੇ ਕੁਝ ਕਾਰਪੋਰੇਸ਼ਨਾਂ ਜਿਹੜੀਆਂ ਰਾਜਸੀ ਤੇ ਆਰਥਿਕ ਤਾਕਤ ਨੂੰ ਕਾਬੂ ਹੇਠ ਰੱਖਦੀਆਂ ਹਨ। ਇਕੋ ਚੀਜ਼ ਜਿਹੜੀ ਉਸ ਨੂੰ ਉਲਟਾ ਸਕਦੀ ਹੈ, ਪ੍ਰਬੰਧ ਵਿਚ ਸੇਧੀ ਹੋਈ ਸਿਆਸੀ ਕਾਰਵਾਈ ਹੈ। ਮਾਰਕਸ ਸਾਨੂੰ ਇਹ ਮਹਿਸੂਸ ਕਰਨ ਦਾ ਮੌਕਾ ਦਿੰਦਾ ਹੈ ਕਿ ਹਰ ਇਕ ਦਾ ਸੁਤੰਤਰ ਵਿਕਾਸ ਸਭ ਦੇ ਸੁਤੰਤਰ ਵਿਕਾਸ ਦੀ ਸ਼ਰਤ ਹੈ। ਪੈਦਾਵਾਦ ਦੇ ਸਾਧਨਾਂ ਦੀ ਨਿੱਜੀ ਮਾਲਕੀ ਨੂੰ ਰੱਦ ਕਰਕੇ ਸਮਾਜਿਕ ਤਬਦੀਲੀ ਉੱਪਰ ਜ਼ੋਰ ਦਿਉ, ਜਿਸ ਵਿਚ ਮਸ਼ੀਨਰੀ, ਭੌਂਇ ਅਤੇ ਸਾਧਨਾਂ ਦੀ ਸਮਾਜਿਕ ਮਾਲਕੀ ਸ਼ਾਮਲ ਹੋਵੇ। ਸਮੂਹਿਕ ਸਿਆਸੀ ਕਾਰਵਾਈ ਸਾਡਾ ਆਜ਼ਾਦੀ ਅਤੇ ਅਨੰਦ ਹਾਸਲ ਕਰਨ ਦਾ ਇਕ ਮੌਕਾ ਹੈ। ਨਾਬਰਾਬਰੀ ਦੇ ਪ੍ਰਵਾਹ ਨੂੰ ਉਲਟਾਉਣ ਲਈ ਪ੍ਰੇਰਣਾ ਲੈਣ, ਚੇਤੰਨ ਹੋਣ ਅਤੇ ਊਰਜਾ ਹਾਸਲ ਕਰਨ ਲਈ ਕਾਰਲ ਮਾਰਕਸ ਦੀਆਂ ਲਿਖਤਾਂ ਵੱਲ ਪਰਤਣਾ ਪਵੇਗਾ।

ਅੱਜ ਮਾਰਕਸਵਾਦੀ ਵਿਚਾਰਧਾਰਕ ਅਸਲੇਖਾਨੇ ਨੂੰ ਦੁਨੀਆਂ ਦੀ ਕੁੱਲ ਸਮਾਜਵਾਦੀ ਤੇ ਜਮਹੂਰੀ ਵਿਚਾਰਾਂ ਦੀ ਦੌਲਤ ਵਿਚ ਸ਼ਾਮਲ ਕਰਨ ਦੀ ਲੋੜ ਹੈ। ਯਕੀਨਨ ਹੀ ਸਮਾਜਵਾਦੀ ਦ੍ਰਿਸ਼ਟੀਕੋਣ ਆਪਣੀ ਸ਼ਾਨ ਬਰਕਰਾਰ ਰੱਖਣ ਲਈ ਇਕ ਹੋਰ ਵੀ ਜ਼ਿਆਦਾ ਮਾਨਵੀਕ੍ਰਿਤ ਰੂਪ ਵਿਚ ਪਰਤੇਗਾ।





Summerside FINANCIAL

# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*

## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।



## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**
**www.summersidefinancial.com**
#200, 17834 106A Avenue Edmonton, Alberta T5S 1V3

**Alan Ajit Walia**
**780-995-2719 (Cell)**
**780-705-6668 (Off.)**

*Email: info@summersidefinancial.com, Fax : 780-705-6641*

ਸਫ਼ਾ 20 ਦੀ ਬਾਕੀ

## ਨਕਲ ਦਾ ਕੋਹੜ, ਸਿੱਖਿਆ ਵਿਭਾਗ, ਸਮਾਜ ਤੇ ਸਰਕਾਰਾਂ

ਨਾਲ ਹੀ ਅਧਿਆਪਕ ਨੂੰ ਘੱਟ ਨਤੀਜੇ ਆਉਣ 'ਤੇ ਤਰੱਕੀ ਰੋਕਣ, ਤਬਾਦਲੇ ਕਰਨ, ਜਵਾਬ ਤਲਬੀ ਕਰਨ ਆਦਿ ਦਾ ਹਊਆ ਖੜ੍ਹਾ ਕਰ ਦਿੱਤਾ। ਏਨਾ ਹੀ ਨਹੀਂ, ਅਧਿਆਪਕਾਂ ਨੂੰ ਕਈ ਗੈਰ-ਵਿਦਿਅਕ ਕੰਮਾਂ ਵਿਚ ਰੁਝਾ ਦਿਤਾ। ਕੇਂਦਰ ਨੇ ਪ੍ਰਾਂਤਾਂ ਵਿਚ ਐਸ.ਐਸ.ਏ. ਵਲੋਂ ਠੇਕੇ 'ਤੇ ਅਧਿਆਪਕ ਭਰਤੀ ਸ਼ੁਰੂ ਕਰਕੇ ਅਤੇ ਨਿਗੂਣੀ (ਦਿਹਾੜੀਦਾਰ ਤੋਂ ਵੀ ਘੱਟ) ਮਾਣ ਭੱਤਾ (ਤਨਖਾਹ ਨਹੀਂ-ਗ੍ਰੇਡ ਨਹੀਂ) ਦਿਤਾ ਜਾਣ ਲੱਗਾ। ਅਧਿਆਪਕ ਦਾ ਅਪਮਾਨ ਹੋਣ ਲੱਗਾ। ਸਿੱਟੇ ਵਜੋਂ ਸਰਕਾਰ ਦੀਆਂ ਗਲਤ ਨੀਤੀਆਂ ਨਾਲ ਨਕਲ ਦਾ ਰੁਝਾਨ ਵਧਦਾ ਗਿਆ। ਵੱਡੀ ਪੱਧਰ 'ਤੇ ਅਧਿਆਪਕ ਵਿਹਲੇ ਹੋ ਗਏ। ਕੋਈ ਨੌਕਰੀ ਨਹੀਂ। ਨੌਕਰੀ ਦੀ ਉਮਰ ਵੀ ਟੱਪਦੀ ਰਹੀ। ਜੋ ਨਿਰਧਾਰਤ ਟੀ.ਈ.ਟੀ. ਟੈਸਟ ਪਾਸ ਕਰ ਗਏ, ਉਹ ਵੀ ਫਾਡੀ ਬਣ ਗਏ।

ਕਹਿਣ ਨੂੰ ਸਿਖਿਆ ਸਕੱਤਰ ਪੰਜਾਬ, ਕ੍ਰਿਸ਼ਨ ਕੁਮਾਰ ਹੋਰੀਂ ਬੜੀ ਸੁਹਿਰਦਤਾ ਨਾਲ ਸਿੱਖਿਆ ਸੁਧਾਰਾਂ ਦਾ ਯਤਨ ਕਰਦੇ ਦਿਸਦੇ ਹਨ, ਇਮਾਨਦਾਰ ਅਧਿਕਾਰੀ ਹਨ, ਪਰ ਉਹ ਨਾਂ ਤਾਂ ਡੀ.ਜੀ.ਐਸ.ਈ. ਪੰਜਾਬ ਹੋਣ ਸਮੇਂ ਕੁਝ ਸਵਾਰ ਸਕੇ ਤੇ ਨਾ ਹੁਣ ਸਵਾਰ ਸਕਣਾ ਹੈ। ਹੁਣ ਫਿਰ ਕਾਂਗਰਸ ਸਰਕਾਰ ਵਲੋਂ ਇਸ ਅਧਿਕਾਰੀ ਨੂੰ ਸਿੱਖਿਆ ਸਕੱਤਰ ਬਣਾ ਦਿਤਾ ਗਿਆ ਹੈ। ਉਨ੍ਹਾਂ ਵਲੋਂ ਨਕਲ 'ਤੇ ਰੋਕ ਲਗਾਉਣ ਦਾ ਯਤਨ ਇਸ ਵਾਰ ਕੀਤਾ ਤਾਂ ਜਾ ਰਿਹਾ ਹੈ, ਪਰ ਲੱਗਦਾ ਹੈ ਸਰਕਾਰ ਵਲੋਂ ਉਨ੍ਹਾਂ ਨੂੰ ਸਿੱਖਿਆ ਸੁਧਾਰਾਂ ਦੀ ਜ਼ਿੰਮੇਵਾਰੀ ਘੱਟ ਅਤੇ ਸਿੱਖਿਆ ਦਾ ਖਰਚਾ ਘਟਾਉਣ ਦੀ ਜ਼ਿੰਮੇਵਾਰੀ ਵਧੇਰੇ ਲਾਈ ਗਈ ਹੈ। ਭਾਵੇਂ ਬਾਹਰੋਂ ਵੇਖਣ ਨੂੰ ਲੱਗਦਾ ਹੈ ਕਿ ਨਕਲ ਇਸ ਵਾਰ ਕੁਝ ਘੱਟ ਜਾਵੇਗੀ। ਘੱਟੋ-ਘੱਟ ਪਹਿਲਾਂ ਵਰਗੀ ਨਹੀਂ ਰਹੇਗੀ, ਪਰ ਇਹ ਨਕਲ ਦੀ ਬਿਰਤੀ ਤੇ ਵਰਤਾਰਾ ਖ਼ਤਮ ਹੋ ਜਾਵੇਗਾ, ਇਸ ਵਿਦਿਅਕ ਤੇ ਪ੍ਰਬੰਧਕੀ ਢਾਂਚੇ ਵਿਚ ਇਹ ਸੰਭਵ ਹੀ ਨਹੀਂ ਹੈ। ਜਿੰਨਾ ਚਿਰ ਸਿੱਖਿਆ 'ਚ ਵਿਆਪਕ ਸੁਧਾਰ ਨਹੀਂ ਹੁੰਦਾ, ਸਰਕਾਰ ਸਿੱਖਿਆ 'ਤੇ ਖਰਚਾ ਵਧੇਰੇ ਨਹੀਂ ਕਰਦੀ, ਨਿੱਜੀ ਸਕੂਲਾਂ ਦੀ ਲੁੱਟ ਦਾ ਸ਼ਿਕੰਜਾ ਖਤਮ ਕਰਕੇ ਅਧਿਆਪਕ ਭਰਤੀ ਅਤੇ ਉਨ੍ਹਾਂ ਦੇ ਮਾਨ-ਸਨਮਾਨ, ਪੂਰੀ ਤਨਖਾਹ ਆਦਿ ਵੱਲ ਵਧੇਰੇ ਧਿਆਨ ਨਹੀਂ ਦਿਤਾ ਜਾਂਦਾ, ਸਾਰੇ ਸਕੂਲਾਂ ਦਾ ਸਰਕਾਰੀਕਰਨ ਨਹੀਂ ਹੁੰਦਾ ਓਨਾ ਚਿਰ ਨਕਲ ਖਤਮ ਨਹੀਂ ਹੋ ਸਕਦੀ। ਹਾਂ 'ਨਕਲ ਲਾਬੀ' ਵਲੋਂ ਕ੍ਰਿਸ਼ਨ ਕੁਮਾਰ ਵਰਗਿਆਂ ਨੂੰ ਅਹੁਦੇ ਤੋਂ ਜ਼ਰੂਰ ਵੱਖ ਕੀਤਾ ਜਾ ਸਕਦਾ ਹੈ। ਜੋ ਕਾਰਜਸ਼ੈਲੀ ਕ੍ਰਿਸ਼ਨ ਕੁਮਾਰ ਹੋਰਾਂ ਵਲੋਂ ਪੰਜਾਬ ਦੇ ਸਿੱਖਿਆ ਸਕੱਤਰ ਬਣਨ ਬਾਅਦ ਅਪਣਾਈ ਗਈ ਹੈ, ਉਹ ਸਿੱਖਿਆ ਸੁਧਾਰ ਘੱਟ ਤੇ ਸਕੂਲ ਠੱਪ ਕਰਨ ਵੱਲ ਵਧੇਰੇ ਝੁਕਾਅ ਰੱਖਦੀ ਲਗਦੀ ਹੈ। ਉਨ੍ਹਾਂ ਵਲੋਂ 2750 ਸਕੂਲਾਂ ਵਿਚ ਅੰਗਰੇਜ਼ੀ ਰਾਹੀਂ ਸਿੱਖਿਆ ਦੇਣ, 400 ਸਕੂਲਾਂ 'ਚ ਮਾਂ-ਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ ਨੂੰ ਪਹਿਲ ਦੇਣ, 20 ਬੱਚਿਆਂ ਤੋਂ ਘੱਟ ਗਿਣਤੀ ਵਾਲੇ 800 ਸਕੂਲ ਤੋੜਨ, ਮਿਡਲ ਸਕੂਲਾਂ ਵਿਚ ਹਿੰਦੀ ਤੇ ਪੰਜਾਬੀ ਅਤੇ ਸਰੀਰਕ ਸਿੱਖਿਆ ਤੇ ਡਰਾਇੰਗ ਆਦਿ 'ਚੋਂ ਇਕ ਇਕ ਅਸਾਮੀ ਖਤਮ ਕਰਨ। ਸਰਬ ਸਿੱਖਿਆ ਅਭਿਆਨ ਤਹਿਤ 2009 ਤੋਂ ਕੰਮ ਕਰਦੇ ਐਸ.ਐਸ.ਏ., ਰਮਸਾ, ਆਈ.ਈ.ਆਰ.ਟੀ., ਆਦਰਸ਼ ਸਕੂਲ ਟੀਚਰ, ਹੋਰ ਨਾਨ-ਟੀਚਿੰਗ ਅਮਲੇ ਆਦਿ ਦੀਆਂ 42,800 ਰੁਪਏ ਤੋਂ ਅਤੇ 2005 ਤੋਂ ਕੰਮ ਕਰਦੇ ਕੰਪਿਊਟਰ ਟੀਚਰਾਂ ਦੀਆਂ ਤਨਖਾਹਾਂ 55,000 ਦੀ ਥਾਂ 75% ਤੋਂ ਵਧੇਰੇ ਤਨਖਾਹ ਘੱਟ ਕਰਕੇ 10,300 'ਤੇ ਕੰਮ ਕਰਨ ਲਈ ਮਜਬੂਰ ਕਰਨਾ ਅਤੇ ਉਨ੍ਹਾਂ ਦੀ ਪਿਛਲੀ ਸੇਵਾ ਖਤਮ ਕਰਕੇ ਤਿੰਨ ਸਾਲ ਇਸੇ ਤਨਖਾਹ 'ਤੇ ਰੱਖ ਕੇ ਪੱਕੇ ਕਰਨ ਦਾ ਲਾਰਾ ਲਾਉਣਾ ਅਤੇ ਪਹਿਲਾਂ ਤਿੰਨ ਸਾਲ ਤੋਂ ਘੱਟ ਤਨਖਾਹ 'ਤੇ ਕੰਮ ਕਰਦੇ 5178 ਅਧਿਆਪਕਾਂ ਨੂੰ ਵਾਅਦੇ ਮੁਤਾਬਕ ਰੈਗੂਲਰ ਕਰਨ ਦੀ ਥਾਂ ਹੋਰ ਤਿੰਨ ਸਾਲ 10,300 'ਤੇ ਹੀ ਰੱਖਣਾ, ਖਾਲੀ ਅਸਾਮੀਆਂ ਖਤਮ ਕਰਨਾ, 25% ਸਿੱਧੀ ਭਰਤੀ ਪ੍ਰਾਇਮਰੀ ਮੁਖੀਆਂ ਦੀਆਂ ਅਸਾਮੀਆਂ ਨਾ ਭਰਨਾ, ਰੈਗੂਲਰ ਹੋਣ ਲਈ ਤੇ ਹੋਰ ਮੰਗਾਂ ਲਈ ਪੁਰਅਮਨ ਰੋਸ ਰੈਲੀਆਂ ਕਰ ਰਹੇ, ਅਧਿਆਪਕਾਂ ਉੱਪਰ ਕੇਸ ਦਰਜ ਕਰਨੇ, ਅਧਿਆਪਕਾਂ ਦੀ ਛੁੱਟੀ ਤੀਕ ਬੰਦ ਕਰ ਦੇਣ ਦੇ ਫੁਰਮਾਨ ਜਾਰੀ ਕਰਨੇ, ਪੰਜਾਬ ਸਕੂਲ ਸਿੱਖਿਆ ਬੋਰਡ 'ਚੋਂ 700 ਅਸਾਮੀਆਂ ਖਤਮ ਕਰਨਾ, ਡੀ.ਪੀ.ਆਈ. ਪ੍ਰਾਇਮਰੀ ਤੇ ਸੈਕੰਡਰੀ ਦਫਤਰਾਂ ਵਿਚ ਕਈ ਬ੍ਰਾਂਚਾਂ ਖਤਮ ਕਰਨਾ, ਮੰਡਲ ਸਿੱਖਿਆ ਦਫਤਰਾਂ ਦਾ ਖਾਤਮਾ, ਇਨ ਸਰਵਿਸ ਟੀਚਰ ਟ੍ਰੇਨਿੰਗ ਸੈਂਟਰਾਂ ਨੂੰ ਤਾਲੇ ਲਾਉਣਾ ਆਦਿ ਆਦਿ ਤੋਂ ਲੱਗਦਾ ਹੈ ਕਿ ਉਹ ਗਿਣ-ਮਿੱਥ ਕੇ ਕਾਂਗਰਸ ਸਰਕਾਰ ਵਲੋਂ ਸਿੱਖਿਆ ਉੱਪਰ ਖਰਚਾ ਘੱਟ ਕਰ ਕੇ ਪ੍ਰਚੱਲਤ ਢਾਂਚਾ ਤਬਾਹ ਕਰਨ ਅਤੇ ਟੀਚਰਾਂ ਨੂੰ ਹੋਰ ਸਤਾਉਣ ਅਤੇ ਸਿੱਖਿਆ ਵੀ ਅਮੀਰਾਂ ਦੀ ਰਖੇਲ ਬਣਾਉਣ ਦੀ ਨੀਤੀ 'ਤੇ ਕੰਮ ਕਰ ਰਹੇ ਹਨ।

ਨਕਲ ਰੋਕਣ ਦੇ ਇਸ ਵਾਰ ਹੋ-ਹੱਲਾ ਮਚਾਉਣ ਨਾਲ ਵੀ ਉਹ ਅਧਿਆਪਕਾਂ ਨੂੰ ਬਦਨਾਮ ਹੀ ਕਰਨਾ ਚਾਹੁੰਦੇ ਹਨ ਕਿ ਵੇਖੋ ਅਧਿਆਪਕ ਪੜ੍ਹਾਉਂਦੇ ਨਹੀਂ। ਨਕਲ ਨਹੀਂ ਵੱਜੀ ਤਾਂ ਨਤੀਜੇ ਘੱਟ ਆਏ ਹਨ। ਇਹ ਕਦੇ ਨਹੀਂ ਆਖਿਆ ਕਿ ਕਦੇ ਖਾਲੀ ਅਸਾਮੀਆਂ ਵੀ ਭਰਨੀਆਂ ਹਨ। 'ਪੜ੍ਹੋ ਪੰਜਾਬ' ਵਰਗੇ ਪਾਖੰਡਾਂ 'ਚ ਅਧਿਆਪਕਾਂ ਦਾ ਸਮਾਂ ਬਰਬਾਦ ਕਰਕੇ ਕੀ ਲਾਭ ਮਿਲਿਆ ਹੈ। ਗੈਰ-ਵਿਦਿਅਕ ਕੰਮ ਤੋਂ ਕਿਵੇਂ ਨਿਜ਼ਾਤ ਹਾਸਲ ਕਰਾਉਣੀ ਹੈ? ਕੀ ਹਰ ਕਲਾਸ 25 ਬੱਚਿਆਂ ਦੀ ਅਤੇ ਹਰ ਕਲਾਸ-ਵਿਸ਼ੇ ਲਈ 1:25 ਅਨੁਪਾਤ ਨਾਲ ਅਧਿਆਪਕ ਦਿੱਤੇ ਗਏ ਹਨ? ਕੀ ਸਕੂਲਾਂ ਵਿਚ ਹੋਰ ਸਾਰਾ ਸਾਜੋ-ਸਾਮਾਨ, ਪੀਣ ਵਾਲਾ ਸਾਫ ਪਾਣੀ, ਪੱਖੇ, ਆਦਿ ਸਭ ਸਹੂਲਤਾਂ ਉਪਲੱਬਧ ਹਨ? ਕੀ ਨਿੱਜੀ ਸਕੂਲਾਂ 'ਤੇ ਫੀਸਾਂ ਲੈਣ ਅਤੇ ਅਧਿਆਪਕਾਂ ਨੂੰ ਤਨਖਾਹਾਂ ਦੇਣ ਦਾ ਕੋਈ ਸਰਕਾਰੀ/ਵਿਭਾਗੀ ਨਿਯਮ ਲਾਗੂ ਹੈ? ਨਕਲ ਕੋਈ ਇਕੱਲਾ ਕਾਰਾ ਵਰਤਾਰਾ ਨਹੀਂ ਹੈ, ਜਿਸ ਨੂੰ ਰੋਕਿਆ ਜਾ ਸਕਦਾ ਹੈ। ਦਰਿਆ ਦੇ ਪਾਣੀ ਅੱਗੇ ਕਮਜ਼ੋਰ ਜਿਹਾ ਇਕਦਮ ਬੰਨ ਲੱਗਣਾ ਸੰਭਵ ਨਹੀਂ ਹੁੰਦਾ, ਇਸ ਲਈ ਮਜ਼ਬੂਤ ਬੰਨ੍ਹ ਅਤੇ ਪਾਣੀ ਦੇ ਹੋਰਨੀ ਪਾਸੀਂ ਨਿਕਾਸੀ ਲਈ ਸਾਧਨ ਪਹਿਲਾਂ ਕਰਨੇ ਜ਼ਰੂਰੀ ਹੁੰਦੇ ਹਨ। ਪਰ ਇਥੇ ਤਾਂ ਕੁੱਝ ਵੀ ਨਹੀਂ ਹੈ। ਸਕੂਲਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਸਮੁੱਚੇ ਵਿਦਿਅਕ ਤਾਣੇ-ਬਾਣੇ ਦੀ ਹਾਲਤ ਸੁਧਾਰੇ ਬਿਨਾਂ ਬਜਟ ਦਾ ਘੱਟੋ-ਘੱਟ 10% ਅਤੇ ਡੀ.ਜੀ.ਪੀ. ਦਾ ਘੱਟੋ-ਘੱਟ 6% ਸਿੱਖਿਆ 'ਤੇ ਖਰਚਣ ਬਿਨਾਂ ਸਿੱਖਿਆ ਸੁਧਾਰ ਸੰਭਵ ਨਹੀਂ। ਜਿਨਾਂ ਵਿਚ ਨਕਲ ਵਰਤਾਰਾ ਵੀ ਸ਼ਾਮਲ ਹੈ।

ਇਸ ਵਕਤ ਨਕਲ ਨੂੰ ਰੋਕਣ ਦੇ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਨੀ ਤਾਂ ਬਣਦੀ ਹੈ, ਪਰ ਸੱਚ ਤਾਂ ਇਹ ਹੇ ਕਿ ਜ਼ਰਜ਼ਰੇ ਹੋ ਕੇ ਡਿਗੂੰ ਡਿਗੂੰ ਕਰ ਰਹੇ ਵਿਦਿਅਕ ਢਾਂਚੇ ਨੂੰ ਇਹ ਮਾਮੂਲੀ ਠੁੰਮਣਾ ਦੇਣ ਦਾ ਨਾਮਾਤਰ ਯਤਨ ਹੀ ਹੈ। ਸਮਾਜਕ ਵਿਗਿਆਨ ਇਹ ਗੱਲ ਦੱਸਦਾ ਹੈ ਕਿ ਮਸਲਿਆਂ ਨੂੰ ਸਹੀ ਢੰਗ ਨਾਲ ਨਜਿੱਠਣ ਲਈ ਸਮੁੱਚ ਤੋਂ ਹਿੱਸੇ (Whole to Part) ਦੀ ਪਹੁੰਚ ਅਪਣਾਉਣੀ ਚਾਹੀਦੀ ਹੈ, ਨਾ ਕਿ ਹਿੱਸੇ ਤੋਂ ਸਮੁੱਚ ਦੀ।

ਸਫ਼ਾ 21 ਦੀ ਬਾਕੀ

## .... ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਦੋ ਰੋਜ਼ਾ ਕੌਮੀ ਸੈਮੀਨਾਰ

ਅਤੇ ਇਸ ਵਿਕਾਸ ਦੀ ਲਗਾਤਾਰਤਾ ਪ੍ਰਿੰ. ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚੋਂ ਸਾਫ਼ ਨਜ਼ਰ ਆਉਂਦੀ ਹੈ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਆਪਣੀ ਲਿਖਤ ਅਤੇ ਕਰਮ 'ਚ ਇਕੋ ਜਿਹੇ ਸਨ। ਤੀਜਾ ਸੈਸ਼ਨ ਡਾ. ਸੁਰਜੀਤ ਲੀਹ ਦੀ ਪ੍ਰਧਾਨਗੀ 'ਚ ਹੋਇਆ। ਕੇਂਦਰੀ ਸਭਾ ਵਲੋਂ ਪ੍ਰਧਾਨਗੀ ਮੰਡਲ 'ਚ ਮੱਖਣ ਕੁਹਾੜ ਸ਼ਾਮਲ ਸਨ। ਪਹਿਲਾ ਪਰਚਾ ਪੇਸ਼ ਕਰਦਿਆਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਡਾ. ਕਰਮਜੀਤ ਸਿੰਘ ਨੇ 'ਪ੍ਰਿੰ. ਸੁਜਾਨ ਸਿੰਘ ਦੀਆਂ ਸਿੱਖ ਇਤਿਹਾਸ ਅਧਾਰਤ ਲਿਖਤਾਂ ਦੀ ਪ੍ਰਗਤੀਵਾਦੀ ਦ੍ਰਿਸ਼ਟੀ' ਵਿਸ਼ੇ 'ਤੇ ਗੱਲ ਕਰਦਿਆਂ ਕਿਹਾ ਕਿ ਪ੍ਰਿੰ. ਸੁਜਾਨ ਸਿੰਘ ਪ੍ਰਗਤੀਸ਼ੀਲਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਜੋੜਦੇ ਹਨ। ਉਨ੍ਹਾਂ ਜ਼ਿਕਰ ਕੀਤਾ ਕਿ ਭਾਰਤ ਦੀ ਆਜ਼ਾਦੀ ਦਾ ਸੰਘਰਸ਼, ਗ਼ਦਰ ਲਹਿਰ, ਜਲਿਆਂਵਾਲਾ ਬਾਗ਼ ਕਾਂਡ, ਅਕਾਲੀ ਲਹਿਰ ਅਤੇ ਗੁਰਦੁਆਰਾ ਲਹਿਰ ਪ੍ਰਿੰ. ਸੁਜਾਨ ਸਿੰਘ ਨੂੰ ਪ੍ਰਭਾਵਤ ਕਰਦੇ ਹਨ ਅਤੇ ਉਹ ਆਪਣੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਪ੍ਰਗਤੀਵਾਦੀ ਧਾਰਾ ਦੇ ਪ੍ਰਮੁੱਖ ਲੇਖਕ ਬਣਦੇ ਹਨ। ਇਸ ਸੈਸ਼ਨ 'ਚ ਦੂਜੇ ਪਰਚਾ ਲੇਖਕ ਵਜੋਂ ਡਾ. ਧਨਵੰਤ ਕੌਰ ਸ਼ਾਮਲ ਸਨ। ਉਨ੍ਹਾਂ ਪ੍ਰਿੰ. ਸੁਜਾਨ ਸਿੰਘ ਦੀਆਂ ਚਰਚਿਤ ਕਹਾਣੀਆਂ ਦੇ ਹਵਾਲਿਆਂ ਨਾਲ ਗੱਲ ਕਰਦਿਆਂ ਕਿਹਾ ਕਿ ਕਹਾਣੀਆਂ ਦੇ ਆਮ ਪਾਤਰ ਹੀ ਉਨ੍ਹਾਂ ਦੀ ਤਾਕਤ ਹਨ। ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਦਰਸ਼ਨ ਸਿੰਘ ਖਟਕੜ ਨੇ ਪ੍ਰਿੰ. ਸੁਜਾਨ ਸਿੰਘ ਨਾਲ ਉਨ੍ਹਾਂ ਦੀਆਂ ਪਰਿਵਾਰਕ ਯਾਦਾਂ ਨੂੰ ਸਾਂਝਾ ਕੀਤਾ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਸੁਰਜੀਤ ਲੀਹ ਨੇ ਸੁਜਾਨ ਸਿੰਘ ਦੀਆਂ ਕਹਾਣੀਆਂ ਨੂੰ ਪੰਜਾਬੀ ਸੱਭਿਆਚਾਰ ਦੇ ਸੰਦਰਭ 'ਚ ਵਧੇਰੇ ਤਾਕਤਵਰ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬੀ ਦੀ ਕਹਾਣੀ ਇਸ ਵਕਤ ਵਿਸ਼ਵ ਕਹਾਣੀ ਦੇ ਮੇਚ ਦੀ ਹੈ ਅਤੇ ਸੁਜਾਨ ਸਿੰਘ ਦੀ ਇਹਦੇ ਵਿਚ ਭੂਮਿਕਾ ਇਤਿਹਾਸਕ ਮਹੱਤਵ ਵਾਲੀ ਹੈ। ਇਸ ਸੈਸ਼ਨ 'ਚ ਧੰਨਵਾਦ ਕਰਦਿਆਂ ਮੱਖਣ ਕੁਹਾੜ ਨੇ ਸੈਮੀਨਾਰ 'ਚ ਵੱਡੀ ਗਿਣਤੀ ਵਿਚ ਹਾਜ਼ਰ ਵਿਦਿਆਰਥੀਆਂ ਦਾ ਉਚੇਚਾ ਧੰਨਵਾਦ ਕੀਤਾ। ਪਹਿਲੇ ਦਿਨ ਦੇ ਇਨਾਂ ਤਿੰਨਾਂ ਸੈਸ਼ਨਾਂ 'ਚ ਡਾ. ਗੁਰਨਾਇਬ ਸਿੰਘ, ਗੁਰਮੀਤ ਕੱਲਰਮਾਜਰੀ, ਬਲਦੇਵ ਧਾਲੀਵਾਲ, ਪ੍ਰਿੰ. ਸੁਜਾਨ ਸਿੰਘ ਦੀ ਬੇਟੀ ਬੀਬੀ ਸੁਰਿੰਦਰ ਕੌਰ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੇ ਕੁੱਝ ਸਵਾਲ ਵੀ ਉਠਾਏ, ਜਿਨਾਂ ਦੇ ਪਰਚਾ ਲੇਖਕਾਂ ਵਲੋਂ ਜਵਾਬ ਦਿਤੇ ਗਏ। ਇਸ ਸੈਸ਼ਨ ਦਾ ਸੰਚਾਲਨ ਡਾ ਗੁਰਮੀਤ ਕੱਲਰਮਾਜਰੀ ਨੇ ਕੀਤਾ।

ਸੈਮੀਨਾਰ ਦੇ ਦੂਸਰੇ ਦਿਨ ਚੌਥਾ ਸੈਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸਿਰਸਾ ਦੀ ਪ੍ਰਧਾਨਗੀ 'ਚ ਸ਼ੁਰੂ ਹੋਇਆ। ਪ੍ਰਧਾਨਗੀ ਮੰਡਲ 'ਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ. ਜੋਗਾ ਸਿੰਘ, ਸੁਜਾਨ ਸਿੰਘ ਦੇ ਵੱਡੇ ਬੇਟੇ ਕੁਲਵੰਤ ਸਿੰਘ ਅਤੇ ਬੇਟੀਆਂ ਪਰਮਜੀਤ ਕੌਰ, ਸੁਰਜੀਤ ਕੌਰ, ਜਗਦੀਸ਼ ਸਿੰਘ ਘਈ ਅਤੇ ਸ਼ਿਵਨਾਥ ਸ਼ਾਮਲ ਹੋਏ। ਇਸ ਸੈਸ਼ਨ 'ਚ ਰੱਖੇ ਗਏ ਵਿਸ਼ੇ 'ਪ੍ਰਿੰ. ਸੁਜਾਨ ਸਿੰਘ : ਚੇਤਿਆਂ ਦੇ ਮੋਤੀ ਅਤੇ ਚਿੰਤਨ' ਉਤੇ ਗੱਲ ਕਰਦਿਆਂ ਪ੍ਰਿੰ. ਸੁਜਾਨ ਸਿੰਘ ਦੀਆਂ ਬੇਟੀਆਂ ਸੁਰਿੰਦਰ ਕੌਰ ਅਤੇ ਕਮਲਦੀਪ ਕੌਰ ਨੇ ਬਹੁਤ ਹੀ ਭਾਵਪੂਰਤ ਅੰਦਾਜ਼ 'ਚ ਆਪਣੇ ਪਿਤਾ ਨੂੰ ਯਾਦ ਕਰਦਿਆਂ ਕੁੱਝ ਵੱਡਮੁੱਲੀਆਂ ਯਾਦਾਂ ਸਾਂਝੀਆਂ ਕੀਤੀਆਂ। ਸੁਜਾਨ ਸਿੰਘ ਦੇ ਨਾਲ ਲਗਾਤਾਰ 10 ਵਰ੍ਹੇ ਰਹਿਣ ਵਾਲੇ ਸ਼ਿਵਨਾਥ ਨੇ ਉਨ੍ਹਾਂ ਦਾ ਰੇਖਾ ਚਿੱਤਰ ਪੇਸ਼ ਕੀਤਾ, ਜਦਕਿ ਜਗਦੀਸ਼ ਘਈ, ਗੁਰਬਚਨ ਵਿਰਦੀ ਅਤੇ ਮੱਖਣ ਕੁਹਾੜ ਨੇ ਸੁਜਾਨ ਸਿੰਘ ਨਾਲ ਆਪਣੀਆਂ ਅਜਿਹੀਆਂ ਯਾਦਾਂ ਦਾ ਜ਼ਿਕਰ ਕੀਤਾ। ਸੁਜਾਨ ਸਿੰਘ ਦੇ ਪਰਿਵਾਰਕ ਮਿੱਤਰ ਕਲਕੱਤਾ ਤੋਂ ਆਏ ਸੇਨ ਗੁਪਤਾ ਨੇ ਸੁਜਾਨ ਸਿੰਘ ਨੂੰ ਪੰਜਾਬੀ ਤੋਂ ਬਾਹਰਲੀਆਂ ਭਾਸ਼ਾਵਾਂ 'ਚ ਅਨੁਵਾਦ ਕਰਵਾਏ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਆਏ ਡਾ. ਪਰਮਿੰਦਰ ਸਿੰਘ ਨੇ ਜਿੱਥੇ ਸੁਜਾਨ ਸਿੰਘ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ, ਉਥੇ ਨਾਲ ਹੀ ਉਨ੍ਹਾਂ ਦੇ ਕਹਾਣੀ ਚਿੰਤਨ ਉਤੇ ਵੀ ਬੇਬਾਕ ਟਿਪਣੀਆਂ ਕੀਤੀਆਂ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰਿੰ. ਸੁਜਾਨ ਸਿੰਘ ਦੀ ਵਿਚਾਰਧਾਰਕ ਪਕਿਆਈ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਪ੍ਰਤੀਬੱਧ ਲੇਖਕ ਦੇ ਨਾਲ-ਨਾਲ ਜੱਥੇਬੰਧਕ ਆਗੂ ਵੀ ਸਨ। ਪੰਜਾਬੀ ਭਾਸ਼ਾ ਨੂੰ ਪੰਜਾਬੀ ਸੂਬੇ ਦੀ ਹਰ ਪੱਖੋਂ ਕਾਰਗਰ ਭਾਸ਼ਾ ਬਣਾਉਣ ਲਈ ਉਨ੍ਹਾਂ ਨੇ ਨਿਰੰਤਰ ਸੰਘਰਸ਼ ਕੀਤਾ ਅਤੇ ਗ੍ਰਿਫ਼ਤਾਰੀਆਂ ਤੱਕ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਸੁਜਾਨ ਸਿੰਘ ਦਾ ਇਹ ਵਿਸ਼ਵਾਸ ਸੀ ਕਿ ਜਦੋਂ ਤਕ ਪੰਜਾਬੀ ਭਾਸ਼ਾ ਨੂੰ ਸਮੁੱਚੇ ਪੰਜਾਬ ਦੇ ਕਾਰ-ਵਿਹਾਰ ਦੀ ਭਾਸ਼ਾ ਨਹੀਂ ਬਣਾਇਆ ਜਾਂਦਾ, ਉਦੋਂ ਤਕ ਪੰਜਾਬੀ ਭਾਸ਼ਾ ਵਿਕਾਸ ਨਹੀਂ ਕਰ ਸਕਦੀ। ਡਾ. ਸੁਖਦੇਵ ਸਿੰਘ ਸਿਰਸਾ ਨੇ ਸੁਜਾਨ ਸਿੰਘ ਦੇ ਸਰਕਾਰੀ ਕਾਲਜ ਢੁਡੀਕੇ ਦੇ ਪ੍ਰਿੰਸੀਪਲ ਰਹਿੰਦਿਆਂ ਉਨ੍ਹਾਂ ਨਾਲ ਜੁੜੀਆਂ ਕੁੱਝ ਬੇਹੱਦ ਦਿਲਚਸਪ ਯਾਦਾਂ ਦਾ ਜ਼ਿਕਰ ਵੀ ਕੀਤਾ। ਇਸ ਸੈਸ਼ਨ ਦਾ ਮੰਚ ਸੰਚਾਲਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਕੀਤਾ।

ਸੈਮੀਨਾਰ ਦਾ ਆਖਰੀ ਸੈਸ਼ਨ ਵਿਦਿਆਰਥੀਆਂ ਨਾਲ ਸੰਵਾਦ ਸੀ। ਪੈਨਲ 'ਚ ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਕਰਮਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਜੋਗਾ ਸਿੰਘ ਅਤੇ ਡਾ. ਭੀਮ ਇੰਦਰ ਸਿੰਘ ਸ਼ਾਮਲ ਸਨ। ਇਸ ਸੈਸ਼ਨ ਦਾ ਸੰਚਾਲਨ ਪੰਜਾਬੀ ਕਹਾਣੀ 'ਤੇ ਕੰਮ ਕਰ ਰਹੇ ਐਮ.ਏ. ਦੇ ਵਿਦਿਆਰਥੀ ਪਰਮਜੀਤ ਸਿੰਘ ਨੇ ਕੀਤਾ। ਸੈਸ਼ਨ 'ਚ 15 ਦੇ ਕਰੀਬ ਵਿਦਿਆਰਥੀਆਂ ਨੇ ਪ੍ਰਿੰ. ਸੁਜਾਨ ਸਿੰਘ ਦੇ ਹਵਾਲੇ ਨਾਲ ਪੰਜਾਬੀ ਕਹਾਣੀ ਦੇ ਅਤੀਤ, ਵਰਤਮਾਨ ਅਤੇ ਭਵਿੱਖ ਬਾਰੇ ਬੇਹੱਦ ਵਾਜ਼ਿਬ ਸਵਾਲ ਪੁੱਛੇ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਨੇ ਦੇਸ਼ ਭਰ 'ਚ ਔਰਤਾਂ ਉੱਪਰ ਹੋ ਰਹੇ ਬਲਾਤਕਾਰ ਅਤੇ ਅੱਤਿਆਚਾਰਾਂ ਵਿਰੁੱਧ ਨਿੰਦਾ ਮਤਾ ਅਤੇ ਪੰਜਾਬੀ ਭਾਸ਼ਾ ਦੇ ਹੱਕ 'ਚ ਦੋ ਮਤੇ ਵੀ ਰੱਖੇ, ਜਿਨ੍ਹਾਂ ਨੂੰ ਦੋਵੇਂ ਹੱਥ ਖੜ੍ਹੇ ਕਰ ਕੇ ਪਾਸ ਕਰ ਦਿੱਤਾ ਗਿਆ।


# Harjeet Sandhu
"Serving all your Real Estate needs"
REALTOR

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।

"CONVERTING YOUR DREAMS INTO REALITY"



(780) 233-3100

Friendly Service & Free Market Evaluation



To view Thousands of properties online visit:
www.harjeetsandhu.com

harjsandhu@gmail.com

Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris

Member - Edmonton Real Estate Board, Residential & Commercial Divsion


ਸਫ਼ਾ 1 ਦੀ ਬਾਕੀ



ਇਸ ਵਕਤ ਕਰਨਾਟਕ ਦੀ ਇਹ ਸਿਆਸਤ ਪੂਰੀ ਤਰ੍ਹਾਂ ਭਖੀ ਹੋਈ ਹੈ। ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦੇ ਖ਼ਦਸ਼ੇ ਦੀ ਪ੍ਰਗਟਾਏ ਜਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੇ ਤਿੰਨ ਕੇਂਦਰੀ ਮੰਤਰੀ ਦਿਲੀ ਤੋਂ ਵਿਸ਼ੇਸ਼ ਤੌਰ 'ਤੇ ਕਰਨਾਟਕ ਪਹੁੰਚੇ ਹਨ ਤਾਂ ਜੋ ਬਹੁਮਤ ਦੇ ਅੰਕੜੇ ਦਾ ਜੁਗਾੜ ਕੀਤਾ ਜਾ ਸਕੇ। ਅਗਲਾ ਸਾਰਾ ਹਫ਼ਤਾ ਇਨ੍ਹਾਂ ਤਿੰਨਾਂ ਪਾਰਟੀਆਂ ਦੀ ਇਸੇ ਹੀ ਜਦੋ-ਜਹਿਦ 'ਚ ਨਿਕਲਣ ਦੀ ਸੰਭਾਵਨਾ ਹੈ।

# ਜਸਬੀਰ ਢੰਡ ਦੀਆਂ ਮਿੰਨੀ ਕਹਾਣੀਆਂ

## ਇਹ ਕੋਈ ਕਹਾਣੀ ਨਹੀਂ

ਦਰਵਾੜਾ ਖੜਕਿਆ।

ਮੱਥਾ ਤਾਂ ਮੇਰਾ ਉਸੇ ਵੇਲੇ ਹੀ ਠਣਕ ਗਿਆ ਸੀ, ਜਦੋਂ ਪਤਨੀ ਨੇ ਦਰਵਾਜ਼ੇ ਵੱਲ ਵਿੰਹਦਿਆਂ ਮੈਨੂੰ ਹੌਲੀ ਜਿਹੀ ਕਿਹਾ ਸੀ, 'ਟੋਨੀ ਆਇਆ ਹੈ।' ਮੈਂ ਸੋਚਿਆ ਕਿ ਸੁਵਖਤੇ ਉਸ ਨੂੰ ਮੇਰੇ ਤਾਈ ਕੀ ਕੰਮ ਹੋ ਸਕਦਾ ਹੈ?

ਉਪਰੋਂ ਸਕੂਲ ਜਾਣ ਵਾਲੀ ਬੱਸ ਨਿਕਲਣ ਦਾ ਡਰ।

ਨੂੰਹ ਨੇ ਨਾਸ਼ਤਾ ਲਾ ਦਿੱਤਾ ਸੀ, 'ਪਾਪਾ!।'

ਪੈਂਟ ਦੀ ਬੈਲਟ ਕਸਦਿਆਂ ਮੈਂ ਨੂੰਹ ਨੂੰ ਕਿਹਾ, 'ਦੋ ਮਿੰਟ ਅਟਕ ਜਾ ਬੇਟੇ!'

ਅੰਦਰੋਂ ਕੋਲੇ ਵਾਂਗ ਭੁੱਜੇ ਹੋਣ ਦੇ ਬਾਵਜੂਦ ਮੈਂ ਮੁਸਕਰਾ ਕੇ ਟੋਨੀ ਨੂੰ ਅੰਦਰ ਆ ਕੇ ਬੈਠਕ ਵਿੱਚ ਬੈਠਣ ਲਈ ਆਖਿਆ। ਮੇਜ਼ 'ਤੇ ਪਏ ਅਖਬਾਰਾਂ ਨੂੰ ਐਵੇਂ ਉਲਟ ਪੁਲਟ ਕੇ ਵੇਖਿਆ। ਮੈਂ ਕੁਝ ਨਾ ਬੋਲਿਆ।

ਫਿਰ ਮੇਰਾ ਰੁਖ਼ ਵੇਖ ਕੇ ਉਹ ਛੇਤੀ ਹੀ ਆਪਣੀ ਗੱਲ 'ਤੇ ਆ ਗਿਆ।

ਜੇਬ ਵਿੱਚੋਂ ਕਿਸੇ ਲੈਬਾਰਟਰੀ ਦਾ ਕਾਰਡ ਜਿਹਾ ਕੱਢ ਕੇ ਵਿਖਾਉਂਦਿਆਂ ਬੋਲਿਆ, 'ਮਾਸਟਰ ਜੀ! ਮੇਰੀ ਪਤਨੀ ਦਾ ਬਲੱਡ 4.5 ਹੀ ਰਹਿ ਗਿਆ। ਮਹੀਨਾ ਹੋ ਗਿਆ ਬੁਖਾਰ ਚੜ੍ਹਦਿਆਂ। ਪਹਿਲਾਂ ਗੁਲੂਕੋਜ਼ ਲੱਗਦਾ ਸੀ। ਅੱਜ ਡਾਕਟਰ ਕਹਿੰਦਾ ਬਲੱਡ ਚੜ੍ਹੇਗਾ। ਬਲੱਡ ਤਾਂ ਮਿਲ ਜਾਊ, ਪਰ ਡਾਕਟਰ ਆਖਦਾ ਸੀ ਕਿ ਮਹੀਨਾ ਦੋ ਮਹੀਨੇ ਇਸ ਨੂੰ ਦੁੱਧ, ਘਿਓ ਤੇ ਫਲ ਖੁਆਓ। ਮੇਰੀ ਜੇਬ ਵਿੱਚ ਕੁੱਲ ਵੀਹ ਰੁਪਈਏ ਨੇ ਸਾਰੇ ਪਾਸੇ ਨਿਗ੍ਹਾ ਮਾਰੀ, ਪਰ ਤੁਹਾਡੇ ਬਿਨਾਂ ਕੋਈ ਨਹੀਂ। ਬੱਸ ਅੱਜ ਸੌ ਕੁ ਰੁਪਏ ਦੇ ਦਿਓ ਸ਼ਾਇਦ ਬਚ ਜਾਏ ਵਿਚਾਰੀ। ਮੈਂ ਪੈਸੇ ਹਫਤੇ ਦਸ ਦਿਨ 'ਚ ਮੋੜ ਦਿਆਂਗਾ।'

ਕਿੰਨੀ ਦੇਰ ਅਸੀਂ ਦੋਵੇਂ ਚੁੱਪ ਚਾਪ ਬੈਠੇ ਰਹੇ। ਉਹ ਪਲ ਦੋਵਾਂ ਲਈ ਬਹੁਤ ਬੋਝਲ ਸਨ। ਸ਼ਿਕਾਰੀ ਆਪਣਾ ਫੰਦਾ ਲਾ ਕੇ ਸ਼ਿਕਾਰ ਦੇ ਫਸਣ ਦੀ ਉਮੀਦ ਵਿੱਚ ਸੀ ਤੇ ਸ਼ਿਕਾਰ ਆਪਣੇ ਆਪ ਨੂੰ ਫਸਣ ਤੋਂ ਬਚਾਉਣ ਲਈ ਵਿਉਂਤ ਦੇ ਆਹਰ ਵਿੱਚ ਸੋਚੀਂ ਪਿਆ ਹੋਇਆ ਸੀ।

ਮੈਨੂੰ ਕੁਝ ਸੁੱਝ ਨਹੀਂ ਰਿਹਾ ਸੀ।

ਅਖੀਰ ਮੈਂ ਮਨ ਨੂੰ ਕਰੜਾ ਜਿਹਾ ਕਰ ਲਿਆ; 'ਵੇਖ ਟੋਨੀ! ਪੈਸੇ ਤਾਂ ਤੈਨੂੰ ਦੇ ਦਿਆਂ, ਪਰ ਤੇਰਾ ਕੀ ਪਤਾ, ਤੂੰ ਆਪਣੀ ਪਤਨੀ ਲਈ ਦੁੱਧ ਦੀ ਬੋਤਲ ਲਿਆਏਂਗਾ ਜਾਂ ਆਪਣੇ ਲਈ ਅਧੀਆ!'

'ਨਾ ਜੀ! ਛੱਡੀ ਨੂੰ ਪੰਦਰਾਂ ਦਿਨ ਹੋ ਗਏ, ਸਹੁੰ ਪਾ ਦਿੱਤੀ ਆਪਾਂ।' ਉਸ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ।

ਉਹ ਸਾਫ ਝੂਠ ਬੋਲ ਰਿਹਾ ਸੀ। ਅਜੇ ਹਫਤਾ ਵੀ ਨਹੀਂ ਹੋਇਆ ਹੋਣਾ, ਜਦੋਂ ਉਹ ਅਤੇ ਉਸ ਦਾ ਮਿੱਤਰ ਮੇਵਾ ਸਿੰਘ, ਠੀਕਰੀਵਾਲੇ ਚੌਕ ਦੇ ਹਾਤੇ ਦੇ ਬਾਹਰ ਡੱਕੇ ਫਿਰਦੇ ਮਿਲੇ ਸਨ। ਮੈਂ ਘੜੀ ਵੱਲ ਵੇਖਿਆ। ਅਜੇ ਨਾਸ਼ਤਾ ਕਰਨਾ ਸੀ। ਹੁਣ ਇਹਦੇ ਨਾਲ ਕਿਹੜਾ ਮੱਥਾ ਮਾਰੇ! ਉਸ ਦੀ ਹਾਲਤ 'ਤੇ ਕਦੇ ਤਰਸ ਆਉਂਦਾ, ਕਦੇ ਕ੍ਰੋਧ।

ਉਹ ਸਿਰੇ ਦਾ ਕਾਰੀਗਰ ਸੀ, ਪਰ ਅੰਤਾਂ ਦੀ ਗਰੀਬੀ, ਆਦਤਾਂ ਵਿਗੜੀਆਂ ਹੋਈਆਂ। ਚਾਰ ਪੈਸੇ ਆ ਜਾਂਦੇ ਤਾਂ ਉਸੇ ਦਿਨ ਉਡਾ ਦੇਣੇ। ਪੀਪੇ ਵਿੱਚ ਆਟਾ ਭਾਵੇਂ ਹੋਵੇ ਨਾ ਹੋਵੇ, ਪਰ ਪੈਂਤੀ ਸਾਲਾਂ ਦੀ ਉਮਰ ਤੱਕ ਉਸ ਦੇ ਚਾਰ, ਪਤਾ ਨਹੀਂ ਪੰਜ ਜੁਆਕ ਹੋ ਗਏ ਸਨ। ਉਸ ਦੀ ਪਤਨੀ ਅਕਸਰ ਬਿਮਾਰ ਹੀ ਰਹਿੰਦੀ ਸੀ।

ਪਹਿਲਾਂ ਵੀ ਝੂਠ ਬੋਲ ਕੇ ਉਹ ਕਈ ਵਾਰ ਪੈਸੇ ਲੈ ਗਿਆ ਸੀ। ਉਸ ਦਾ ਇਕ ਹੋਰ ਸਾਥੀ ਮੈਥੋਂ ਦੋ ਸੌ ਰੁਪਏ ਲੈ ਗਿਆ ਸੀ। ਇਉਂ ਹੀ ਕਹਿ ਕੇ ਕਿ ਦੋ ਚਾਰ ਦਿਨਾਂ ਵਿੱਚ ਮੋੜ ਦੇਵੇਗਾ। ਇਕ ਫੋਟੋਗ੍ਰਾਫਰ ਪੰਜ ਸੌ ਇਹ ਕਹਿ ਕੇ ਲੈ ਗਿਆ ਕਿ ਉਸ ਦੀ ਪਤਨੀ ਦਾ ਸ਼ਾਇਦ ਆਪਰੇਸ਼ਨ ਕਰਨਾ ਪਵੇ। ਇਕ ਹੋਰ ਆਪਣੀ ਭੈਣ ਦੇ ਜਣੇਪੇ ਦਾ ਕਹਿ ਕੇ ਮੇਰੇ ਕੋਲੋਂ ਰੁਪਏ ਲੈ ਗਿਆ ਸੀ। ਪੈਸਿਆਂ ਦੀ ਤਾਂ ਖਾਧੀ ਕੜ੍ਹੀ, ਉਹ ਸਾਰੇ ਮੱਥੇ ਲੱਗਣ ਜਾਂ ਬੋਲਣ ਤੋਂ ਵੀ ਗਏ।

ਮੈਂ ਤੰਗ ਆਇਆ ਹੋਇਆ ਸਾਂ। ਨਾਲੇ ਮੇਰੀ ਕਿਹੜਾ ਟਾਟਾ ਬਿਰਲਾ ਨਾਲ ਪਿੱਠ ਲੱਗਦੀ ਸੀ। ਮੈਂ ਵੀ ਸਾਧਾਰਨ ਮੁਲਾਜ਼ਮ ਹਾਂ। 'ਨਾ ਭਰਾਵਾਂ! ਗੁੱਸੇ ਹੋ ਜਾਂ ਰਾਜ਼ੀਥਬ ਤੂੰ ਕੋਈ ਹੋਰ ਘਰ ਦੇਖ।' ਮੈਂ ਆਖ ਤਾਂ ਦਿੱਤਾ, ਪਰ ਮੈਨੂੰ ਇੰਜ ਜਾਪਿਆ ਜਿਵੇਂ ਮੈਂ ਕੋਈ ਬਹੁਤ ਵੱਡਾ ਗੁਨਾਹ ਕਰ ਲਿਆ ਹੋਵੇ!

'ਚਲੋ! ਕੋਈ ਗੱਲ ਨ੍ਹੀਂ!' ਇਹ ਕਹਿ ਕੇ ਉਹ ਹੱਥ ਮਿਲਾ ਕੇ ਅਣਮੰਨੇ ਜਿਹੇ ਦਿਲ ਨਾਲ ਗਲੀ ਵਿੱਚ ਪੈਰ ਜਿਹੇ ਘਸੀਟਦਾ ਤੁਰ ਗਿਆ।

ਮੇਰੀ ਬੱਸ ਦਾ ਸਮਾਂ ਹੋ ਗਿਆ ਸੀ। ਨੂੰਹ ਨੇ ਫਿਰ ਕਿਹਾ, 'ਪਾਪਾ, ਨਾਸ਼ਤਾ!'

'ਬਸ ਬੇਟੇ! ਟਾਈਮ ਨ੍ਹੀਂ ਹੁਣ! ਆਖ ਕੇ ਮੈਂ ਆਪਣਾ ਬੈਗ ਚੁੱਕਿਆ ਤੇ ਤੇਜ਼ੀ ਨਾਲ ਘਰੋਂ ਬਾਹਰ ਹੋ ਗਿਆ। ਅਸਲ ਵਿੱਚ ਮੇਰੀ ਭੁੱਖ ਵੀ ਮਰ ਗਈ ਸੀ।'

ਵਨ-ਵੇਅ ਟਰੈਫਿਕ ਰੋਡ ਤੋਂ ਬੱਸ ਸਟੈਂਡ ਵੱਲ ਜਾਂਦਿਆਂ ਮੈਨੂੰ ਇਕ ਹੀ ਸੋਚ ਲੱਗੀ ਰਹੀ 'ਜੇ ਉਸ ਦੀ ਪਤਨੀ ਸੱਚ ਮੁੱਚ ਮਰ ਗਈ!'

ਸਕੂਲ ਵਿੱਚ ਸਾਰਾ ਸਮਾਂ ਇਹ ਗੱਲ ਮੇਰੇ ਦਿਲੋ ਦਿਮਾਗ 'ਤੇ ਛਾਈ ਰਹੀ। ਅਪਰਾਧ ਭਾਵਨਾ ਨੇ ਜਿਵੇਂ ਨਾਗ ਵਲ ਪਾ ਲਿਆ ਸੀ।

ਛੁੱਟੀ ਹੋਣ 'ਤੇ ਘਰ ਜਾਣ ਦੀ ਥਾਂ ਮੈਂ ਦੋ ਕਿੱਲੋ ਸੇਬ ਅਤੇ ਇਕ ਦਰਜਨ ਸੰਤਰੇ ਲਏ ਤੇ ਟੋਨੀ ਦੇ ਘਰ ਵਾਲੀ ਗਲੀ ਮੁੜ ਗਿਆ। 'ਮੈਂ ਇਸ ਵਾਰ ਨਕਦ ਪੈਸੇ ਨਹੀਂ ਦਿਆਂਗਾ', ਮੈਂ ਮਨ ਹੀ ਮਨ ਫੈਸਲਾ ਕਰ ਲਿਆ ਸੀ।

ਟੋਨੀ ਦੇ ਦਰਵਾਜ਼ੇ 'ਤੇ ਜਿੰਦਰਾ ਵੱਜਾ ਵੇਖ ਕੇ ਮੈਂ ਨਿਰਾਸ਼ ਹੋ ਗਿਆ। ਗੁਆਂਢ ਵਾਲੇ ਘਰ ਮੂਹਰੇ ਮੰਜੀ 'ਤੇ ਬੈਠੀ ਮਾਈ ਨੂੰ ਮੈਂ ਟੋਨੀ ਤੇ ਉਸ ਦੀ ਪਤਨੀ ਬਾਰੇ ਪੁੱਛਿਆ।

'ਉਸ ਦੀ ਪਤਨੀ ਨੂੰ ਤਾਂ ਵੀਰਾ, ਦੋ ਮਹੀਨੇ ਹੋ ਗਏ ਪੇਕੇ ਗਈ ਨੂੰ। ਪਹਿਲਾਂ ਗੋਦੀ ਵਾਲੇ ਜੁਆਕ ਤੋਂ ਬਿਨਾਂ ਬਾਕੀਆਂ ਨੂੰ ਛੱਡ ਗਈ ਸੀ। ਫਿਰ ਉਨ੍ਹਾਂ ਨੂੰ ਵੀ ਲੈ ਗਈ। ਮਾਂ ਦੀਆਂ ਆਂਦਰਾਂ ਕਿੱਥੇ ਰਹਿੰਦੀਆਂ ਨੇ ਵੀਰਾ!'

ਮੇਰੇ ਹੱਥ ਵਿੱਚ ਫੜੇ ਸੇਬ ਤੇ ਸੰਤਰੇ ਮਣਾਂ ਮੂੰਹੀਂ ਭਾਰੇ ਹੋ ਗਏ ਸਨ।



## ਮਾਂ ਵੀ ਬਣੀ ਮਹਿਮਾਨ

ਇੰਜ ਜਾਪਦਾ ਹੈ ਕਿ ਦੁਨੀਆ ਗਰਕ ਹੋਣ 'ਤੇ ਆ ਗਈ ਹੈ। ਸਾਰੇ ਰਿਸ਼ਤੇ ਨਾਤੇ ਪੈਸੇ ਦੀ ਤਕੜੀ ਵਿੱਚ ਤੁਲ ਗਏ ਹਨ। ਕੀ ਤੁਸੀਂ ਕਦੇ ਅਜਿਹੀ ਮਾਂ ਦੇਖੀ ਹੈ ਜੋ ਆਪਣੇ ਪੁੱਤਰ ਨੂੰ ਦੁੱਧ ਚੁੰਘਾ ਕੇ ਉਸ ਤੋਂ ਦੁੱਧ ਦਾ ਹਿਸਾਬ ਪੁੱਛੇ ਕਿ ਮਹੀਨੇ ਦੇ ਐਨੇ ਕਿਲੋ ਦੇ ਹਿਸਾਬ ਨਾਲ ਐਨੇ ਪੈਸੇ ਤੇਰੇ ਵੱਲ ਬਣਦੇ ਹਨ, ਪਰ ਇਸ ਕਲਯੁੱਗ ਵਿੱਚ ਅਜਿਹੇ ਪੁੱਤ ਜ਼ਰੂਰ ਪੈਦਾ ਹੋ ਗਏ ਹਨ ਜੋ ਮਾਂ ਤੋਂ ਉਸ ਦੇ ਮੂੰਹ ਵਿੱਚ ਪਈਆਂ ਬੁਰਕੀਆਂ ਅਤੇ ਰਹਿਣ ਲਈ ਦਿੱਤੇ ਕਮਰੇ ਦਾ ਕਿਰਾਇਆ ਵਸੂਲ ਕਰਦੇ ਹੋਣ।

ਹੁਣ ਉਹ ਔਰਤ ਇਸ ਦੁਨੀਆ ਵਿੱਚ ਨਹੀਂ ਹੈ। ਉਸ ਨੂੰ ਸਰਕਾਰੀ ਨੌਕਰੀ ਕਾਰਨ ਪੈਨਸ਼ਨ ਮਿਲਦੀ ਸੀ। ਪੁੱਤਰ ਨੇ ਮਾਂ ਦੇ ਤਰਲਿਆਂ ਦੇ ਬਾਵਜੂਦ ਉਸ ਦਾ ਮੰਜਾ ਚੁਬਾਰੇ ਵਿੱਚ ਡਾਹ ਰੱਖਿਆ ਸੀ। "ਐਵੇਂ ਥੱਲੇ ਸਿਰ ਖਾਈ ਜਾਇਆ ਕਰੇਂਗੀ ਸਾਰਾ ਦਿਨ"; ਮੁੰਡੇ ਦਾ ਤਰਕ ਸੀ। ਗਠੀਏ ਦੀ ਮਰੀਜ਼ ਮਾਂ ਨੂੰ ਦਿਹਾੜੀ ਵਿੱਚ ਦੋ-ਤਿੰਨ ਵਾਰ ਰੋਟੀ ਲਈ ਥੱਲੇ ਪਉੜੀਆਂ ਉਤਰ ਕੇ ਆਉਣਾ ਪੈਂਦਾ। ਰਸੋਈ ਵਿੱਚ ਸਬਜ਼ੀ ਫਰਿੱਜ ਵਿੱਚ ਪਈ ਹੁੰਦੀ। ਆਪੇ ਦੋ ਰੋਟੀਆਂ ਥੱਪਦੀ। ਟੱਬਰ ਵਿੱਚੋਂ ਕੋਈ ਉਸ ਨਾਲ ਗੱਲ ਨਾ ਕਰਦਾ। ਬਹੁਤੀ ਢਿੱਲੀ ਹੁੰਦੀ, ਥੱਲੇ ਉਤਰਨ ਦੀ ਤਾਕਤ ਨਾ ਹੁੰਦੀ ਜਾਂ ਚਿੱਤ ਹੀ ਨਾ ਕਰਦਾ ਕਦੇ ਰੋਟੀ ਨੂੰ ਤਾਂ ਕਿਸੇ ਦੇ ਕੀ ਯਾਦ, ਉਂਜ ਹੀ ਚੁਬਾਰੇ ਵਿੱਚ ਇਕੱਲੀ ਪਈ ਰਹਿੰਦੀ... ਦਿਹਾੜੀ ਵਿੱਚ ਪਤਾ ਨਹੀਂ ਕਿੰਨੀ ਵਾਰ ਰੋਂਦੀ... ਅਗਲਿਆਂ ਪਿਛਲਿਆਂ ਨੂੰ ਯਾਦ ਕਰਦੀ।

ਪੈਨਸ਼ਨ ਦਾ ਵੱਡਾ ਹਿੱਸਾ ਹਰ ਚੜ੍ਹੇ ਮਹੀਨੇ ਰੋਟੀ ਅਤੇ ਕਮਰੇ ਦੇ ਕਿਰਾਏ ਵਜੋਂ ਪੁੱਤਰ/ਨੂੰਹ ਨੂੰ ਦੇਣਾ ਪੈਂਦਾ। ਨੂੰਹ ਅਕਸਰ ਆਖਦੀ, "ਮਾਤਾ! ਮਹਿੰਗਾਈ ਬਹੁਤ ਵਧ ਗਈ ਹੈ। ਐਨੇ ਪੈਸਿਆਂ 'ਚ ਹੁਣ ਗੁਜ਼ਾਰਾ ਨਈਓਂ ਹੁੰਦਾ।' ਟੱਬਰ ਨੂੰ ਖੁਸ਼ ਰੱਖਣ ਲਈ ਉਹ ਚੜ੍ਹੇ ਮਹੀਨੇ ਜੀਓ-ਜੀਅ ਨੂੰ ਸੌ-ਦੋ ਸੌ ਵਾਧੂ ਦਿੰਦੀ ਰਹਿੰਦੀ। ਦੁੱਧ ਆਪਣੇ ਪੈਸਿਆਂ ਦਾ ਪੀਂਦੀ। ਕੱਪੜੇ ਕਦੇ ਕੰਮ ਵਾਲੀ ਧੋ ਦਿੰਦੀ, ਕਦੇ ਆਪੇ ਧੋਂਦੀ। ਕੰਮ ਵਾਲੀ ਨੂੰ ਪੈਸੇ ਵੱਖਰੇ ਦੇਣੇ ਪੈਂਦੇ। ਦਵਾਈ ਲਿਆਉਣ ਲਈ ਪੋਤਰੇ ਦੀ ਮਿੰਨਤ ਕਰਦੀ। ਲਿਆ ਤਾਂ ਦਿੰਦਾ, ਪਰ ਪੈਟਰੋਲ ਦੇ ਪੈਸਿਆਂ ਦਾ ਬਹਾਨਾ ਕਰ ਉਹ ਸੌ ਦੇ ਡੂਢ ਸੌ ਮਾਂਜ ਲੈਂਦਾ। ਕਿੰਨਾ ਸਹਿਕਦੀ ਕਿ ਪੁੱਤ ਦੇ ਘਰ ਵਿੱਚ ਉਸ ਨੂੰ ਮੋਹ ਪਿਆਰ ਮਿਲੇ, ਅਪਣੱਤ ਮਿਲੇ। ਕੋਈ ਉਸ ਦੀ ਸਲਾਹ ਲਵੇ। ਚੱਲੋ! ਘੱਟੋ-ਘੱਟ ਤ੍ਰਿਸਕਾਰ ਤਾਂ ਨਾ ਕਰਨ। ਮੰਦੇ ਬਚਨ ਨਾ ਬੋਲਣ। ਉਸ ਦਾ ਕਸੂਰ ਬਸ ਏਨਾ ਸੀ ਕਿ ਉਹ ਰਿਸ਼ਤੇਦਾਰਾਂ ਕੋਲ ਉਸ ਨਾਲ ਹੁੰਦੇ ਦੁਰ ਵਿਹਾਰ ਬਾਰੇ ਉਭਾਸਰ ਪਈ ਸੀ। ਪੌਣੀ ਸਦੀ ਨੇੜੇ ਢੁਕੀ ਪੋਤੇ-ਪੋਤੀਆਂ, ਪੜਪੋਤੇ-ਪੜਪੋਤੀਆਂ ਵਾਲੀ ਦੁਖਿਆਰੀ ਘਰ ਵਿੱਚ ਅਛੂਤ ਵਾਂਗ ਜ਼ਿੰਦਗੀ ਦੇ ਦਿਨ ਗਿਣ ਰਹੀ ਸੀ। "ਰੱਬਾ! ਲੈ ਜਾ ਹੁਣ ਤਾਂ!" ਉਹ ਰਾਤ ਦਿਨੇ ਰੱਬ ਅੱਗੇ ਅਰਜੋਈਆਂ ਕਰਦੀ। ਹੁਣ ਉਸ ਕੋਲ ਪੁੱਤਰ ਨੂੰ ਦੇਣ ਲਈ ਪੈਨਸ਼ਨ ਤੋਂ ਸਿਵਾ ਕੁਝ ਨਹੀਂ ਬਚਿਆ ਸੀ। ਕਦੇ-ਕਦੇ ਉਹ ਸੋਚਦੀ ਕਿ ਜੇ ਉਹ ਆਪਣੇ ਪੁੱਤਰ ਦੇ ਘਰ ਵਿੱਚ ਰਹਿਣ ਦੀ ਥਾਂ ਕਿਸੇ ਸੱਤ-ਬੇਗਾਨੇ ਦੇ ਘਰ ਵਿੱਚ ਇਸ ਤਰ੍ਹਾਂ ਪੈਸੇ ਦੇ ਕੇ ਰਹਿੰਦੀ ਤਾਂ ਸ਼ਾਇਦ ਇਸ ਤਰ੍ਹਾਂ ਦਾ ਅਪਮਾਨ ਨਾ ਝੱਲਣਾ ਪੈਂਦਾ।

ਦਿਨੋ-ਦਿਨ ਉਸ ਦੀ ਹਾਲਤ ਨਿਘਰਦੀ ਚਲੀ ਗਈ। ਉਸ ਸਾਲ ਬਹੁਤ ਜ਼ਿਆਦਾ ਗਰਮੀ ਪਈ। ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਬਿਜਲੀ ਦੇ ਵੱਡੇ-ਵੱਡੇ ਕੱਟ ਲੱਗਣ ਲੱਗ ਪਏ। ਮਾਂ ਦੇ ਚੁਬਾਰੇ ਵਿੱਚ ਇਨਵਰਟਰ ਦੀ ਤਾਰ ਨਹੀਂ ਜੋੜੀ ਗਈ ਸੀ। ਇਨਵਰਟਰ, ਕੂਲਰ, ਪੱਖੇ ਤੇ ਏ ਸੀ ਥੱਲੇ ਵਾਲਿਆਂ ਵਾਸਤੇ ਹੀ ਸਨ। ਮਾਂ ਦੇ ਚੁਬਾਰੇ ਦਾ ਪੱਖਾ ਬਿਜਲੀ ਦੇ ਕੱਟ ਸਮੇਂ ਨਹੀਂ ਚੱਲਦਾ ਸੀ। ਪਤਾ ਨਹੀਂ ਅੰਤਲੀ ਰਾਤ ਉਹਨੇ ਕਿਵੇਂ ਬਿਤਾਈ ਹੋਵੇਗੀ, ਕਿੰਨੀ ਔਖੀ ਜਾਨ ਨਿਕਲੀ ਹੋਵੇਗੀ..ਉਪਰਲਾ ਹੀ ਜਾਣਦਾ ਹੈ। ਸਵੇਰੇ ਜਦੋਂ ਉਹ ਦਸ ਗਿਆਰਾਂ ਵਜੇ ਤੱਕ ਥੱਲੇ ਨਾ ਉਤਰੀ ਤਾਂ ਟੱਬਰ ਨੂੰ ਕੁਝ ਸ਼ੰਕਾ ਹੋਈ। ਨੂੰਹ ਨੇ ਮੋਬਾਈਲ ਤੋਂ ਪੁੱਛਿਆ... ਪਰ ਕੋਈ ਹੋਵੇ ਤਾਂ ਜਵਾਬ ਦੇਵੇ! ਦੁਖਿਆਰੀ ਔਰਤ ਦਾ ਭੌਰ ਤਾਂ ਪਤਾ ਨਹੀਂ ਰਾਤ ਦੇ ਕਿਹੜੇ ਪਹਿਰ ਉਡਾਰੀ ਮਾਰ ਗਿਆ ਸੀ।

## ਛੁਟਕਾਰਾ

ਮਾਂ ਬਿਆਸੀਆਂ ਸਾਲਾਂ ਦੀ ਹੋ ਗਈ ਹੈ। ਕਈ ਵਾਰ ਮੌਤ ਦੇ ਮੂੰਹੋਂ ਹੇ ਕੋ ਬਚੀ ਹੈ। ਹੁਣ ਹਾਲਤ ਖਸਤਾ ਹੀ ਹੈ।

ਦਿੱਲੀ ਵਾਲੇ ਮਾਮੇ ਨੂੰ ਗੁਜ਼ਰਿਆਂ ਕਈ ਸਾਲ ਹੋ ਗਏ ਹਨ। ਮਾਮੀ ਵਿਦਿਆਵਤੀ ਮਾਮੇ ਦੀ ਪੈਨਸ਼ਨ ਨਾਲ ਗੁਜ਼ਾਰਾ ਕਰੀ ਜਾਂਦੀ ਹੈ। ਦੋ ਮੁੰਡੇ ਹਨ, ਪਰ ਦੋਹਾਂ ਦੀ ਆਪਸ ਵਿਚ ਅਣਬਣ ਰਹਿੰਦੀ ਹੈ। ਮਾਮਾ ਜਿਉਂਦੇ ਜੀਅ ਅੱਧਾ-ਅੱਧਾ ਮਕਾਨ ਦੋਹਾਂ ਮੁੰਡਿਆਂ ਦੇ ਨਾਂ ਲਗਵਾ ਗਿਆ ਸੀ। ਛੋਟਾ, ਕਸਟਮ ਅਫਸਰ ਤਾਂ ਉਦੋਂ ਹੀ ਆਪਣੇ ਹਿੱਸੇ ਦਾ ਮਕਾਨ ਕਿਰਾਏ ਉੱਤੇ ਦੇ ਕੇ ਅੱਡ ਪਟੇਲ ਨਗਰ ਰਹਿਣ ਲੱਗ ਪਿਆ ਸੀ।

ਪਿਛਲੇ ਸਾਲ ਮਾਮੀ ਗੁਸਲਖਾਨੇ ਵਿਚ ਤਿਲਕ ਕੇ ਡਿੱਗ ਪਈ ਸੀ ਤੇ ਚੂਲਾ ਟੁੱਟ ਜਾਣ ਕਾਰਨ ਮੰਜੇ ਜੋਗੀ ਰਹਿ ਗਈ ਸੀ। ਛੋਟੇ, ਕਸਟਮ ਅਫਸਰ ਨੇ ਤਾਂ ਇਹ ਆਖਕੇ ਮਾਮੀ ਨੂੰ ਨਾਲ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਸਦੇ ਬੱਚੇ ਛੋਟੇ ਹਨ, ਇਨਫੈਕਸ਼ਨ ਦਾ ਡਰ ਹੈ। ਵੱਡੇ ਨੇ ਮਾਮੀ ਨੂੰ ਮਿਲਦੀ ਪੈਨਸ਼ਨ ਵਿੱਚੋਂ ਹਜ਼ਾਰ ਰੁਪਏ ਮਹੀਨੇ ਉੱਤੇ ਮਾਈ ਰੱਖ ਦਿੱਤੀ ਸੀ। ਉਹੀ ਚੌਵੀ ਘੰਟੇ ਮਾਮੀ ਨੂੰ ਸਾਂਭਦੀ। ਆਪ ਉਹਨਾਂ ਨੂੰ ਕੰਮਾਂ-ਧੰਦਿਆਂ ਵਿੱਚੋਂ ਵਿਹਲ ਘੱਟ ਹੀ ਮਿਲਦੀ ਸੀ।

ਮੈਂ ਕੱਲ੍ਹ ਹਨੇਰੇ ਹੋਏ ਬਜ਼ਾਰੋਂ ਆਇਆਂ ਤਾਂ ਮੁੰਡੇ ਨੇ ਕਿਹਾ, ਡੈਡੀ, ਦਿੱਲੀ ਤੋਂ ਫੋਨ ਆਇਆ ਸੀ। ਤੁਹਾਡੀ ਮਾਮੀ ਵਿਦਿਆਵਤੀ ਸੁਰਗਵਾਸ ਹੋ ਗਈ।'

ਮਾਤਾ ਨੂੰ ਤਾਂ ਨਹੀਂ ਦੱਸਿਆ? ਮੈਂ ਮੁੰਡੇ ਨੂੰ ਪੁੱਛਿਆ।

ਮੈਨੂੰ ਡਰ ਸੀ ਕਿ ਮਾਤਾ ਲਈ ਇਹ ਸਦਮਾ ਝੱਲਣਾ ਔਖਾ ਹੋਵੇਗਾ। ਤੀਵੀਆਂ ਭਾਵੇਂ ਬੁੱਢੀਆਂ ਹੋ ਜਾਣ, ਪਰ ਪੇਕਿਆਂ ਵੱਲੋਂ ਭਰਾ-ਭਰਜਾਈਆਂ ਦਾ ਮੋਹ, ਫ਼ਿਕਰ ਕਰਦੀਆਂ ਰਹਿੰਦੀਆਂ ਹਨ। ਐਵੇਂ ਸੁਣ ਕੇ ਵਿਰਲਾਪ ਕਰੇਗੀ।

ਮਾਤਾ ਨੂੰ ਤਾਂ ਦੱਸ ਦਿੱਤਾ। ਮੁੰਡੇ ਨੇ ਜਿਵੇਂ ਸਰਸਰੀ ਜਿਹੇ ਕਿਹਾ।

ਫੇਰ? ਮਾਤਾ ਰੋਈ ਕੁਰਲਾਈ ਨੀਂ?

ਨਾਂਹ! ਉਹ ਤਾਂ ਕਹਿੰਦੀ, 'ਚਲੋ! ਛੁੱਟ ਗਈ ਦੋਜਖ ਤੋਂ'!

ਮੇਰੇ ਸਿਰ ਤੋਂ ਜਿਵੇਂ ਬੋਝ ਜਿਹਾ ਉੱਤਰ ਗਿਆ।

ਮਾਂ ਦੇ ਕਮਰੇ ਵਿਚ ਗਿਆ ਤਾਂ ਉਹ ਹਨੇਰੇ ਵਿਚ ਹੀ ਪਈ ਹੋਈ ਸੀ, ਬੇਅਵਾਜ਼। ਲਾਈਟ ਜਗਾਈ ਤਾਂ ਵੇਖਿਆ, ਉਹ ਮੂੰਹ ਸਿਰ ਵਲ੍ਹੇਟੀ ਪਈ ਹੌਲੀ-ਹੌਲੀ ਸੁਬਕ ਰਹੀ ਸੀ। ਸਰ੍ਹਾਣੇ ਦਾ ਇਕ ਪਾਸਾ ਗਿੱਲਾ ਸੀ।

## ਧਰਵਾਸ ਦਾ ਧੁਰਾ

ਪਤਨੀ ਨੇ ਪਤੀ ਲਈ ਕਈ ਦਿਨ ਵਰਜਿਤ ਕਰਾਰ ਦਿੱਤੇ ਹੋਏ ਸਨ। ਮਸਲਨ ਅੱਜ ਮੰਗਲਵਾਰ ਹੈ- ਮਹਾਵੀਰ ਦਾ ਦਿਨ। ਅੱਜ ਨਹੀਂ ਪੀਣੀ। ਅੱਜ ਵੀਰਵਾਰ ਹੈ- ਲਾਲਾਂ ਵਾਲੇ ਪੀਰ ਦਾ ਦਿਨ। ਅੱਜ ਜਨਮ ਅਸ਼ਟਮੀ ਹੈ, ਅੱਜ ਰਾਮਨੌਮੀ ਹੈ, ਹੁਣ ਸਰਾਧ ਚੱਲ ਰਹੇ ਹਨ, ਹੁਣ ਨਰਾਤੇ ਹਨ, ਤੇ ਇਸ ਤਰ੍ਹਾਂ ਵਰਜਿਤ ਦਿਨਾਂ ਦਾ ਇਕ ਲੰਮਾ ਸਿਲਸਿਲਾ। ਪਤੀ ਹੈਰਾਨ ਹੁੰਦਾ, ਦੇਵੀ ਦੇਵਤਿਆਂ ਦੀ ਗਿਣਤੀ ਤੋਂ ਪ੍ਰੇਸ਼ਾਨ ਹੁੰਦਾ।

ਇਕ ਦਿਨ ਪਤਨੀ ਦੀ ਦਵਾਈ ਲੈਣ ਰਾਜਧਾਨੀ ਦੇ ਵੱਡੇ ਹਸਪਤਾਲ ਜਾਣਾ ਸੀ। ਅਸ਼ਟਮੀ ਦਾ ਦਿਨ ਸੀ। ਭਾਵੇਂ ਪਤਨੀ ਬੀਮਾਰ ਸੀ, ਫੇਰ ਵੀ ਉਸਨੇ ਸਾਰੇ ਟੱਬਰ ਦੇ ਸੁੱਤਿਆਂ-ਸੁੱਤਿਆਂ ਹੀਂ ਵੱਡੇ ਤੜਕੇ ਉੱਠ ਕੇ ਕੜਾਹੀ ਦਾ ਸਾਮਾਨ ਤਿਆਰ ਕਰ ਲਿਆ ਸੀ। ਮੱਥਾ ਟੇਕ ਕੇ ਉਹ ਛੇ ਵਜਦੇ ਨੂੰ ਘਰੋਂ ਤੁਰ ਪਏ ਸਨ। ਵਾਟ ਦੂਰ ਦੀ ਸੀ। ਰਾਹ ਵਿਚ ਕਾਰ ਇਕ ਵੱਡੇ ਸ਼ਹਿਰ ਵਿੱਚੋਂ ਲੰਘੀ ਜਿੱਥੇ ਇਕ ਬੜਾ ਪ੍ਰਸਿੱਧ ਮੰਦਰ ਸੀ। ਜਾਮ ਲੱਗਿਆ ਪਿਆ ਸੀ। ਕਾਰ ਜੂੰ ਦੀ ਤੋਰ ਤੁਰਦੀ ਉਸ ਮੰਦਰ ਅੱਗੋਂ ਲੰਘੀ ਤਾਂ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਦੇਖ ਕੇ ਹੈਰਾਨ ਰਹਿ ਗਏ।

ਇਨ੍ਹਾਂ ਦੇ ਹੱਥਾਂ ਵਿਚ ਕੀ ਹੈ? ਪਤਨੀ ਨੇ ਹੈਰਾਨੀ ਨਾਲ ਪੁੱਛਿਆ।

ਸ਼ਰਾਬ ਦੀਆਂ ਬੋਤਲਾਂ ਹਨਹੋਰ ਕੀ! ਪਤੀ ਨੇ ਵਿਅੰਗ ਪੂਰਵਕ ਕਿਹਾ ਤਾਂ ਪਤਨੀ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਵਿਚ-ਵਿਚ ਲੋਕ ਬੱਕਰੇ ਤੇ ਪਠੋਰੇ ਵੀ ਲਈ ਖੜ੍ਹੇ ਸਨ।

ਮਾਤਾ ਇਹ ਕੀ? ਮੈਂ ਤਾਂ ਤੇਰੇ ਨਰਾਤਿਆਂ ਦਾ ਨਾਂ ਲੈ ਕੇ ਇਨ੍ਹਾਂ ਨੂੰ ਸ਼ਰਾਬ ਤੋਂ ਵਰਜਦੀ ਰਹੀ। ਇਹ ਕੀ ਗੋਰਖ ਧੰਦਾ ਹੈ। ਪੁਲੀਸ ਵੀ ਨਹੀਂ ਰੋਕਦੀ ਇਨ੍ਹਾਂ ਨੂੰ। ਏਨੀ ਖਲਕਤ ਸ਼ਰੇਆਮ ਏਨੀ ਸ਼ਰਾਬ ਚੁੱਕੀ ਫਿਰਦੀ ਹੈ ਤੇ ਇਨ੍ਹਾਂ ਬੇਜੁਬਾਨ ਜਾਨਵਰਾਂ ਦਾ ਕੀ ਕਸੂਰ?

ਹੁਣ ਉਹ ਸ਼ਰਾਬ ਨਹੀਂ ਵੇਖ ਰਹੀ ਸੀ। ਕਾਰ ਦੀ ਸੀਟ ਨਾਲ ਢਾਸਣਾ ਲਾਈ, ਅੱਖਾਂ ਮੂੰਦੀ, ਇਕ ਕਸੀਸ ਜਿਹੀ ਵੱਟੀ ਉਹ ਛਟਪਟਾ ਰਹੀ ਸੀ। ਸਰੀਰਕ ਪੀੜ ਤੋਂ ਵੀ ਵੱਡੀ ਪੀੜ ਨਾਲ।

ਨਿੱਤ ਚਾਹ-ਪਾਣੀ ਪੀਣ ਤੋਂ ਪਹਿਲਾਂ ਪੂਜਾ-ਪਾਠ ਕਰਨ ਵਾਲੀ ਸੁਆਨੀ ਦੇ ਧਰਵਾਸ ਦੀ ਧਰਤੀ ਦਾ ਧੁਰਾ ਹਿੱਲ ਗਿਆ ਸੀ। ਹੰਝੂ ਪਰਲ-ਪਰਲ ਉਹਦੀਆਂ ਅੱਖਾਂ ਵਿੱਚੋਂ ਆਪ-ਮੁਹਾਰੇ ਵਗੀ ਜਾ ਰਹੇ ਸਨ। ਪਤੀ ਨੇ ਉਸ ਦੀ ਹਾਲਤ ਵੇਖੀ ਤਾਂ ਉਸ ਦੇ ਬੁਲ੍ਹਾਂ ਉੱਤੇ ਆਈ ਜੇਤੂ ਮੁਸਕਾਨ ਗਾਇਬ ਹੋ ਗਈ।

ਤੂੰ ਰੋ ਨਾ! ਇਨ੍ਹਾਂ ਤਿੱਥਾਂ-ਵਾਰਾਂ ਦਾ ਨਾਉਂ ਨਾ ਲਿਆ ਕਰ। ਮੈਂ ਉਂਜ ਹੀ ਛੱਡ ਦਿਆਂਗਾ।' ਉਸ ਨੇ ਪਤਨੀ ਨੂੰ ਧਰਵਾਸ ਦਿੱਤਾ।

ਕਾਰ ਹੌਲੀ-ਹੌਲੀ ਸ਼ਹਿਰ ਲੰਘ ਆਈ ਸੀ

ਅਤੇ ਪੂਰੀ ਸਪੀਡ ਤੇ ਭੱਜਣ ਲੱਗੀ ਸੀ। ਕੁਝ ਦੇਰ ਬਾਦ ਔਰਤ ਆਦਮੀ ਦੇ ਮੋਢੇ ਤੇ ਸਿਰ ਧਰੀ ਘੂਕ ਸੁੱਤੀ ਪਈ ਸੀ।

## ਮੋਢਾ

ਐਂਬੂਲੈਂਸ ਵਿੱਚੋਂ ਕੱਢ ਕੇ ਪਾਪਾ ਦੀ ਮਿਰਤਕ ਦੇਹ ਸ਼ਮਸ਼ਾਨ ਘਾਟ ਵਿਚਲੇ ਥੜ੍ਹੇ ਉੱਤੇ ਰੱਖ ਦਿੱਤੀ ਗਈ ਹੈ। ਰੋਣ-ਕੁਰਲਾਹਟ ਮੱਚਿਆ ਹੋਇਆ ਹੈ।

ਸਾਨੂੰ ਚਾਰਾਂ ਭੈਣਾ ਅਤੇ ਮੰਮੀ ਨੂੰ ਰਿਸ਼ਤੇਦਾਰ ਔਰਤਾਂ ਚੁੱਪ ਕਰਵਾਉਣ ਦਾ ਯਤਨ ਕਰ ਰਹੀਆਂ ਹਨ। ਸਾਰਿਆਂ ਤੋਂ ਪਹਿਲਾਂ ਮੈਂ, ਜੋ ਸਾਰੀਆਂ ਭੈਣਾਂ 'ਚੋਂ ਛੋਟੀ ਹਾਂ, ਚੁੱਪ ਕਰ ਜਾਂਦੀ ਹਾਂ। ਹੰਝੂ ਪੂੰਝ ਕੇ ਮੰਮੀ ਤੇ ਵੱਡੀਆਂ ਤਿੰਨਾਂ ਨੂੰ ਚੁੱਪ ਕਰਾਉਂਦੀ ਹਾਂ।

ਪਤਾ ਨਹੀਂ ਕਿਉਂ ਮੈਂ ਸ਼ੁਰੂ ਤੋਂ ਹੀ ਟੱਬਰ ਵਿੱਚੋਂ ਵੱਖਰੀ ਹਾਂ। ਸ਼ਾਇਦ ਇਸਲਈ ਕਿ ਜਦੋਂ ਸੁਰਤ ਸੰਭਾਲੀ ਤਾਂ ਇਕ ਦਿਨ ਪਾਪਾ ਦਾਰੂ ਪੀ ਕੇ ਮੰਮੀ ਨੂੰ ਕੁੱਟਣ ਲੱਗ ਪਏ ਸਨ। ਵੱਡੀਆਂ ਤਾਂ ਦੂਰ ਸ਼ਹਿਰਾਂ ਅੰਦਰ ਹੋਸਟਲਾਂ ਵਿਚ ਰਹਿੰਦੀਆਂ ਸਨ ਤੇ ਕਦੇ-ਕਦਾਈਂ ਹੀ ਉਨ੍ਹਾਂ ਦਾ ਗੇੜਾ ਵੱਜਦਾ। ਮੈਂ ਹੀ ਮੰਮੀ ਨੂੰ ਚੁੱਪ ਕਰਾਉਂਦੀ ਸਾਂ।

ਉਸ ਦਿਨ ਪਾਪਾ ਲੜ ਕੇ ਘਰੋਂ ਬਾਹਰ ਚਲੇ ਗਏ ਸਨ ਤਾਂ ਮੰਮੀ ਨੇ ਮੈਨੂੰ ਦੱਸਿਆ ਸੀ ਕਿ 'ਜਦੋਂ ਤੇਰਾ ਜਨਮ ਹੋਇਆ ਸੀ ਤਾਂ ਤੇਰੇ ਪਾਪਾ ਸਾਲ ਭਰ ਮੇਰੇ ਨਾਲ ਬੋਲੇ ਨਹੀਂ ਸਨ ਤੇ ਤੈਨੂੰ ਉਨ੍ਹਾਂ ਕਦੇ ਗੋਦੀ ਨਹੀਂ ਚੁੱਕਿਆ ਸੀ।'

ਭਲਾ ਮੰਮੀ ਦਾ ਅਤੇ ਮੇਰਾ ਇਸ ਵਿਚ ਕੀ ਦੋਸ਼ ਸੀ?

ਮੇਰੇ ਮਨ ਵਿਚ ਇਕ ਗੰਢ ਜਿਹੀ ਬੱਝ ਗਈ ਸੀ ਉਸ ਦਿਨ ਤੋਂ।

ਮੈਥੋਂ ਚਾਰ ਸਾਲ ਬਾਦ ਜਦੋਂ ਵੀਰੇ ਦਾ ਜਨਮ ਹੋਇਆ ਸੀ ਤਾਂ ਇਸ ਘਰ ਵਿਚ ਕਿਵੇਂ ਜਸ਼ਨ ਮਨਾਏ ਗਏ ਸਨ। ਕਿੰਨੇ ਦਿਨ ਤਕ ਪਾਪਾ ਨੇ ਸ਼ਰਾਬ ਦਾ ਲੰਗਰ ਲਾਈ ਰੱਖਿਆ ਸੀ। ਜਣੇ-ਖਣੇ ਨੂੰ ਫੜ ਕੇ ਮੂਹਰਲੀ ਬੈਠਕ ਵਿਚ ਲਿਆ ਬਿਠਾਉਂਦੇ। ਦਾਰੂ ਦੀ ਪੇਟੀ ਬੈੱਡ ਥੱਲੇ ਪਈ ਰਹਿੰਦੀ। 'ਰੱਜ ਕੇ ਪੀ ਯਾਰ! ਇਸ ਘਰ ਦਾ ਵਾਰਸ ਪੈਦਾ ਹੋਇਆ ਏ! ਸਾਡੀ ਅਰਥੀ ਨੂੰ ਮੋਢਾ ਦੇਣ ਵਾਲਾ ਆ ਗਿਆ ਏ!'

'ਚੀਅਰਜ਼!' ਕਹਿ ਉਹ ਸ਼ਰਾਬ ਨਾਲ ਭਰੇ ਕੱਚ ਦੇ ਗਲਾਸ ਖੜਕਾਉਂਦੇ।

ਪਰ ਰੱਬ ਦੇ ਘਰ ਦਾ ਉਦੋਂ ਕੀ ਪਤਾ ਸੀ। ਲਾਡ-ਪਿਆਰ ਨਾਲ ਪਾਲਿਆ ਪੁੱਤਰ ਨਕਲਾਂ-ਨੁਕਲਾਂ ਮਾਰ ਕੇ ਮਸਾਂ ਦਸਵੀਂ ਵਿੱਚੋਂ ਪਾਸ ਹੋਇਆ। ਕਦੇ ਆਪਣੀ ਕਮਾਈ ਦਾ ਧੇਲਾ ਮਾਪਿਆਂ ਦੀ ਹਥੇਲੀ ਤੇ ਨਾ ਧਰਿਆ। ਨਸ਼ੇ ਵਿਚ ਧੁੱਤ ਲੜਾਈ ਸਹੇੜੀ ਰੱਖਦਾ, ਸਾਰੇ ਟੱਬਰ ਦੀ ਜਾਣ ਮੁੱਠੀ ਵਿਚ ਲਿਆਈ ਰੱਖਦਾ।

ਅਸੀਂ ਸਾਰੀਆਂ ਭੈਣਾਂ ਚੰਗੀ ਪੜ੍ਹਾਈ ਕਰਕੇ, ਚੰਗੀਆਂ ਪੋਸਟਾਂ ਤੇ ਲੱਗ ਗਈਆਂ। ਚੰਗੇ ਸਰਦੇ-ਪੁੱਜਦੇ ਘਰੀਂ ਵਿਆਹੀਆਂ ਗਈਆਂ।

ਤੇ ਅੱਜ ਕਿੱਥੇ ਹੈ ਉਹ ਕੁਲ ਦਾ ਵਾਰਸ? ਬਾਪ ਦੀ ਅਰਥੀ ਨੂੰ ਮੋਢਾ ਦੇਣ ਤੋਂ ਪਹਿਲਾਂ ਹੀ ਚਿੜੀ-ਪੂੰਝਾ ਛੁਡਾ ਕੇ ਤੁਰ ਗਿਆ ਅਗਲੇ ਜਹਾਨ।

ਮੰਮੀ ਦਾ ਵਿਰਲਾਪ ਝੱਲਿਆ ਨਹੀਂ ਜਾਂਦਾ, ਅੱਜ ਕੌਣ ਤੇਰੀ ਅਰਥੀ ਨੂੰ ਮੋਢਾ ਦੇਵੇ ਵੇ ਮੇਰੇ ਸਿਰ ਦੇ ਸਾਈਆਂ! ਕੀਹਦੇ ਆਸਰੇ ਛੱਡ ਕੇ ਤੁਰ ਚੱਲਿਐਂ ਵੇ ਮੈਨੂੰ ਸਹੇੜਨ ਵਾਲਿਆ!

ਅਚਾਨਕ ਅਸੀਂ ਚਾਰੇ ਭੈਣਾਂ ਫੈਸਲਾ ਕਰ ਲੈਂਦੀਆਂ ਹਾਂ।

ਰੋ ਨਾ ਮੰਮੀ! ਅਸੀਂ ਦੇਵਾਂਗੀਆਂ ਮੋਢਾ ਆਪਣੇ ਬਾਬਲ ਦੀ ਅਰਥੀ ਨੂੰ ਅਸੀਂ ਜਿਉਂਦੀਆਂ ਜਾਗਦੀਆਂ ਬੈਠੀਆਂ ਤੈਨੂੰ ਸਾਂਭਣ ਵਾਲੀਆਂ।

ਮੰਮੀ ਦੇ ਕੀਰਨੇ ਹੌਲੀ-ਹੌਲੀ ਹਟਕੋਰਿਆਂ ਵਿਚ ਬਦਲ ਜਾਂਦੇ ਹਨ।

ਅਸੀਂ ਚਾਰੇ ਭੈਣਾਂ ਨੇ ਅਰਥੀ ਦੇ ਚਾਰੇ ਪਾਸੇ ਮੱਲ ਲਏ ਹਨ।

ਸਾਰੀ ਮਜਲਸ ਵਿਚ ਬੜੇ ਜ਼ੋਰ ਦੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ।

## ਡਿੱਗਦੇ ਮੀਨਾਰ

ਉਹ, ਮਾਪਿਆਂ ਦਾ ਇਕਲੌਤਾ ਪੁੱਤਰ, ਸ਼ਕਲ ਸੂਰਤ ਪੱਖੋਂ ਭਾਵੇਂ ਸਧਾਰਨ ਸੀ, ਪਰ ਪੜ੍ਹਾਈ ਵਿਚ ਹੁਸ਼ਿਆਰ ਸੀ। ਪਿਓ ਨੇ ਹੱਲਾ-ਸ਼ੇਰੀ ਦਿੱਤੀ, ਪੁੱਤਰਾ! ਜਿੰਨਾ ਮਰਜ਼ੀ ਪੜ੍ਹਮੈਂ ਔਖਾ ਹੋਵਾਂ, ਚਾਹੇ ਸੌਖਾ। ਖਰਚੇ ਵੱਨੀਓਂ ਨਾ ਫ਼ਿਕਰ ਕਰੀਂ।

ਯੂਨੀਵਰਸਿਟੀ ਵਿਚ ਡਬਲ ਐਮ.ਏ ਕਰਨ ਤੋਂ ਬਾਦ ਉਸ ਪੀ.ਐਚ.ਡੀ ਕਰਨ ਦੀ ਤਿਆਰੀ ਕਰ ਲਈ। ਸਾਰੀਆਂ ਮੁੱਢਲੀਆਂ ਸ਼ਰਤਾਂ ਪੂਰੀਆਂ ਕਰ ਚੁੱਕਾ ਸੀ, ਪਰ ਹੁਣ ਗਾਈਡ ਦੀ ਸਮੱਸਿਆ ਆਣ ਖੜੀ ਸੀ। ਜਿਸ ਕਿਸੇ ਕੋਲ ਵੀ ਜਾਂਦਾ, ਉਹੀ ਸਿਰ ਮਾਰ ਦਿੰਦਾ। ਕਿਸੇ ਕੋਲ ਸਮਾਂ ਨਹੀਂ ਸੀ, ਸਭ ਰੁੱਝੇ ਹੋਏ ਸਨ। ਇਕ ਵਿਦਵਾਨ ਦੀ ਵਿਦਵੱਤਾ ਦਾ ਉਹ ਕਾਇਲ ਸੀ। ਉਸਦਾ ਜੀਅ ਕਰਦਾ ਸੀ ਕਿ ਉਹ ਉਸਦਾ ਗਾਈਡ ਬਣੇ। ਅਥਾਹ ਸ਼ਰਧਾ ਸੀ ਉਸ ਵਿਦਵਾਨ ਪ੍ਰਤੀ ਉਸਦੇ ਮਨ ਵਿਚ।

ਆਪਣੇ ਸਾਰੇ ਅਸਰ-ਰਸੂਖ ਵਾਲੇ ਮਿੱਤਰਾਂ ਕੋਲ ਆਪਣੀ ਸਮੱਸਿਆ ਦੱਸੀ ਤਾਂ ਇਕ ਮਿੱਤਰ ਨੇ ਹਾਮੀ ਭਰੀ ਕਿ ਉਹ ਉਸ ਵਿਦਵਾਨ ਨੂੰ ਮਿਲਾ ਦੇਵੇਗਾ।

ਪਰ ਬੰਦਾ ਰੰਗੀਲੈਖਾਣ-ਪੀਣ ਦਾ ਸ਼ੁਕੀਨ ਖਰਚਾ ਖੁੱਲ੍ਹਾ ਕਰਨਾ ਪਊ।

ਮਿੱਤਰ ਨੇ ਪਹਿਲਾਂ ਹੀ ਸਾਵਧਾਨ ਕੀਤਾ ਤਾਂ ਉਸ ਘਰੋਂ ਹੋਰ ਪੈਸੇ ਮੰਗਵਾ ਲਏ।

ਇਕ ਸ਼ਾਮ ਵਧੀਆ ਹੋਟਲ ਵਿਚ ਵਿਦਵਾਨ ਦੀ ਖੂਬ ਸੇਵਾ ਕੀਤੀ। ਖਾਂਦਿਆਂ-ਪੀਂਦਿਆਂ ਉਹ ਬੇਤਕੱਲਫ਼ ਹੁੰਦਾ ਗਿਆ।

ਦੂਸਰੀ ਮੁਲਾਕਾਤ ਵਿਚ ਕਹਿਣ ਲੱਗਾ, ਤੇਰੀਆਂ ਕੋਈ ਕੁੜੀਆਂ ਵਾਕਫ਼ ਹੋਣਗੀਆਂ, ਉਹਨਾਂ ਨਾਲ ਨਹੀਂ ਮਿਲਾਏਂਗਾ?

ਤੇ ਉਸ ਆਪਣੀਆਂ ਮਿੱਤਰ ਕੁੜੀਆਂ ਨਾਲ ਵਿਦਵਾਨ ਨੂੰ ਮਿਲਾਇਆ ਤਾਂ ਕੁੜੀਆਂ ਉਸ ਤੋਂ ਆਪਣੇ ਥੀਸਸਾਂ ਬਾਰੇ ਹੀ ਸੁਆਲ ਪੁੱਛਦੀਆਂ ਰਹੀਆਂ।

ਇੰਜ ਤਾਂ ਕੋਈ ਗੱਲ ਨਹੀਂ ਬਣੀ। ਤੂੰ ਆਪਣੀ ਕਿਸੇ ਖਾਸ ਮਿੱਤਰ ਕੁੜੀ ਨਾਲ ਗੱਲ ਕਰਾਸਿੱਧੀ। ਦਾਰੂ ਦੀ ਲੋਰ ਵਿਚ ਜਦੋਂ ਵਿਦਵਾਨ ਨੇ ਆਪਣੇ ਇਰਾਦੇ ਸਪੱਸ਼ਟ ਕੀਤੇ ਤਾਂ ਉਹ ਖਿਝ ਗਿਆ।

ਮੁਆਫ਼ ਕਰਨਾ! ਇਹ ਮੇਰੇ ਵੱਸ ਦੀ ਗੱਲ ਨਹੀਂ ਹੈ। ਜਦੋਂ ਉਸਨੇ ਸਾਫ਼ ਇਨਕਾਰ ਕਰ ਦਿੱਤਾ ਤਾਂ ਵਿਦਵਾਨ ਆਪਣੀ ਖੇਡ ਦੇ ਸਾਰੇ ਪੱਤੇ ਨੰਗੇ ਕਰਦਿਆਂ ਬੋਲਿਆ।

ਤੂੰ ਪੀ.ਐਚ.ਡੀ. ਨਹੀਂ ਕਰ ਸਕਦਾ। ਨਾ ਤਾਂ ਤੂੰ ਕੁੜੀ ਐਂਡੇਕੜ ਮੁੰਡਾ ਈ ਸੁਹਣਾ ਹੁੰਦਾ।

ਮੈਂ ਤੁਹਾਡੇ ਵਰਗੇ ਗਾਈਡ ਕੋਲੋਂ ਪੀ.ਐਚ.ਡੀ ਕਰਨ ਨਾਲੋਂ ਐਵੇਂ ਹੀ ਚੰਗਾ। ਤੁਸੀਂ ਜਾ ਸਕਦੇ ਹੋ।

ਉਸਨੇ ਲੜਖੜਾ ਰਹੇ ਵਿਦਵਾਨ ਦੇ ਕਮਰਿਓਂ ਬਾਹਰ ਹੁੰਦਿਆਂ ਹੀ 'ਠਾਹ' ਕਰਕੇ ਦਰਵਾਜ਼ਾ ਬੰਦ ਕਰ ਦਿੱਤਾ।

ਤੇ ਸੇਜਲ ਅੱਖਾਂ ਨਾਲ ਉਹ ਵਾਪਸ ਘਰ ਜਾਣ ਲਈ ਕਮਰੇ ਵਿੱਚੋਂ ਆਪਣਾ ਸਮਾਨ ਇਕੱਠਾ ਕਰਨ ਲੱਗ ਪਿਆ।

## ਰਿਸ਼ਤੇ

ਤਿੰਨ ਭੈਣਾ ਹਨ ਉਹ।

ਪਿਛਲੇ ਦਿਨੀਂ ਵੱਡੀ ਦਾ ਘਰਵਾਲਾ ਅਚਾਨਕ ਸੁਰਗਵਾਸ ਹੋ ਗਿਆ।

ਸਵੇਰੇ ਹਸਪਤਾਲ ਦਾਖਲ ਕਰਵਾਇਆ ਤੇ ਸ਼ਾਮੀਂ ਮੁੱਕ ਵੀ ਗਿਆ। ਉਸੇ ਵੇਲੇ ਸਕੀਰੀਆਂ ਵਿਚ ਟੈਲੀਫੋਨ ਕਰ ਦਿੱਤੇ ਮੁੰਡੇ ਨੇ। ਰਿਸ਼ਤੇਦਾਰ ਮੂੰਹ-ਹਨੇਰੇ ਹੀ ਘਰਾਂ ਤੋਂ ਚੱਲ ਪਏ।

ਦੋਵੇਂ ਭੈਣਾ ਤੇ ਉਹਨਾਂ ਦੇ ਘਰਵਾਲੇ ਦਸ ਵੱਜਣ ਤੋਂ ਪਹਿਲਾਂ ਹੀ ਪਹੁੰਚ ਗਏ ਸਨ।

ਘਰ ਬਹੁਤ ਹੀ ਭੀੜਾ ਸੀ। ਜਿੱਥੇ ਲਾਸ਼ ਪਈ ਸੀ ਉੱਥੇ ਹੀ ਦਸ-ਬਾਰਾਂ ਜਨਾਨੀਆਂ ਬੈਠੀਆਂ ਹੋਈਆਂ ਸਨ। ਤਿੰਨ ਕੁ ਫੁੱਟ ਚੌੜੀ ਗੈਲਰੀ ਵਿਚ ਪੰਜ-ਸੱਤ ਬੰਦੇ ਬੈਠਣ ਜੋਗੀ ਥਾਂ ਸੀ ਮਸਾਂ। ਰਿਸ਼ਤੇਦਾਰ, ਗਲੀ-ਗੁਆਂਢ ਤੇ ਦੋਸਤ-ਮਿੱਤਰ ਆਈ ਜਾਂਦੇ ਤੇ ਬਾਹਰ ਨਿੱਕਲੀ ਜਾਂਦੇ। ਅੰਦਰ ਰੋਣ-ਕੁਰਲਾਣ ਮੱਚਿਆ ਹੋਇਆ ਸੀ।

ਗਲੀ ਵੀ ਭੀੜੀ ਸੀ। ਕੋਈ ਕਿਤੇ ਖੜਾ ਸੀ, ਕੋਈ ਕਿਤੇ ਬੈਠਾ ਸੀ। ਕਈ ਤਾਂ ਦੁਕਾਨਾਂ ਦੇ ਥੜ੍ਹਿਆਂ ਉੱਤੇ ਹੀ ਬੈਠੇ ਸਨ। ਉੱਤੋਂ ਲੋਹੜੇ ਦੀ ਗਰਮੀ ਤੇ ਹੁੰਮਸ।

ਦੋਵੇਂ ਸਾਢੂ ਅੰਦਰ ਗਏ, ਦਸ-ਵੀਹ ਮਿੰਟ ਲਾਸ਼ ਕੋਲ ਬੈਠੇ, ਸਾਲੀ ਕੋਲ ਅਫਸੋਸ ਕੀਤਾ ਤੇ ਫਿਰ ਬਾਹਰ ਆ ਗਏ। ਭੈਣਾਂ ਭੈਣ ਕੋਲ ਬੈਠੀਆਂ ਰਹੀਆਂ।

ਅਜੇ ਦਸ ਵੱਜੇ ਸਨ। ਦਿੱਲੀਓਂ ਭਾਈ ਨੇ ਗੱਡੀ ਤੇ ਆਉਣਾ ਸੀ ਤੇ ਉਹਦੇ ਆਉਣ ਤੇ ਹੀ ਦੋ ਵਜੇ ਸਸਕਾਰ ਹੋਣਾ ਸੀ। ਬਾਹਰ ਚੌੜੀ ਸੜਕ ਤੇ ਆ ਕੇ ਉਹਨਾਂ ਖੁੱਲ੍ਹਾ ਸਾਹ ਲਿਆ।

ਚੱਲ ਯਾਰ! ਸ਼ੇਵ ਈ ਕਰਾ ਲਈਏ। ਨਾਈ ਦੀ ਦੁਕਾਨ ਵੇਖਕੇ ਛੋਟੇ ਸਾਢੂ ਨੇ ਕਿਹਾ।

ਇਕ ਸ਼ੇਵ ਕਰਾਉਂਦਾ ਰਿਹਾ, ਦੂਜਾ ਅਖਬਾਰਾਂ ਵੇਖਦਾ ਰਿਹਾ। ਸਵੇਰੇ ਘਰ ਹਨੇਰੇ ਤੁਰਨ ਕਾਰਨ ਅਖਬਾਰ ਵੀ ਨਹੀਂ ਵੇਖੇ ਸਨ। ਅੱਧੇ ਘੰਟੇ ਬਾਦ ਉਹ ਫੇਰ ਵਿਹਲੇ ਸਨ।

ਚੱਲ ਯਾਰ! ਕੁਝ ਪੇਟ-ਪੂਜਾ ਕਰਕੇ ਆਈਏ। ਤੜਕੇ ਦਾ ਚਾਹ ਦਾ ਕੱਪ ਈ ਪੀਤੈ।

ਬਜ਼ਾਰਾਂ ਦੀ ਰੌਣਕ ਵੇਖਦੇ ਹੋਏ ਉਹ ਮੇਨ ਬਜ਼ਾਰ ਵਿਚ ਆ ਨਿਕਲੇ। ਧੁੱਪ ਸੂਈਆਂ ਵਾਂਗ ਚੁਭ ਰਹੀ ਸੀ।

ਬੜੇ ਕਲੋਟੇ ਫਸੇ ਯਾਰ! ਕਿਹੜੇ ਵੇਲੇ ਦੋ ਵੱਜਣਗੇ? ਛੋਟਾ ਬੋਲਿਆ।

ਦੋ ਵਜੇ ਦਾ ਵੀ ਕੀ ਪਤੈ? ਗੱਡੀ ਲੇਟ ਵੀ ਹੋ ਸਕਦੀ ਐ। ਵੱਡੇ ਨੇ ਖਦਸ਼ਾ ਜਾਹਰ ਕੀਤਾ।

ਵੱਗ ਵਿੱਚੋਂ ਆਉਟਲੀ ਵੱਛੀ ਵਾਂਗ ਉਹ ਬੇਗਾਨੇ ਸ਼ਹਿਰ ਵਿਚ ਮਾਰੇ-ਮਾਰੇ ਫਿਰ ਰਹੇ ਸਨ। ਅਚਾਨਕ ਛੋਟਾ ਸਾਢੂ ਵੱਡੇ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਬੋਲਿਆ, ਬੀਅਰ ਨਾ ਪੀਏ ਇਕ-ਇਕ।

ਕਮਾਲ ਕਰਦੈਂ ਸਹਿਗਲ ਤੂੰ ਵੀ! ਜੰਨ ਤਾਂ ਨੀ ਆਏ! ਵੱਡਾ ਗੁੱਸੇ ਵਿਚ ਬੋਲਿਆ।

ਵੇਖੋ ਸੱਭਰਵਾਲ ਸਾਹਬ! ਜਿਹੜਾ ਕੁਸ਼ ਹੋਣਾ ਸੀ, ਉਹ ਤਾਂ ਹੋ ਗਿਆ। ਹੁਣ ਬੰਦਾ ਤਾਂ ਮੁੜਦਾ ਨੀਆਪਣੇ ਕੁਝ ਖਾਣ ਜਾਂ ਪੀਣ ਨਾਲ ਤਾਂ ਕੋਈ ਫਰਕ ਨੀ ਪੈਣਾ।

ਨਹੀਂ ਯਾਰ, ਕੋਈ ਵੇਖੂਗਾ ਤਾਂ ਕੀ ਕਹੂਗਾ। ਵੱਡਾ ਬੋਲਿਆ।

ਵੇਖਣ ਨੂੰ ਆਪਣੇ ਕੋਈ ਮਗਰ ਤੁਰਿਆ ਫਰਦੈ? ਐਥੇ ਐਡੇ ਸ਼ਹਿਰ 'ਚ ਆਪਾਂ ਨੂੰ ਕੌਣ ਜਾਣਦੈ?

ਨਹੀਂ ਯਾਰ, ਮੈਨੂੰ ਠੀਕ ਨਹੀਂ ਲਗਦਾ। ਵੱਡੇ ਨੇ ਕਿਹਾ ਤਾਂ ਛੋਟਾ ਚੁੱਪ ਕਰ ਗਿਆ।

ਕੁਝ ਦੇਰ ਉਹ ਚੁੱਪ ਚਾਪ ਤੁਰੇ ਗਏ। ਵਾਪਸ ਘਰੇ ਮੁੜਨ ਦੇ ਖਿਆਲ ਨਾਲ ਦੋਵੇਂ ਅੱਕਲਕਾਣ ਜਿਹੇ ਹੋ ਗਏ। ਵੱਡੇ ਨੇ ਘੜੀ ਵੇਖੀ। ਅਜੇ ਗਿਆਰਾਂ ਵੱਜੇ ਸਨ।

ਅਚਾਨਕ ਸਾਹਮਣੇ ਬੀਅਰ-ਬਾਰ ਦੇ ਵੱਡੇ ਸਾਰੇ ਸਾਈਨ-ਬੋਰਡ ਉੱਤੇ ਗੰਡਵਾਦਰ ਨਾਲ ਝੱਗੋ ਝੱਗ ਭਰੇ ਮੱਗ ਨੂੰ ਹੱਥ ਵਿਚ ਫੜੀ ਵੱਡੀਆਂ ਮੁੱਛਾਂ ਵਾਲੇ ਆਦਮੀ ਦੀ ਤਸਵੀਰ ਵੇਖ ਵੱਡਾ ਬੋਲਿਆ, ਚੱਲ ਯਾਰ! ਵੇਖੀ ਜਾਊ!

ਤੇ ਦੋਵੇਂ ਸਾਢੂ ਚੋਰ-ਅੱਖਾਂ ਨਾਲ ਇੱਧਰ-ਉੱਧਰ ਵੇਖਦਿਆਂ ਤੇਜੀ ਨਾਲ ਬਾਰ ਵਿਚ ਵੜ ਗਏ।


Laddi Padda Realtor

RE/MAX

Medallion Award Winner 2012



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
Laddi Padda

lpadda08@gmail.com

MLS MULTIPLE LISTING SERVICE

REALTOR

Cell: 780-667-6767

2761 Hewes Way, Edmonton, AB T6L 6N5

Phone : 780-462-5000, Fax : 780-463-0188

# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**

1917 2017 RUSSIAN REVOLUTION CENTENARY

**Edited by: Dr. P. R. Kalia**
Member's Advisory: Prof. Raj Pannu and Rabinder Saran
**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.



# Matrimonial

### ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

---

Jatt Sikh girl, Age 25 years, Height 5'6", Registered Nurse seeking Jatt Sikh boy, must be an engineer, a Veterinary doctor or a business man, Edmonton and Calgary are preffered. Call 780 200 3754, or via email: k.guru@hotmail.ca

---

### ਕੰਨਿਆ ਦੀ ਲੋੜ

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ

### ਕੰਨਿਆ ਦੀ ਲੋੜ

ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jatt Sikh canadian citizen, well settled, handsome, clean shaven, non Drinker 30 yr 6'1" tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

---

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 " feet. 11 acres Property for both brother's. Contact : 780 807 0375

----

Seeking a suitable match for 22 years 6'

### ਕੰਨਿਆ ਦੀ ਲੋੜ

Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering

### ਕੰਨਿਆ ਦੀ ਲੋੜ

Firm, 31 years of age, very handsome, stands 5'6ÓÓ, very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

### ਦੋ ਲੜਕੀਆਂ ਦੀ ਲੋੜ

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।
ਸੰਪਕਰ : 0044-7999181322, 001-7802371663
billasingh1971@live.co.uk

# Classified Plus



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ
**ਗੁਰਮੇਲ ਮਠਾੜੂ 780-990-9349 ਜਾਂ**
**ਰਣਜੀਤ ਮਠਾੜੂ 780-907-9889**
ਨਾਲ ਸੰਪਰਕ ਕਰੋ।

Email : info@westforkinteriors.

# ਵਿਰੋਧੀ ਧਿਰ ਕੋਲ ਰਾਹੁਲ ਗਾਂਧੀ ਦਾ ਬਦਲ ਕੀ ਹੈ?



ਪ੍ਰਿਯਦਰਸ਼ਨ

ਰਾਹੁਲ ਗਾਂਧੀ ਜਾਂ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ 'ਤੇ ਇਹ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ ਕਿ ਉਨ੍ਹਾਂ ਵਿਚ ਪ੍ਰਧਾਨ ਮੰਤਰੀ ਬਣਨ ਦੀ ਚਾਹਤ ਹੈ। 2004 ਵਿਚ ਯੂ.ਪੀ.ਏ. ਨੂੰ ਮਿਲੇ ਬਹੁਮਤ ਮਗਰੋਂ ਜਦੋਂ ਕਈ ਦਲਾਂ ਨੇ ਆਪਣੇ ਸਮਰਥਨ ਦੀ ਚਿੱਠੀ ਸੋਨੀਆ ਗਾਂਧੀ ਦੇ ਨਾਂ ਕਰ ਦਿੱਤੀ ਸੀ ਅਤੇ ਜਦੋਂ ਭਾਰਤੀ ਜਨਤਾ ਪਾਰਟੀ ਦੀ ਸੁਸ਼ਮਾ ਸਵਰਾਜ ਅਤੇ ਉਮਾ ਭਾਰਤੀ ਵਰਗੀ ਨੇਤਾ ਸੋਨੀਆ ਦੇ ਪ੍ਰਧਾਨ ਮੰਤਰੀ ਬਣਨ 'ਤੇ ਬਾਲ ਮੁੰਡਵਾਉਣ ਦੀ ਗੱਲ ਕਰ ਰਹੀਆਂ ਸਨ, ਤਾਂ ਸੋਨੀਆ ਨੇ ਇਹ ਅਹੁਦਾ ਛੱਡ ਕੇ ਇਸ ਪੂਰੀ ਸਿਆਸਤ ਨੂੰ ਅੰਗੂਠਾ ਤੇ ਸ਼ੀਸ਼ਾ ਦਿਖਾ ਦਿੱਤਾ ਸੀ। ਉਸ ਇਕ ਮਾਸਟਰ ਸਟਰੋਕ ਨਾਲ ਸੋਨੀਆ ਦਾ ਕੱਦ ਕਾਫ਼ੀ ਉੱਚਾ ਹੋ ਗਿਆ ਸੀ। 2009 ਵਿਚ ਜਦੋਂ ਕਾਂਗਰਸ ਮੁੜ ਸਰਕਾਰ ਬਣਾਉਣ ਦੀ ਸਥਿਤੀ ਵਿਚ ਆਈ, ਤਾਂ ਉਤਸ਼ਾਹੀ ਕਾਂਗਰਸੀਆਂ ਨੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਮੰਗ ਕੀਤੀ। ਉਦੋਂ ਰਾਹੁਲ ਨੇ ਬੜੀ ਸ਼ਾਲੀਨਤਾ ਨਾਲ ਇਹ ਪ੍ਰਸਤਾਵ ਅਸਵੀਕਾਰ ਕਰ ਦਿੱਤਾ। ਇਹ ਸਹਿਣਸ਼ੀਲਤਾ ਭਾਜਪਾ ਦੇ ਵੱਡੇ ਨੇਤਾਵਾਂ ਨੇ ਵੀ ਨਹੀਂ ਦਿਖਾਈ। ਲਾਲ ਕ੍ਰਿਸ਼ਨ ਅਡਵਾਨੀ ਮਜ਼ਾਕ ਵਿਚ 'ਪੀ.ਐਮ. ਇਨ ਵੇਟਿੰਗ' ਕਹੇ ਜਾਣ ਲੱਗੇ ਤੇ ਅੰਤ, ਨਵੀਂ ਪੀੜ੍ਹੀ ਦੇ ਨੇਤਾਵਾਂ ਵਲੋਂ ਮਾਰਗਦਰਸ਼ਕ ਮੰਡਲ ਵਿਚ ਭੇਜ ਦਿੱਤੇ ਗਏ।

ਇਸ ਲਈ ਕਰਨਾਟਕ ਵਿਚ ਰਾਹੁਲ ਗਾਂਧੀ ਨੇ ਜਦੋਂ ਕਾਂਗਰਸ ਦੇ ਸਭ ਤੋਂ ਵੱਡਾ ਦਲ ਰਹਿਣ ਦੀ ਸੂਰਤ ਵਿਚ ਪ੍ਰਧਾਨ ਮੰਤਰੀ ਬਣਨ ਦੀ ਗੱਲ ਕੀਤੀ, ਤਾਂ ਇਸ ਨੂੰ ਉਨ੍ਹਾਂ ਦੀ ਨਿੱਜੀ ਇੱਛਾ ਨਾਲੋਂ ਕਿਤੇ ਜ਼ਿਆਦਾ ਸਿਆਸੀ ਰਣਨੀਤੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਪਰ ਇਸ ਸਿਆਸਤ ਦਾ ਅਸੀਂ ਕਿਵੇਂ ਵਿਸ਼ਲੇਸ਼ਣ ਕਰੀਏ? ਗਠਜੋੜ ਦੀ ਸਿਆਸਤ ਵਿਚ ਅਜਿਹੇ ਮੌਕੇ ਬਹੁਤ ਵਾਰ ਆਏ ਹਨ, ਜਦੋਂ ਵੱਡੇ ਦਲਾਂ ਨੇ ਛੋਟੇ ਦਲਾਂ ਲਈ ਥਾਂ ਬਣਾਈ ਹੈ। 1990 ਵਿਚ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਭਾਜਪਾ ਨੇ ਜਨਤਾ ਦਲ ਦੀ ਸਰਕਾਰ ਤੋਂ ਸਮਰਥਨ ਵਾਪਸ ਲਿਆ ਅਤੇ ਵੀ.ਪੀ. ਸਿੰਘ ਦੀ ਸਰਕਾਰ ਡਿੱਗ ਗਈ, ਰਾਜੀਵ ਗਾਂਧੀ ਨੇ ਚੰਦਰ ਸ਼ੇਖਰ ਦੀ ਅਗਵਾਈ ਵਿਚ ਬਣੀ ਸਰਕਾਰ ਨੂੰ ਬਾਹਰੋਂ ਸਮਰਥਨ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਇਹ ਸਮਰਥਨ ਕੁਝ ਹੀ ਮਹੀਨੇ ਚੱਲਿਆ ਤੇ ਮੱਧਵਰਤੀ ਚੋਣਾਂ ਦੀ ਨੌਬਤ ਆਈ। 1996 ਵਿਚ ਵੀ ਅਟਲ ਬਿਹਾਰੀ ਵਾਜਪਾਈ ਦੀ 13 ਦਿਨ ਦੀ ਸਰਕਾਰ ਡਿੱਗੀ ਤਾਂ ਕਾਂਗਰਸ ਨੇ ਵੱਡਾ ਦਲ ਹੁੰਦੇ ਹੋਏ ਵੀ ਸੰਯੁਕਤ ਮੋਰਚੇ ਨੂੰ ਬਾਹਰੋਂ ਸਮਰਥਨ ਦਿੱਤਾ। ਦੇਵਗੌੜਾ ਅਤੇ ਗੁਜਰਾਲ ਦੀਆਂ ਸਰਕਾਰਾਂ ਇਸੇ ਸਮਰਥਨ ਦੇ ਆਸਰੇ ਚੱਲੀਆਂ।

ਬੇਸ਼ੱਕ ਬਾਹਰੋਂ ਦਿੱਤੇ ਗਏ ਇਹ ਸਾਰੇ ਸਮਰਥਨ ਸਿਆਸੀ ਤੌਰ 'ਤੇ ਕਾਂਗਰਸ ਦੀ ਸੌੜੀ ਸੋਚ ਦੇ ਉਦਾਹਰਣ ਰਹੇ। ਇੰਦਰਾ ਗਾਂਧੀ ਨੇ ਆਪਣੇ ਸਮਰਥਨ ਦਾ ਇਸਤੇਮਾਲ ਜਨਤਾ ਪਾਰਟੀ ਨੂੰ ਤੋੜਨ ਲਈ ਕੀਤਾ ਅਤੇ ਚਰਨ ਸਿੰਘ ਨੂੰ ਸਦਨ ਵਿਚ ਵਿਸ਼ਵਾਸਮਤ ਦਾ ਮੌਕਾ ਵੀ ਨਹੀਂ ਦਿੱਤਾ। ਚੰਦਰ ਸ਼ੇਖਰ ਦੀ ਸਰਕਾਰ ਤੋਂ ਰਾਜੀਵ ਗਾਂਧੀ ਨੇ ਬਹੁਤ ਹੀ ਮਾਮੂਲੀ ਵਜ੍ਹਾ ਕਾਰਨ ਸਮਰਥਨ ਵਾਪਸ ਲੈ ਕੇ ਦੱਸਿਆ ਕਿ ਕਾਂਗਰਸ ਬੱਸ ਚੋਣਾਂ ਲਈ ਕੁਝ ਵਕਤ ਚਾਹੁੰਦੀ ਸੀ। ਜਦਕਿ ਸੰਯੁਕਤ ਮੋਰਚੇ ਦੀ ਦੇਵਗੌੜਾ ਸਰਕਾਰ ਤੋਂ ਸਮਰਥਨ ਵਾਪਸੀ ਦੀ ਕੋਈ ਠੋਸ ਵਜ੍ਹਾ ਸੀ ਹੀ ਨਹੀਂ ਤੇ ਗੁਜਰਾਲ ਸਰਕਾ ਤੋਂ ਸਮਰਥਨ ਵਾਪਸੀ ਪਿਛੇ ਜਿਸ ਡੀ.ਐਮ.ਕੇ. ਦੀ ਮੌਜੂਦਗੀ ਨੂੰ ਆਧਾਰ ਬਣਾਇਆ ਗਿਆ, ਉਸ ਨਾਲ ਕਾਂਗਰਸ ਨੇ ਬਾਅਦ ਵਿਚ ਗਠਜੋੜ ਕੀਤਾ।

ਪਰ ਇਹ ਸਭ ਗਠਜੋੜ ਦੇ ਸ਼ੁਰੂਆਤੀ ਦੌਰ ਦੀਆਂ ਕਹਾਣੀਆਂ ਹਨ। 21ਵੀਂ ਸਦੀ ਦੀ ਭਾਰਤੀ ਸਿਆਸਤ ਮੂਲ ਰੂਪ ਵਿਚ, ਗਠਜੋੜ ਦੀ ਸਿਆਸਤ ਹੈ। 2004 ਅਤੇ 2009 ਵਿਚ ਕਾਂਗਰਸ ਦੀ ਅਗਵਾਈ ਵਿਚ ਯੂ.ਪੀ.ਏ. ਦੀ ਗਠਜੋੜ ਸਰਕਾਰ ਬਣੀ ਅਤੇ 2014 ਵਿਚ ਜਦੋਂ ਭਾਰਤੀ ਜਨਤਾ ਪਾਰਟੀ ਨੂੰ ਆਪਣੇ ਦਮ 'ਤੇ ਬਹੁਮਤ ਮਿਲ ਗਿਆ, ਤਾਂ ਵੀ ਉਸ ਨੇ ਐਨ.ਡੀ.ਏ. ਦੀ ਸਰਕਾਰ ਬਣਾਉਣਾ ਬਿਹਤਰ ਲੱਗਿਆ। ਜ਼ਾਹਰ ਹੈ, ਗਠਜੋੜ ਦੀ ਸਿਆਸਤ ਹੁਣ ਪਹਿਲਾਂ ਵਾਂਗ ਅੰਕਗਣਿਤੀ ਹਿਸਾਬ ਦੀ ਮਜਬੂਰੀ ਮਾਤਰ ਨਹੀਂ ਹੈ। ਉਹ ਬਦਲਦੇ ਸਮਾਜਕ ਸਮੀਕਰਨਾਂ ਦਾ ਨਤੀਜਾ ਹੈ, ਜਿਸ ਵਿਚ ਵੱਖ-ਵੱਖ ਧਿਰਾਂ ਲੋਕਤੰਤਰ ਵਿਚ ਆਪਣਾ ਹਿੱਸਾ ਮੰਗ ਰਹੀਆਂ ਹਨ। ਭਾਜਪਾ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਦੀ ਕਾਮਯਾਬੀ ਬਹੁਤ ਕੁਝ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਕਿਸ ਹੱਦ ਤੱਕ ਇਨ੍ਹਾਂ ਸਮੀਕਰਨਾਂ ਨਾਲ ਬੱਝੇ ਦਲਾਂ ਨੂੰ ਆਪਣੇ ਨਾਲ ਜੋੜ ਸਕਦੀਆਂ ਹਨ। 2014 ਵਿਚ ਭਾਜਪਾ ਦੀ ਕਾਮਯਾਬੀ ਅਜਿਹੇ ਕਈ ਸਮੂਹਾਂ ਅਤੇ ਦਲਾਂ ਨੂੰ ਜੋੜਨ ਦੀ ਵੀ ਕਾਮਯਾਬੀ ਸੀ।

ਪਰ 2019 ਤੋਂ ਪਹਿਲਾਂ ਉਹ ਸਮਾਜਕ ਸਮੀਕਰਨ ਬਿਖਰਦੇ ਨਜ਼ਰ ਆ ਰਹੇ ਹਨ। ਇਹੀ ਨਹੀਂ, ਭਾਜਪਾ



ਵਿਰੋਧੀ ਧਿਰ ਵਾਲੇ ਗਠਜੋੜ ਅੱਗੇ ਇਹ ਸਾਫ਼ ਹੈ ਕਿ ਉਸ ਨੂੰ ਭਾਜਪਾ ਦੇ ਵਿਰੋਧ ਵਿਚ ਰਾਹੁਲ ਨੂੰ ਚੁਣਨਾ ਪਵੇਗਾ। ਬੇਸ਼ੱਕ, ਇਸ ਨਾਲ ਕੁਝ ਬੇਚੈਨੀ ਹੋ ਸਕਦੀ ਹੈ। ਪਰ ਇਹ ਸੱਚ ਹੈ ਕਿ ਤਥਾਕਥਿਤ ਤੀਸਰੇ ਮੋਰਚੇ ਅੱਗੇ ਕੋਈ ਹੋਰ ਬਦਲ ਨਹੀਂ ਹੈ। ਗਠਜੋੜ ਦੇ ਇਸ ਦੌਰ ਵਿਚ ਕਾਂਗਰਸ ਵੀ ਬਾਹਰੀ ਸਮਰਥਨ ਦੀ ਖੇਡ ਖੇਡਣਾ ਪਸੰਦ ਨਹੀਂ ਕਰੇਗੀ। ਅਜਿਹੇ ਵਿਚ ਇਹ ਸੰਭਵ ਨਹੀਂ ਹੈ ਕਿ ਉਹ ਸਭ ਤੋਂ ਵੱਡੀ ਪਾਰਟੀ ਰਹੇ, ਸਰਕਾਰ ਵਿਚ ਰਹੇ, ਪਰ ਅਗਵਾਈ ਕਿਸੇ ਹੋਰ ਨੇਤਾ ਦੇ ਹੱਥ ਵਿਚ ਰਹੇ। ਇਹ ਅਹਿਸਾਸ ਭਾਜਪਾ ਨੂੰ ਵੀ ਹੈ ਕਿ ਰਾਹੁਲ ਗਾਂਧੀ ਨੇ ਇਹ ਪੱਤਾ ਖੋਲ੍ਹ ਕੇ ਅਤੇ ਖੇਡ ਕੇ ਗਠਜੋੜ ਨੂੰ ਭਾਵੇਂ ਕੁਝ ਤਣਾਅ ਦਿੱਤੇ ਹੋਣ, ਪਰ ਸਥਿਤੀ ਸਾਫ਼ ਕਰ ਦਿੱਤੀ ਹੈ ਅਤੇ ਇਸ ਲਈ ਪ੍ਰਧਾਨ ਮੰਤਰੀ ਆਪਣੇ ਭਾਸ਼ਣ ਵਿਚ ਦੇਰ ਤੱਕ ਰਾਹੁਲ ਦੇ ਇਸੇ ਬਿਆਨ 'ਤੇ ਬੋਲਦੇ ਰਹੇ-ਇਸ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰਦੇ ਰਹੇ। ਪਰ ਦੇਰ-ਸਵੇਰ ਇਹ ਸਾਰਿਆਂ ਨੂੰ ਸਮਝਣਾ ਹੋਵੇਗਾ ਕਿ ਰਾਹੁਲ ਨੇ ਜੋ ਕਿਹਾ ਹੈ, ਉਹੀ ਸਿਆਸੀ ਬਦਲ ਹੈ।

ਖ਼ਿਲਾਫ਼ ਨਵੀਂ ਗੋਲਬੰਦੀ ਦਿਖ ਹੀ ਹੈ। ਉੱਤਰ ਪ੍ਰਦੇਸ਼ ਵਿਚ ਗੋਰਖਪੁਰ ਤੇ ਫੂਲਪੁਰ ਤੋਂ ਬਾਅਦ ਕੈਰਾਨਾ ਦਾ ਪ੍ਰਯੋਗ ਇਸ ਦਿਸ਼ਾ ਵਿਚ ਭਾਜਪਾ ਲਈ ਚਿੰਤਾਜਨਕ ਹੈ। ਉੱਤਰ ਪ੍ਰਦੇਸ਼ ਵਿਚ ਓਮ ਪ੍ਰਕਾਸ਼ ਰਾਜ ਭਰ ਅਤੇ ਕੁਝ ਦੂਸਰੇ ਨੇਤਾਵਾਂ ਦੀ ਭਾਸ਼ਾ ਦੱਸ ਰਹੀ ਹੈ ਕਿ ਐਨ.ਡੀ.ਏ. ਅੰਦਰ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਨਹੀਂ ਮਿਲ ਰਿਹਾ। ਬਿਹਾਰ ਦੇ ਕੁਝ ਦਲਿਤ ਧੜਿਆਂ ਵਿਚ ਵੀ ਹਲਕੀ ਘਬਰਾਹਟ ਦਿਸ ਰਹੀ ਹੈ। ਆਂਧਰਾ ਪ੍ਰਦੇਸ਼ ਵਿਚ ਤੇਲਗੂਦੇਸਮ ਪਾਰਟੀ ਐਨ.ਡੀ.ਏ. ਤੋਂ ਵੱਖ ਹੋ ਚੁੱਕੀ ਹੈ ਤੇ ਮਹਾਰਾਸ਼ਟਰ ਵਿਚ ਸ਼ਿਵਸੈਨਾ ਦੇ ਤੇਵਰ ਤਿੱਖੇ ਹਨ।

2019 ਵਿਚ ਵਿਰੋਧੀ ਧਿਰ ਦੀ ਉਮੀਦ ਦਰਅਸਲ ਗਠਜੋੜ ਦੀ ਇਸੇ ਬਦਲਦੀ ਤਸਵੀਰ ਤੋਂ ਹੈ। ਇਸ ਗੱਲ ਦੀ ਉਮੀਦ ਘੱਟ ਹੈ ਕਿ ਭਾਜਪਾ ਨੂੰ ਇਸ ਵਾਰ ਆਪਣੇ ਦਮ 'ਤੇ ਬਹੁਮਤ ਮਿਲ ਸਕੇਗਾ। ਉਲਟਾ ਜੋ ਧਾਰਾ ਵਹਿ ਰਹੀ ਹੈ, ਉਹ ਚਲਦੀ ਰਹੀ ਤਾਂ ਉਸ ਦੀਆਂ ਸੀਟਾਂ ਖਾਸੀਆਂ ਘੱਟ ਹੋ ਸਕਦੀਆਂ ਹਨ। ਇੱਥੇ ਹੀ ਉਹ ਨਵੀਂ ਮੋਰਚਾਬੰਦੀ ਪ੍ਰਸੰਗਿਕ ਹੋ ਜਾਂਦੀ ਹੈ, ਜੋ ਇਕ ਪਾਸੇ ਅਖਿਲੇਸ਼-ਮਾਇਆਵਤੀ ਅਤੇ ਅਜੀਤ ਸਿੰਘ ਵਰਗੇ ਨੇਤਾਵਾਂ ਦੀ ਕੋਸ਼ਿਸ਼ ਨਾਲ ਉੱਤਰ ਪ੍ਰਦੇਸ਼ ਵਿਚ ਬਣਦੀ ਦਿਖ ਰਹੀ ਹੈ ਅਤੇ ਦੂਸਰੇ ਪਾਸੇ ਜਿਸ ਨੂੰ ਮਮਤਾ, ਲਾਲੂ, ਚੰਦਰਬਾਬੂ ਨਾਇਡੂ ਜਾਂ ਕੁਝ ਹੋਰ ਨੇਤਾ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸਲੀ ਸਵਾਲ ਇਸ ਮੋਰਚੇ ਦੇ ਸਾਹਮਣੇ ਇਹੀ ਹੈ ਕਿ ਉਹ ਕਾਂਗਰਸ ਨਾਲ ਕਿਹੋ ਜਿਹਾ ਰਿਸ਼ਤਾ ਰੱਖੇ, ਕਿਉਂਕਿ ਇਹ ਅਹਿਸਾਸ ਸਾਰਿਆਂ ਨੂੰ ਹੈ ਕਿ ਕਿਸੇ ਵੀ ਸੂਰਤ ਵਿਚ ਕਿਸੇ ਵੀ ਖੇਤਰੀ ਦਲ ਦੀਆਂ ਸੀਟਾਂ ਕਾਂਗਰਸ ਨਾਲੋਂ ਜ਼ਿਆਦਾ ਨਹੀਂ ਆਉਣਗੀਆਂ। ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਹੋਵੇ ਜਾਂ ਮਾਇਆਵਤੀ ਜਾਂ ਬੰਗਾਲ ਵਿਚ ਮਮਤਾ ਹੋਵੇ ਜਾਂ ਬਿਹਾਰ ਵਿਚ ਲਾਲੂ-ਸਾਰਿਆਂ ਦਾ ਆਪਣੇ ਇਲਾਕਿਆਂ 'ਚੋਂ ਬਾਹਰ ਰਸੂਖ ਨਹੀਂ ਹੈ। ਪਰ ਇਸ ਦੇ ਬਾਵਜੂਦ ਗਠਜੋੜ ਦੀ ਸੂਰਤ ਵਿਚ ਇਹ ਸਵਾਲ ਉਨ੍ਹਾਂ ਦੇ ਖੇਮੇ ਵਿਚ ਵੀ ਉੱਠੇਗਾ ਕਿ ਇਸ ਗਠਜੋੜ ਦੀ ਅਗਵਾਈ ਕੌਣ ਕਰੇਗਾ? ਮਮਤਾ ਜੇਕਰ ਬਹੁਤੀ ਵਾਰ ਬੋਲ ਚੁੱਕੀ ਹੈ ਕਿ ਗਠਜੋੜ ਨੂੰ ਕਾਂਗਰਸ-ਭਾਜਪਾ ਨਾਲੋਂ ਬਰਾਬਰ ਦੂਰੀ ਵਰਤਣੀ ਚਾਹੀਦੀ ਹੈ, ਤਾਂ ਇਸ ਲਈ ਕਿ ਉਹ ਰਾਹੁਲ ਦੀ ਉਮੀਦਵਾਰੀ ਨੂੰ ਰਫ਼ਾ-ਦਫ਼ਾ ਕਰਨਾ ਚਾਹੁੰਦੀ ਹੈ।

ਇਹੀ ਕਾਰਨ ਹੈ ਕਿ ਰਾਹੁਲ ਗਾਂਧੀ ਦਾ ਬਿਆਨ ਸਾਰਿਆਂ ਨੂੰ ਕੁਝ ਭੰਬਲਭੂਸੇ ਵਿਚ ਪਾ ਸਕਦਾ ਹੈ। ਸਭ ਤੋਂ ਵੱਡੀ ਪਾਰਟੀ ਹੋਣ ਦੀ ਸੂਰਤ ਵਿਚ ਪ੍ਰਧਾਨ ਮੰਤਰੀ ਬਣਨ ਦੀ ਗੱਲ ਮੰਨ ਕੇ ਉਨ੍ਹਾਂ ਨੇ ਇਸ਼ਾਰਾ ਕਰ ਦਿੱਤਾ ਹੈ ਕਿ ਭਾਜਪਾ ਵਿਰੋਧੀ ਜੋ ਵੀ ਗਠਜੋੜ ਬਣੇ, ਉਸ ਨੂੰ ਕਾਂਗਰਸ ਦੇ ਪਿਛੇ ਹੀ ਚੱਲਣਾ ਪਵੇਗਾ।

ਪਰ ਇਸ ਸਪਸ਼ਟ ਐਲਾਨ ਦਾ ਇਕ ਹੋਰ ਪੱਖ ਹੈ। ਲੀਡਰਸ਼ਿਪ ਪਹਿਲਾਂ ਤੋਂ ਤੈਅ ਨਾ ਹੋਣ ਦੀ ਸਥਿਤੀ ਵਿਚ ਕੀ ਹੁੰਦਾ ਹੈ- ਇਹ ਅਸੀਂ ਵਾਰ ਕਈ ਵਾਰ ਦੇਖ ਚੁੱਕੇ ਹਾਂ। 1966 ਵਿਚ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸ਼ਤਰੀ ਦੇ ਦਿਹਾਂਤ ਮਗਰੋਂ ਬੈਠੀ ਕਾਂਗਰਸ ਦੀ ਸਿੰਡੀਕੇਟ ਨੇ ਕਈ ਮਹਾਂਰਥੀ ਨੇਤਾਵਾਂ ਦੇ ਟਕਰਾਅ ਵਿਚਾਲੇ 'ਗੁੰਗੀ ਗੁੱਡੀ' ਕਹਾਉਣ ਵਾਲੀ ਇੰਦਰਾ ਗਾਂਧੀ ਨੂੰ ਨੇਤਾ ਚੁਣਿਆ।

ਅਗਲੇ ਤਿੰਨ ਸਾਲ ਤੱਕ ਇੰਦਰਾ ਆਪਣੀ ਹੀ ਲੀਡਰਸ਼ਿਪ ਨਾਲ ਲੜਦੀ-ਭਿੜਦੀ ਹੀ ਤੇ ਅੰਤ ਵਿਚ ਉਨ੍ਹਾਂ ਨੇ ਪਾਰਟੀ ਤੋੜ ਕੇ ਆਪਣੀ ਵੱਖਰੀ ਕਾਂਗਰਸ ਬਣਾਈ। ਪਰ ਉਹ ਫਿਰ ਵੀ ਕਾਂਗਰਸ ਦਾ ਅੰਦਰੂਨੀ ਮਾਮਲਾ ਸੀ। 1996 ਵਿਚ ਇਸ ਲੀਡਰਸ਼ਿਪ ਦੀ ਅਣਹੋਂਦ ਦੀ ਇਕ ਹੋਰ ਮਿਸਾਲ ਦਿਖੀ, ਜਦੋਂ ਇਕ-ਦੂਜੇ ਦਾ ਰਸਤਾ ਰੋਕਦੇ ਲਾਲੂ-ਮੁਲਾਇਮ ਵਰਗੇ ਉੱਘੇ ਆਗੂਆਂ ਨੇ ਰਾਮ ਕ੍ਰਿਸ਼ਨ ਹੇਗੜੇ ਦੇ ਰਹਿੰਦਿਆਂ ਐਚ.ਡੀ. ਦੇਵਗੌੜਾ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਫ਼ੈਸਲਾ ਕੀਤਾ ਅਤੇ ਦੇਵਗੌੜਾ ਦੀ ਵਿਦਾਈ ਤੋਂ ਬਾਅਦ ਇੰਦਰ ਕੁਮਾਰ ਗੁਜਰਾਲ ਨੂੰ ਪ੍ਰਧਾਨ ਮੰਤਰੀ ਬਣਾਇਆ, ਜਿਨ੍ਹਾਂ ਦਾ ਕੋਈ ਜਨਆਧਾਰ ਨਹੀਂ ਸੀ।

ਰਾਹੁਲ ਗਾਂਧੀ ਦੇ ਐਲਾਨ ਨੇ ਘੱਟੋ-ਘੱਟ ਇਹ ਦੁਵਿਧਾ ਦੂਰ ਕਰ ਦਿੱਤੀ ਹੈ। ਵਿਰੋਧੀ ਧਿਰ ਵਾਲੇ ਗਠਜੋੜ ਅੱਗੇ ਇਹ ਸਾਫ਼ ਹੈ ਕਿ ਉਸ ਨੂੰ ਭਾਜਪਾ ਦੇ ਵਿਰੋਧ ਵਿਚ ਰਾਹੁਲ ਨੂੰ ਚੁਣਨਾ ਪਵੇਗਾ। ਬੇਸ਼ੱਕ, ਇਸ ਨਾਲ ਕੁਝ ਬੇਚੈਨੀ ਹੋ ਸਕਦੀ ਹੈ। ਪਰ ਇਹ ਸੱਚ ਹੈ ਕਿ ਤਥਾਕਥਿਤ ਤੀਸਰੇ ਮੋਰਚੇ ਅੱਗੇ ਕੋਈ ਹੋਰ ਬਦਲ ਨਹੀਂ ਹੈ। ਗਠਜੋੜ ਦੇ ਇਸ ਦੌਰ ਵਿਚ ਕਾਂਗਰਸ ਵੀ ਬਾਹਰੀ ਸਮਰਥਨ ਦੀ ਖੇਡ ਖੇਡਣਾ ਪਸੰਦ ਨਹੀਂ ਕਰੇਗੀ। ਅਜਿਹੇ ਵਿਚ ਇਹ ਸੰਭਵ ਨਹੀਂ ਹੈ ਕਿ ਉਹ ਸਭ ਤੋਂ ਵੱਡੀ ਪਾਰਟੀ ਰਹੇ, ਸਰਕਾਰ ਵਿਚ ਰਹੇ, ਪਰ ਅਗਵਾਈ ਕਿਸੇ ਹੋਰ ਨੇਤਾ ਦੇ ਹੱਥ ਵਿਚ ਰਹੇ। ਇਹ ਅਹਿਸਾਸ ਭਾਜਪਾ ਨੂੰ ਵੀ ਹੈ ਕਿ ਰਾਹੁਲ ਗਾਂਧੀ ਨੇ ਇਹ ਪੱਤਾ ਖੋਲ੍ਹ ਕੇ ਅਤੇ ਖੇਡ ਕੇ ਗਠਜੋੜ ਨੂੰ ਭਾਵੇਂ ਕੁਝ ਤਣਾਅ ਦਿੱਤੇ ਹੋਣ, ਪਰ ਸਥਿਤੀ ਸਾਫ਼ ਕਰ ਦਿੱਤੀ ਹੈ ਅਤੇ ਇਸ ਲਈ ਪ੍ਰਧਾਨ ਮੰਤਰੀ ਆਪਣੇ ਭਾਸ਼ਣ ਵਿਚ ਦੇਰ ਤੱਕ ਰਾਹੁਲ ਦੇ ਇਸੇ ਬਿਆਨ 'ਤੇ ਬੋਲਦੇ ਰਹੇ-ਇਸ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰਦੇ ਰਹੇ। ਪਰ ਦੇਰ-ਸਵੇਰ ਇਹ ਸਾਰਿਆਂ ਨੂੰ ਸਮਝਣਾ ਹੋਵੇਗਾ ਕਿ ਰਾਹੁਲ ਨੇ ਜੋ ਕਿਹਾ ਹੈ, ਉਹੀ ਸਿਆਸੀ ਬਦਲ ਹੈ। ਇਹ ਤਾਂ ਹੀ ਖ਼ਤਮ ਹੋ ਸਕਦਾ ਹੈ, ਜਦੋਂ ਕਾਂਗਰਸ ਦਾ ਪ੍ਰਦਰਸ਼ਨ ਬਿਲਕੁਲ ਨਾ ਸੁਧਰੇ। ਰਾਹੁਲ ਦੇ ਬਿਆਨ ਦੇ ਨਾਲ ਉਨ੍ਹਾਂ ਦੀ ਇਹ ਚੁਣੌਤੀ ਵੀ ਸ਼ੁਰੂ ਹੁੰਦੀ ਹੈ ਕਿ ਉਹ ਆਪਣੀ ਪਾਰਟੀ ਨੂੰ ਫੇਰ 100 ਸੀਟਾਂ ਦੇ ਪਾਰ ਲੈ ਜਾਣ।

ਨਵੀਂ ਦੁਨੀਆ

# ਡੇਰਿਆਂ/ਧਾਰਮਕ ਸੰਸਥਾਵਾਂ ਦਾ ਅਖੌਤੀ ਰਹੱਸਵਾਦ

ਹਰਪ੍ਰੀਤ ਸਿੰਘ ਕਾਹਲੋਂ

ਆਸਾਰਾਮ ਨੂੰ ਸਜ਼ਾ ਹੋਣਾ ਭਾਰਤੀ ਨਿਜਾਮ ਲਈ ਬਹੁਤ ਪਹਿਲੂਆਂ ਤੋਂ ਖਾਸ ਹੈ। ਹਰਿਆਣਾ ਦੇ ਰਾਮਪਾਲ, ਡੇਰਾ ਸਿਰਸਾ ਗੁਰਮੀਤ ਰਾਮ ਰਹੀਮ ਦੀ ਸਜ਼ਾ ਤੋਂ ਬਾਅਦ ਆਸਾਰਾਮ ਨੂੰ ਸਜ਼ਾ ਨੇ ਉਹਨਾਂ ਲੋਕਾਂ ਨੂੰ ਉਮੀਦ ਦਿੱਤੀ ਹੈ ਜਿਨ੍ਹਾਂ ਨੂੰ ਜਾਪਦਾ ਸੀ ਕਿ ਹਮਾਤੜਾਂ ਦੇ ਇਨਸਾਫ ਤੋਂ ਸੱਖਣੇ ਰਾਹਵਾਂ ਨੂੰ ਨਿਆਂ ਨਸੀਬ ਨਹੀਂ ਹੋਵੇਗਾ।

ਇਸ ਮਹੀਨੇ ਅਨੁਰਾਗ ਤ੍ਰਿਪਾਠੀ ਦੀ ਪੇਂਗੁਇਨ ਪਬਲੀਕੇਸ਼ਨ 'ਚ 'ਡੇਰਾ ਸੱਚਾ ਸੌਦਾ ਐਂਡ ਗੁਰਮੀਤ ਰਾਮ ਰਹੀਮ-ਏ ਡੈਕੇਡ ਲੌਂਗ ਇਨਵੈਸਟੀਗੇਸ਼ਨ' ਨਾਮ ਦੀ ਕਿਤਾਬ ਆਈ ਹੈ। ਡੇਰਿਆਂ ਦੀ ਬਣਤਰ, ਇਹਨਾਂ ਡੇਰਿਆਂ ਨਾਲ ਜੁੜਣ ਵਾਲੇ ਲੋਕਾਂ ਦੇ ਸੁਭਾਅ ਅਤੇ ਡੇਰਾ ਸੱਚਾ ਸੌਦੇ ਦੇ ਬਹਾਨੇ ਡੇਰਿਆਂ 'ਚ ਚੱਲਦੇ ਧਰਮ ਦੇ ਕਾਰੋਬਾਰ ਨੂੰ ਸਮਝਣ ਲਈ ਇਹ ਕਿਤਾਬ ਕਾਫੀ ਖਾਸ ਹੈ।

ਧਰਮ ਬੰਦੇ ਦਾ ਸੁਭਾਅ ਹੁੰਦਾ ਹੈ। ਉਹ ਸੁਭਾਅ ਜੋ ਬੰਦੇ ਦੇ ਅੰਦਰ ਬੰਦੇ ਦੀ ਹੋਂਦ ਸੰਭਵ ਬਣਾਉਂਦਾ ਹੈ। ਪਰ ਧਰਮ ਦੀ ਰੂਹਾਨੀਅਤ ਲਗਾਤਾਰ ਨੀਲਾਮ ਹੁੰਦੀ ਗਈ। ਫਲਸਫੇ ਬਹੁਤ ਪਿੱਛੇ ਕਿਤੇ ਛੁੱਟ ਗਏ। ਬਾਕੀ ਰਹਿ ਗਿਆ ਪਾਖੰਡ, ਖੌਫ ਅਤੇ ਧਾਰਮਿਕ ਰੇਵਨਿਊ! ਜਿਹਨੇ ਧਾਰਮਿਕ ਕਾਰਪੋਰੇਟ ਨਾਮ ਦੀ ਨਵੀਂ ਇਕਾਈ ਦਾ ਨਾਮਕਰਨ ਕਰ ਦਿੱਤਾ। ਧਰਮ ਦੇ ਨਾਮ 'ਤੇ ਵਸਤੂ ਵਿਕਦੀਆਂ ਹਨ, ਸਿਆਸਤ ਪ੍ਰਭਾਵਿਤ ਹੁੰਦੀ ਹੈ ਅਤੇ ਨਵੀਂ ਖੇਡ ਸ਼ੁਰੂ ਹੁੰਦੀ ਹੈ। ਧਰਮ ਦੇ ਇਨ੍ਹਾਂ ਮੱਠਾਂ ਨੂੰ ਤੁਸੀ ਚਣੌਤੀ ਨਹੀਂ ਦੇ ਸਕਦੇ। ਜੇ ਤੁਸੀ ਅਜਿਹਾ ਕਰਦੇ ਹੋ ਤਾਂ ਸੁਕਰਾਤ ਵਾਂਗੂ ਜ਼ਹਿਰ ਦੇ ਪਿਆਲੇ ਤੁਹਾਨੂੰ ਪੀਣ ਦੀ ਪੇਸ਼ਕਸ਼ ਹੋਵੇਗੀ।

ਇਸ ਦੌਰ 'ਚ ਧਰਮ ਖਤਰੇ ਵਿਚ ਹੈ ਇਹਦੀ ਦੁਹਾਈ ਦਿੱਤੀ ਜਾ ਰਹੀ ਹੈ। ਧਰਮ ਦੇ ਮੱਠ ਧਰਮ 'ਚ ਗਿਣਤੀ ਵਧਾਉਣ 'ਤੇ ਜ਼ੋਰ ਦੇ ਰਹੇ ਹਨ। ਹਰ ਧਰਮ ਦਾ ਪ੍ਰੋਪੇਗੰਡਾ ਏਜੰਡਾ ਇੱਕੋ ਜਿਹਾ ਜਾਪਦਾ ਹੈ। ਇਸ ਸਾਰੇ ਵਰਤਾਰੇ 'ਚ ਸੰਤਾਪ ਜਨਾਨੀਆਂ ਦੇ ਹਿੱਸੇ ਹੀ ਆਇਆ ਹੈ।1947 ਦੀ ਵੰਡ ਤੋਂ ਲੈਕੇ 2002 ਦੇ ਗੁਜਰਾਤ ਦੰਗੇ ਅਤੇ ਦੁਨੀਆਂ ਦੀਆਂ ਵੱਡੀਆਂ ਤ੍ਰਾਸਦੀਆਂ 'ਚ ਬੀਬੀਆਂ 'ਤੇ ਤਸ਼ੱਦਦ ਢਾਹਕੇ ਬੰਦਿਆਂ ਨੇ ਆਪਣੀ ਹਉਮੇ ਨੂੰ, ਅੰਦਰ ਦੇ ਜਾਨਵਰ ਨੂੰ ਠੰਡਾ ਕੀਤਾ ਹੈ।

ਕਠੂਆ ਬਲਾਤਕਾਰ ਕੇਸ, ਸਾਸਰਾਮ ਕੇਸ, ਡੇਰਾ ਸੱਚਾ ਸੋਦਾ ਤੋਂ ਲੈਕੇ ਆਸਾਰਾਮ ਕੇਸ ਸਾਡੇ ਸਭ ਲਈ ਉਹ ਕੜੀਆਂ ਨੇ ਜਿਨ੍ਹਾਂ ਨੂੰ ਸੰਜੀਦਗੀ ਨਾਲ ਸਮਝਣ ਦੀ ਲੋੜ ਹੈ। ਕਿਸੇ ਅਖੋਤੀ ਸੰਤ ਲਈ ਸ਼ਰਧਾ ਦੇ ਉਸ ਨੈੱਟਵਰਕ ਨੂੰ ਤੋੜਨਾ ਬਹੁਤ ਔਖਾ ਹੈ। ਸਾਨੂੰ ਹੁਣ ਵੀ ਕਦੀ ਡੇਰਾ ਸਮਰਥਕਾਂ ਦੇ ਵੀਡੀਓ ਆਮ ਹੀ ਵੇਖਣ ਨੂੰ ਮਿਲਦੇ ਹਨ ਜਿੱਥੇ ਉਹਨਾਂ ਦੀ ਆਸਥਾ ਅਜੇ ਵੀ ਬਰਕਰਾਰ ਵੇਖਣ ਨੂੰ ਮਿਲਦੀ ਹੈ। ਲੋਕਾਂ ਦੀ ਉਮੀਦ ਕਿਸੇ ਸੰਤ ਲਈ ਏਨੀ ਖਾਸ ਕਿਉਂ ਹੁੰਦੀ ਹੈ। ਇਸ ਨੂੰ ਸਮਝਣ ਲਈ ਸਭ ਤੋਂ ਸ਼ਾਨਦਾਰ ਹਵਾਲਾ ਫਿਲਮ 'ਸਪੋਟਲਾਈਟ' ਦਾ ਇੱਕ ਸੰਵਾਦ ਹੈ।

ਧਰਮ ਦੀਆਂ ਇਹ ਸੰਸਥਾਵਾਂ ਤੁਹਾਡੀ ਗਰੀਬੀ ਨੂੰ ਗਰੀਬ ਪਰਿਵਾਰ ਨੂੰ ਬਹੁਤ ਗੰਭੀਰਤਾ ਨਾਲ ਵੇਖਦੀਆਂ ਹਨ, ਕਿਉਂ ਕਿ ਇੱਥੇ ਉਹ ਤੁਹਾਡੇ ਲਈ ਕੁਝ ਬੇਹਤਰ ਕਰਨ ਜਾਂਦੀਆਂ ਹਨ ਅਤੇ ਬਦਲੇ 'ਚ ਤੁਹਾਨੂੰ ਆਪ ਪੇਸ਼ ਕਰਨ ਨੂੰ ਕਹਿੰਦੀਆਂ ਹਨ। ਇਸੇ ਕਾਰਵਾਈ 'ਚ ਤੁਹਾਡਾ ਸ਼ੋਸ਼ਨ ਹੋਣਾ ਸ਼ੁਰੂ ਹੋ ਜਾਂਦਾ ਹੈ।




ਉਹ ਤੁਹਾਨੂੰ ਚੁਣਦੇ ਹਨ। ਉਹ ਤੁਹਾਨੂੰ ਨਿਸ਼ਾਨਾ ਬਣਾਉਂਦੇ ਹਨ ਪਰ ਤੁਹਾਨੂੰ ਨਿਸ਼ਾਨਾ ਬਣਾਉਣ ਨੂੰ ਉਹ ਤੁਹਾਡੀ ਆਤਮਾ ਦਾ ਨਿਖਾਰ ਦੱਸਦੇ ਹਨ। ਇਹ ਤੁਹਾਡਾ ਸ਼ਰੀਰਕ ਸ਼ੋਸ਼ਨ ਨਹੀਂ ਹੁੰਦਾ ਸਗੋਂ ਇਹ ਤੁਹਾਡਾ ਅਧਿਆਤਮਕ ਸ਼ੋਸ਼ਨ ਹੁੰਦਾ ਹੈ। ਉਹ ਤੁਹਾਡੇ ਵਿਸ਼ਵਾਸ਼ ਨੂੰ ਲੁੱਟਦੇ ਹਨ, ਮਨ ਦੀ ਸ਼ਾਂਤੀ ਦੇ ਨਾਮ ਥੱਲੇ, ਤੁਹਾਡੀ ਸ਼ੁੱਧੀ ਦੇ ਨਾਮ ਥੱਲੇ ਅਤੇ ਤੁਸੀ ਇਸ ਦਰਮਿਆਨ ਉਨ੍ਹਾਂ ਨੂੰ ਚਣੌਤੀ ਨਹੀਂ ਦੇ ਸਕਦੇ।

It is not physically abuse it is spiritually abused you..He roped your faiths

~ Victim of Roman Catholic Church Boston ( News by The Boston Globe - 2002)

Via : Movie Spotlight (2015 - Best Movie Oscar)

2002 'ਚ ਅਮਰੀਕਾ ਦੇ ਅਖ਼ਬਾਰ 'ਦੀ ਬੋਸਟਨ ਗਲੋਬ' ਨੇ ਆਪਣੇ ਸਪੋਟਲਾਈਟ ਸੈਕਸ਼ਨ 'ਚ ਰੋਮਨ ਕੈਥੋਲਿਕ ਚਰਚ ਦੇ ਪਾਦਰੀਆਂ ਵੱਲੋਂ ਬੱਚਿਆਂ ਦੇ ਕੀਤੇ ਯੌਨ ਸ਼ੋਸ਼ਨ ਦੀ ਖ਼ਬਰ ਨੂੰ ਪ੍ਰਕਾਸ਼ਿਤ ਕੀਤਾ। ਇਸ ਖ਼ਬਰ ਨੂੰ ਰਿਪੋਰਟ ਕਰਨਾ ਸੋਖਾ ਨਹੀਂ ਸੀ। ਅਖ਼ਬਾਰ ਚਰਚ ਨਾਲ ਸਿੱਧਾ ਆਡਾ ਲੈ ਰਿਹਾ ਸੀ। ਇਸ ਦੌਰਾਨ ਬੋਸਟਨ ਦੇ ਚਰਚਾਂ 'ਚੋਂ ਹਜ਼ਾਰਾਂ ਕੇਸ ਸਾਹਮਣੇ ਆਏ ਜਿੱਥੇ ਪਾਦਰੀਆਂ ਵੱਲੋਂ ਯੌਨ ਸ਼ੋਸ਼ਨ ਦੀਆਂ ਗੱਲਾਂ ਨਿਕਲ ਰਹੀਆਂ ਸਨ। ਬੋਸਟਨ ਦੇ ਸੰਪਾਦਕ ਦਾ ਮੰਨਣਾ ਸੀ ਕਿ ਸਾਡੀ ਖ਼ਬਰ ਕਿਸੇ ਪਾਦਰੀ ਖਿਲਾਫ ਨਹੀਂ ਸਗੋਂ ਉਸ ਤੋਂ ਵੀ ਵੱਡਾ ਸਵਾਲ ਖੜ੍ਹਾ ਕਰਦੀ ਹੈ ਕਿ ਧਰਮ ਦੀਆਂ ਸੰਸਥਾਵਾਂ ਦੀ ਨੈਤਕਿਤਾ ਹੀ ਕਟਿਹਰੇ 'ਚ ਆਣ ਖਲੋਤੀ ਹੈ।

ਟੌਮ ਮੈਕਾਰਥੀ ਦੀ 2015 'ਚ ਆਈ ਫਿਲਮ 'ਸਪੋਟਲਾਈਟ' ਦੀ ਬੋਸਟਨ ਗਲੋਬ ਦੀ ਇਸੇ ਖ਼ਬਰ ਨੂੰ ਲੈਕੇ ਅਖ਼ਬਾਰ ਵੱਲੋਂ ਕੀਤੇ ਕੰਮ ਅਤੇ ਖ਼ੋਜ 'ਤੇ ਅਧਾਰਤ ਹੈ। ਇਸ ਖ਼ਬਰ ਨੇ ਅਮਰੀਕਾ 'ਚ ਵੱਡੇ ਸਕੈਂਡਲ ਨੂੰ ਰੌਸ਼ਨੀ 'ਚ ਲਿਆਂਦਾ ਸੀ।2002 ਦੀ ਇਸ ਖੋਜੀ ਪੱਤਰਕਾਰੀ ਦੀ ਇਸ ਫਿਲਮ ਨੂੰ ਉਸ ਸਾਲ ਆਸਕਰ ਦੀ ਸਰਵੋਤਮ ਫਿਲਮ ਐਲਾਨਿਆ ਗਿਆ ਸੀ। ਇਹ ਫਿਲਮ ਧਰਮ ਦੇ ਅੰਦਰ ਦੇ ਦੋਗਲੇਪਣ ਅਤੇ ਅਨੈਤਿਕਤਾ ਨੂੰ ਤਾਂ ਬੇਨਕਾਬ ਕਰਦਾ ਹੀ ਹੈ ਪਰ ਪੱਤਰਕਾਰੀ ਦੀ ਬੁਨਿਆਦੀ ਸਮਝ ਅਤੇ ਜ਼ਿੰਮੇਵਾਰੀ ਕੀ ਹੈ ਉਸ ਨੂੰ ਵੀ ਸਾਡੇ ਸਾਹਮਣੇ ਪਰਦਾਪੇਸ਼ ਕਰਦੀ ਹੈ।

ਇਸੇ ਰੌਸ਼ਨੀ 'ਚ ਹੁਣ ਦਾ ਹਾਲ ਸਮਝ ਲਈਏ ਤਾਂ ਲੋਕਤੰਤਰ ਦੀ ਆਤਮਾ ਕਿੱਥੇ ਵਲੂੰਧਰੀ ਜਾ ਰਹੀ ਹੈ ਇਹ ਵੀ ਸਮਝ ਆਵੇਗਾ। ਇਸ ਤੋਂ ਇਲਾਵਾ ਹੁਣ ਦੇ ਹਲਾਤ 'ਚ ਧਾਰਮਕ ਚੌਧਰ ਅਤੇ ਸ਼ੁੱਧੀਕਰਨ ਦੇ ਵਿਚਾਰਾਂ 'ਚ ਇਨਸਾਨੀਅਤ ਕਿਵੇਂ ਤਾਰ-ਤਾਰ ਹੋ ਰਹੀ ਹੈ ਇਹਦਾ ਅਹਿਸਾਸ ਵੀ ਹੋ ਜਾਵੇਗਾ।

ਆਸਾਰਾਮ ਦਾ ਸਜ਼ਾ ਤੋਂ ਬਾਅਦ ਕਹਿਣਾ ਕਿ 'ਜੇਲ੍ਹ ਮੇਂ ਮਜ਼ੇ ਮੇਂ ਰਹੂੰਗਾ' ਜਿੱਥੇ ਇਹ ਬਿਆਨ ਕਰ ਰਿਹਾ ਹੈ ਕਿ ਉਹਨੂੰ ਆਸਥਾ ਦੇ ਘੇਰੇ 'ਚ ਮਿਲਣ ਵਾਲੀ ਸਹੂਲੀਅਤ ਦਾ ਅੰਦਾਜ਼ਾ ਹੈ। ਉੱਥੇ ਗੁਰਮੀਤ ਰਾਮ ਰਹੀਮ ਦਾ ਪੰਚਕੂਲਾ ਅਦਾਲਤ 'ਚ ਸੈਂਕੜੇ ਗੱਡੀਆਂ ਦੇ ਕਾਫਲੇ ਨਾਲ ਪਹੁੰਚਣਾ ਵੀ ਆਸਥਾ ਦੇ ਇਕੱਠ 'ਚ ਉਹਦੇ ਸ਼ਕਤੀ ਪ੍ਰਦਰਸ਼ਨ ਦਾ ਰੂਪ ਸੀ ਜਿੱਥੇ ਉਹਨੂੰ ਲੱਗਦਾ ਸੀ ਕਿ ਅਦਾਲਤਾਂ ਦੇ ਫੈਸਲੇ ਨੂੰ ਉਹ ਪ੍ਰਭਾਵਿਤ ਕਰ ਸਕਦਾ ਸੀ। ਇਸ ਦੌਰਾਨ ਡੇਰਾ ਸਮੱਰਥਕਾਂ ਦੀ ਹਿੰਸਾ 'ਚ ਮਾਰੇ ਗਏ ਪ੍ਰੇਮੀਆਂ ਨੂੰ ਡੇਰੇ ਨੇ ਖੁਦ ਵੀ ਨਹੀਂ ਆਪਣਾ ਮੰਨਿਆ। ਸਧਾਰਨ ਲੋਕ ਵਿਚਾਰੇ ਤਾਂ ਸ਼ਰਧਾ ਦੇ ਪੁੰਜ ਬਣ ਆਪਣਾ ਆਪ ਵਾਰ ਦਿੰਦੇ ਹਨ। ਇਸੇ ਵਿਸ਼ਵਾਸ਼ 'ਚ ਉਹ ਪੰਚਕੂਲੇ ਮਾਰੇ ਗਏ। ਸਿਸਟਮ ਨੇ ਆਪਣਾ ਕੰਮ ਕਰਨਾ ਸੀ, ਪਰ ਡੇਰਾ ਆਪਣੀ ਨੈਤਿਕਤਾ ਨਿਭਾਉਂਦਾ ਉਨ੍ਹਾਂ ਮਰਿਆਂ ਨੂੰ ਇੱਕ ਪਲ 'ਚ ਅਨਾਥ ਕਰ ਗਿਆ। ਉਨ੍ਹਾਂ ਦੀ ਮੌਤ ਉਨ੍ਹਾਂ ਦੇ ਸਮਾਜ ਤੋਂ ਪਰ੍ਹਾਂ ਲਈ ਜੁਰਮ ਹੋ ਸਕਦਾ ਸੀ ਪਰ ਉਹ ਤਾਂ ਆਪਣੇ ਸਤਿਗੁਰੂ ਲਈ ਸ਼ਹੀਦ ਹੋਏ ਸਨ। ਇਹਨਾਂ ਡੇਰਿਆਂ ਦਾ ਇਹੋ ਚਿਹਰਾ ਹੈ। ਉਹ ਮਰਿਆਂ ਨੂੰ ਆਪਣਾ ਵੀ ਨਹੀਂ ਮੰਨਦੇ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮਦਦ ਤੱਕ ਨਹੀਂ ਕਰਦੇ।

ਇਸੇ ਲੜੀ 'ਚ ਰਾਜਸਥਾਨ ਵਿਚ ਲਵ ਜਿਹਾਦ ਦੇ ਨਾਮ ਥੱਲੇ ਫੇਸਬੁੱਕ ਲਾਈਵ ਕਰਕੇ ਕਤਲ ਕਰਨ ਵਾਲੇ ਨੂੰ ਖਾਸ ਸੰਸਾਥਾਵਾਂ, ਲੋਕ ਸਨਮਾਨਿਤ ਕਰਦੇ ਹਨ ਅਤੇ ਆਰਥਿਕ ਮਦਦ ਵੀ ਦਿੰਦੇ ਹਨ।ਇੱਕ ਅਫਵਾਹ ਇਖਲਾਕ ਨੂੰ ਮਾਰ ਦਿੰਦੀ ਹੈ ਅਤੇ ਖਾਣ ਪੀਣ ਦਾ ਮੇਨਿਊ ਧਰਮ ਦੇ ਹਿਸਾਬ ਨਾਲ ਤੈਅ ਹੋਕੇ ਰਾਸ਼ਟਰੀ ਫੈਸਲਾ ਬਣਦਾ ਜਾ ਰਿਹਾ ਹੈ। ਇਹਨਾਂ ਗੱਲਾਂ ਨੂੰ ਸੰਜੀਦਗੀ ਨਾਲ ਸ਼ਾਂਤ ਹੋ ਕੇ ਸਮਝ ਕੇ ਵੇਖਣ ਦੀ ਲੋੜ ਹੈ। ਇਹ ਹਰ ਧਰਮ ਅੰਦਰ ਹੈ।ਚੀਫ ਖਾਲਸਾ ਦੀਵਾਨ ਤੋਂ ਲੈ ਕੇ ਸਿੱਖ ਸਿਆਸਤ ਦੀ ਗਵਾਹੀ ਭਰਨ ਵਾਲੀਆਂ ਪਾਰਟੀਆਂ ਦੀਆਂ ਕਿਹੜੀਆਂ ਵੀਡੀਉ ਸਾਹਮਣੇ ਆ ਰਹੀਆਂ ਹਨ? ਬਠਿੰਡੇ ਤਖਤ ਦਮਦਮਾ ਸਾਹਿਬ ਦੇ ਗੁਰਦੁਆਰੇ ਦੀ ਸਰਾਂ 'ਚ ਜਿਸਮ ਦੀ ਕਿਹੜੀ ਖੇਡ ਖੇਡੀ ਜਾ ਰਹੀ ਹੈ। ਕੁਝ ਤਾਂ ਹੈ ਜੋ ਗਵਾਚ ਗਿਆ ਹੈ, ਉਹਨੂੰ ਆਲੇ-ਦੁਆਲੇ ਲੱਭੋ। ਪਰ ਯਕੀਨ ਕਰਿਓ ਜਿਸ ਸ਼ੈਤਾਨ ਨੂੰ ਅਸੀਂ ਸਾਰੇ ਬਾਹਰ ਲੱਭ ਰਹੇ ਹਾਂ ਉਹ ਸਾਡੀ ਜ਼ਿਹਨੀਅਤ ਦਾ ਹਿੱਸਾ ਬਣ ਗਿਆ। ਸਾਰੀ ਦੁਨੀਆਂ ਦੀ ਖ਼ਬਰ ਰੱਖਣ ਵਾਲਿਆਂ ਨੂੰ ਇਸ ਦੀ ਖ਼ਬਰ ਸੀ।

ਅਸਗ਼ਰ ਵਜਾਹਤ ਦੀ 'ਮੈਂ ਹਿੰਦੂ ਹੂੰ' ਨਾਮ ਦੀ ਕਹਾਣੀ ਹੈ। ਜਿੱਥੇ ਉਹ ਮੁੰਡਾ ਦੰਗਿਆਂ ਦੇ ਮਾਹੌਲ ਵਿਚ ਪੁਲਿਸ ਨੂੰ ਸਿਰਫ ਇਸ ਲਈ ਮੁਸਲਮਾਨ ਹੋਣ ਦੇ ਬਾਵਜੂਦ ਮੈਂ ਹਿੰਦੂ ਹੂੰ ਕਹਿ ਰਿਹਾ ਹੈ ਕਿਉਂ ਕਿ ਉਹਨੂੰ ਲੱਗਦਾ ਹੈ ਕਿ ਇੰਝ ਕਹਿਣ ਨਾਲ ਉਹਨੂੰ ਆਜ਼ਾਦੀ ਮਿਲ ਜਾਵੇਗੀ ਅਤੇ ਉਹ ਅਰਾਮ ਨਾਲ ਆਪਣਾ ਸ਼ਹਿਰ ਘੁੰਮ ਸਕਦਾ ਹੈ, ਪਰ ਖੋਫ ਤਾਂ ਹਿੰਦੂ ਨੂੰ ਵੀ ਉਨਾਂ ਹੀ ਹੈ ਕਿਉਂ ਕਿ ਡੁੱਲ ਰਹੇ ਲਹੂ 'ਚ ਧਰਮ ਲੱਭਣ ਵਾਲਾ ਲੈਬੋਟਰੀ ਟੈਸਟ ਅਜੇ ਖੋਜ 'ਚ ਨਹੀਂ ਆਇਆ।



# Royal

Royal Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist



**Jody Vig**
780-485-8700
Manager

## BEST MORTGAGE RATES
## BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014

• PURCHASE • REFINANCE • PRE-APPROVAL
• FIRST TIME HOME BUYERS • NEW TO CANADA
• SELF EMPLOYED • INVESTMENT PROPERTY
• COMMERCIAL FINANCING • EQUIPMENT LEASING

## 100% FINANCING AVAILABLE*

DOMINION LENDING CENTRES
Mortgage Force

Independently Owned and Operated

**780-466-9898**
Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

SIMPLY THE BEST · SINCE 1979

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net



Student Discount

Child upto 12 years is
FREE
(must be accompanied by a guardian or parent)

# INDO CANADIAN BUS & VAN TRANSPORTATION LTD.

*Daily Service From*
**Edmonton-Calgary-Edmonton**

Seniors Discount



SPECIAL
CALGARY TO EDMONTON FARE
$50 ONLY

Edmonton : 780-991-4837 Red Deer (Head Office) : 587-991-2929 Calgary : 403-968-7950

OFFICE HOURS FOR BOOKING
7.00 AM-8.00 PM